**TAJ INSURANCE SERVICES**

*Local or Long Haul Trucking (48 States) *Personal or Commercial Lines *Standard or Non Satandard Market *Auto and Home package Available

To beat your rates, Visit or Call
Gurdawar S. Mann Or Pal Rai
37485 Fremont Blvd, #D, Fremont, CA 94536
Ph:(510)739-1700, Fax (510)740-3451
Note:Also Income Tax filing Available
Gurdawar S. Mann
Lic#0F34231

**Hardeep S.Rai** Attorney-at-Law
ਇੰਮੀਗਰੇਸ਼ਨ ਵਕੀਲ
➡ਨੌਵੀਂ ਸਰਕਟ ਕੋਰਟ ➡ਬੋਰਡ ਆਫ ਇਮੀਗ੍ਰੇਸ਼ਨ ਅਪੀਲਾਂ ➡ਇਮੀਗ੍ਰੇਸ਼ਨ ਕੋਰਟ ਦੇ ਕੇਸ
➡ਡਿਪੋਰਟੇਸ਼ਨ ਦੇ ਕੇਸ ➡ਫੈਮਿਲੀ ਪਟੀਸ਼ਨਾਂ ➡ਲੇਬਰ ਦੇ ਕੇਸ ➡ਅਮੈਰਿਕਨ ਅੰਬੈਸੀ ਦੇ ਕੇਸ
SAN FRANCISCO
TEL: 415.693.9131
FAX: 415.693.9135
rai@hsrai.com
www.hsrai.com
SAN JOSE
TEL: 408.280.1111
FAX: 408.280.1212

ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Kuldip Singh Dhariwal
Attorney At Law
Tel: (510) 744-1280
Fax: (510) 744-4192
ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com



Eleventh Year in Publication
ਕੈਲੇਫੋਰਨੀਆ ਐਡੀਸ਼ਨ
Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ ਅਤੇ ਸੈਨ ਫਰਾਂਸਿਸਕੋ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼


Punjab Times, Vol 11, Issue 12, March 20, 2010 20451 N Plum Grove Rd. Palatine, IL 60074 Ph:847-359-0746, Fax:847-705-9388


## ਪੰਜਾਬ ਬਜਟ: ਘਟਦੀ ਵਿਕਾਸ ਦਰ ਤੇ ਵਧਦੇ ਕਰਜ਼ੇ ਦੀ ਚਿੰਤਾ

**ਚੰਡੀਗੜ੍ਹ:** ਪੰਜਾਬ ਦੇ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਬੀਤੀ 16 ਦਸੰਬਰ ਨੂੰ ਸੂਬੇ ਦੀ ਵਿਧਾਨ ਸਭਾ ਵਿਚ ਸਾਲ 2010-11 ਲਈ 3787.73 ਕਰੋੜ ਰੁਪਏ ਦੇ ਘਾਟੇ ਵਾਲਾ



43925.21 ਕਰੋੜ ਰੁਪਏ ਦਾ ਬਜਟ ਪੇਸ਼ ਕੀਤਾ।

ਵਿੱਤ ਮੰਤਰੀ ਨੇ ਭਾਵੇਂ ਕੋਈ ਨਵਾਂ ਟੈਕਸ ਲਾਉਣ ਦੀ ਤਜਵੀਜ਼ ਨਹੀਂ ਦਿੱਤੀ ਪਰ ਬਿਜਲੀ ਉਤੇ ਟੈਕਸ ਦੀ ਦਰ 10 ਪ੍ਰਤੀਸ਼ਤ ਤੋਂ ਵਧਾ ਕੇ 13 ਪ੍ਰਤੀਸ਼ਤ ਕਰਕੇ 270 ਕਰੋੜ ਰੁਪਏ ਦੀ ਸਾਲਾਨਾ ਆਮਦਨ ਹੋਣ ਦੀ ਗੱਲ ਕਹੀ। ਉਨ੍ਹਾਂ ਮਨੋਰੰਜਨ ਕਰ ਨੂੰ 125 ਪ੍ਰਤੀਸ਼ਤ ਤੋਂ ਘਟਾ ਕੇ 25 ਪ੍ਰਤੀਸ਼ਤ ਕਰਨ ਅਤੇ ਨਾਟਕ ਅਤੇ ਰੰਗਮੰਚੀ ਸਰਗਰਮੀਆਂ ਨੂੰ ਇਸ ਕਰ ਤੋਂ ਬਿਲਕੁਲ ਮੁਕਤ ਕਰ ਦਿੱਤਾ ਹੈ। ਮੁਲਾਜ਼ਮਾਂ ਦੇ ਬਕਾਏ ਸਬੰਧੀ ਕੋਈ ਵੀ ਵਾਅਦਾ ਨਾ ਕਰਦਿਆਂ, ਵਿੱਤ ਮੰਤਰੀ ਨੇ ਕਿਹਾ ਕਿ ਬਕਾਏ ਕਿਵੇਂ ਦੇਣੇ ਹਨ, ਨਕਦ ਦੇਣੇ ਹਨ ਜਾਂ ਜੀ ਪੀ ਐਫ ਵਿਚ ਜਮ੍ਹਾਂ ਕਰਨੇ ਹਨ, ਕਿੰਨੀਆਂ ਕਿਸ਼ਤਾਂ ਵਿਚ ਦੇਣੇ ਹਨ, ਇਸ ਬਾਰੇ ਸਰਕਾਰ ਅਜੇ ਕਿਸੇ ਸਿੱਟੇ ਉਤੇ ਨਹੀਂ ਪਹੁੰਚੀ। ਪੇਸ਼ ਕੀਤੇ ਗਏ 43925 ਕਰੋੜ ਰੁਪਏ ਦੇ ਬਜਟ ਨਾਲ ਪੰਜਾਬ ਦੇ ਲੋਕਾਂ ਦੇ ਸਿਰ 'ਤੇ ਬਿਜਲੀ ਦੇ ਬਿੱਲ ਹੋਰ ਭਾਰੀ ਹੋ ਜਾਣਗੇ। ਬਜਟ ਦਾ ਬਹੁਤਾ ਹਿੱਸਾ ਤਨਖਾਹਾਂ, ਕਰਜ਼ਿਆਂ ਦੀ ਵਾਪਸੀ ਅਤੇ ਕਰਜ਼ੇ 'ਤੇ ਵਿਆਜ ਉਤੇ ਹੀ ਖ਼ਰਚ ਹੋ ਜਾਵੇਗਾ।

ਨਵੇਂ ਬਜਟ ਅਨੁਮਾਨਾਂ ਅਨੁਸਾਰ ਸੂਬੇ ਸਿਰ


*(ਬਾਕੀ ਸਫਾ 6 'ਤੇ)*





## ਨਾਨਕਸ਼ਾਹੀ ਕੈਲੰਡਰ ਦੇ ਮਾਮਲੇ 'ਤੇ ਸਿੱਖ ਦੋਫਾੜ

**ਅੰਮ੍ਰਿਤਸਰ:** ਪੰਜਾਬ ਦੀ ਸਿਆਸਤ ਭਾਵੇਂ ਪ੍ਰਤੱਖ ਰੂਪ ਵਿਚ ਗੈਰ-ਸਰਗਰਮ ਜਿਹੀ ਵਿਖਾਈ ਦੇ ਰਹੀ ਹੈ ਪਰ ਤਹਿ ਹੇਠਾਂ ਬਹੁਤ ਕੁਝ ਅਜਿਹਾ ਵਾਪਰ ਰਿਹਾ ਹੈ, ਜਿਸ ਤੋਂ ਇਹ ਸੰਕੇਤ ਮਿਲਦੇ ਹਨ ਕਿ ਆਉਣ ਵਾਲੇ ਸਮੇਂ ਵਿਚ ਪੰਜਾਬ ਵਿਚ ਮੌਜੂਦ ਵੱਖ-ਵੱਖ ਰਾਜਨੀਤਕ ਧਿਰਾਂ ਤਿੱਖੇ ਟਕਰਾਵਾਂ ਵਿਚ ਪੈਣਗੀਆਂ। ਅਜਿਹੇ ਰਾਜਨੀਤਕ ਟਕਰਾਅ ਭਾਈਚਾਰਿਆਂ ਦੇ ਅੰਦਰ ਮੌਜੂਦ ਵੱਖ-ਵੱਖ ਸਿਆਸੀ ਧਿਰਾਂ ਵਿਚਕਾਰ ਵੀ ਹੋ ਸਕਦੇ ਹਨ। ਵੱਖੋ-ਵੱਖਰੀਆਂ ਰਾਜਨੀਤਕ ਪਾਰਟੀਆਂ ਵਿਚਕਾਰ ਵੀ ਅਤੇ ਪੰਜਾਬ ਵਿਚ ਮੌਜੂਦ ਵੱਖ-ਵੱਖ ਸਮਾਜਿਕ ਅਤੇ ਧਾਰਮਿਕ ਤਬਕਿਆਂ ਦੇ ਵਿਚਕਾਰ ਵੀ। ਪਿਛਲੇ ਕੁਝ ਹੀ ਦਿਨਾਂ ਵਿਚ ਅਜਿਹੇ ਸੰਕੇਤ ਸਪੱਸ਼ਟ ਰੂਪ ਵਿਚ ਸਾਹਮਣੇ ਆਏ ਹਨ।

ਸਭ ਤੋਂ ਵੱਡਾ ਸੰਕੇਤ ਇਹ ਹੈ ਕਿ ਨਾਨਕਸ਼ਾਹੀ ਕੈਲੰਡਰ ਦਾ ਪੂਰੀ ਤਰ੍ਹਾਂ ਰਾਜਨੀਤੀਕਰਨ ਹੋ ਗਿਆ ਹੈ ਅਤੇ ਇਸ ਮੁੱਦੇ ਨੂੰ ਲੈ ਕੇ ਦੋ ਵੱਖੋ-ਵੱਖਰੀਆਂ ਧਿਰਾਂ ਸਾਹਮਣੇ ਆ ਗਈਆਂ ਹਨ। ਸਥਾਪਤ ਅਕਾਲੀ ਦਲ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕਥਿਤ ਸੰਤ ਸਮਾਜ ਦੀ ਮਦਦ ਨਾਲ ਸੋਧਿਆ ਹੋਇਆ ਕੈਲੰਡਰ ਜਾਰੀ ਕਰ ਦਿੱਤਾ ਹੈ ਅਤੇ ਦੂਜੇ ਪਾਸੇ ਦਲ ਖਾਲਸਾ ਨੇ ਅਸਲ ਨਾਨਕਸ਼ਾਹੀ ਕੈਲੰਡਰ ਨੂੰ ਆਪਣੇ ਆਗੂ ਗੁਜਿੰਦਰ ਸਿੰਘ ਅਤੇ ਇਤਿਹਾਸਕ ਸਿੱਖ ਜਰਨੈਲ ਬਘੇਲ ਸਿੰਘ ਦੀ ਫੋਟੋ ਸਮੇਤ ਰਿਲੀਜ਼ ਕਰ ਦਿੱਤਾ ਹੈ।

ਇਸ ਤਰ੍ਹਾਂ ਸਿੱਖ ਸਿਆਸਤ ਕੈਲੰਡਰ ਦੇ ਮਾਮਲੇ ਵਿਚ ਦੋ ਵਿਰੋਧੀ ਧੜਿਆਂ ਵਿਚ ਵੰਡੀ ਗਈ ਹੈ ਅਤੇ ਆਉਣ ਵਾਲੇ ਸਮੇਂ ਵਿਚ ਸਿੱਖ ਗੁਰੂ ਸਾਹਿਬ ਨਾਲ ਸੰਬੰਧਤ ਇਤਿਹਾਸਕ ਦਿਹਾੜਿਆਂ ਨੂੰ ਮਨਾਉਣ ਦੇ ਸੰਬੰਧ ਵਿਚ ਵੀ ਰਾਜਨੀਤੀ ਕੰਮ ਕਰੇਗੀ ਅਤੇ ਇਨ੍ਹਾਂ ਮਾਮਲਿਆਂ ਨੂੰ ਲੈ ਕੇ ਸਿੱਖ ਪੰਥ ਵਿਚ ਇਕ ਵਿਆਪਕ ਭੰਬਲਭੂਸਾ ਜਾਰੀ ਰਹੇਗਾ। ਭਾਵੇਂ ਕਿ ਸੋਧੇ ਹੋਏ ਕੈਲੰਡਰ ਨੂੰ ਜਾਰੀ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਅਵਤਾਰ ਸਿੰਘ ਮੱਕੜ, ਜਥੇਦਾਰ ਗਿਆਨੀ ਗੁਰਬਚਨ ਸਿੰਘ ਅਤੇ ਹੋਰ ਆਗੂਆਂ ਨੇ ਕਿਹਾ ਹੈ ਕਿ ਕੈਲੰਡਰ ਦਾ ਵਿਰੋਧ ਕਰ ਰਹੀਆਂ ਧਿਰਾਂ ਮੁੱਠੀ


*(ਬਾਕੀ ਸਫਾ 6 'ਤੇ)*


## ਫਰੀਮਾਂਟ ਗੁਰੂ ਘਰ ਚੋਣਾਂ ਸਾਧ ਸੰਗਤ ਸਲੇਟ ਜੇਤੂ

**ਫਰੀਮਾਂਟ (ਪੰਜਾਬ ਟਾਈਮਜ਼ ਬਿਊਰੋ):** ਗੁਰਦੁਆਰਾ ਫਰੀਮਾਂਟ ਦੀ ਸੁਪਰੀਮ ਕੌਂਸਲ ਲਈ ਲੰਘੇ ਐਤਵਾਰ ਹੋਈ ਚੋਣ ਵਿਚ ਮੌਜੂਦਾ ਪ੍ਰਬੰਧਕਾਂ ਦੀ ਸਾਧ ਸੰਗਤ ਸਲੇਟ ਵਡੇ ਬਹੁਮਤ ਨਾਲ ਜੇਤੂ ਰਹੀ। ਸਿੱਖ ਸਿਆਸਤ ਪੱਖੋਂ ਨਾ ਸਿਰਫ ਕੈਲੀਫੋਰਨੀਆ ਹੀ ਸਗੋਂ ਪੂਰੇ ਉਤਰੀ ਅਮਰੀਕਾ ਵਿਚ ਆਪਣੀ ਵੱਖਰੀ ਅਹਿਮੀਅਤ ਰਖਣ ਵਾਲੇ ਇਸ ਗੁਰੂਘਰ ਦੇ ਚੋਣ ਨਤੀਜਿਆਂ ਨੂੰ ਹੈਰਾਨੀ ਭਰੇ ਸਮਝਿਆ ਜਾ ਰਿਹਾ ਹੈ। ਕੁਲ 4697 ਵੋਟਾਂ ਪੋਲ ਹੋਈਆਂ। ਗੁਰੂ ਘਰ ਦੀਆਂ ਇਸ ਸਾਲ ਕੋਈ 12 ਹਜ਼ਾਰ ਵੋਟਾਂ ਸਨ।

ਪ੍ਰਾਪਤ ਵੇਰਵਿਆਂ ਅਨੁਸਾਰ ਸਾਧ ਸੰਗਤ ਸਲੇਟ ਦੇ ਪੰਜੇ ਉਮੀਦਵਾਰ ਕ੍ਰਮਵਾਰ ਭਾਈ ਨਿਰਮਲ ਸਿੰਘ 2536, ਭਾਈ ਜਸਵਿੰਦਰ ਸਿੰਘ ਜੰਡੀ 2532, ਭਾਈ ਹਰਜੋਤ ਸਿੰਘ ਖਾਲਸਾ 2510, ਭਾਈ ਦਵਿੰਦਰ ਸਿੰਘ ਚਾਨਾ 2418 ਅਤੇ ਭਾਈ ਗੁਰਪਾਲ ਸਿੰਘ ਹੰਸਰਾ 2399 ਵੋਟਾਂ ਲੈ ਕੇ ਕਾਮਯਾਬ ਰਹੇ ਜਦੋਂਕਿ ਭਾਈ ਗੁਰਮੀਤ ਸਿੰਘ ਖਾਲਸਾ ਦੀ ਅਗਵਾਈ ਹੇਠਲੀ ਪੰਥਕ ਸਲੇਟ ਦੇ ਉਮੀਦਵਾਰ ਭਾਈ ਗੁਰਮੀਤ ਸਿੰਘ ਖਾਲਸਾ 2058, ਭਾਈ ਤਾਰਾ ਸਿੰਘ ਗਿੱਲ 1985, ਭਾਈ ਗੁਰਚਰਨ ਸਿੰਘ ਮਾਨ 1978, ਭਾਈ ਤਰਸੇਮ ਸਿੰਘ 1946 ਅਤੇ ਭਾਈ ਗੁਰਮੇਲ ਸਿੰਘ ਬਾਠ ਨੂੰ 1886 ਵੋਟਾਂ ਹਾਸਲ ਹੋਈਆਂ। ਭਾਈ ਨਿਰਮਲ ਸਿੰਘ ਬਾਠ, ਭਾਈ ਜਸਵਿੰਦਰ ਸਿੰਘ ਜੰਡੀ ਅਤੇ ਭਾਈ ਦਵਿੰਦਰ ਸਿੰਘ ਚਾਨਾ ਪਿਛਲੀ ਸੁਪਰੀਮ ਕੌਂਸਲ ਦੇ ਵੀ ਮੈਂਬਰ ਸਨ। ਭਾਈ ਤਾਰਾ ਸਿੰਘ ਗਿੱਲ ਅਤੇ ਭਾਈ ਗੁਰਚਰਨ ਸਿੰਘ ਮਾਨ ਵੀ ਸੁਪਰੀਮ ਕੌਂਸਲ ਮੈਂਬਰ ਰਹਿ ਚੁਕੇ ਹਨ।

ਇਸ ਵਾਰ ਦੀਆਂ ਚੋਣਾਂ ਵਿਚ ਧੜੇਬੰਦੀ ਖਤਮ ਕਰਨ ਦੇ ਨਾਅਰੇ ਨਾਲ ਕੁੱਦੇ ਆਜਾਦ ਉਮੀਦਵਾਰਾਂ ਨੂੰ ਕੋਈ ਹੁੰਗਾਰਾ ਨਹੀਂ ਮਿਲਿਆ।


*(ਬਾਕੀ ਸਫਾ 2 'ਤੇ)*



Delo
Mobil Delvac
GILL EXPRESS
WASH, TIRE & REPAIR
CALIFORNIA LOCATIONS
BAKERSFIELD @ HWY 58 & 184
FRESNO @ HWY 99, 5TH WHEEL TRUCK STOP
MADERA @ HWY 99, EXIT 18½ NEXT TO Pilot
RIPON @ HWY 99, EXIT JACK TONE @ JIMCO
ਅਸੀਂ ਸਾਰੇ ਰੇਟਾਂ ਨੂੰ ਬੀਟ ਕਰਦੇ ਹਾਂ
ਮਕੈਨਕ ਸ਼ਾਪ ਵਿਚ ਹਰ ਤਰ੍ਹਾਂ ਦੀ ਤਸੱਲੀਬਖਸ਼ ਰਿਪੇਅਰ ਕੀਤੀ ਜਾਂਦੀ ਹੈ। ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ
Call Gill 661-301-8978

ਮਠਿਆਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja SWEETS & INDIAN CUISINE
LUNCH BUFFET - DINNER - TAKE OUT - CATERING - BANQUETS
TOLL FREE 1-866-FOR RAJA
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ-ਸ਼ਾਦੀ ਜਾਂ ਪਾਰਟੀ ਲਈ ਦਸ ਹਜ਼ਾਰ ਤੱਕ ਬੰਦਿਆਂ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਨ।
ਅਸੀਂ ਕੈਲੀਫੋਰਨੀਆ ਵਿਚ ਕੁਆਲਟੀ ਮਠਿਆਈਆਂ ਅਤੇ ਕੇਟਰਿੰਗ ਦੀਆਂ ਕੀਮਤਾਂ ਨੂੰ ਮਾਤ ਪਾਉਂਦੇ ਹਾਂ।
Raja Indian Cuisine & Bar
Ph: 510-264-9300
1275 W Winton Ave
Hayward, CA 94545
Wholesale and Retail
Ph: 510-489-9100
Fax:510-489-9111
31853 Alvrado Blvd
Union City, CA 94587
ਧਾਰਮਿਕ ਸਮਾਗਮਾਂ ਲਈ ਸਪੈਸ਼ਲ ਰੇਟ।
Call Makhan Bains or Ravinder Singh for your next party
Or visit us: www.rajasweets.com

Law Offices Of Manpreet S. Gahra
*ਇਮੀਗਰੇਸ਼ਨ ਸੇਵਾਵਾਂ
*ਫੈਮਿਲੀ ਲਾਅ
*ਬਿਜਨਸ ਲਾਅ
Manpreet S.Gahra
Attorney At Law
Berkeley Office
2161 Shattuck Ave. #304, Berkeley
Ph. 510-841-4582
Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com

# ਗੁਰਦੁਆਰਾ ਫਰੀਮਾਂਟ ਚੋਣਾਂ, ਸਾਧ ਸੰਗਤ ਸਲੇਟ ਜੇਤੂ

ਇਨ੍ਹਾਂ ਵਿਚੋਂ ਬੀਬੀ ਹਰਸਿਮਰਤ ਕੌਰ ਨੂੰ ਸਭ ਤੋਂ ਵੱਧ 227 ਵੋਟਾਂ ਮਿਲੀਆਂ। ਸ਼ਾਇਦ ਉਨ੍ਹਾਂ ਨੂੰ ਬੀਬੀ ਹੋਣ ਦਾ ਲਾਭ ਹੋਇਆ। ਉਨ੍ਹਾਂ ਦੇ ਪਤੀ ਭਾਈ ਅਵਤਾਰ ਸਿੰਘ ਮਿਸ਼ਨਰੀ ਨੂੰ ਸਿਰਫ 79, ਭਾਈ ਮਹਿੰਦਰ ਸਿੰਘ ਔਲਖ ਨੂੰ 69 ਅਤੇ ਕੈਪਟਨ ਭਾਈ ਜੁਗਰਾਜ ਸਿੰਘ ਧਾਲੀਵਾਲ ਨੂੰ 68 ਵੋਟਾਂ ਹੀ ਨਸੀਬ ਹੋਈਆਂ।

ਇਨ੍ਹਾਂ ਚੋਣਾਂ ਵਿਚ ਗੁਰਦੁਆਰਾ ਫਰੀਮਾਂਟ ਲਈ 2005-06 ਵਿਚ ਖਰੀਦੀ ਗਈ 100 ਏਕੜ ਜ਼ਮੀਨ ਦਾ ਮਾਮਲਾ, ਸਪਾਂਸਰਸ਼ਿਪਾਂ ਅਤੇ ਪੁਰਾਣੇ ਪ੍ਰਬੰਧਕਾਂ ਵਲੋਂ ਗੁਰੂਘਰ ਦਾ ਹਿਸਾਬ-ਕਿਤਾਬ ਘਾਟੇ ਵਿਚ ਲੈ ਜਾਏ ਜਾਣ ਜਿਹੇ ਮੁਦਿਆਂ ਤੋਂ ਇਲਾਵਾ ਜਾਅਲੀ ਵੋਟਾਂ ਅਤੇ ਜਸਵੰਤ ਸਿੰਘ ਧਾਲੀਵਾਲ ਵਲੋਂ ਮੌਜੂਦਾ ਪ੍ਰਬੰਧਕਾਂ ਖਿਲਾਫ ਲਿਖੀਆਂ ਗਈਆਂ ਅਸਭਿਅਕ ਭਾਸ਼ਾ ਵਾਲੀਆਂ ਚਿਠੀਆਂ ਵੀ ਚਰਚਾ ਵਿਚ ਰਹੀਆਂ।

ਇਨ੍ਹਾਂ ਚੋਣਾਂ ਦੇ ਨਤੀਜ਼ੇ ਜਿਥੇ ਸਾਧ ਸੰਗਤ ਸਲੇਟ ਲਈ ਆਸ ਤੋਂ ਵਡੀ ਜਿੱਤ ਲੈ ਕੇ ਆਏ ਹਨ ਉਥੇ ਪੰਥਕ ਸਲੇਟ ਜੋ ਕਿ ਪਿਛਲੀਆਂ ਚੋਣਾਂ ਦੇ ਹਿਸਾਬ ਜਿੱਤ ਦੀ ਆਸ ਰਖੀ ਬੈਠੀ ਸੀ, ਦੀ ਆਸ ਤੋਂ ਕਿਤੇ ਮਾੜੇ ਨਿਕਲੇ। ਜਿਨ੍ਹਾਂ ਗੱਲਾਂ ਨੇ ਇਨ੍ਹਾਂ ਚੋਣਾਂ ਨੂੰ ਖਾਸ ਪ੍ਰਭਾਵਿਤ ਕੀਤਾ, ਉਨ੍ਹਾਂ ਵਿਚ ਪ੍ਰਬੰਧਕਾਂ ਵਲੋਂ ਆਪਣੀਆਂ ਪ੍ਰਾਪਤੀਆਂ ਅਤੇ ਵਿਰੋਧੀਆਂ ਦੀਆਂ ਕਮਜੋਰੀਆਂ ਦਾ ਬੜੇ ਸਿਲੇਸਿਲੇਵਾਰ ਤਰੀਕੇ ਨਾਲ ਸਾਰੇ ਪ੍ਰਚਾਰ ਸਾਧਨਾਂ ਦਾ ਬੜੀ ਕਾਮਯਾਬੀ ਨਾਲ ਪ੍ਰਚਾਰ ਕਰ ਪਾਉਣਾ ਸ਼ਾਮਲ ਹੈ। ਸਾਧ ਸੰਗਤ ਸਲੇਟ ਦੇ ਸੰਚਾਲਕ ਇਕ ਲੰਬੇ ਸਮੇਂ ਤੋਂ ਚੋਣਾਂ ਦੀ ਤਿਆਰੀ ਕਰਦੇ ਆ ਰਹੇ ਸਨ ਜਦੋਂਕਿ ਪੰਥਕ ਸਲੇਟ ਇਨ੍ਹਾਂ ਮਾਮਲਿਆਂ ਵਿਚ ਬਹੁਤ ਪਿਛੇ ਸੀ।

ਇਹ ਗੱਲ ਵੀ ਅਹਿਮ ਹੈ ਕਿ ਭਾਈ ਰਾਮ ਸਿੰਘ ਦੀ ਅਗਵਾਈ ਹੇਠਲੇ ਪ੍ਰਬੰਧਕ ਆਪਣੇ ਖਿਲਾਫ ਉਠੇ 100 ਏਕੜ ਜ਼ਮੀਨ ਅਤੇ ਸਪਾਂਸਰਸ਼ਿਪਾਂ ਜਿਹੇ ਮਾਮਲਿਆਂ ਵਿਚ ਸਹੀ ਤਰੀਕੇ ਨਾਲ ਆਪਣਾ ਪੱਖ ਵੀ ਪੇਸ਼ ਨਹੀਂ ਕਰ ਸਕੇ। ਗੁਰੂਘਰ ਦੇ ਹਿਸਾਬ-ਕਿਤਾਬ ਬਾਰੇ ਵੀ ਆਪਣੀ ਪੁਜੀਸ਼ਨ ਸਹੀ ਤਰੀਕੇ ਨਾਲ ਨਾ ਪੇਸ਼ ਕਰ ਸਕੇ। ਪੰਥਕ ਸਲੇਟ ਵਾਲੇ ਇਸਦੇ ਉਲਟ ਮੌਜੂਦਾ ਪ੍ਰਬੰਧਕਾਂ ਵਲੋਂ ਕਾਇਦੇ-ਕਾਨੂੰਨ ਛਿਕੇ ਟੰਗ ਕੇ ਬਣਾਈਆਂ ਗਈਆਂ ਵੋਟਾਂ ਦਾ ਮਾਮਲਾ ਉਛਾਲਣ ਵਿਚ ਕਾਮਯਾਬ ਰਹੇ ਪਰ ਪ੍ਰਬੰਧਕਾਂ ਨੂੰ ਇਸ ਗੱਲੋਂ ਮਜਬੂਰ ਕਰਨ ਵਿਚ ਫੇਲ੍ਹ ਰਹੇ ਕਿ ਜਾਅਲੀ ਵੋਟਾਂ ਮੌਜੂਦਾ ਚੋਣਾਂ ਦਾ ਹਿੱਸਾ ਨਾ ਬਣਨ।

ਨਤੀਜ਼ਿਆਂ ਨੂੰ ਘੋਖਣ ਤੋਂ ਪਤਾ ਲਗਦਾ ਹੈ ਕਿ ਪ੍ਰਬੰਧਕ ਪੰਥਕ ਸਲੇਟ ਦੇ ਵੋਟ ਬੈਂਕ ਨੂੰ ਤੋੜਨ ਵਿਚ ਬਹੁਤਾ ਕਾਮਯਾਬ ਨਹੀਂ ਹੋਏ। ਸਾਲ 2008 ਦੀ ਚੋਣ ਵਿਚ ਜਿਥੇ ਭਾਈ ਰਾਮ ਸਿੰਘ ਨੂੰ 1025, ਭਾਈ ਗੁਰਮੀਤ ਸਿੰਘ ਨੂੰ 652 ਅਤੇ ਕੈਲੀਫੋਰਨੀਆ ਸਿੱਖ ਆਰਗੇਨਾਈਜੇਸ਼ਨ ਨੂੰ 342 ਆਧਾਰ ਵੋਟਾਂ ਪਈਆਂ ਸਨ, ਜਿਨ੍ਹਾਂ ਦਾ ਜੋੜ 2119 ਬਣਦਾ ਹੈ। ਇਸਤੋਂ ਬਿਨਾ 300 ਦੇ ਕਰੀਬ ਕਰਾਸ ਵੋਟਿੰਗ ਹੋਈ ਸੀ ਜਿਨ੍ਹਾਂ ਨੂੰ ਕਿਸੇ ਇਕ ਧੜੇ ਦੀ ਵੋਟ ਨਹੀਂ ਗਿਣਿਆ ਜਾ ਸਕਦਾ। ਇਹ ਕਰਾਸ ਵੋਟਿੰਗ ਪੁਰਾਣੇ ਅਤੇ ਨਵੇਂ ਪ੍ਰਬੰਧਕਾਂ ਵਿਚਾਲੇ ਵੀ ਹੋਈ ਸੀ। ਇਸ ਵਾਰ ਪੰਥਕ ਸਲੇਟ ਵਿਚ ਸਭ ਤੋਂ ਵੱਧ ਵੋਟਾਂ ਲੈਣ ਵਾਲੇ ਭਾਈ ਗੁਰਮੀਤ ਸਿੰਘ ਨੂੰ 2058 ਵੋਟਾਂ ਮਿਲੀਆਂ ਹਨ ਜੋ ਕਿ 2008 ਦੇ ਮੁਕਾਬਲੇ 61 ਵੋਟਾਂ ਘੱਟ ਹਨ ਜਿਸ ਤੋਂ ਲੱਗਦਾ ਹੈ ਕਿ ਸਾਧ ਸੰਗਤ ਸਲੇਟ ਵਾਲੇ ਪੁਰਾਣੀ ਪੰਥਕ ਸਲੇਟ ਦੇ ਵੋਟ ਬੈਂਕ ਵਿਚ ਬਹੁਤਾ ਪਾੜ ਲਾਉਣ ਵਿਚ ਕਾਮਯਾਬ ਨਹੀਂ ਹੋਏ। ਸਭ ਤੋਂ ਵੱਧ ਵੋਟਾਂ ਲੈਣ ਕਰਕੇ ਭਾਈ ਗੁਰਮੀਤ ਸਿੰਘ ਵਿਰੋਧੀ ਧਿਰ ਵਿਚੋਂ ਸਭ ਤੋਂ ਵੱਧ ਹਰਮਨ ਪਿਆਰੇ ਆਗੂ ਸਾਬਤ ਹੋਏ ਹਨ ਜਦੋਂਕਿ ਸਾਧ ਸੰਗਤ ਸਲੇਟ ਦੇ ਭਾਈ ਨਿਰਮਲ ਸਿੰਘ ਬਾਠ ਸਭ ਤੋਂ ਵੱਧ ਹਰਮਨ ਪਿਆਰੇ ਕਹੇ ਜਾ ਸਕਦੇ ਹਨ।

ਸਮਝਿਆ ਜਾਂਦਾ ਹੈ ਕਿ ਸਾਧ ਸੰਗਤ ਸਲੇਟ ਦੀ ਜਿੱਤ ਵਿਚ ਨਵੀਆਂ ਬਣਾਈਆਂ ਗਈਆਂ ਵੋਟਾਂ ਦਾ ਖਾਸ ਰੋਲ ਹੈ। 2008 ਦੀ ਚੋਣ ਵਿਚ ਸਾਧ ਸੰਗਤ ਸਲੇਟ ਦੀ ਆਧਾਰ ਵੋਟ ਸਿਰਫ 1095 ਸੀ ਜੋ ਕਿ ਵਧ ਕੇ 2500 ਤੱਕ ਪਹੁੰਚ ਗਈ ਹੈ। ਇਹ ਆਪਣੇ ਆਪ ਵਿਚ ਇਕ ਕ੍ਰਿਸ਼ਮਾ ਹੈ। ਜ਼ਿਕਰਯੋਗ ਹੈ ਕਿ ਮੌਜੂਦਾ ਪ੍ਰਬੰਧਕਾਂ ਨੇ ਇਨ੍ਹਾਂ ਚੋਣਾਂ ਲਈ 1856 ਨਵੀਆਂ ਵੋਟਾਂ ਰਜਿਸਟਰ ਕੀਤੀਆਂ ਸਨ ਜਦਕਿ ਪਿਛਲੀਆਂ ਸਭ ਚੋਣਾਂ ਵਿਚ ਇਹ ਗਿਣਤੀ 500 ਤੋਂ ਕਦੀ ਨਹੀਂ ਵਧੀ। ਇਨ੍ਹਾਂ ਵੋਟਾਂ ਨੂੰ ਜਾਅਲੀ ਦੋ ਗੱਲਾਂ ਦੇ ਆਧਾਰ 'ਤੇ ਕਿਹਾ ਗਿਆ ਹੈ। ਪਹਿਲੀ ਕਿ ਇਨ੍ਹਾਂ ਵਿਚੋਂ ਬਹੁਤੀਆਂ ਰਵਾਇਤ ਅਨੁਸਾਰ ਗੁਰੂ ਘਰ ਦੇ ਅੰਦਰ ਬਣਾਉਣ ਦੀ ਥਾਂ ਲੋਕਾਂ ਦੇ ਘਰੀਂ ਜਾਂ ਕੰਮਾਂ 'ਤੇ ਜਾ ਕੇ ਬਣਾਈਆਂ ਗਈਆਂ ਹਨ ਅਤੇ ਦੂਜੇ ਇੰਨੀਆਂ ਵੋਟਾਂ ਪਹਿਲਾਂ ਕਦੀ ਨਹੀਂ ਬਣੀਆਂ। ਪੰਥਕ ਸਲੇਟ ਦੇ ਹਮਾਇਤੀ ਸਮਝਦੇ ਹਨ ਕਿ ਇਨ੍ਹਾਂ ਵੋਟਾਂ ਨੇ ਸਾਧ ਸੰਗਤ ਸਲੇਟ ਦੀ ਜਿੱਤ ਲਈ ਰਾਹ ਪੱਧਰਾ ਕੀਤਾ ਹੈ। ਪੰਥਕ ਸਲੇਟ ਦੀ ਇਹ ਵੀ ਸ਼ਿਕਾਇਤ ਹੈ ਕਿ ਉਨ੍ਹਾਂ ਨੂੰ ਵਕਤ ਸਿਰ ਵੋਟਰ ਸੂਚੀਆਂ ਨਹੀਂ ਦਿੱਤੀਆਂ ਗਈਆਂ। ਦੂਜੇ ਪਾਸੇ ਇਹ ਵੀ ਸਮਝਿਆ ਜਾਂਦਾ ਹੈ ਕਿ ਸੱਤਾਧਾਰੀ ਧਿਰਾਂ ਖਾਸ ਕਰਕੇ ਜਿਸ ਤਰ੍ਹਾਂ ਦੀ ਸੱਤਾਧਾਰੀ ਮੌਜੂਦਾ ਧਿਰ ਹੈ ਇੰਨੀ ਕੁ ਹੇਰਾ-ਫੇਰੀ ਕਰ ਹੀ ਲਿਆ ਕਰਦੀ ਹੈ।

ਚੋਣਾਂ ਤੋਂ ਦੋ ਦਿਨ ਪਹਿਲਾਂ 12 ਮਾਰਚ ਨੂੰ ਭਾਈ ਗੁਰਮੀਤ ਸਿੰਘ ਵਲੋਂ ਪ੍ਰਬੰਧਕਾਂ ਦੀਆਂ ਕਥਿਤ ਧਾਂਦਲੀਆਂ ਬਾਰੇ ਸੁਪੀਰੀਅਰ ਕੋਰਟ ਵਿਚ ਇਕ ਕੇਸ ਦਾਇਰ ਕਰ ਦਿੱਤਾ ਗਿਆ ਜਿਸ ਦੇ ਨਤੀਜੇ ਵਜੋਂ 12 ਮਾਰਚ ਦੀ ਸ਼ਾਮ ਨੂੰ ਪੰਥਕ ਸਲੇਟ ਨੂੰ ਵੋਟਰ ਸੂਚੀ ਮਿਲ ਸਕੀ।

ਇਸ ਗੱਲ ਵਿਚ ਵੀ ਕੋਈ ਝੂਠ ਨਹੀਂ ਕਿ ਮੌਜੂਦਾ ਪ੍ਰਬੰਧਕਾਂ ਨੇ ਮੀਡੀਏ ਵਿਚ ਬੜੇ ਜ਼ੋਰ-ਸ਼ੋਰ ਨਾਲ ਵਿਰੋਧੀਆਂ ਵਿਰੁਧ ਭੰਡੀ ਪ੍ਰਚਾਰ ਕੀਤਾ ਅਤੇ ਆਪਣੀਆਂ ਪ੍ਰਾਪਤੀਆਂ ਦੱਸਣ ਲਈ ਝੂਠ ਬੋਲਣ ਤੋਂ ਵੀ ਗੁਰੇਜ ਨਹੀਂ ਕੀਤਾ। ਉਨ੍ਹਾਂ ਝੂਠ ਇੰਨੀ ਉਚੀ ਬੋਲਿਆ ਕਿ ਝੂਠ ਵੀ ਸੱਚ ਜਾਪਣ ਲੱਗਿਆ। ਇੰਜ ਉਹ ਵਿਰੋਧੀਆਂ ਦੇ ਲੇਲੇ ਨੂੰ ਕੁੱਤਾ ਬਣਾਉਣ ਵਿਚ ਕਾਮਯਾਬ ਰਹੇ। ਇਹ ਵੀ ਰਿਪੋਰਟ ਹੈ ਕਿ ਪੰਥਕ ਸਲੇਟ ਵਲੋਂ ਚੋਣ ਧਾਂਦਲੀਆਂ ਸਬੰਧੀ ਲੋੜੀਂਦੇ ਸਬੂਤ ਇਕੱਠੇ ਕੀਤੇ ਜਾ ਰਹੇ ਹਨ ਅਤੇ ਕੋਰਟ ਵਿਚ ਕੇਸ ਦੀ ਪੈਰਵੀ ਕਰ ਕੇ ਦੁਬਾਰਾ ਚੋਣਾਂ ਦਾ ਰਾਹ ਖੋਲ੍ਹਿਆ ਜਾ ਸਕਦਾ ਹੈ।

*To Advertise with us*
*call: 847-359-0746*
*Fax:847-705-9388*









# ਪੰਜਾਬ ਟਾਈਮਜ਼ 2000-2010

## ਪ੍ਰਕਾਸ਼ਨ ਦੀ 10ਵੀਂ ਵਰ੍ਹੇਗੰਢ 'ਤੇ ਗੀਤ ਸੰਗੀਤ ਭਰੀ ਇਕ ਸ਼ਾਮ




ਸੁੱਖਪਾਲ ਸੁੱਖ, ਰਾਜੇਸ਼ ਰਾਜੂ ਅਤੇ ਬੱਬੂ ਗੁਰਪਾਲ

PUNJAB TIMES 2000 TO 2010

ਸੰਗੀਤ ਨਿਰਦੇਸ਼ਕ



ਨਰਿੰਦਰ ਬੱਗਾ

ਪੰਜਾਬੀ ਢੋਲ



ਢੋਲੀ ਮੋਹਨ ਸਿੰਘ

ਵੀਡੀਓ ਅਤੇ ਫੋਟੋਗ੍ਰਾਫਰ-ਸਿਆਨ ਵੀਡੀਓ

## 27 ਮਾਰਚ, 2010

(ਸ਼ਾਮ 6:30 ਵਜੇ)

## ਇੰਡੀਆ ਹਾਊਸ, ਸ਼ਾਮਬਰਗ

1521 W. Schaumburg Rd., Schaumburg, IL 60194, Ph:847-895-5501

ਯੋਗਦਾਨ:ਵੀ ਆਈ ਪੀ, ਸਪਾਂਸਰਸ਼ਿਪ, 50 ਡਾਲਰ

ਹੋਰ ਜਾਣਕਾਰੀ ਲਈ 847-359-0746

**ਗਰੈਂਡ ਸਪਾਂਸਰ:** ਅਮੋਲਕ ਸਿੰਘ ਗਾਖਲ (ਕੈਲੀਫੋਰਨੀਆ), ਹਰਜਿੰਦਰ ਸਿੰਘ ਸੰਧੂ, ਨਿੱਕ ਗਾਖਲ, ਗੁਲਜ਼ਾਰ ਸਿੰਘ ਮੁਲਤਾਨੀ, ਸੰਨੀ ਧੂੜ, ਦਰਸ਼ਨ ਸਿੰਘ ਦਰੜ, ਰਾਜਿੰਦਰ ਸਿੰਘ ਬੈਂਸ, ਡਾ. ਦਲਵੀਰ ਸਿੰਘ ਪੰਨੂ, ਬੌਬ ਸੰਧੂ, ਜੈ ਦੇਵ ਸਿੰਘ ਭੱਠਲ, ਸਰਬਜੀਤ ਸਿੰਘ ਥਿਆੜਾ (ਯੂਬਾ ਸਿਟੀ), ਗਿੱਲ ਬ੍ਰਦਰਜ਼ ਆਫ ਵਾਕੀਗਨ (ਪਿੰਡ ਗਿੱਲ, ਲੁਧਿਆਣਾ), ਜੱਸੀ ਗਿੱਲ (ਕੈਲੀਫੋਰਨੀਆ), ਲੱਕੀ ਸਹੋਤਾ ਅਤੇ ਜੱਸੀ ਸਹੋਤਾ (ਵੈਸਟਰਨ ਟਰਾਂਸਪੋਰਟੇਸ਼ਨ), ਗੁਰਮੇਲ ਸਿੰਘ ਕੰਗ (ਵਰਜੀਨੀਆ)

**ਸਪਾਂਸਰ: ਸ਼ਿਕਾਗੋ:** ਸਵਰਨਜੀਤ ਸਿੰਘ ਢਿੱਲੋਂ, ਹਰਦਿਆਲ ਸਿੰਘ ਦਿਓਲ, ਡਾ. ਗੁਰਦਿਆਲ ਸਿੰਘ ਬਸਰਾਨ, ਡਾ. ਹਰਗੁਰਮੁਖਪਾਲ ਸਿੰਘ, ਮਨਜੀਤ ਗਿੱਲ, ਅਯੁਧਿਆ ਸਲਵਾਨ (ਸਟਾਰ ਫੂਡਜ਼), ਬਾਬ ਹੁੰਦਲ, ਹਰਵਿੰਦਰ ਸਿੰਘ ਕੰਗ, ਹਰਵਿੰਦਰ ਸਿੰਘ ਬਿੱਲਾ, ਗੁਰਮੁਖ ਸਿੰਘ ਭੁੱਲਰ, ਡਾ. ਹਰਜਿੰਦਰ ਸਿੰਘ ਖਹਿਰਾ, ਬਲਵਿੰਦਰ ਸਿੰਘ (ਏਵਨ ਕਾਰਪੈਟ), ਮਨਜਿੰਦਰ ਸਿੰਘ ਭੰਬਰਾ, ਰੋਨੀ ਕੁਲਾਰ, ਸੰਨੀ ਕੁਲਾਰ, ਬਲਜੀਤ ਸਿੱਧੂ, ਅਮਰੀਕ ਸਿੰਘ (ਅਮਰ ਕਾਰਪੈਟਸ), ਸੰਤੋਖ ਸਿੰਘ ਡੀ ਸੀ, ਗਿਆਨ ਸਿੰਘ ਸੀਹਰਾ, ਨਰਿੰਦਰ ਸਿੰਘ ਸਰਾਂ, ਜਗਦੇਵ ਸਿੰਘ ਖੈੜਾ, ਕਰਨਲ ਨਿਰਮਲ ਸਿੰਘ ਸਿੰਘਾ, ਹੈਪੀ ਹੀਰ, ਕ੍ਰਿਪਾਲ ਸਿੰਘ ਰੰਧਾਵਾ, ਮੱਖਣ ਸਿੰਘ ਗਿੱਲ ਤੇ ਲਖਵੀਰ ਸਿੰਘ ਚੀਮਾ (ਡਿਕਸਨ), ਆਰ ਐਂਡ ਐਸ ਪੈਟਰੋ, ਲਖਬੀਰ ਸੰਧੂ, ਜਗਦੀਸ਼ ਸੰਧੂ, ਭੁਪਿੰਦਰ ਸਿੰਘ ਢਿਲੋਂ, ਜਸਬੀਰ ਸਿੰਘ ਸੂਗਾ (ਸੂਗਾ ਬਿਲਡਰਜ਼), ਮੱਖਣ ਸਿੰਘ ਕਲੇਰ, ਇੰਦਰਦੇਵ (ਪੰਜਾਬੀ ਢਾਬਾ), ਪ੍ਰੋ. ਜੋਗਿੰਦਰ ਸਿੰਘ ਰਮਦੇਵ, ਅਮ੍ਰਿਤਪਾਲ ਸੰਘਾ, ਅਮਰਦੇਵ ਬੰਦੇਸਾ, ਜਿੰਦੀ ਖੰਗੂੜਾ, ਪਰਮਿੰਦਰ ਵਾਲੀਆ, ਹਰਦੀਪ ਗਿੱਲ, ਹਰਜਿੰਦਰ ਬੈਨੀਪਾਲ, ਸੰਤਬਲਬੀਰ ਸਿੰਘ ਬੈਦਵਾਨ

**ਇੰਡੀਆਨਾ:** ਕਿਰਨਜੀਤ ਸਿੰਘ ਬਾਵਾ, ਸਰਵਣ ਸਿੰਘ ਟਿਵਾਣਾ, ਹਰਜੀਤ ਸਿੰਘ ਸਾਹੀ, ਮਨਦੀਪ ਸਿੰਘ ਭੂਰਾ, ਗੁਰਬਚਨ ਸਿੰਘ ਪੱਪੂ, ਬਲਦੇਵ ਸਿੰਘ ਸੱਲਾਂ, ਰਾਣਾ ਵਿਰਕ, ਕਮਲਜੀਤ ਵਿਰਕ, ਗੁਰਨਾਮ ਸਿੰਘ ਸਿੱਧੂ, ਸ਼ਮਸ਼ੇਰ ਸਿੰਘ ਬੋਪਾਰਾਏ, ਪ੍ਰਿਤਪਾਲ ਘੋਤੜਾ, ਮਨਜੀਤ ਨਾਗਰਾ, ਵਰਿੰਦਰ ਸਾਹੀ, ਪਾਲ ਖਲੀਲ, ਗੁਰਿੰਦਰ ਸਿੰਘ ਗਿੱਲ, ਮੇਜਰ ਸਿੰਘ ਢਿੱਲੋਂ, ਜਸਪਾਲ ਸਿੰਘ ਜੱਸੀ, ਸਿਕੰਦਰ ਸਿੰਘ ਬਿੱਟੂ, ਤੇਜਾ ਸਿੰਘ ਨਾਰੰਗ, ਪਾਲੀ ਗਰੇਵਾਲ, ਹਰਨਿੰਦਰ ਸਿੰਘ ਮਸਿਆਣਾ, ਰਣਜੀਤ ਸਿੰਘ ਕਾਹਲੋਂ (ਤੰਦੂਰ ਵਾਲਾ), ਧਰਮਿੰਦਰ ਖਟੜਾ, ਯਾਦਵਿੰਦਰ ਖਟੜਾ

**ਮਿਸ਼ੀਗਨ:** ਨਰਿੰਦਰ ਸਿੰਘ ਮੁੰਦਰ, ਸੁਰਿੰਦਰ ਸਿੰਘ ਗਰਚਾ (ਕੈਂਟਨ), ਹਰਪ੍ਰੀਤ ਸਿੰਘ (ਵਰਲਡਵਾਈਡ ਟਰੈਵਲ), ਕਰਨ ਗਿੱਲ, ਜਗਰਾਜ ਸਿੰਘ ਅਟਵਾਲ, ਇੰਦਰਜੀਤ ਸਿੰਘ ਸੋਹੀ, ਰਾਜਬੀਰ ਸਿੰਘ ਬੋਪਾਰਾਏ, ਦਲਬਾਰਾ ਸਿੰਘ ਮਾਂਗਟ, ਹਰਪਾਲ ਸਿੰਘ ਟਾਂਡਾ, ਕਰਨੈਲ ਸਿੰਘ ਮਿਆਣੀ, ਕੁਲਵਿੰਦਰ ਸਿੰਘ ਗਿੱਲ, ਲਾਲੀ ਰਣਬੀਰ ਸਿੰਘ, ਹਰਪੂਰਨ ਸਿੰਘ ਥਾਕਰੀ, ਗੁਰਦੇਵ ਸਿੰਘ (ਕੈਲਮਜ਼ੂ), ਮਨਜੀਤ ਸਿੰਘ ਨੰਨਣ, ਲਾਡੀ ਮੁਲਤਾਨੀ, ਬਲਬੀਰ ਸਿੰਘ,

ਗੁਰਜਿੰਦਰ ਸਿੰਘ ਡਿੰਪਲ-ਲੈਨਸਿੰਗ, ਸੁਰਿੰਦਰ ਸਿੰਘ ਕੰਗ, ਅਵਤਿੰਦਰ ਚਾਵਲਾ, ਕੁਲਵੰਤ ਸਿੰਘ, ਜਰਨੈਲ ਸਿੰਘ, ਇੰਦਰਜੀਤ ਸਿੰਘ

ਬੇਅੰਤ ਸਿੰਘ ਬੋਪਾਰਾਏ, ਕੁਲਵਿੰਦਰ ਸਿੰਘ ਧਾਲੀਵਾਲ, ਜਗਦੀਸ਼ਰ ਸਿੰਘ ਕਲੇਰ, ਅਮਰਜੀਤ ਸਿੰਘ ਸੰਧਰ, ਸੁਖਦੇਵ ਸਿੰਘ ਖਾਲਸਾ, ਸੰਤੋਖ ਸਿੰਘ ਤੂਰ, ਦਲਬੀਰ ਸਿੰਘ ਗਿੱਲ (ਯੂਬਾ ਸਿਟੀ), ਹਰਵਿੰਦਰ ਸਿੰਘ (ਯੂਬਾ ਸਿਟੀ), ਮੁਖਤਿਆਰ ਸਿੰਘ ਸੇਖੋਂ, ਅਮਨਦੀਪ ਸਿੰਘ ਧਾਰਨੀ, ਸੁਰਜੀਤ ਸਿੰਘ ਮਾਵੀ, ਗੁਰਿੰਦਰ ਸਿੰਘ ਢਿਲੋਂ, ਅਵਤਾਰ ਸਿੰਘ, ਹਰਿੰਦਰ ਸਿੰਘ ਵਾਲੀਆ, ਜਸਵੰਤ ਸਿੰਘ ਜੱਸਾ (ਨਿਊ ਯਾਰਕ)

**ਸਹਿਯੋਗੀ ਸੰਸਥਾਵਾਂ:** ਪੰਜਾਬੀ ਕਲਚਰਲ ਸੁਸਾਇਟੀ-ਸ਼ਿਕਾਗੋ, ਪੰਜਾਬੀ ਅਮੈਰਿਕਨ ਆਰਗੇਨਾਈਜੇਸ਼ਨ-ਸ਼ਿਕਾਗੋ, ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ, ਪੰਜਾਬੀ ਹੈਰੀਟੇਜ ਆਰਗੇਨਾਈਜੇਸ਼ਨ-ਸ਼ਿਕਾਗੋ, ਪੰਜਾਬ ਸਪੋਰਟਸ ਕਲੱਬ-ਸ਼ਿਕਾਗੋ, ਲਾਇਨਜ਼ ਆਫ ਪੰਜਾਬ-ਸ਼ਿਕਾਗੋ, ਯੂਨਾਈਟਿਡ ਸੀਨੀਅਰਜ਼ ਸਿਟੀਜ਼ਨ ਐਸੋਸੀਏਸ਼ਨ-ਸ਼ਿਕਾਗੋ,ਅਮੈਰਿਕਨ ਸੀਨੀਅਰ ਸਿੱਖ ਐਸੋਸੀਏਸ਼ਨ (ਆਸਾ), ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸਿਨਸਿਨੈਟੀ, ਪੰਜਾਬੀ ਅਮੈਰਿਕਨ ਯੂਥ ਕਲੱਬ-ਇੰਡੀਆਨਾ, ਪੰਜਾਬੀ ਕਲਚਰਲ ਸੁਸਾਇਟੀ ਮਿਸ਼ੀਗਨ-ਗਰੈਂਡ ਰੈਪਿਡਜ਼, ਪੰਜਾਬੀ ਕਲਚਰਲ ਸੁਸਾਇਟੀ ਸਾਊਥ ਮਿਸ਼ੀਗਨ-ਕੈਲਮਜ਼ੂ, ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ-ਮਿਸ਼ੀਗਨ, ਪੰਜਾਬੀ ਕਲਚਰਲ ਸੁਸਾਇਟੀ ਆਫ ਮਿਡਵੈਸਟ, ਪੰਜਾਬ ਸਪੋਰਟਸ ਕਲੱਬ ਕੈਲਮਜ਼ੂ-ਬੈਟਲ ਕਰੀਕ, ਸੰਤ ਬਾਬਾ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ-ਇੰਡੀਆਨਾ, ਗੁਰੂ ਲਾਧੋ ਰੇ ਸੇਵਾ ਸੁਸਾਇਟੀ-ਮਿਲਵਾਕੀ, ਸ਼ਹੀਦ ਊਧਮ ਸਿੰਘ ਸੁਸਾਇਟੀ-ਨਿਊ ਯਾਰਕ, ਯੂਨਾਈਟਡ ਸਪੋਰਟਸ ਕਲੱਬ, ਕੈਲੀਫੋਰਨੀਆ, ਪੰਜਾਬੀ ਕਲਚਰਲ ਸੁਸਾਇਟੀ-ਲੈਨਸਿੰਗ (ਮਿਸ਼ੀਗਨ), ਪੰਜਾਬੀ ਯੂਥ ਐਸੋਸੀਏਸ਼ਨ-ਸ਼ਿਕਾਗੋ

# ਸੰਨੀ ਧੂੜ ਨੂੰ ਓਵਰਸੀਜ਼ ਕਾਂਗਰਸ ਦਾ ਮੀਤ ਪ੍ਰਧਾਨ ਬਣਨ 'ਤੇ ਵਧਾਈ

**ਡੈਲਸ, ਟੈਕਸਸ:** ਅਮਰੀਕੀ ਸਿਆਸਤ ਅਤੇ ਪੰਜਾਬੀ ਭਾਈਚਾਰੇ ਵਿਚ ਸਰਗਰਮ ਭੂਮਿਕਾ ਨਿਭਾਉਣ ਕਰਕੇ ਆਪਣੀ ਵੱਖਰੀ ਪਹਿਚਾਣ ਬਣਾ ਚੁਕੇ ਪੰਜਾਬੀ ਕਲਚਰਲ ਸੁਸਾਇਟੀ ਮਿਸ਼ੀਗਨ ਦੇ ਪ੍ਰਧਾਨ ਸ੍ਰੀ ਸੰਨੀ ਧੂੜ ਨੂੰ ਓਵਰਸੀਜ਼ ਕਾਂਗਰਸ ਦੀ ਅਮਰੀਕਾ ਇਕਾਈ ਦਾ ਮੀਤ ਪ੍ਰਧਾਨ ਥਾਪੇ ਜਾਣ ਦਾ ਡੈਲਸ ਦੇ ਬਹੁਤ ਸਾਰੇ ਪਤਵੰਤੇ ਸੱਜਣਾਂ ਨੇ ਭਰਵਾਂ ਸਵਾਗਤ ਕੀਤਾ ਹੈ।

ਜ਼ਿਕਰਯੋਗ ਹੈ ਕਿ ਸ੍ਰੀ ਸੰਨੀ ਧੂੜ ਜੋ ਆਪਣੀ ਜਵਾਨੀ ਦੇ ਦਿਨਾਂ ਵਿਚ ਪੰਜਾਬ ਵਿਚ ਸੰਜੇ ਵਿਚਾਰ ਮੰਚ ਦੇ ਪੰਜਾਬ ਪੱਧਰੀ ਆਗੂਆਂ ਵਿਚ ਸ਼ਾਮਲ ਸਨ, ਮਿਸ਼ੀਗਨ ਡੈਮੋਕਰੈਟ ਪਾਰਟੀ ਦੀ ਕੇਂਦਰੀ ਕਮੇਟੀ ਦੇ ਮੈਂਬਰ ਹਨ ਅਤੇ ਮਿਸ਼ੀਗਨ ਦੀ ਕੈਂਟ ਕਾਊਂਟੀ ਡੈਮੋਕਰੈਟ ਪਾਰਟੀ ਦੇ ਵਾਈਸ ਚੇਅਰਮੈਨ ਵੀ। ਪਿਛਲੇ ਸਾਲ ਦਸੰਬਰ ਦੇ ਅਖੀਰ ਵਿਚ ਜਦੋਂ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਅਮਰੀਕੀ ਸਦਰ ਸ੍ਰੀ ਬਰੈਕ ਓਬਾਮਾ ਦੇ ਸੱਦੇ ਉਤੇ ਪ੍ਰੀਤੀਭੋਜ ਲਈ ਰਾਸ਼ਟਰਪਤੀ ਭਵਨ ਪਹੁੰਚੇ ਸਨ ਤਾਂ ਉਦੋਂ ਉਸ ਸਮਾਗਮ ਵਿਚ ਸ੍ਰੀ ਸੰਨੀ ਧੂੜ ਵੀ ਮਹਿਮਾਨਾਂ ਵਿਚ ਸ਼ਾਮਲ ਸਨ। ਇਸ ਮੌਕੇ ਹੀ ਸ੍ਰੀ ਧੂੜ ਦੀ ਓਵਰਸੀਜ਼ ਕਾਂਗਰਸ ਦੇ ਮੀਤ ਪ੍ਰਧਾਨ ਵਜੋਂ ਨਿਯੁਕਤੀ ਦੀ ਗੱਲ ਚੱਲੀ ਸੀ।

ਡੈਲਸ ਤੋਂ ਸ੍ਰੀ ਸੰਨੀ ਧੂੜ ਨੂੰ ਓਵਰਸੀਜ਼ ਕਾਂਗਰਸ ਦਾ ਮੀਤ ਪ੍ਰਧਾਨ ਬਣਨ 'ਤੇ ਵਧਾਈ ਸੰਦੇਸ਼ ਭੇਜਣ ਵਾਲਿਆਂ ਵਿਚ ਇਥੋਂ ਦੇ ਗੁਰਦੁਆਰਾ ਹੈਜ਼ਲਟ ਦੇ ਪ੍ਰਧਾਨ ਬੱਬੀ ਬਰਾੜ ਵੀ ਸ਼ਾਮਲ ਹਨ। ਪੰਜਾਬੀ ਕਲਚਰਲ ਐਸੋਸੀਏਸ਼ਨ ਦੇ ਸਾਬਕਾ ਪ੍ਰਧਾਨ ਨਿਰਮਲ ਨੀਲਵੀ ਨੇ ਆਪਣੇ ਵਧਾਈ ਸੰਦੇਸ਼ ਵਿਚ ਆਖਿਆ ਹੈ ਕਿ ਜਦੋਂ ਵੀ ਕੋਈ ਪੰਜਾਬੀ ਇਸ ਤਰ੍ਹਾਂ ਸਤਿਕਾਰਯੋਗ ਅਹੁਦੇ 'ਤੇ ਪਹੁੰਚਦਾ ਹੈ ਤਾਂ ਪੰਜਾਬੀ ਭਾਈਚਾਰੇ ਨੂੰ ਇਸ 'ਤੇ ਮਾਣ ਹੁੰਦਾ ਹੈ। ਇਥੋਂ ਦੀ ਇਕ ਹੋਰ ਉਘੀ ਸ਼ਖਸੀਅਤ ਵਿੱਕੀ ਹੀਰ ਨੇ ਆਪਣੇ ਮੋਹ ਭਰੇ ਲਫਜ਼ਾਂ ਵਿਚ ਸ੍ਰੀ ਧੂੜ ਨੂੰ ਵਧਾਈ ਭੇਜੀ ਹੈ।

ਸਥਾਨਕ ਪੰਜਾਬੀਆਂ ਵਿਚੋਂ ਸ੍ਰੀ ਧੂੜ ਨੂੰ ਇਸ ਨਿਯੁਕਤੀ 'ਤੇ ਵਧਾਈ ਭੇਜਣ ਵਾਲਿਆਂ ਵਿਚ ਵੱਸਦਾ ਰਹੇ ਪੰਜਾਬ ਰੇਡੀਓ ਦੇ ਹੋਸਟ ਅਮਰਜੀਤ ਢਿੱਲੋਂ, ਸੋਹਣ ਸਿੰਘ ਪਾਬਲਾ, ਜਗਮੇਲ ਸਿੰਘ ਸੰਧੂ, ਡਾ. ਜੈ ਕੁਮਾਰ, ਅੰਮ੍ਰਿਤਪਾਲ ਸਿੰਘ, ਸ. ਘੋਲੀਆ, ਪਰਮਿੰਦਰ ਸਿੰਘ, ਰੁਪਿੰਦਰ ਸੰਧੂ, ਹਰਮਿੰਦਰ ਰੰਗੀ, ਪਾਲ ਸੋਹਲ, ਪ੍ਰੀਤਮ ਸਿੰਘ, ਰੁਪਿੰਦਰ ਗਰੇਵਾਲ, ਯਾਦਵਿੰਦਰ ਸੰਧੂ, ਨਿੱਕ ਸੰਧੂ, ਯੂਨਸ ਇਜ਼ਾਜ਼, ਸ਼ਮਸ਼ੇਰ ਸ਼ੇਰਾ, ਕੈਮ ਗਿੱਲ, ਪ੍ਰਭਜੋਤ ਭਾਟੀਆ, ਜੱਸੀ ਚਾਹਲ, ਚਰਨਜੀਤ ਵੈਦਰਫੋਰਡ, ਰਛਪਾਲ ਉਪਲ, ਕਿੰਦਾ ਸਿੰਘ, ਮਨਜੀਤ ਸਹੋਤਾ, ਰਾਜ ਗੌਤਮ, ਲਖਬੀਰ ਬੈਂਸ, ਮਨਜੀਤ ਬੈਂਸ ਅਤੇ ਹੋਰ ਬਹੁਤ ਸਾਰੇ ਆਗੂ ਸ਼ਾਮਲ ਹਨ।

## ਡੈਮੋਕਰੈਟ ਪਾਰਟੀ ਵਲੋਂ ਸਨਮਾਨ

**ਗਰੈਂਡ ਰੈਪਿਡਜ਼:** ਮਿਸ਼ੀਗਨ ਡੈਮੋਕਰੈਟ ਪਾਰਟੀ ਦੀ ਕੈਂਟ ਕਾਊਂਟੀ ਇਕਾਈ ਵਲੋਂ ਲੰਘੀ 10 ਮਾਰਚ ਨੂੰ ਸ੍ਰੀ ਸੰਨੀ ਧੂੜ ਦਾ ਵਿਸ਼ੇਸ਼ ਮਾਣ-ਸਨਮਾਨ ਕੀਤਾ ਗਿਆ। ਇਹ ਸਨਮਾਨ ਸ੍ਰੀ ਧੂੜ ਨੂੰ ਓਵਰਸੀਜ਼ ਕਾਂਗਰਸ ਦਾ ਮੀਤ ਪ੍ਰਧਾਨ ਨਿਯੁਕਤ ਕੀਤੇ ਜਾਣ ਦੇ ਮਾਣ ਵਜੋਂ ਕੀਤਾ ਗਿਆ। ਇਥੇ ਟੀਮਸਟਰ ਹਾਲ ਵਿਚ ਕੀਤੇ ਗਏ ਸਮਾਗਮ ਵਿਚ ਪਾਰਟੀ ਦੇ ਲੀਡਰਾਂ ਤੋਂ ਇਲਾਵਾ ਕਰੀਬ ਡੇਢ ਸੌ ਪਤਵੰਤੇ ਸੱਜਣ ਹਾਜ਼ਰ ਸਨ ਜਿਨ੍ਹਾਂ ਵਿਚ ਡੈਮੋਕਰੈਟ ਪਾਰਟੀ ਦੇ ਸਟੇਟ ਅਤੇ ਸਥਾਨਕ ਪੱਧਰ ਦੇ ਆਗੂ ਵੀ ਸ਼ਾਮਲ ਸਨ।

ਲੰਘੇ ਐਤਵਾਰ ਨੂੰ ਸਿੱਖ ਸੁਸਾਇਟੀ ਆਫ ਮਿਸ਼ੀਗਨ ਵਲੋਂ ਸਥਾਨਕ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਧੂੜ ਦਾ ਉਨ੍ਹਾਂ ਦੀਆਂ ਭਾਈਚਾਰੇ ਪ੍ਰਤੀ ਸੇਵਾਵਾਂ ਬਦਲੇ ਮਾਣ-ਸਨਮਾਨ ਕੀਤਾ ਗਿਆ। ਗੁਰੂ ਘਰ ਦੇ ਪ੍ਰਧਾਨ ਡਾ. ਤੇਜਿੰਦਰ ਸਿੰਘ ਮੰਡੇਰ ਨੇ ਆਖਿਆ ਕਿ ਭਾਰਤੀ ਭਾਈਚਾਰੇ ਨੂੰ ਸ੍ਰੀ ਸੰਨੀ ਧੂੜ ਵਲੋਂ ਨਿਭਾਈਆਂ ਗਈਆਂ ਭਾਈਚਾਰਕ ਸੇਵਾਵਾਂ ਉਤੇ ਮਾਣ ਹੈ। ਮੰਦਰ ਕਮੇਟੀ ਦੇ ਪ੍ਰਧਾਨ ਪ੍ਰਸ਼ਾਦ ਰੈਡੀ ਨੇ ਵੀ ਸ੍ਰੀ ਸੰਨੀ ਧੂੜ ਦਾ ਮੰਦਰ ਕਮੇਟੀ ਦੀ ਤਰਫੋਂ ਸਨਮਾਨ ਕੀਤਾ।

# ਵਿਸ਼ਵ ਕੱਪ ਕਬੱਡੀ ਲਈ 12 ਮੈਂਬਰੀ ਟੀਮ ਦਾ ਐਲਾਨ

**ਮਾਡੈਸਟੋ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਵਿਚ 31 ਮਾਰਚ ਤੋਂ 10 ਅਪਰੈਲ ਤੱਕ ਹੋ ਰਹੇ ਵਿਸ਼ਵ ਕੱਪ ਕਬੱਡੀ ਟੂਰਨਾਮੈਂਟ ਲਈ ਅਮਰੀਕਾ ਦੇ ਸਪੋਰਟਸ ਕਲੱਬਾਂ ਦੇ ਪ੍ਰੋਮੋਟਰਾਂ ਦੇ ਸਹਿਯੋਗ ਨਾਲ 12 ਕਬੱਡੀ ਖਿਡਾਰੀਆਂ ਦੀ ਇਕ ਟੀਮ ਦਾ ਐਲਾਨ ਕੀਤਾ ਗਿਆ ਹੈ। ਇਸ ਟੀਮ ਵਿਚ ਅਮਰਜੀਤ ਤੀਰਥ (ਕੈਪਟਨ), ਅਵਤਾਰ ਸਿੰਘ ਡੱਬ, ਕੁਲਜੀਤ ਸਿੰਘ, ਮਹਿੰਦਰ ਸਿੰਘ ਗਿੱਲ, ਜਸਵੀਰ ਸਿੰਘ, ਮਿਖੈਲ ਅਬਦੁਲ ਲਤੀਫ, ਬਾਵਨਪ੍ਰੀਤ ਅਟਵਾਲ, ਸੰਦੀਪ ਸਿੰਘ ਕੰਦੋਲਾ, ਦਲਵੀਰ ਸਿੰਘ, ਬਲਜੀਤ ਸਿੰਘ, ਜਸਕਰਨ ਸਿੰਘ ਅਤੇ ਬਲਜੀਤ ਮਾਨ ਦੇ ਨਾਂ ਸ਼ਾਮਲ ਹਨ। ਇਸ ਟੀਮ ਦੇ ਕੋਚ ਨਾਜਰ ਸਿੰਘ ਸਹੋਤਾ ਹੋਣਗੇ।

ਇਸ ਕਬੱਡੀ ਟੀਮ ਦਾ ਪ੍ਰਬੰਧ ਟਰੇਸੀ ਦੇ ਬਿਜਨਸਮੈਨ ਸੁਰਿੰਦਰ ਸਿੰਘ ਅਟਵਾਲ, ਦਵਿੰਦਰ ਸਿੰਘ ਰਣੀਆ, ਕਿਰਪਾਲ ਸਿੰਘ ਸਹੋਤਾ, ਸੁਰਜੀਤ ਸਿੰਘ ਟੁਟ, ਹਰਦੁਮਣ ਸਿੰਘ ਸੰਘੇੜਾ, ਰਘਬੀਰ ਸਿੰਘ ਸ਼ੇਰਗਿੱਲ, ਨੇਕੀ ਸੰਘੇੜਾ, ਟਹਿਲ ਸਿੰਘ ਥਾਂਦੀ, ਗੁਰਦਿਆਲ ਸਿੰਘ ਢਿੱਲੋਂ, ਪਾਲ ਕੈਲੇ, ਸੁਦਰਸ਼ਨ ਸ਼ਰਮਾ (ਮੋਗੇ ਵਾਲੇ), ਅਵਤਾਰ ਸਿੰਘ ਗਿੱਲ, ਨਿਜਰ ਭਰਾ ਅਤੇ ਸੁਖਵੰਤ ਸੰਘੇੜਾ ਕਰ ਰਹੇ ਹਨ। ਕਬੱਡੀ ਟੀਮ ਨੂੰ ਜੌਹਨ ਸਿੰਘ ਗਿੱਲ, ਸੁੱਖੀ ਸੰਘੇੜਾ, ਸੈਮ ਸਮਰਾ, ਜਸਵੰਤ ਸਿੰਘ ਹੋਠੀ, ਤੇਜਿੰਦਰ ਦੁਸਾਂਝ, ਮਨਦੀਪ ਥਿਆੜਾ, ਸੈਮੀ ਅਟਵਾਲ, ਸੰਤੋਖ ਸਿੰਘ ਤੱਖਰ, ਜਸਵੰਤ ਸਿੰਘ ਸਰਾਂ ਦੀ ਹਮਾਇਤ ਹਾਸਿਲ ਹੈ। ਇਥੇ ਜ਼ਿਕਰਯੋਗ ਹੈ ਕਿ ਇਹ ਕਬੱਡੀ ਮੇਲਾ ਪੰਜਾਬ ਸਰਕਾਰ ਦੇ ਖੇਡ ਵਿਭਾਗ ਵਲੋਂ ਸਰਕਲ ਕਬੱਡੀ ਦੀ ਖੇਡ ਨੂੰ ਉਤਸ਼ਾਹਿਤ ਕਰਨ ਲਈ ਕਰਵਾਇਆ ਜਾ ਰਿਹਾ ਹੈ ਇਸ ਟੂਰਨਾਮੈਂਟ ਦੀ ਜੇਤੂ ਟੀਮ ਲਈ ਇਕ ਕਰੋੜ ਰੁਪਏ ਦਾ ਇਨਾਮ ਰੱਖਿਆ ਗਿਆ ਹੈ। ਦੂਜੇ, ਤੀਜੇ ਅਤੇ ਚੌਥੇ ਨੰਬਰ 'ਤੇ ਆਉਣ ਵਾਲੀਆਂ ਟੀਮਾਂ ਲਈ ਕ੍ਰਮਵਾਰ 51 ਲੱਖ, 25 ਲੱਖ ਅਤੇ 10 ਲੱਖ ਰੁਪਏ ਦੇ ਇਨਾਮ ਰੱਖੇ ਗਏ ਹਨ। ਉਂਜ ਹਿੱਸਾ ਲੈਣ ਵਾਲੀ ਹਰ ਟੀਮ ਨੂੰ 5-5 ਲੱਖ ਰੁਪਏ ਖਰਚੇ ਲਈ ਦਿੱਤੇ ਜਾਣਗੇ। ਮੈਚ ਪੰਜਾਬ ਦੇ ਵੱਖ ਵੱਖ ਸ਼ਹਿਰਾਂ ਵਿਚ ਹੋਣਗੇ।



ਸ. ਸੋਹਣ ਸਿੰਘ ਧਨੋਆ

## ਦਲਵਿੰਦਰ ਸਿੰਘ ਸ਼ਾਹੀ ਦਾ ਸਹੁਰਾ ਸੁਰਗਵਾਸ

**ਟਰਲਕ, ਕੈਲੀਫੋਰਨੀਆ:** ਸਥਾਨਕ ਬਿਜਨਸਮੈਨ ਦਲਵਿੰਦਰ ਸਿੰਘ ਸ਼ਾਹੀ ਨੂੰ ਉਸ ਸਮੇਂ ਡੂੰਘਾ ਸਦਮਾ ਪਹੁੰਚਿਆ ਜਦੋਂ ਉਨ੍ਹਾਂ ਦੇ ਸਹੁਰਾ ਸਾਹਿਬ ਸ. ਸੋਹਣ ਸਿੰਘ ਧਨੋਆ 11 ਮਾਰਚ ਨੂੰ ਇਥੇ ਸੰਖੇਪ ਬੀਮਾਰੀ ਪਿਛੋਂ ਹਸਪਤਾਲ ਵਿਚ ਚਲਾਣਾ ਕਰ ਗਏ। ਉਹ 83 ਵਰ੍ਹਿਆਂ ਦੇ ਸਨ ਅਤੇ ਆਪਣੇ ਪਿਛੇ 4 ਪੁਤਰ ਇਕ ਧੀ ਅਤੇ 12 ਪੋਤਰਿਆਂ-ਦੋਹਤਰਿਆਂ ਦਾ ਭਰਿਆ ਪਰਿਵਾਰ ਛਡ ਗਏ ਹਨ।

ਸਵਰਗੀ ਧਨੋਆ ਪੰਜਾਬ ਦੇ ਜਿਲਾ ਹੁਸ਼ਿਆਰਪੁਰ ਦੇ ਪਿੰਡ ਅਭੋਵਾਲ ਤੋਂ ਸਨ ਅਤੇ 1985 ਵਿਚ ਅਮਰੀਕਾ ਆ ਗਏ ਸਨ। ਉਨ੍ਹਾਂ ਦਾ ਸਸਕਾਰ ਸਨਿਚਰਵਾਰ ਨੂੰ ਐਲਨ ਮਾਰਚੁਰੀ (247 ਨਾਰਥ ਬਰਾਡਵੇਅ ਟਰਲਕ ਫੋਨ 209-634-5829) ਵਿਖੇ ਹੋਵੇਗਾ। ਦਲਵਿੰਦਰ ਸਿੰਘ ਸ਼ਾਹੀ ਨਾਲ ਫੋਨ 209-648-4406 ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਤਿਰਛੀ ਨਜ਼ਰ

**ਜਸਵੰਤ ਸਿੰਘ ਸ਼ਾਦ, ਸਟਾਕਟਨ**

***'ਮੇਰੀ ਮਾਂ ਸਿੱਖ ਸੀ। ਮੈਂ ਸਵੇਰੇ ਸ਼ਾਮ ਸਤਿਨਾਮ ਵਾਹਿਗੁਰੂ ਦਾ ਜਾਪ ਕਰਦਾ ਹਾਂ, ਜਿਸ ਨਾਲ ਮੈਨੂੰ ਸ਼ਾਂਤੀ ਮਿਲਦੀ ਹੈ' -ਅਮਿਤਾਭ ਬੱਚਨ**

-ਚਲੋ ਤੁਸੀਂ ਮਾਂ ਦੀ ਲਾਜ ਤਾਂ ਰੱਖੀ। ਵਰਨਾ ਸਾਡੇ ਤਾਂ ਅਕਾਲੀ ਲੀਡਰਾਂ ਨੂੰ ਵੀ ਸ਼ਾਂਤੀ ਅੱਜ ਕੱਲ੍ਹ ਗਊਸ਼ਾਲਾ ਜਾ ਕੇ ਹੀ ਮਿਲਦੀ ਐ।

***ਪੰਜਾਬ ਪੁਲਿਸ 'ਚ ਉਚੇ ਲੰਮੇ ਕੱਦ ਵਾਲੇ ਤੇ ਉਚ ਯੋਗਤਾ ਵਾਲੇ 3000 ਸਿਪਾਹੀ ਭਰਤੀ ਕੀਤੇ ਜਾਣਗੇ।**

-ਇਹ ਭਲਾ ਲਿਆਓਂਗੇ ਕਿਹੜੇ ਦੇਸ਼ੋਂ?

***ਮਹਿਲਾ ਰਾਖਵਾਂਕਰਨ ਕੌਮਾਂਤਰੀ ਸਾਜ਼ਿਸ਼-ਮੁਲਾਇਮ ਸਿੰਘ ਯਾਦਵ**

-ਇਹਦੇ ਪਿਛੇ ਵੀ ਪਾਕਿਸਤਾਨ ਦਾ ਹੱਥ ਹੋਣੈ!

***ਮੈਂ ਸਿਆਸਤ ਤੋਂ ਰਿਟਾਇਰ ਨਹੀਂ ਹੋਇਆ-ਅਮਰਿੰਦਰ ਸਿੰਘ**

-ਬੱਸ, ਜ਼ਰਾ ਕੁ ਅਰੂਸਾ ਜੀ ਦੀ ਖਾਤਿਰਦਾਰੀ 'ਚ ਮਸ਼ਰੂਫ ਸਾਂ।

***ਪੰਜਾਬ ਦੇ 14 ਲੱਖ ਨੌਜਵਾਨ ਬੇਰੁਜ਼ਗਾਰ**

-ਦੋ ਕੁ ਸਾਲ ਠਹਿਰੋ, ਪੰਜਾਬ ਕੈਲੀਫੋਰਨੀਆ ਬਣਨ ਵਾਲਾ ਹੈ। ਫਿਰ ਤਾਂ ਸੁਖਬੀਰ ਬਾਦਲ ਤਨਖਾਹ ਵੀ ਡਾਲਰਾਂ 'ਚ ਹੀ ਦਿਆ ਕਰੂ।

***ਜੱਜ ਸਪੈਲਿੰਗ ਗਲਤੀਆਂ ਨਾ ਕਰਨ-ਹਾਈ ਕੋਰਟ**

-ਕਿਉਂਕਿ ਇਕ ਨੁਕਤੇ ਨਾਲ ਹੀ ਮਹਿਰਮ, ਮੁਜਰਿਮ ਹੋ ਸਕਦੈ।

***ਪੰਜਾਬ ਸਰਕਾਰ ਵਲੋਂ ਕਣਕ ਦੀ ਖਰੀਦ ਨੀਤੀ ਦਾ ਐਲਾਨ**

-ਕਿ ਇਸ ਵਾਰ ਵੀ ਕਣਕ ਮੰਡੀਆਂ 'ਚ ਰੁਲੂਗੀ। ਖਰੀਦ ਮੁੱਲ ਵੀ ਹਮੇਸ਼ਾ ਵਾਂਗ ਮਰਜੀ ਦਾ ਦਿਆਂਗੇ। ਖਰੀਦ ਏਜੰਸੀਆਂ ਕਿਸਾਨਾਂ ਨੂੰ ਰੱਜ ਕੇ ਜ਼ਲੀਲ ਕਰਨਗੀਆਂ। ਇਕ ਅੱਧਾ ਮੀਂਹ ਪੈਣ ਤੋਂ ਬਾਦ ਭਿੱਜੀ ਕਣਕ ਅੱਧੇ ਮੁੱਲ 'ਤੇ ਚੁੱਕਾਂਗੇ।


ਨਾਰਥ ਅਤੇ ਸਾਊਥ ਕੈਰੋਲਾਈਨਾ ਵਿਚ
ਕਾਰਪੋਰੇਟ ਗੈਸ ਸਟੇਸ਼ਨ/ਕਨਵੀਨੀਐਂਸ ਸਟੋਰ

ਵਿਕਾਊ ਹਨ

ਪ੍ਰਾਪਰਟੀ ਤੋਂ ਬਿਨਾ ਅਤੇ ਪ੍ਰਾਪਰਟੀ ਸਮੇਤ
ਸਟੋਰਾਂ ਦੀ ਕੀਮਤ ਡੇਢ ਲੱਖ ਤੋਂ ਛੇ ਲੱਖ ਡਾਲਰ
ਦੋ ਲੱਖ ਡਾਊਨ ਪੇਮੈਂਟ ਜ਼ਰੂਰੀ
ਯੋਗ ਖਰੀਦਦਾਰਾਂ ਲਈ ਫਾਇਨਾਂਸਿੰਗ ਉਪਲਬਧ
ਸੰਪਰਕ ਕਰੋ: 678-851-2004

For Sale
Corporate Gas Stations C-Store
(High Volume)
North & South Carolina w/or w/out Real Estate
Store Value $150k - $600K
Must have $200K Down
Financing : Qualified Buyer
Contact:678-851-2004



Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ ਫੋਨ: 209-815-1869

*Bay Area*Tracy *Manteca * Lathrop * Weston Ranch*Stockton *Lodi *Elk Grove *Sacramento *Modesto *Turlock *Brentwood *Antioch * Oakley *Discovery Bay

We Specialize in Bankowned, Foreclosure and Short Sale Homes

ਘਰਾਂ ਵਾਸਤੇ ਲੋਨ ਲੈਣ ਲਈ ਅਸੀਂ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਤੁਹਾਡੀ ਮਦਦ ਕਰਦੇ ਹਾਂ।

We Do Loan Modification and Credit Repair to Save Your Home From Forclosure

Rent 'ਤੇ ਘਰ ਲੈਣਾ ਹੋਵੇ ਜਾਂ
Rent 'ਤੇ ਘਰ ਦੇਣਾ ਹੋਵੇ

Right Time To Buy For Investers And First Time Home Buyers



Gurbans Singh Gill
Realtor
12 Years Experiance in Real Estate
e-mail: gurbans@gotracy.com
Fax: 209-836-0706
www.gotracy.com

REALTY WORLD Millennium

Gurbans Gill 209-815-1869

# ਪੰਜਾਬ ਦੇ ਪਿੰਡ ਹੁਣ ਆਧੁਨਿਕ ਬਿਮਾਰੀਆਂ ਦੀ ਗ੍ਰਿਫ਼ਤ 'ਚ

**ਚੰਡੀਗੜ੍ਹ :** ਨਾਮਵਰ ਮੈਡੀਕਲ ਸੰਸਥਾ ਪੀ ਜੀ ਆਈ ਦੇ 'ਕਮਿਊਨਿਟੀ ਮੈਡੀਸਿਨ' ਵਿਭਾਗ ਨੇ ਵਿਸ਼ਵ ਸਿਹਤ ਸੰਸਥਾ ਨਾਲ ਮਿਲ ਕੇ ਚੰਡੀਗੜ੍ਹ ਅਤੇ ਇਸ ਦੇ ਆਸ-ਪਾਸ ਦੇ ਸ਼ਹਿਰਾਂ ਅਤੇ ਪਿੰਡਾਂ 'ਚ ਇਕ ਸਿਹਤ ਸਰਵੇਖਣ ਕਰਵਾਇਆ ਹੈ। ਇਸ ਸਰਵੇਖਣ ਤੋਂ ਕਈ ਹੈਰਾਨੀਜਨਕ ਤੱਥ ਸਾਹਮਣੇ ਆਏ ਹਨ। ਚੰਡੀਗੜ੍ਹ ਅਤੇ ਇਸ ਦੇ ਨਾਲ ਲੱਗਦੇ ਸ਼ਹਿਰ ਪੰਚਕੂਲਾ ਤੇ ਮੁਹਾਲੀ ਦੀ ਮੱਧ ਸ਼੍ਰੇਣੀ ਤੇ ਉੱਚ ਸ਼੍ਰੇਣੀ ਦੀਆਂ ਖਾਣ-ਪੀਣ ਦੀਆਂ ਆਦਤਾਂ ਤੇ ਜੀਵਨ ਸ਼ੈਲੀ ਨੂੰ ਸ਼ਹਿਰੀਕਰਨ ਬਹੁਤ ਪ੍ਰਭਾਵਤ ਕਰ ਰਿਹਾ ਹੈ ਜਿਸ ਕਾਰਨ ਬੱਚਿਆਂ ਅਤੇ ਨੌਜਵਾਨਾਂ 'ਚ "ਜੰਕ ਫ਼ੂਡ" ਭਾਵ ਕੈਲਰੀ ਭਰਪੂਰ ਬਜ਼ਾਰੀ ਖਾਣਾ ਖਾਣ ਦਾ ਰੁਝਾਨ ਬਹੁਤ ਵਧ ਗਿਆ ਹੈ। ਨੌਜਵਾਨਾਂ ਦੀ ਖ਼ੁਰਾਕ 'ਚੋਂ ਹਰੀਆਂ ਸਬਜ਼ੀਆਂ, ਦਾਲਾਂ ਤੇ ਖਾਣ-ਪੀਣ ਦੇ ਹੋਰ ਕੁਦਰਤੀ ਤੱਤ ਬਹੁਤ ਘਟ ਗਏ ਹਨ। ਨਤੀਜਾ ਇਹ ਨਿਕਲਿਆ ਹੈ ਇਕ ਤਾਂ ਇਨ੍ਹਾਂ ਵਰਗਾਂ 'ਚ ਬੱਚੇ ਮੋਟਾਪੇ ਦਾ ਸ਼ਿਕਾਰ ਹੋ ਰਹੇ ਹਨ ਤੇ ਦੂਜਾ ਉਨ੍ਹਾਂ ਵਿਚ 'ਉੱਚਾ ਰਕਤ ਦਬਾਅ' ਵਰਗੀਆਂ ਵੱਡਿਆਂ ਵਾਲੀਆਂ ਬਿਮਾਰੀਆਂ ਘਰ ਕਰ ਰਹੀਆਂ ਹਨ। ਚੰਡੀਗੜ੍ਹ ਦੇ ਜੁੜਵੇਂ ਸ਼ਹਿਰਾਂ ਦੇ 14.2 ਫ਼ੀਸਦੀ ਬੱਚੇ 'ਉੱਚਾ ਰਕਤ ਦਬਾਅ' (ਹਾਈ ਬਲੱਡ ਪ੍ਰੈਸ਼ਰ) ਤੋਂ ਪੀੜਤ ਹਨ। ਪਰ ਇਹ ਬੜੀ ਹੈਰਾਨੀ ਦੀ ਗੱਲ ਹੈ ਕਿ ਚੰਡੀਗੜ੍ਹ ਦੇ ਨੇੜੇ-ਤੇੜੇ ਦੇ ਪਿੰਡਾਂ ਦੇ ਬੱਚਿਆਂ 'ਚ 'ਉੱਚ ਰਕਤ ਦਬਾਅ' 14.4 ਫ਼ੀਸਦੀ ਤੱਕ ਹੈ। ਜਿਨ੍ਹਾਂ ਪਿੰਡਾਂ 'ਚ ਜਾਇਦਾਦਾਂ ਦੀਆਂ ਵਧੀਆਂ ਕੀਮਤਾਂ ਕਾਰਨ ਤਾਜ਼ੀ ਤਾਜ਼ੀ 'ਖੁਸ਼ਹਾਲੀ' ਆਈ ਹੈ, ਉਨ੍ਹਾਂ ਪਿੰਡਾਂ ਦੇ ਬੱਚੇ ਤੇ ਨੌਜਵਾਨ ਬਹੁਤ ਹੀ ਫੈਸ਼ਨ-ਪਸੰਦ ਹੁੰਦੇ ਜਾ ਰਹੇ ਹਨ। ਉਨ੍ਹਾਂ ਦੀਆਂ ਖਾਣ-ਪੀਣ ਦੀਆਂ ਆਦਤਾਂ ਬਿਲਕੁਲ ਮੱਧ ਸ਼੍ਰੇਣੀ ਵਾਲੇ ਸ਼ਹਿਰੀਆਂ ਵਾਲੀਆਂ ਹੋ ਗਈਆਂ ਹਨ। ਇਹ ਨੌਜਵਾਨ 'ਬਾਹਰਲਾ' ਖਾਣਾ ਪਸੰਦ ਕਰਦੇ ਹਨ ਤੇ ਨਾਲ-ਨਾਲ ਇਨ੍ਹਾਂ ਨੂੰ ਤੰਬਾਕੂ ਤੇ ਸ਼ਰਾਬ ਦੀ ਵੀ ਆਦਤ ਪੈ ਗਈ ਹੈ।

ਸ਼ਹਿਰਾਂ 'ਚ ਵਿਕਣ ਵਾਲਾ "ਫ਼ਾਸਟ ਫ਼ੂਡ" ਸਿਹਤ ਲਈ ਬਹੁਤ ਹਾਨੀਕਾਰਨ ਹੈ। ਇਸ 'ਚ ਚਿਕਨਾਈ ਤੇ ਹੋਰ ਜ਼ਿਆਦਾ ਕੈਲਰੀਆਂ ਵਾਲੇ ਤੱਤ ਵਧੇਰੇ ਹੁੰਦੇ ਹਨ ਤੇ ਖ਼ੁਰਾਕੀ ਰੇਸ਼ੇ ਦੀ ਮਾਤਰਾ ਨਾਮਾਤਰ ਹੀ ਹੁੰਦੀ ਹੈ। ਜਿੱਥੇ ਇਨ੍ਹਾਂ ਬੱਚਿਆਂ ਤੇ ਨੌਜਵਾਨਾਂ ਦੀਆਂ ਖਾਣ-ਪੀਣ ਦੀਆਂ ਆਦਤਾਂ ਬਦਲੀਆਂ ਹਨ ਉਥੇ ਇਨ੍ਹਾਂ ਦਾ ਰਹਿਣ-ਸਹਿਣ ਦਾ ਢੰਗ ਵੀ ਬਦਲ ਗਿਆ ਹੈ। ਪਿੰਡਾਂ 'ਚ ਹੁਣ ਨੌਜਵਾਨ ਹੱਥੀਂ ਕੰਮ ਕਰਨ ਨੂੰ ਹੇਠੀ ਸਮਝਦੇ ਹਨ। ਉਹ ਸਾਰਾ ਦਿਨ ਇੱਧਰ ਉਧਰ ਭੌਂਦੇ ਰਹਿੰਦੇ ਹਨ। ਸਰਕਾਰ ਕੋਲ ਉਨ੍ਹਾਂ ਨੂੰ ਦੇਣ ਲਈ ਰੁਜ਼ਗਾਰ ਹੈ ਨਹੀਂ। ਬਹੁਤੇ ਪੇਂਡੂ ਨੌਜਵਾਨ ਉਂਝ ਵੀ ਮੌਜੂਦਾ 'ਜੌਬ ਮੰਡੀ' 'ਚ ਜਜ਼ਬ ਹੋਣ ਦੇ ਕਾਬਲ ਨਹੀਂ ਕਿਉਂਕਿ ਉਨ੍ਹਾਂ ਕੋਲ ਨਾ ਤਾਂ ਮਿਆਰੀ ਸਿੱਖਿਆ ਹੈ ਤੇ ਨਾ ਚੰਗੀ ਸੰਚਾਰ ਮੁਹਾਰਤ (ਕਮਿਊਨੀਕੇਸ਼ਨ ਸਕਿੱਲ) ਹੈ। ਅਜਿਹੇ ਨੌਜਵਾਨਾਂ ਦੀ ਅਜੋਕੇ ਅਦਾਰਿਆਂ 'ਚ ਬਹੁਤ ਘੱਟ ਲੋੜ ਹੈ। ਛੋਟਾ ਮੋਟਾ ਸਰੀਰਕ ਕੰਮ ਉਹ ਕਰਨਾ ਨਹੀਂ ਚਾਹੁੰਦੇ। ਉਹ ਆਪਣੇ ਖੇਤਾਂ 'ਚ ਵੀ ਆਪ ਕੋਈ ਕੰਮ ਕਰਕੇ ਰਾਜ਼ੀ ਨਹੀਂ। ਅਜਿਹੀ ਜੀਵਨ ਸ਼ੈਲੀ ਦਾ ਨਤੀਜਾ ਇਹ ਨਿਕਲਿਆ ਹੈ ਕਿ ਨੌਜਵਾਨ ਬਹੁਤ ਭਟਕ ਗਏ ਹਨ। ਸ਼ਹਿਰਾਂ ਤੇ ਪਿੰਡਾਂ 'ਚ ਉਹ ਅਮਨ ਕਨੂੰਨ ਦੀ ਸਥਿਤੀ ਵੀ ਖ਼ਰਾਬ ਕਰ ਰਹੇ ਹਨ। ਸਰੀਰਕ ਕੰਮ ਨਾ ਕਰਨ ਕਾਰਨ 'ਉੱਚੇ ਰਕਤ ਦਬਾਅ' ਦੇ ਨਾਲ-ਨਾਲ ਸ਼ਕਰ ਰੋਗ ਵੀ ਵਧ ਰਿਹਾ ਹੈ। ਵਿਹਲੜ ਤੇ ਆਲਸੀ ਜੀਵਨਸ਼ੈਲੀ ਨੇ ਅਮੀਰੀ ਵਾਲੀਆਂ ਬਿਮਾਰੀਆਂ ਅਬਾਦੀ ਦੇ ਇਕ ਹਿੱਸੇ 'ਚ ਫੈਲਾਅ ਦਿੱਤੀਆਂ ਹਨ।

1968 'ਚ ਤੀਹ ਸਾਲ ਤੋਂ ਵਧ ਉਮਰ ਦੇ ਸਿਰਫ਼ 26 ਫ਼ੀਸਦੀ ਦੇ ਕਰੀਬ ਲੋਕ ਉਚੇ ਰਕਤ ਦਬਾਅ ਨਾਲ ਪੀੜਤ ਸਨ। ਹੁਣ ਇਸ ਉਮਰ ਦੇ 44.9 ਫ਼ੀਸਦੀ ਲੋਕਾਂ 'ਚ ਇਹ ਬਿਮਾਰੀ ਫੈਲ ਗਈ ਹੈ। ਇਸ ਦਾ ਅਰਥ ਹੈ ਕਿ ਪੰਜਾਬ 'ਚ ਜੀਵਨਸ਼ੈਲੀ 'ਚ ਵੱਡੀ ਪੱਧਰ 'ਤੇ ਤਬਦੀਲੀਆਂ ਆ ਰਹੀਆਂ ਹਨ। ਇਨ੍ਹਾਂ ਤਬਦੀਲੀਆਂ ਨੇ ਕਈ ਕਿਸਮ ਦੀਆਂ ਨਵੀਆਂ ਸਮੱਸਿਆਵਾਂ ਪੈਦਾ ਕਰ ਦਿੱਤੀਆਂ ਹਨ। ਸਾਰੇ ਖਿੱਤੇ 'ਚ ਨੈਤਿਕ ਪੱਧਰ 'ਤੇ ਭਾਰੀ ਨਿਘਾਰ ਵੇਖਣ ਨੂੰ ਮਿਲਦਾ ਹੈ। ਨੌਜਵਾਨਾਂ ਨੂੰ ਦੁਬਾਰਾ ਆਪਣੀ ਰਵਾਇਤੀ ਰਹੁਰੀਤ ਨਾਲ ਜੋੜਨ ਲਈ ਸਮਾਜ ਸੇਵੀ ਸੰਸਥਾਵਾਂ ਨੂੰ ਅੱਗੇ ਆਉਣਾ ਚਾਹੀਦਾ ਹੈ। ਮੀਡੀਏ ਨੂੰ ਵੀ ਇਨ੍ਹਾਂ ਨਵੀਆਂ ਅਲਾਮਤਾਂ ਬਾਰੇ ਅਵਾਮ ਨੂੰ ਸੁਚੇਤ ਕਰਨਾ ਲੋੜੀਂਦਾ ਹੈ। ਸਰਕਾਰ ਖ਼ੁਦ ਵਿਗਿਆਪਨਾਂ ਤੇ ਪ੍ਰਦਰਸ਼ਨੀਆਂ ਰਾਹੀਂ ਨੌਜਵਾਨਾਂ 'ਚ ਇਕ ਚੇਤਨਾ ਲਹਿਰ ਚਲਾ ਸਕਦੀ ਹੈ। ਵਿੱਦਿਅਕ ਅਦਾਰਿਆਂ ਨੂੰ ਅਜਿਹੇ ਵਿਸ਼ਿਆਂ ਬਾਰੇ ਸੈਮੀਨਾਰ ਤੇ ਗੋਸ਼ਟੀਆਂ ਕਰਵਾਉਣੀਆਂ ਚਾਹੀਦੀਆਂ ਹਨ। ਬੱਚਿਆਂ ਦੇ ਮਾਪਿਆਂ ਨੂੰ ਸ਼ੁਰੂ ਤੋਂ ਹੀ ਆਪਣੇ ਬੱਚਿਆਂ ਨੂੰ ਸਿਹਤਮੰਦ ਆਦਤਾਂ ਅਪਣਾਉਣ ਲਈ ਸੁਚੇਤ ਕਰਨਾ ਚਾਹੀਦਾ ਹੈ।

## ਭਾਜਪਾ ਦੇ ਪੰਜਾਬ ਯੂਨਿਟ ਵਿਚ ਨਵੇਂ ਧਰੁਵੀਕਰਨ ਦੇ ਸੰਕੇਤ

**ਜਲੰਧਰ:** ਪੰਜਾਬ ਭਾਜਪਾ ਵਿਚ ਨਵੇਂ ਧਰੁਵੀਕਰਨ ਦੇ ਸੰਕੇਤ ਮਿਲ ਰਹੇ ਹਨ। ਭਾਜਪਾ ਦੇ ਕੌਮੀ ਪ੍ਰਧਾਨ ਨਿਤਿਨ ਗਡਕਰੀ ਦੇ ਆਉਣ ਤੋਂ ਬਾਅਦ ਭਾਜਪਾ ਦੇ ਵੱਖ-ਵੱਖ ਗਰੁੱਪਾਂ ਵਿਚ ਸੰਤੁਲਨ ਬਣਾਉਣ ਦੀਆਂ ਕੋਸ਼ਿਸ਼ਾਂ ਹੁਣ ਤੇਜ਼ ਹੋ ਗਈਆਂ ਹਨ।

ਭਾਜਪਾ ਸੂਤਰਾਂ ਨੇ ਦੱਸਿਆ ਕਿ ਗਡਕਰੀ ਵਲੋਂ ਜਿਸ ਤਰ੍ਹਾਂ ਸਾਬਕਾ ਐਮ. ਪੀ. ਅਵਿਨਾਸ਼ ਰਾਏ ਖੰਨਾ ਨੂੰ ਰਾਜ ਸਭਾ ਵਿਚ ਭੇਜਣ ਲਈ ਟਿਕਟ ਦਿੱਤੀ ਗਈ ਹੈ, ਉਸ ਤੋਂ ਇਹ ਗੱਲ ਸਪੱਸ਼ਟ ਹੋ ਗਈ ਹੈ ਕਿ ਗਡਕਰੀ ਹੁਣ ਇਕ ਗਰੁੱਪ ਦੇ ਪ੍ਰਭਾਵ ਹੇਠ ਆ ਕੇ ਕੰਮ ਕਰਨ ਵਾਲੇ ਨਹੀਂ ਹਨ। ਕਾਫੀ ਸਮੇਂ ਤਕ ਸ੍ਰੀ ਖੰਨਾ ਦਾ ਗਰੁੱਪ ਹਾਸ਼ੀਏ 'ਤੇ ਚੱਲ ਰਿਹਾ ਸੀ। ਸੂਬੇ ਵਿਚ ਕੈਬਨਿਟ ਮੰਤਰੀ ਮਨੋਰੰਜਨ ਕਾਲੀਆ ਦੀ ਅਗਵਾਈ ਵਾਲਾ ਗਰੁੱਪ ਪ੍ਰਭਾਵੀ ਸੀ ਬੀਤੇ ਤਿੰਨ ਸਾਲ ਦੌਰਾਨ ਪੰਜਾਬ ਭਾਜਪਾ ਦੇ ਇੰਚਾਰਜ ਬਲਵੀਰ ਪੁੰਜ ਅਤੇ ਕਾਲੀਆ ਦੇ ਗਰੁੱਪ ਵਲੋਂ ਹੀ ਹਾਈਕਮਾਨ ਤੋਂ ਸਭ ਫੈਸਲੇ ਕਰਵਾਏ ਗਏ। ਪੰਜਾਬ ਭਾਜਪਾ ਦੇ ਪ੍ਰਧਾਨ ਦੇ ਅਹੁਦੇ ਨੂੰ ਲੈ ਕੇ ਜਿਸ ਤਰ੍ਹਾਂ ਧੜੇਬੰਦੀ ਉਭਰ ਕੇ ਸਾਹਮਣੇ ਆਈ ਹੈ ਅਤੇ ਗਡਕਰੀ ਤਕ ਇਹ ਮਾਮਲਾ ਪਹੁੰਚਿਆ ਹੈ, ਤੋਂ ਬਾਅਦ ਨਵੇਂ ਧਰੁਵੀਕਰਨਾਂ ਦੇ ਸੰਕੇਤ ਮਿਲਣੇ ਸ਼ੁਰੂ ਹੋ ਗਏ ਸਨ।

ਭਾਜਪਾ ਵਿਚ ਇਹ ਚਰਚਾ ਚੱਲ ਰਹੀ ਹੈ ਕਿ ਹਾਈਕਮਾਨ ਵਲੋਂ ਆਉਂਦੀਆਂ ਵਿਧਾਨ ਸਭਾ ਚੋਣਾਂ ਨੂੰ ਵੇਖਦਿਆਂ ਖੰਨਾ ਗਰੁੱਪ ਨੂੰ ਸਰਗਰਮ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਕਿਉਂਕਿ ਇਹ ਗਰੁੱਪ ਇਕ ਤਰ੍ਹਾਂ ਨਾਲ ਖਾਮੋਸ਼ ਹੀ ਚਲਿਆ ਆ ਰਿਹਾ ਸੀ। ਗਡਕਰੀ ਵਲੋਂ ਖੰਨਾ ਨੂੰ ਟਿਕਟ ਦੇਣ ਤੋਂ ਬਾਅਦ ਇਹ ਗੱਲ ਸਪੱਸ਼ਟ ਹੋ ਗਈ ਹੈ ਕਿ ਹੁਣ ਆਉਣ ਵਾਲਾ ਸਮਾਂ ਸੂਬੇ ਦੇ ਭਾਜਪਾ ਨੇਤਾਵਾਂ ਲਈ ਸੌਖਾ ਨਹੀਂ ਹੋਵੇਗਾ। ਸੂਬਾਈ ਭਾਜਪਾ 'ਤੇ ਭਾਰੀ ਗਰੁੱਪ ਨੂੰ ਹੁਣ ਸੰਭਲ ਸੰਭਲ ਕੇ ਕਦਮ ਚੁੱਕਣੇ ਹੋਣਗੇ। ਹਾਈਕਮਾਨ ਵਲੋਂ ਰਾਜ ਸਭਾ ਦੀ ਟਿਕਟ ਬਾਰੇ ਦਿੱਤੇ ਗਏ ਫੈਸਲੇ ਨੇ ਸਮੁੱਚੇ ਭਾਜਪਾਈਆਂ ਨੂੰ ਹੈਰਾਨੀ ਵਿਚ ਪਾ ਦਿੱਤਾ ਹੈ ਅਤੇ ਸਭ ਨੇਤਾਵਾਂ ਵਲੋਂ ਗਡਕਰੀ ਦੇ ਫੈਸਲੇ ਦਾ ਅਧਿਐਨ ਕੀਤਾ ਜਾ ਰਿਹਾ ਹੈ। ਇਸ ਦੌਰਾਨ ਭਾਜਪਾ ਦੇ ਅੰਦਰੂਨੀ ਸੂਤਰਾਂ ਤੋਂ ਇਹ ਵੀ ਪਤਾ ਲੱਗਾ ਹੈ ਕਿ ਅੰਮ੍ਰਿਤਸਰ ਤੋਂ ਭਾਜਪਾ ਦੇ ਸੰਸਦ ਮੈਂਬਰ ਨਵਜੋਤ ਸਿੰਘ ਸਿੱਧੂ ਨੂੰ ਭਾਜਪਾ ਦਾ ਜਨਰਲ ਸਕੱਤਰ ਬਣਾਇਆ ਜਾਣਾ ਲੱਗਭਗ ਤੈਅ ਹੈ ਤੇ ਬਹੁਤ ਜਲਦੀ ਹੀ ਹੋਰ ਬਹੁਤ ਸਾਰੇ ਅਹੁਦਿਆਂ ਦੇ ਨਾਲ ਉਨ੍ਹਾਂ ਦੇ ਅਹੁਦੇ ਦਾ ਐਲਾਨ ਵੀ ਕੀਤਾ ਜਾ ਰਿਹਾ ਹੈ।

## ਡਾਕਟਰ ਭਰਤੀ ਘੁਟਾਲੇ ਦੀ ਸੀ ਬੀ ਆਈ ਜਾਂਚ ਦੀ ਮੰਗ

**ਰੂਪਨਗਰ :** ਪੰਜਾਬ ਦੀ ਸਿਹਤ ਤੇ ਭਲਾਈ ਮਤਰੀ ਪ੍ਰੋ. ਲਕਸ਼ਮੀ ਕਾਂਤਾ ਚਾਵਲਾ ਨੇ ਆਖਿਆ ਹੈ ਕਿ ਪੰਜਾਬ ਦੇ ਲੋਕ ਸੇਵਾ ਸੰਘ (ਪੀ ਪੀ ਐਸ ਸੀ) ਪਟਿਆਲਾ ਵਲੋਂ ਪਿਛਲੇ ਸਮੇਂ ਦੌਰਾਨ 312 ਡਾਕਟਰਾਂ ਦੀ ਭਰਤੀ ਦੌਰਾਨ ਹੋਈਆਂ ਬੇਨਿਯਮੀਆਂ ਦੀ ਜਾਂਚ ਸੀ ਬੀ ਆਈ ਤੋਂ ਕਰਵਾਈ ਜਾਵੇ। ਇਥੇ ਸਰਕਾਰੀ ਕਾਲਜ ਦੇ ਇੱਕ ਸਮਾਗਮ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ



ਡਾਕਟਰਾਂ ਦੀ ਭਰਤੀ ਦਾ ਇਹ ਮਾਮਲਾ ਪੰਜਾਬ ਵਿਧਾਨ ਸਭਾ ਵਿਚ ਵੀ ਉਠਿਆ ਸੀ ਤੇ ਮੁੱਖ ਮੰਤਰੀ ਨੇ ਇਸ ਮਾਮਲੇ ਦੀ ਵਿਜੀਲੈਂਸ ਜਾਂਚ ਦੇ ਆਦੇਸ਼ ਵੀ ਦਿੱਤੇ ਹਨ, ਪਰ ਉਹ ਚਾਹੁੰਦੇ ਹਨ ਕਿ ਇਹ ਜਾਂਚ ਸੀ ਬੀ ਆਈ ਰਾਹੀਂ ਕਰਵਾਈ ਜਾਵੇ।

ਲਕਸ਼ਮੀ ਕਾਂਤਾ ਚਾਵਲਾ ਨੇ ਔਰਤਾਂ ਲਈ ਰਾਖਵਾਂਕਰਨ ਬਿੱਲ ਪਾਸ ਹੋਣ ਦਾ ਜਿਥੇ ਸਵਾਗਤ ਕੀਤਾ, ਉਥੇ ਇਹ ਵੀ ਕਿਹਾ ਕਿ ਇਹ ਰਾਖਵਾਂਕਰਨ ਕੇਵਲ ਦੋ ਵਾਰ ਚੁਣੇ ਜਾਣ ਲਈ ਹੀ ਹੋਣਾ ਚਾਹੀਦਾ ਹੈ। ਸਿਹਤ ਤੇ ਭਲਾਈ ਮੰਤਰੀ ਨੇ ਦੱਸਿਆ ਕਿ ਕੈਂਸਰ ਪੀੜਤਾਂ ਨੂੰ ਸਮੇ ਸਿਰ ਡਾਕਟਰੀ ਸਹਾਇਤਾ ਅਤੇ ਕੈਂਸਰ ਦਾ ਜਲਦੀ ਪਤਾ ਲਗਾਉਣ ਲਈ ਪੰਜਾਬ ਦੇ ਪੰਜ ਹਸਪਤਾਲਾਂ ਵਿਚ ਮੈਮੋਗ੍ਰਾਫੀ ਸੈਂਟਰ ਖੋਲ੍ਹੇ ਜਾਣਗੇ ਅਤੇ ਦੋ ਕੈਂਸਰ ਰੋਕੂ ਚਲਦੀਆਂ ਫਿਰਦੀਆਂ ਵੈਨਾਂ ਵੀ ਚਲਾਈਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਭਾਰਤ ਵਿਚ ਇਕ ਲੱਖ ਵਿਅਕਤੀਆਂ ਪਿਛੇ 200-250 ਕੈਂਸਰ ਦੇ ਮਰੀਜ ਹਨ, ਜਦਕਿ ਪੰਜਾਬ ਵਿਚ ਇਹ ਸੰਖਿਆ 29-32 ਦੀ ਹੈ।

ਉਨ੍ਹਾ ਦੱਸਿਆ ਕਿ ਭਾਰਤ ਸਰਕਾਰ ਵਲੋਂ ਕੀਤੇ ਸਰਵੇ ਅਨੁਸਾਰ ਪੰਜਾਬ ਵਿਚ ਚਲ ਰਹੇ ਜਨ ਔਸ਼ਧੀ ਕੇਂਦਰ ਦੇਸ਼ ਭਰ ਵਿਚ ਨੰਬਰ ਇਕ ਤੇ ਹਨ ਅਤੇ ਬਹੁਤ ਜਲਦੀ ਹੀ ਇਨ੍ਹਾਂ ਕੇਂਦਰਾਂ ਤੋਂ ਸਰਜਰੀ ਅਤੇ ਕੈਂਸਰ ਵਰਗੀਆਂ ਦਵਾਈਆਂ ਵੀ ਮਿਲਣ ਲੱਗ ਜਾਣਗੀਆਂ। ਸਿਹਤ ਮੰਤਰੀ ਇਥੇ ਸਰਕਾਰੀ ਕਾਲਜ ਦੇ ਐਨ ਸੀ ਸੀ ਵਿੰਗ ਦੇ ਸਾਲਾਨਾ ਇਨਾਮ ਵੰਡ ਸਮਾਗਮ ਦੀ ਪ੍ਰਧਾਨਗੀ ਕਰਨ ਪਹੁੰਚੇ ਹੋਏ ਸਨ। ਇਸ ਸਮਾਗਮ ਦੌਰਾਨ ਉਨ੍ਹਾਂ ਵਿਦਿਆਰਥੀਆਂ ਨੂੰ ਭਾਰਤ ਦੇ ਇਤਿਹਾਸ ਤੋਂ ਸੇਧ ਲੈਣ ਲਈ ਵੀ ਆਖਿਆ।


Wraich Transport LLS
North American Truck Stop
14320 Slover Ave., Fontana, CA 92337



ਟਰੱਕ ਡਰਾਈਵਰਾਂ ਦੀ ਲੋੜ ਹੈ (ਟੀਮ ਅਤੇ ਸੋਲੋ)
ਸਾਡੇ ਕੋਲ ਕੈਲੀਫੋਰਨੀਆ ਤੋਂ ਮਿਡਵੈਸਟ
ਜਾਂ ਨੌਰਥ ਈਸਟ ਦੇ ਰੂਟ ਹਨ

*We have trailer engine for carrier and thermo king *North american truck stop offer all kind of truck repair @ economy price. *We have special deal on oil change $189 +

ਤੁਰਤ ਕਾਲ ਕਰੋ:800-746-6201, 9093-350-3310

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ ਹੈ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ ਹੈ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

National Truck Driving School



Call For Special Price

Kashmir S. Thandi
Office: (866) 933-3038
Balhar S. Rana
Cell:916-502-7733

4585 Pell Dr. Secramento CA, 95838

ਕਰੈਡਿਟ ਕਾਰਡ ਪੇਮੈਂਟਾਂ ਨੇ ਪ੍ਰੇਸ਼ਾਨ ਕੀਤਾ ਹੈ???



ਹਜ਼ਾਰਾਂ ਡਾਲਰ ਬਚਾਓ ਅਤੇ ਜਾਨ ਸੁਖੀ ਕਰੋ



✔ ਤੁਸੀਂ ਆਪਣੀ ਰਹਿੰਦੀ ਪੇਮੈਂਟ 60% ਤੱਕ ਘਟਾ ਸਕਦੇ ਹੋ
✔ ਲੇਟ ਫੀਸ ਅਤੇ ਓਵਰ ਲਿਮਿਟ ਫੀਸ ਖਤਮ ਕਰ ਸਕਦੇ ਹੋ
✔ ਕਰੈਡਿਟ ਕਾਰਡਾਂ ਦੇ ਵਿਆਜ ਦਾ ਹਜ਼ਾਰਾਂ ਡਾਲਰ ਬਚਾਓ
✔ ਆਪਣਾ ਕਰੈਡਿਟ ਬਹਾਲ ਕਰਾਓ, ਬੈਂਕਰਪਸੀ ਤੋਂ ਬਚੋ

ਮੁਫਤ ਸਲਾਹ-ਮਸ਼ਵਰੇ ਲਈ ਕਾਲ ਕਰੋ:
ਨਿਰਮਲ ਸਿੰਘ
ਫੋਨ:877-899-6244
www.tryemc.com

We Work in All 50 States

# ਪੰਜਾਬ ਬਜਟ: ਘਟਦੀ ਵਿਕਾਸ ਦਰ ਤੇ ਵਧਦੇ ਕਰਜ਼ੇ ਦੀ ਚਿੰਤਾ

ਕੁੱਲ ਕਰਜ਼ਾ 31 ਮਾਰਚ ਤੱਕ 64924 ਕਰੋੜ ਹੋ ਜਾਵੇਗਾ। ਸਾਲਾਨਾ ਯੋਜਨਾ ਇਸ ਵਾਰ 9050 ਕਰੋੜ ਰੁਪਏ ਦੀ ਹੋਵੇਗੀ। ਵਿੱਤ ਮੰਤਰੀ ਵਲੋਂ ਪੇਸ਼ ਕੀਤੇ ਗਏ ਬਜਟ 'ਚ ਸੂਬੇ ਦੇ ਵਿਕਾਸ ਦੀ ਦਰ ਕੌਮੀ ਵਿਕਾਸ ਦਰ ਤੋਂ ਕਾਫੀ ਥੱਲੇ ਹੈ। ਆਰਥਿਕ ਮਾਹਿਰਾਂ ਅਨੁਸਾਰ ਬਜਟ ਵਿਚ ਪੰਜਾਬ ਦੇ ਨਵੇਂ ਅਰਥਚਾਰੇ ਨੂੰ ਨਵੀਆਂ ਲੀਹਾਂ 'ਤੇ ਤੋਰਨ ਲਈ ਬਜਟ 'ਚ ਕੋਈ ਵਿਉਂਤਬੰਦੀ ਨਜ਼ਰ ਨਹੀਂ ਆਉਂਦੀ। ਅਕਾਲੀ-ਭਾਜਪਾ ਸਰਕਾਰ ਨੇ ਆਪਣੇ ਚੌਥੇ ਬਜਟ ਵਿਚ ਕਿਸੇ ਵੀ ਵਰਗ ਨੂੰ ਖੁਸ਼ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਲਗਦੀ। ਬਜਟ 'ਚ ਲੋਕਾਂ ਨੂੰ ਸੁਪਨਾ ਦਿਖਾਉਣ ਦੀ ਵੀ ਕੋਈ ਪੇਸ਼ਕਾਰੀ ਨਹੀਂ ਕੀਤੀ ਗਈ। ਵਿੱਤ ਮੰਤਰੀ ਨੇ ਅਸਿੱਧੇ ਤੌਰ ਉਤੇ ਮੰਨਿਆ ਕਿ ਸੁਖਬੀਰ-ਕਾਲੀਆ ਕਮੇਟੀ ਵਲੋਂ ਤਜਵੀਜ਼ਸ਼ੁਦਾ ਵਿੱਤੀ ਸੁਧਾਰਾਂ (ਟੈਕਸਾਂ ਵਿਚ ਵਾਧਾ) ਰਾਹੀਂ ਇਕੱਠੇ ਹੋਣ ਵਾਲੇ ਪੈਸੇ ਸਦਕਾ ਕੋਈ ਨਵਾਂ ਟੈਕਸ ਲਾਉਣ ਦੀ ਲੋੜ ਨਹੀਂ ਪਈ। ਵਿੱਤ ਮੰਤਰੀ ਨੇ ਬਜਟ ਪੇਸ਼ ਕਰਦਿਆਂ ਕਿਹਾ ਕਿ ਸਾਲ 2008-09 ਦੌਰਾਨ ਕੁੱਲ ਯੋਜਨਾ ਅਮਲ 6210 ਕਰੋੜ ਰੁਪਏ ਦੇ ਮਨਜ਼ੂਰ-ਸ਼ੁਦਾ ਮਨਸੂਬੇ ਦੇ ਮੁਕਾਬਲੇ 6925 ਕਰੋੜ ਰੁਪਏ ਖਰਚ ਹੋਏ ਸਨ। ਭਾਰੀ ਮਾਲੀ ਬੋਹਰਾਨ ਦੇ ਬਾਵਜੂਦ, ਜਿਸ ਦਾ ਕਿ ਪਿਛਲੇ ਸਾਲ ਸੂਬੇ ਨੇ ਸਾਹਮਣਾ ਕੀਤਾ, ਸੂਬੇ ਵਲੋਂ ਸਾਲ 2009-10 (ਸੋਧੇ ਅਨੁਮਾਨ) ਦੇ ਮੁਤਾਬਕ 8625 ਕਰੋੜ ਰੁਪਏ ਦੇ ਮਨਜ਼ੂਰ ਕੀਤੇ ਖਰਚ ਦੇ ਮੁਕਾਬਲੇ 7363 ਕਰੋੜ ਰੁਪਏ ਦੀ ਕੁੱਲ ਯੋਜਨਾ ਦੇ ਲਾਗੂ ਕੀਤੇ ਜਾਣ ਦੀ ਉਮੀਦ ਹੈ। ਉਨ੍ਹਾਂ ਕਿਹਾ ਕਿ ਸਾਲ 2010-11 ਵਿਚ ਸਾਨੂੰ ਨਵੇਂ ਵਸੀਲਿਆਂ ਤੋਂ ਤਕਰੀਬਨ 1930 ਕਰੋੜ ਰੁਪਏ ਦੀ ਮਜ਼ੀਦ ਮਾਲ-ਆਮਦਨ ਹੋਣ ਦੀ ਉਮੀਦ ਹੈ।

ਵਿੱਤ ਮੰਤਰੀ ਨੇ ਦੱਸਿਆ ਕਿ ਪਿਛਲੇ ਕਈ ਸਾਲਾਂ ਤੋਂ ਸੂਬੇ ਦੀ ਵਿੱਤੀ ਹਾਲਤ ਕਰਜ਼ੇ ਵਿਚ ਵਾਧਾ ਹੋਣ ਦੇ, ਨਤੀਜੇ ਵਜੋਂ ਜ਼ਿਆਦਾ ਵਿਆਜ ਦੀ ਰਕਮ ਵਧ ਜਾਣ, ਨਾਨ ਪਲਾਨ ਮਾਲੀ ਖਰਚੇ ਵਿਚ ਵਾਧਾ ਹੋਣ ਅਤੇ ਕੇਂਦਰੀ ਟੈਕਸ ਵਿਚ ਸੂਬੇ ਦਾ ਘੱਟ ਹਿੱਸਾ ਹੋਣ ਕਾਰਨ ਬਹੁਤ ਕਮਜ਼ੋਰ ਹੁੰਦੀ ਆ ਰਹੀ ਹੈ। ਮਨਪ੍ਰੀਤ ਬਾਦਲ ਨੇ ਸੂਬੇ ਦੇ ਕਰਜ਼ੇ 'ਤੇ ਚਾਨਣਾ ਪਾਉਂਦਿਆਂ ਦੱਸਿਆ ਕਿ ਸੂਬੇ ਦੇ ਕਰਜ਼ੇ ਦੀ ਕੁੱਲ ਰਕਮ ਸਾਲ 2001-02 ਵਿਚ 32496 ਕਰੋੜ ਰੁਪਏ ਤੋਂ ਵੱਧ ਕੇ ਸਾਲ 2008-09 ਵਿਚ 57787 ਕਰੋੜ ਰੁਪਏ ਹੋ ਗਈ ਹੈ ਅਤੇ 31.3.2010 ਤੱਕ 64924 ਰੁਪਏ ਹੋ ਜਾਣ ਦੀ ਉਮੀਦ ਹੈ। ਇਸ ਕਰਜ਼ੇ ਨੂੰ ਚੁਕਾਉਣ ਦੀ ਜ਼ਿੰਮੇਵਾਰੀ ਵੀ ਵੱਧ ਰਹੀ ਹੈ। ਸਾਲ 2008-09 ਵਿੱਚ 4902 ਕਰੋੜ ਰੁਪਏ ਦੀਆਂ ਵਿਆਜ ਅਦਾਇਗੀਆਂ ਸਨ, ਜੋ ਕਿ ਸਾਲ 2009-10 ਵਿਚ ਵੱਧ ਕੇ 5389 ਕਰੋੜ ਰੁਪਏ ਹੋ ਗਈਆਂ ਅਤੇ ਸਾਲ 2010-11 ਵਿੱਚ ਹੋਰ ਵਾਧੇ ਨਾਲ 5764 ਕਰੋੜ ਰੁਪਏ ਹੋ ਜਾਣਗੀਆਂ।

ਪੰਜਵੇਂ ਪੰਜਾਬ ਤਨਖਾਹ ਕਮਿਸ਼ਨ ਦੀਆਂ ਸਿਫਾਰਿਸ਼ਾਂ ਨੂੰ ਲਾਗੂ ਕਰਨ ਨਾਲ ਸੂਬੇ ਦੇ ਵਸੀਲਿਆਂ 'ਤੇ ਹੋਰ ਦਬਾਅ ਪਿਆ ਹੈ।

ਕਿਸੇ ਵੇਲੇ ਨੰਬਰ ਇੱਕ ਸੂਬਾ ਕਹਾਉਣ ਵਾਲਾ ਪੰਜਾਬ ਹੁਣ ਕਿਵੇਂ ਹੇਠਾਂ ਵੱਲ ਨੂੰ ਜਾ ਰਿਹਾ ਹੈ, ਇਸ ਦਾ ਅੰਦਾਜ਼ਾ ਸੂਬੇ ਦੀ ਪਿਛਲੇ ਸਾਲਾਂ ਦੀ ਵਿਕਾਸ ਦਰ ਤੋਂ ਲਗਾਇਆ ਜਾ ਸਕਦਾ ਹੈ। ਵਿਕਾਸ ਦਰ ਬਾਰੇ ਵਿੱਤ ਮੰਤਰੀ ਨੇ ਕਿਹਾ ਕਿ ਪਿਛਲੇ ਮਾਲੀ ਸਾਲ ਸਾਡੇ ਲਈ ਵੰਗਾਰ ਵਾਲਾ ਵਰ੍ਹਾ ਸੀ। ਆਲਮੀ ਮੰਦੀ ਅਤੇ ਕੌਮੀ ਅਰਥਚਾਰੇ ਦੀ ਸੁਸਤ ਰਫ਼ਤਾਰ ਦੇ ਅਸਰਾਤ ਮਹਿਸੂਸ ਕੀਤੇ ਜਾ ਰਹੇ ਸਨ, ਜਿਸ ਕਾਰਨ ਸੂਬੇ ਦੇ ਅਰਥਚਾਰੇ ਅਤੇ ਵਿੱਤ 'ਤੇ ਦਬਾਅ ਸੀ। ਪਿਛਲੇ ਕਈ ਸਾਲਾਂ ਤੋਂ ਸੂਬੇ ਦੇ ਅਰਥਚਾਰੇ ਦਾ ਵਿਕਾਸ ਵੀ ਕੌਮੀ ਅਰਥਚਾਰੇ ਦੀ ਵਿਕਾਸ ਦਰ ਤੋਂ ਘੱਟ ਦਰ ਉਤੇ ਹੁੰਦਾ ਰਿਹਾ ਹੈ, ਜੋ ਕਿ ਸਾਡੇ ਲਈ ਫ਼ਿਕਰ ਦਾ ਸਬੱਬ ਰਿਹਾ ਹੈ। ਦਸਵੀਂ ਪੰਜ ਸਾਲਾ ਯੋਜਨਾ (2002-2007) ਦੌਰਾਨ, ਜਦੋਂ ਮੁਲਕ ਦੀ ਫੀਸਦੀ ਵਿਕਾਸ ਦਰ 7.8 ਸੀ, ਸੂਬੇ ਦੇ ਅਰਥਚਾਰੇ ਦਾ ਵਿਕਾਸ 5.11 ਫੀਸਦੀ ਦੀ ਦਰ ਨਾਲ ਹੋਇਆ। ਗਿਆਰ੍ਹਵੀਂ ਪੰਜ ਸਾਲਾ ਯੋਜਨਾ (2007-12) ਦੇ ਸਮੇਂ ਵਿੱਚ ਯੋਜਨਾ ਕਮਿਸ਼ਨ ਦੀਆਂ ਮਨਸੂਬਾਬੰਦੀਆਂ ਤੋਂ ਇਹ ਇਸ਼ਾਰਾ ਹੋਇਆ ਕਿ ਕੌਮੀ ਅਰਥਚਾਰੇ ਦੀ 9 ਫੀਸਦੀ ਵਿਕਾਸ ਦਰ ਦੇ ਮੁਕਾਬਲੇ ਪੰਜਾਬ 5.9 ਫੀਸਦੀ ਦੀ ਦਰ ਨਾਲ ਵਿਕਾਸ ਕਰੇਗਾ। ਪੰਜਾਬ ਦੇ ਅਰਥਚਾਰੇ ਦਾ ਵਿਕਾਸ 2007-08 ਵਿਚਲੇ 6.9 ਫੀਸਦੀ ਵਿਕਾਸ ਦੇ ਮੁਕਾਬਲੇ 2008-09 ਵਿੱਚ 6.4 ਫੀਸਦੀ ਸੀ। ਫਿਰ ਵੀ ਸਮੁੱਚੇ ਤੌਰ 'ਤੇ ਭਾਰਤ ਨੇ 2007-08 ਵਿਚਲੇ 9.0 ਫੀਸਦੀ ਦੇ ਵਿਕਾਸ ਦੇ ਮੁਕਾਬਲੇ 2008-09 ਵਿੱਚ 6.7 ਫੀਸਦੀ ਦੀ ਦਰ ਨਾਲ ਵਿਕਾਸ ਕੀਤਾ। ਸੂਬੇ ਲਈ ਸਾਲ 2009-10 ਵਾਸਤੇ ਐਡਵਾਂਸ ਐਸਟੀਮੇਟਸ ਕੌਮੀ ਅਰਥਚਾਰੇ ਦੇ 7.2 ਫੀਸਦੀ ਦੇ ਮੁਕਾਬਲੇ 6.7 ਫੀਸਦੀ ਦੀ ਦਰ ਨਾਲ ਰੱਖੇ ਗਏ ਹਨ।

ਬਜਟ 'ਤੇ ਬੋਲਦਿਆਂ ਵਿੱਤ ਮੰਤਰੀ ਨੇ ਕਿਹਾ ਕਿ ਪੌਣ-ਪਾਣੀ ਦੀਆਂ ਤਬਦੀਲੀਆਂ ਪੰਜਾਬ ਲਈ ਇੱਕ ਵੱਡੀ ਚੁਣੌਤੀ ਹੈ ਅਤੇ ਇਸ ਲਈ ਆਬ-ਓ-ਹਵਾ ਦੀਆਂ ਤਬਦੀਲੀਆਂ ਨੂੰ ਮੁਖਾਤਿਬ ਹੋਣਾ ਸਾਡੀ ਬਜਟ ਕਾਰਜ-ਨੀਤੀ ਦਾ ਅਹਿਮ ਮੁੱਦਾ ਹੈ। ਵਿੱਤ ਮੰਤਰੀ ਨੇ ਦੱਸਿਆ ਕਿ ਸਰਕਾਰ ਨੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਲਈ ਪਿਛਲੇ ਸਾਲ ਦੇ 20 ਕਰੋੜ ਰੁਪਏ ਦੇ ਮੁਕਾਬਲੇ ਸਾਲ 2010 ਵਿੱਚ 105 ਕਰੋੜ ਰੁਪਏ ਦਾ ਇਜ਼ਾਫਾ ਕੀਤਾ ਹੈ।

# ਪੰਜਾਬ ਦਾ ਕਰਜ਼ਾ ਕਿਸੇ ਨੇ ਮੁਆਫ਼ ਨਹੀਂ ਕਰਨਾ-ਮਨਪ੍ਰੀਤ

ਚੰਡੀਗੜ੍ਹ: ਪੰਜਾਬ ਦੇ ਖ਼ਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਵਲੋਂ 16 ਮਾਰਚ ਵਿਧਾਨ ਸਭਾ ਵਿਚ ਪੇਸ਼ ਕੀਤਾ ਗਿਆ ਬਜਟ ਬੇਬਸੀ ਅਤੇ ਨਿਰਾਸ਼ਾ ਵਾਲਾ ਕਿਹਾ ਜਾ ਸਕਦਾ ਹੈ। ਪੰਜਾਬ ਸਿਰ ਕੁਲ ਕਰਜ਼ਾ 31 ਮਾਰਚ ਤਕ 64924 ਕਰੋੜ ਰੁਪਏ ਹੋ ਜਾਣ ਦੀ ਸੰਭਾਵਨਾ ਹੈ ਜਿਹੜਾ ਕਿ ਪਿਛਲੇ ਸਾਲ 57787 ਕਰੋੜ ਰੁਪਏ ਸੀ। ਪੰਜਾਬ ਦੀਆਂ ਕਾਰਪੋਰੇਸ਼ਨਾਂ ਅਤੇ ਬੋਰਡਾਂ ਦੇ ਕਰਜ਼ਿਆਂ ਦੀ ਜੋ ਗਰੰਟੀ ਸਰਕਾਰ ਨੇ ਦਿਤੀ ਹੈ, ਉਹ ਬੋਝ ਇਸ ਤੋਂ ਵਖਰਾ ਹੈ। ਬਹੁਤੇ ਅਦਾਰੇ ਬੁਰੀ ਤਰ੍ਹਾਂ ਘਾਟੇ ਵਿਚ ਚਲ ਰਹੇ ਹਨ। ਕਰਜ਼ੇ ਤੋਂ ਪੰਜਾਬ ਨੂੰ ਕਈ ਦਹਾਕਿਆਂ ਤਕ ਮੁਕਤੀ ਮਿਲਣ ਦੀ ਕੋਈ ਆਸ ਨਹੀਂ ਕਿਉਂਕਿ ਸਰਕਾਰ ਕੋਲ ਇੰਨੇ ਸਾਧਨ ਹੀ ਨਹੀਂ ਹਨ ਕਿ ਟੈਕਸਾਂ ਦੀ ਵਸੂਲੀ ਕਰ ਕੇ ਕਰਜ਼ਾ ਉਤਾਰਿਆ ਜਾ ਸਕੇ।

ਮਨਪ੍ਰੀਤ ਸਿੰਘ ਬਾਦਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੰਨਿਆ ਕਿ ਇਹ ਕਰਜ਼ਾ ਕਈ ਦਹਾਕਿਆਂ ਤਕ ਪੰਜਾਬ ਦਾ ਪਿੱਛਾ ਨਹੀਂ ਛੱਡੇਗਾ। ਉਨ੍ਹਾਂ ਇਹ ਵੀ ਦਸਿਆ ਕਿ ਕੇਂਦਰ ਸਰਕਾਰ, ਯੋਜਨਾ ਕਮਿਸ਼ਨ ਅਤੇ ਪ੍ਰਧਾਨ ਮੰਤਰੀ ਨਾਲ ਵੀ ਕਈ ਮੀਟਿੰਗਾਂ ਹੋਈਆਂ। ਉਨ੍ਹਾਂ ਨੂੰ ਸਪੱਸ਼ਟ ਕੀਤਾ ਗਿਆ ਕਿ ਕਰਜ਼ੇ ਦਾ ਮੁੱਖ ਕਾਰਨ ਅਤਿਵਾਦ ਦਾ ਸਮਾਂ ਹੈ। ਖ਼ਜ਼ਾਨਾ ਮੰਤਰੀ ਨੇ ਕਿਹਾ ਕਿ ਕੇਂਦਰ ਨੇ ਪੰਜਾਬ ਦਾ ਸਿਰਫ 6000 ਕਰੋੜ ਰੁਪਏ ਦਾ ਕਰਜ਼ਾ ਮਾਫ਼ ਕੀਤਾ ਸੀ। ਅਤਿਵਾਦ ਦੇ ਸਮੇਂ ਦਾ 38000 ਕਰੋੜ ਰੁਪਏ ਦਾ ਕਰਜ਼ਾ ਪੰਜਾਬ ਸਿਰ ਚਲਿਆ ਆ ਰਿਹਾ ਹੈ। ਅਸਲ ਵਿਚ 1983 ਤੋਂ ਲੈ ਕੇ 1996-97 ਤਕ ਸਰਕਾਰ ਨੇ ਨਾ ਤਾਂ ਟੈਕਸ ਦੀ ਵਸੂਲੀ ਕੀਤੀ ਤੇ ਨਾ ਹੀ ਕਿਸੇ ਨੇ ਦਿਤਾ। ਇਹ ਸਮਾਂ ਰਾਸ਼ਟਰਪਤੀ ਰਾਜ, ਬੇਅੰਤ ਸਿੰਘ ਦੀ ਸਰਕਾਰ ਤੇ ਸੁਰਜੀਤ ਸਿੰਘ ਬਰਨਾਲਾ ਦੀ ਸਰਕਾਰ ਦਾ ਸੀ। ਕਿਸੇ ਨੇ ਵੀ ਟੈਕਸਾਂ ਦੀ ਵਸੂਲੀ ਜਾਂ ਰਾਜ ਦੀ ਮਾਲੀ ਹਾਲਤ ਵਲ ਧਿਆਨ ਨਾ ਦਿਤਾ। ਸਗੋਂ ਕਰਜ਼ਾ ਲੈ ਕੇ ਰਾਜ ਦੀ ਯੋਜਨਾ ਦੇ ਖ਼ਰਚੇ ਪੂਰੇ ਕੀਤੇ ਜਾਣ ਲੱਗੇ, ਜਿਸ ਦਾ ਸਿੱਟਾ ਅੱਜ ਸੱਭ ਦੇ ਸਾਹਮਣੇ ਹੈ।

ਅਸਲ ਵਿਚ ਪਹਿਲਾਂ ਬੇਅੰਤ ਸਿੰਘ ਤੇ ਫਿਰ ਪਿਛਲੀ ਸਰਕਾਰ ਸਮੇਂ ਪ੍ਰਕਾਸ਼ ਸਿੰਘ ਬਾਦਲ ਪੰਜਾਬ ਦਾ ਕਰਜ਼ਾ ਮੁਆਫ਼ ਕਰਾਉਣ ਦਾ ਸਿਹਰਾ ਲੈਂਦੇ ਰਹੇ। ਬੇਅੰਤ ਸਿੰਘ ਕਹਿੰਦੇ ਰਹੇ ਕਿ ਉਨ੍ਹਾਂ ਨੇ ਪ੍ਰਧਾਨ ਮੰਤਰੀ ਨਰਸਿਮ੍ਹਾ ਰਾਉ ਤੋਂ ਕਰਜ਼ਾ ਮੁਆਫ਼ ਕਰਾ ਲਿਆ ਹੈ। ਬਾਅਦ ਵਿਚ ਪ੍ਰਕਾਸ਼ ਸਿੰਘ ਬਾਦਲ ਸਿਹਰਾ ਲੈਂਦੇ ਰਹੇ ਕਿ ਉਨ੍ਹਾਂ ਨੇ ਪ੍ਰਧਾਨ ਮੰਤਰੀ ਇੰਦਰ ਕੁਮਾਰ ਗੁਜਰਾਲ ਤੋਂ ਕਰਜ਼ਾ ਮੁਆਫ਼ ਕਰਾ ਲਿਆ ਹੈ। ਕਿਸੇ ਨੇ ਵੀ ਸਚਾਈ ਦੱਸਣ ਦੀ ਬਜਾਏ ਲੋਕਾਂ ਨੂੰ ਗੁਮਰਾਹ ਕੀਤਾ। ਖ਼ਜ਼ਾਨਾ ਮੰਤਰੀ ਨੇ ਘੱਟੋ ਘੱਟ ਇਹ ਤਾਂ ਮੰਨ ਲਿਆ ਕਿ ਅਤਿਵਾਦ ਦੇ ਸਮੇਂ ਦਾ 38000 ਕਰੋੜ ਰੁਪਏ ਦਾ ਕਰਜ਼ਾ ਬਾਕੀ ਹੈ ਤੇ ਹਰ ਸਾਲ ਪੰਜ ਹਜ਼ਾਰ ਕਰੋੜ ਰੁਪਏ ਦੀਆਂ ਕਿਸ਼ਤਾਂ ਮੋੜਨੀਆਂ ਪੈਂਦੀਆਂ ਹਨ। 4000 ਕਰੋੜ ਰੁਪਏ ਹਰ ਸਾਲ ਸਬਸਿਡੀਆਂ ਵਿਚ ਜਾਂਦੇ ਹਨ। 3000 ਕਰੋੜ ਰੁਪਏ ਦੀ ਸਬਸਿਡੀ ਤਾਂ ਵੱਖ ਵੱਖ ਵਰਗਾਂ ਨੂੰ ਬਿਜਲੀ ਵਿਚ ਦਿਤੀ ਜਾਂਦੀ ਹੈ। ਉਨ੍ਹਾਂ ਇਹ ਵੀ ਮੰਨਿਆ ਕਿ ਇਹ ਕਰਜ਼ਾ ਕਿਸੇ ਨੇ ਮੁਆਫ਼ ਨਹੀਂ ਕਰਨਾ, ਬਹੁਤ ਕੋਸ਼ਿਸ਼ਾਂ ਕਰ ਲਈਆਂ ਹਨ। ਇਹ ਤਾਂ ਲੋਕਾਂ ਦੇ ਟੈਕਸਾਂ ਨਾਲ ਹੀ ਵਾਪਸ ਹੋਣਾ ਹੈ।

# ਨਾਨਕਸ਼ਾਹੀ ਕੈਲੰਡਰ ਦੇ ਮਾਮਲੇ 'ਤੇ ਸਿੱਖ ਦੋਫਾੜ

*(ਸਫਾ ਇਕ ਦੀ ਬਾਕੀ)*

ਭਰ ਹਨ ਅਤੇ ਸਿੱਖ ਸਮਾਜ ਸੋਧੇ ਹੋਏ ਕੈਲੰਡਰ ਨੂੰ ਹੀ ਪ੍ਰਵਾਨ ਕਰੇਗਾ।

ਦੂਜੇ ਪਾਸੇ ਦਿੱਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਕਾਬਜ਼ ਧੜੇ ਅਤੇ ਪੰਜਾਬ ਵਿਚ ਮੌਜੂਦ ਸਥਾਪਤ ਅਕਾਲੀਆਂ ਦੇ ਵਿਰੋਧੀਆਂ ਦਾ ਆਖਣਾ ਹੈ ਕਿ ਜੇ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਕਾਬਜ਼ ਹੋ ਗਏ ਤਾਂ ਪੁਰਾਣਾ ਕੈਲੰਡਰ ਮੁੜ ਤੋਂ ਜਾਰੀ ਕਰਨਗੇ।

ਸ਼੍ਰੋਮਣੀ ਕਮੇਟੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਅਨੁਸਾਰ ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਨੂੰ ਜਿਥੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ, ਹੈਡ ਗ੍ਰੰਥੀ ਗਿਆਨੀ ਮੱਲ ਸਿੰਘ, ਗਿਆਨੀ ਰਵੇਲ ਸਿੰਘ ਤੇ ਗਿਆਨੀ ਜਸਵੰਤ ਸਿੰਘ ਦੇ ਹੱਥੋਂ ਰਿਲੀਜ਼ ਕਰਵਾਇਆ ਉਥੇ ਪਾਲ ਸਿੰਘ ਪੁਰੇਵਾਲ ਵਲੋਂ ਬਣਾਏ ਗਏ ਨਾਨਕਸ਼ਾਹੀ ਕੈਲੰਡਰ ਨੂੰ ਦਲ ਖਾਲਸਾ ਨੇ ਹੁਸ਼ਿਆਰਪੁਰ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੱਖ-ਵੱਖ ਥਾਵਾਂ 'ਤੇ ਰਿਲੀਜ਼ ਕਰਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਚੁਣੌਤੀ ਦਿੱਤੀ ਹੈ।

ਹੋਰ ਤਖ਼ਤਾਂ ਦੇ ਜਥੇਦਾਰਾਂ, ਸੰਤ ਸਮਾਜ ਤੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਆਗੂਆਂ ਦੀ ਗੈਰਹਾਜ਼ਰੀ 'ਚ ਰਿਲੀਜ਼ ਹੋਏ ਸੋਧੇ ਨਾਨਕਸ਼ਾਹੀ ਕੈਲੰਡਰ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੇ ਤਿੱਖੀ ਪ੍ਰਤੀਕਿਰਿਆ ਪ੍ਰਗਟ ਕਰਦਿਆਂ ਕਿਹਾ ਕਿ ਕੈਲੰਡਰ 'ਚ ਸੋਧਾਂ ਦੀ ਪ੍ਰਵਾਨਗੀ ਸਮੇਂ ਜਿਵੇਂ ਪੰਜਾਂ ਤਖ਼ਤਾਂ ਦੇ ਜਥੇਦਾਰਾਂ ਨੂੰ ਨਹੀਂ ਸੀ ਸੱਦਿਆ ਗਿਆ, ਉਸੇ ਤਰ੍ਹਾਂ ਹੀ ਇਸਨੂੰ ਰਿਲੀਜ਼ ਕਰਨ ਸਮੇਂ ਵੀ ਉਨ੍ਹਾਂ ਨੂੰ ਅਣਗੌਲਿਆਂ ਕਰਨ ਤੋਂ ਇਹ ਸਾਬਤ ਹੁੰਦਾ ਹੈ ਕਿ ਨਾਨਕਸ਼ਾਹੀ ਕੈਲੰਡਰ ਸਿੱਖਾਂ ਦੀਆਂ ਕੌਮੀ ਭਾਵਨਾਵਾਂ ਦੇ ਅਨੁਸਾਰ ਨਹੀਂ ਸੋਧਿਆ ਗਿਆ।

ਜਦੋਂਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਕੈਲੰਡਰ ਨੂੰ ਰਿਲੀਜ਼ ਕਰਨ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਮੱਕੜ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਇਸ ਨੂੰ ਸਰਬਪ੍ਰਵਾਨਤ ਕੈਲੰਡਰ ਐਲਾਨਦਿਆਂ ਕੌਮ ਨੂੰ ਅਪੀਲ ਕੀਤੀ ਹੈ ਕਿ ਉਹ ਭਵਿੱਖ ਵਿਚ ਸੋਧੇ ਗਏ ਕੈਲੰਡਰ ਅਨੁਸਾਰ ਹੀ ਸੰਗਰਾਂਦਾਂ ਅਤੇ ਗੁਰਪੁਰਬ ਮਨਾਉਣ। ਜਥੇਦਾਰ ਮੱਕੜ ਨੇ ਕੈਲੰਡਰ ਦਾ ਵਿਰੋਧ ਕਰ ਰਹੀਆਂ ਧਿਰਾਂ ਦੀ ਕੋਈ ਵੀ ਹੋਂਦ ਨਾ ਹੋਣ ਦੀ ਗੱਲ ਕਰਦਿਆਂ ਕਿਹਾ ਕਿ ਕੌਮ ਸ੍ਰੀ ਅਕਾਲ ਤਖ਼ਤ ਨੂੰ ਸਰਬਉਚ ਮੰਨਦੀ ਹੈ ਜੋ ਆਦੇਸ਼ ਸ੍ਰੀ ਅਕਾਲ ਤਖ਼ਤ ਤੋਂ ਹੋਇਆ ਹੈ, ਉਨ੍ਹਾਂ ਦੇ ਅਨੁਸਾਰ ਹੀ ਸੋਧਾਂ ਕੀਤੀਆਂ ਗਈਆਂ ਹਨ।

ਗਿਆਨੀ ਗੁਰਬਚਨ ਸਿੰਘ ਨੇ ਭਵਿੱਖ ਵਿਚ ਵੀ ਨਾਨਕਸ਼ਹੀ ਕੈਲੰਡਰ ਵਿਚ ਸੋਧਾਂ ਦਾ ਬਦਲ ਖੁੱਲ੍ਹਾ ਛੱਡਦਿਆਂ ਕਿਹਾ ਕਿ ਇਸ ਸੰਬੰਧੀ ਜੇ ਕਿਸੇ ਨੂੰ ਇਤਰਾਜ਼ ਹੋਵੇ ਤਾਂ ਉਹ ਲਿਖਤੀ ਤੌਰ 'ਤੇ ਸ੍ਰੀ ਅਕਾਲ ਤਖ਼ਤ ਨੂੰ ਜਾਣੂ ਕਰਵਾ ਸਕਦਾ ਹੈ। ਉਸ 'ਤੇ ਵਿਦਵਾਨਾਂ ਦੀ ਰਾਏ ਉਪਰੰਤ ਭਵਿੱਖ ਵਿਚ ਹੋਰ ਵੀ ਅਤਿ ਲੋੜੀਦੀ ਸੋਧ ਹੋ ਸਕਦੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਜਿਹੜੇ ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਮੱਥਾ ਲਾਉਂਦੇ ਹਨ, ਉਨ੍ਹਾਂ ਦਾ ਭਵਿੱਖ ਕਦੇ ਵੀ ਉਜਲਾ ਨਹੀਂ ਹੋਇਆ।

ਉਧਰ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ, ਸ਼੍ਰੋਮਣੀ ਪੰਥਕ ਕੌਂਸਲ ਦੇ ਚੇਅਰਮੈਨ ਮਨਜੀਤ ਸਿੰਘ ਕਲਕੱਤਾ, ਜਨਰਲ ਸਕੱਤਰ ਮਨਿੰਦਰ ਸਿੰਘ ਧੁੰਨਾ ਨੇ ਕਿਹਾ ਹੈ ਕਿ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਇਕ ਦਿਨ ਕੌਮ ਦੇ ਅੱਗੇ ਜਵਾਬਦੇਹ ਹੋਣਾ ਪਵੇਗਾ ਕਿ ਉਨ੍ਹਾਂ ਨੇ ਕਿਨ੍ਹਾਂ ਮਜਬੂਰੀਆਂ ਦੇ ਕਾਰਨ ਕੌਮ ਵਲੋਂ ਸਰਬਪ੍ਰਵਾਨਤ ਕੈਲੰਡਰ ਦੀ ਰੂਹ ਨੂੰ ਕਤਲ ਕੀਤਾ ਹੈ।

ਦਿੱਲੀ ਗੁਰਦੁਆਰਾ ਕਮੇਟੀ ਦਾ ਕੈਲੰਡਰ ਜਾਰੀ ਕਰਨ ਸਮੇਂ ਸ. ਧੁੰਨਾ ਨੇ ਇਹ ਵੀ ਕਿਹਾ ਕਿ ਜੇਕਰ ਉਨ੍ਹਾਂ ਦੀ ਪਾਰਟੀ ਦਾ ਕਬਜ਼ਾ ਸ਼੍ਰੋਮਣੀ ਕਮੇਟੀ 'ਤੇ ਹੁੰਦਾ ਹੈ ਤਾਂ ਅਸਲ ਨਾਨਕਸ਼ਾਹੀ ਕੈਲੰਡਰ ਨੂੰ ਮੁੜ ਅਕਾਲ ਤਖ਼ਤ ਤੋਂ ਰਿਲੀਜ਼ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਕਾਰੇ ਲਈ ਮੱਕੜ ਦਾ ਨਾਂ ਇਤਿਹਾਸ ਵਿਚ ਕਾਲੇ ਅੱਖਰਾਂ ਨਾਲ ਲਿਖਿਆ ਜਾਵੇਗਾ।

## ਖਾੜਕੂ ਨੌਜਵਾਨਾਂ ਦੀ ਰਿਹਾਈ ਦਾ ਮੁੱਦਾ ਉਠਿਆ

**ਚੰਡੀਗੜ੍ਹ:** ਪੰਜਾਬ ਵਿਚ ਖਾੜਕੂਵਾਦ ਦੇ ਦੌਰ ਨਾਲ ਸਬੰਧਤ ਸਿੱਖ ਨੌਜਵਾਨ ਅੱਜ ਵੀ ਨਾਭਾ ਜੇਲ ਵਿਚ ਬੰਦ ਹਨ ਤੇ ਸਰਕਾਰ ਉਨ੍ਹਾਂ ਦੀ ਰਿਹਾਈ ਵਿਚ ਨਾਕਾਮ ਰਹੀ ਹੈ। ਅਕਾਲੀ ਦਲ ਦੇ ਵਿਧਾਇਕ ਵਿਰਸਾ ਸਿੰਘ ਵਲਟੋਹਾ ਨੇ ਬੀਤੀ 16 ਮਾਰਚ ਨੂੰ ਪ੍ਰਸ਼ਨ ਕਾਲ ਸਮੇਂ ਆਪਣੇ ਸਵਾਲ 'ਚ ਜੇਲ੍ਹ ਮੰਤਰੀ ਹੀਰਾ ਸਿੰਘ ਗਾਬੜੀਆ ਨੂੰ ਪੁੱਛਿਆ ਕਿ ਖਾੜਕੂਵਾਦ ਨਾਲ ਸਬੰਧਤ ਕਿੰਨੇ ਬੰਦੇ ਜੇਲ੍ਹਾਂ ਵਿਚ ਬੰਦ ਹਨ ਤੇ ਉਨ੍ਹਾਂ ਨੂੰ ਕਿੰਨੀਆਂ ਸਜ਼ਾਵਾਂ ਹੋਈਆਂ ਹਨ? ਜਿਹੜੇ ਨੌਜਵਾਨ ਸਜ਼ਾ ਭੁਗਤ ਚੁੱਕੇ ਹਨ, ਉਨ੍ਹਾਂ ਨੂੰ ਛੱਡਿਆ ਕਿਉਂ ਨਹੀਂ ਜਾ ਰਿਹਾ? ਉਨ੍ਹਾਂ ਕਿਹਾ ਕਿ ਜਦੋਂ ਹੁਣ ਪੰਜਾਬ ਵਿਚ ਸ਼ਾਂਤੀ ਹੋ ਗਈ ਹੈ ਤਾਂ ਇਨ੍ਹਾਂ ਨੂੰ ਜੇਲਾਂ 'ਚ ਕਿਉਂ ਡਕਿਆ ਹੋਇਆ ਹੈ?

ਇਸ ਸਵਾਲ ਦੇ ਜਵਾਬ ਵਿਚ ਸ. ਹੀਰਾ ਸਿੰਘ ਗਾਬੜੀਆ ਨੇ ਕਿਹਾ ਕਿ ਨਾਭਾ ਜੇਲ੍ਹ ਵਿਚ ਖਾੜਕੂ ਦੌਰ ਨਾਲ ਸਬੰਧਤ ਅੱਠ ਨੌਜਵਾਨ ਬੰਦ ਹਨ। ਪੰਜ ਨੂੰ ਸਜ਼ਾ ਸੁਣਾਈ ਜਾ ਚੁੱਕੀ ਹੈ ਤੇ ਬਾਕੀ ਤਿੰਨ ਦੇ ਕੇਸ ਵੱਖ ਵੱਖ ਅਦਾਲਤਾਂ ਵਿਚ ਚਲ ਰਹੇ ਹਨ। ਉਨ੍ਹਾਂ ਇਹ ਵੀ ਦਸਿਆ ਕਿ ਦੋ ਬੰਦੇ ਗੁਜਰਾਤ ਤੇ ਉਤਰ ਪ੍ਰਦੇਸ਼ ਨਾਲ ਸਬੰਧਤ ਹਨ। ਉਨ੍ਹਾਂ ਦੀ ਰਿਹਾਈ ਸਬੰਧਤ ਰਾਜ ਸਰਕਾਰਾਂ ਦੀ ਨੀਤੀ ਅਨੁਸਾਰ ਹੋਣੀ ਹੈ। ਬਾਕੀ ਤਿੰਨ ਨੌਜਵਾਨ ਸਰਕਾਰ ਵਲੋਂ ਐਲਾਨੀ ਗਈ ਅਗੇਤੀ ਰਿਹਾਈ ਦੀ ਨੀਤੀ ਵਿਚ ਨਹੀਂ ਆਉਂਦੇ। ਇਹ ਟਾਡਾ ਐਕਟ ਤਹਿਤ ਕੈਦ ਹਨ ਤੇ ਇਨ੍ਹਾਂ ਦੀ ਰਿਹਾਈ ਕੇਂਦਰ ਸਰਕਾਰ ਕਰੇਗੀ।


## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ

ਸ. ਬਲਵਿੰਦਰ ਸਿੰਘ ਸੰਧੂ
ਸ. ਮਨਜੀਤ ਸਿੰਘ ਗਿੱਲ
ਸ. ਹਰਜੀਤ ਸਿੰਘ ਸਾਹੀ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ

ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)



**Punjab Times**

**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mandeep Mann
661-889-1927
Shiara Dhindsa
Photographer
661-703-6664
Charanjit Singh Pannu
408-608-4961

**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Jalandhar Bureau:**
Jasvir Singh Sheeri
181-325-1889
181-279-1422

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota, New York

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 80 ਡਾਲਰ,**
**ਪੰਜ ਸਾਲ ਲਈ: 375 ਡਾਲਰ**



ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

## ਦਰਬਾਰ ਸਾਹਿਬ ਦੇ ਕੈਮਰਿਆਂ ’ਚ ਸਿਆਸਤ?

**ਅੰਮ੍ਰਿਤਸਰ :** ਸ਼੍ਰੋਮਣੀ ਕਮੇਟੀ ਵਲੋਂ ਸਮੇਂ ਦੇ ਹਾਣੀ ਬਣਨ ਦੀ ਦੌੜ ਵਿਚ ਬੇਸ਼ੱਕ ਬੜੀ ਫੁਰਤੀ ਵਿਖਾਈ ਜਾ ਰਹੀ ਹੈ ਪਰ ਸਚਾਈ ਇਹ ਹੈ ਕਿ ਇਸ ਦੇ ਅਧਿਕਾਰੀ ਰਾਜਸੀ ਦਬਾਅ ਹੇਠ ਕੰਮ ਕਰ ਰਹੇ ਹਨ। ਦਰਬਾਰ ਸਾਹਿਬ ਦੀ ਸੁਰੱਖਿਆ ਨੂੰ ਧਿਆਨ ਵਿਚ ਰਖ ਕੇ ਲਗਾਏ ਜਾ ਰਹੇ ਕਲੋਜ਼ ਸਰਕਟ ਟੀ.ਵੀ. ਕੈਮਰਿਆਂ ਦੇ ਮਾਮਲੇ ‘ਤੇ ਕਿਤੇ ਨਾ ਕਿਤੇ ਰਾਜਸੀ ਦਬਾਅ ਚਲਿਆ ਲਗਦਾ ਹੈ।

ਕੈਮਰੇ ਲਗਾਉਣ ਸਬੰਧੀ ਕਮੇਟੀ ਅਧਿਕਾਰੀ ਬੇਸ਼ੱਕ ਇਹ ਦਾਅਵਾ ਕਰਦੇ ਹਨ ਕਿ ਉਨ੍ਹਾਂ ਇਸ ਕੰਮ ਵਿਚ ਪੂਰੀ ਪਾਰਦਰਸ਼ਤਾ ਵਿਖਾਈ ਹੈ। ਪਰ ਹਵਾ ਵਿਚ ਕੁਝ ਹੋਰ ਹੀ ਗੱਲਾਂ ਦੀ ਚਰਚਾ ਹੈ। ਵੈਨਟੇਜ ਕੰਪਨੀ ਨਾਲ ਸਮਝੌਤੇ ਤੋਂ ਬਾਅਦ ਐਚ.ਸੀ.ਐਲ. ਕੰਪਨੀ ਦੇ ਹਰਬਿੰਦਰ ਸਿੰਘ ਸੰਧੂ ਨੇ ਕਿਹਾ ਕਿ ਇਹ ਸਮਝੌਤਾ ਕਿਸੇ ਰਾਜਸੀ ਦਬਾਅ ਹੇਠ ਕੀਤਾ ਗਿਆ ਪ੍ਰਤੀਤ ਹੋ ਰਿਹਾ ਹੈ। ਉਨ੍ਹਾਂ ਦਸਿਆ ਕਿ ਉਨ੍ਹਾਂ ਦੀ ਕੰਪਨੀ ਕਮੇਟੀ ਨੂੰ ਬੋਸ਼ ਕੰਪਨੀ ਦੇ ਕੈਮਰੇ ਦੇ ਰਹੀ ਸੀ। ਉਨ੍ਹਾਂ ਦਾਅਵਾ ਕੀਤਾ ਕਿ ਬੋਸ਼ ਕੰਪਨੀ ਦੇ ਕੈਮਰੇ ਦੀ ਤਸਵੀਰ ਦੀ ਸਪੱਸ਼ਟਤਾ ਸੋਨੀ ਤੋਂ ਜਿਆਦਾ ਚੰਗੀ ਹੈ। ਸਬ ਕਮੇਟੀ ਨੇ ਵੀ ਉਨ੍ਹਾਂ ਨੂੰ ਯਕੀਨ ਦੁਆਇਆ ਸੀ ਕਿ ਉਨ੍ਹਾਂ ਦੇ ਕੈਮਰੇ ਦੀ ਕੁਆਲਟੀ ਇਕ ਨੰਬਰ ਹੈ। ਸ. ਸੰਧੂ ਨੇ ਕਿਹਾ ਕਿ ਵੈਨਟੇਜ ਕੰਪਨੀ ਕਥਿਤ ਤੌਰ ‘ਤੇ ਸੋਨੀ ਦੀ ਚਿਪ ਵਾਲੇ ਕੈਮਰੇ ਮੁਹਈਆ ਕਰਵਾ ਰਹੀ ਹੈ। ਵੈਨਟੇਜ ਕੰਪਨੀ ਦੇ ਨੁਮਾਇੰਦੇ ਪਿਛਲੇ ਦੋ ਦਿਨਾਂ ਤੋਂ ਦਰਬਾਰ ਸਾਹਿਬ ਵਿਚ ਰੁਕੇ ਹੋਏ ਸਨ ਤੇ ਉਹ ਕੈਮਰਿਆਂ ਸਬੰਧੀ ਕੋਈ ਸਮਝੌਤਾ ਕਰਨਾ ਚਾਹੁੰਦੇ ਸਨ।

ਦੂਜੇ ਪਾਸੇ ਸ਼੍ਰੋਮਣੀ ਕਮੇਟੀ ਸਕੱਤਰ ਸ. ਦਿਲਮੇਘ ਸਿੰਘ ਨੇ ਇਨ੍ਹਾਂ ਦੋਸ਼ਾਂ ਨੂੰ ਰੱਦ ਕਰਦਿਆਂ ਕਿਹਾ ਕਿ ਇਸ ਕੰਮ ਵਿਚ ਪੂਰੀ ਪਾਰਦਰਸ਼ਤਾ ਵਰਤੀ ਗਈ ਹੈ।

## ਪ੍ਰੋਫੈਸਰ ਦਰਸ਼ਨ ਸਿੰਘ ਵਲੋਂ ‘ਗੁਰਮਤਿ ਨਾਮ ਸਿਮਰਨ’ ਪੁਸਤਕ ਲੋਕ ਅਰਪਨ

**ਚੰਡੀਗੜ੍ਹ:** ਇਥੇ ਇਕ ਪ੍ਰਭਾਵਸ਼ਾਲੀ ਇਕੱਠ ‘ਚ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਪ੍ਰੋ. ਦਰਸ਼ਨ ਸਿੰਘ ਨੇ ਸ਼੍ਰੋਮਣੀ ਖਾਲਸਾ ਪੰਚਾਇਤ ਦੇ ਮੁੱਖ ਸੇਵਾਦਾਰ ਭਾਈ ਰਾਜਿੰਦਰ ਸਿੰਘ ਦੀ ਲਿਖੀ ਕਿਤਾਬ ‘ਗੁਰਮਤਿ ਨਾਮ ਸਿਮਰਨ’ ਸਮਾਜ ਨੂੰ ਅਰਪਨ ਕੀਤੀ। ਪ੍ਰੋ. ਸਾਹਿਬ ਨੇ ਕਿਤਾਬ ਦੀਆਂ ਪਹਿਲੀਆਂ ਪੰਜ ਕਾਪੀਆਂ ਮਨੁੱਖੀ ਅਧਿਕਾਰ ਸੰਗਠਨ ਦੇ ਮੁਖੀ, ਜਸਟਿਸ ਅਜੀਤ ਸਿੰਘ ਬੈਂਸ, ਪੰਜਾਬ ਯੂਨੀਵਰਸਿਟੀ ਦੇ ਸਾਬਕਾ ਪ੍ਰੋਫੈਸਰ, ਉਘੇ ਸਿੱਖ ਵਿਦਵਾਨ ਡਾ. ਗੁਰਦਰਸ਼ਨ ਸਿੰਘ ਢਿੱਲੋਂ, ਗੁਰਮਤਿ ਗਿਆਨ ਮਿਸ਼ਨਰੀ ਕਾਲਜ ਦੇ ਸੰਚਾਲਕ ਰਾਣਾ ਇੰਦਰਜੀਤ ਸਿੰਘ, ਗੁਰੂ ਆਸਰਾ ਟਰਸਟ ਦੇ ਸੰਚਾਲਕ ਭਾਈ ਕੰਵਰ ਸਿੰਘ ਧਾਮੀ ਤੇ ਸ਼੍ਰੋਮਣੀ ਖਾਲਸਾ ਪੰਚਾਇਤ ਦੇ ਕੌਮੀ ਪੰਚ ਤੇ ਸੰਤਾਂ ਦੇ ਕੌਤਕ ਕਿਤਾਬਾਂ ਦੇ ਲੇਖਕ ਭਾਈ ਸੁਖਵਿੰਦਰ ਸਿੰਘ ਸਭਰਾ ਨੂੰ ਭੇਟ ਕੀਤੀਆਂ।

ਇਸ ਮੌਕੇ ‘ਤੇ ਬੋਲਦਿਆਂ ਪ੍ਰੋ. ਦਰਸ਼ਨ ਸਿੰਘ ਨੇ ਕਿਹਾ ਸਾਡੇ ਅਵੇਸਲੇਪਨ ਕਾਰਨ ਗੁਰਮਤਿ ਸਿਧਾਂਤਾਂ ਤੇ ਮਨਮਤੀ ਦੀ ਧੂੜ ਜੰਮ ਗਈ ਹੈ ਤੇ ਗੁਰਮਤਿ ਦੀ ਰੌਸ਼ਨੀ ‘ਚ ਇਸ ਧੂੜ ਨੂੰ ਸਾਫ ਕਰਨ ਦੀ ਲੋੜ ਹੈ। ਭਾਈ ਰਾਜਿੰਦਰ ਸਿੰਘ ਦੀ ਇਹ ਕਿਤਾਬ ਗੁਰਮਤਿ ਦੇ ਅਤੀ ਮਹੱਤਵਪੂਰਨ ਵਿਸ਼ੇ ‘ਤੇ ਮਨਮਤੀ ਦੀ ਧੂੜ ਸਾਫ ਕਰਨ ਦਾ ਇਕ ਸ਼ਲਾਘਾਯੋਗ ਉਪਰਾਲਾ ਹੈ। ਭਾਈ ਰਾਜਿੰਦਰ ਸਿੰਘ ਨੇ ਕਿਹਾ ਕਿ ਇਹ ਪੁਸਤਕ ਨਿਰੋਲ ਗੁਰਬਾਣੀ ‘ਤੇ ਅਧਾਰਤ ਹੈ। ਉਨ੍ਹਾਂ ਗੁਰਬਾਣੀ ਨੂੰ ਅਧਾਰ ਬਣਾਕੇ ਆਪਣੀਆਂ ਭਾਵਨਾਵਾਂ ਨੂੰ ਉਸ ਅਨੁਸਾਰ ਢਾਲਿਆ ਹੈ। ਆਪਣੀਆਂ ਭਾਵਨਾਵਾਂ ਅਨੁਸਾਰ ਗੁਰਬਾਣੀ ਦੀਆਂ ਪੰਕਤੀਆਂ ਲੱਭ ਕੇ ਫਿਟ ਨਹੀਂ ਕੀਤੀਆਂ। ਇਸ ਵਕਤ ਹਾਜ਼ਰ ਸ਼ਖਸੀਅਤਾਂ ‘ਚ ਦਲ ਖਾਲਸਾ ਦੇ ਸਾਬਕਾ ਮੁਖੀ ਸਤਨਾਮ ਸਿੰਘ ਪਾਉਂਟਾ ਸਾਹਿਬ, ਸ਼੍ਰੋਮਣੀ ਖਾਲਸਾ ਪੰਚਾਇਤ ਦੇ ਕੌਮੀ ਪੰਚ ਭਾਈ ਜਰਨੈਲ ਸਿੰਘ ਨਵਾਂਸ਼ਹਿਰ, ਗੁਰੂ ਗੋਬਿੰਦ ਸਿੰਘ ਕਾਲਜ ਚੰਡੀਗੜ੍ਹ ਦੇ ਪ੍ਰੋ. ਕੁਲਬੀਰ ਸਿੰਘ, ਪ੍ਰੋ. ਗੁਰਮੇਜ, ਪ੍ਰੋ. ਜਸਵਿੰਦਰ ਸਿੰਘ, ਸਿੱਖ ਮਿਸ਼ਨਰੀ ਲਹਿਰ ਦੇ ਮੋਢੀ ਆਗੂ ਗੁਰਚਰਨ ਸਿੰਘ, ਮਨੁੱਖੀ ਅਧਿਕਾਰਾਂ ਦੇ ਘੁਲਾਟੀਏ ਹਰਸ਼ਿੰਦਰ ਸਿੰਘ, ਸ਼੍ਰੋਮਣੀ ਸਿੱਖ ਸਮਾਜ ਦੇ ਮੁਖ ਸੇਵਾਦਾਰ ਕਰਨ ਗੁਰਦੀਪ ਸਿੰਘ, ਭਾਈ ਲਾਲੋ ਫਾਊਂਡੇਸ਼ਨ ਦੇ ਜਸਬਿੰਦਰ ਸਿੰਘ ਦੁਬਈ, ਗੁਰਦੁਆਰਾ ਸੈਕਟਰ 46 ਦੇ ਪ੍ਰਧਾਨ ਕੇਸਰ ਸਿੰਘ, ਗੁਰਦੁਆਰਾ ਸੈਕਟਰ 34 ਦੇ ਜਨਰਲ ਸਕੱਤਰ ਹਰਜੀਤ ਸਿੰਘ ਤੇ ਗੁਰਦੁਆਰਾ ਸੈਕਟਰ 8 ਦੇ ਮੁੱਖ ਗ੍ਰੰਥੀ ਭਾਈ ਜਸਬੀਰ ਸਿੰਘ ਵੇਰਕਾ ਸ਼ਾਮਲ ਸਨ।

## ਜਦੋਂ ਭਾਈ ਜੰਡੀ ਨੂੰ ਪ੍ਰੋਵੀਜ਼ਨਲ ਵੋਟ ਮਿਲੀ

**ਫਰੀਮਾਂਟ:** ਇਥੇ ਗੁਰਦੁਆਰਾ ਫਰੀਮਾਂਟ ਦੀ ਸੁਪਰੀਮ ਕੌਂਸਲ ਦੀ ਚੋਣ ਸਮੇਂ ਭਾਈ ਜਸਵਿੰਦਰ ਸਿੰਘ ਜੰਡੀ ਨੂੰ ਉਸ ਵਕਤ ਅਜੀਬੋ ਗਰੀਬ ਸਥਿਤੀ ਦਾ ਸਾਹਮਣਾ ਕਰਨਾ ਪਿਆ ਜਦੋਂ ਉਨ੍ਹਾਂ ਨੂੰ ਚੋਣ ਅਮਲੇ ਵਲੋਂ ਪ੍ਰੋਵੀਜ਼ਨਲ ਯਾਨਿ ਆਰਜ਼ੀ ਵੋਟ ਵਾਲਾ ਫਰਲਾ ਫੜ੍ਹਾ ਦਿੱਤਾ ਗਿਆ। ਇਸ ‘ਤੇ ਭਾਈ ਜੰਡੀ ਅੱਗ ਬਬੂਲੇ ਹੋ ਗਏ ਅਤੇ ਕਹਿੰਦੇ ਸੁਣੇ ਗਏ, “ਮੈਂ 25 ਸਾਲ ਤੋਂ ਇਥੇ ਰਹਿੰਦਾ ਹਾਂ...ਮੇਰੀ ਵੋਟ...।” ਪ੍ਰੋਵੀਜ਼ਨਲ ਵੋਟ ਦਾ ਮਕਸਦ ਜਾਅਲੀ ਵੋਟ ਹੋਣ ‘ਤੇ ਰੱਦ ਕਰ ਦਿਤੇ ਜਾਣਾ ਸੀ।

ਹੋਇਆ ਇਹ ਕਿ ਚੋਣ ਅਮਲੇ ਨੂੰ ਆਖਿਆ ਗਿਆ ਸੀ ਕਿ ਜਿਸ ਵੀ ਕਿਸੇ ਐਡਰੈਸ ‘ਤੇ 8 ਤੋਂ ਵੱਧ ਵੋਟਾਂ ਬਣੀਆਂ ਹਨ ਉਨ੍ਹਾਂ ‘ਤੇ ਖਾਸ ਨਿਗਰਾਨੀ ਰੱਖੀ ਜਾਵੇ, ਭਾਈ ਜੰਡੀ ਦੇ ਘਰ ਦੇ ਪਤੇ ‘ਤੇ 13 ਵੋਟਾਂ ਸਨ। ਚੋਣ ਅਮਲੇ ਦੇ ਕੰਪਿਊਟਰ ਵਿਚ ਅਜਿਹੇ ਸਾਰੇ ਰੈਡ ਫਲੈਗ ਸਨ। ਕਿਸੇ ਨੂੰ ਕੀ ਪਤਾ ਸੀ ਕਿ ਭਾਈ ਰਾਮ ਸਿੰਘ ਦੇ ਘਰ ਦੇ ਪਤੇ ‘ਤੇ 12 ਤੋਂ ਵੱਧ ਵੋਟਾਂ ਹੋਣ ਦਾ ਇਲਜ਼ਾਮ ਲਾਉਣ ਵਾਲੇ ਭਾਈ ਜੰਡੀ ਖੁਦ ਉਸੇ ਚੱਕਰ ਵਿਚ ਫਸ ਜਾਣਗੇ। ਇਹੋ ਵਾਕਿਆ ਸਾਧ ਸੰਗਤ ਸਲੇਟ ਦੇ ਇਕ ਹੋਰ ਆਗੂ ਗੁਰਬਚਨ ਸਿੰਘ ਢਿੱਲੋਂ ਨਾਲ ਹੋਇਆ।


**ਅਟਾਰਨੀ ਗੁਰਪਤਵੰਤ ਸਿੰਘ ਪੰਨੂੰ ਦਾ ਦਫਤਰ**

*ਸਵਿਕ ਸੈਂਟਰ ਡਰਾਈਵ, ਫਰੀਮਾਂਟ ਤੋਂ ਹੁਣ ਲਿਬਰਟੀ ਸਟਰੀਟ, ਫਰੀਮਾਂਟ*

ਜੇਕਰ ਤੁਹਾਡਾ ਜਾਂ ਕਿਸੇ ਸਬੰਧੀ ਦਾ ਡਿਪੋਰਟੇਸ਼ਨ ਦਾ ਕੇਸ ਹੈ ਜਾਂ ਇਮੀਗਰੇਸ਼ਨ ਜੱਜ ਬੋਰਡ ਆਫ ਇਮੀਗਰੇਸ਼ਨ ਅਪੀਲ ਜਾਂ 9ਵੀਂ ਸਰਕਟ ਕੋਰਟ ਵਿਚ ਕੇਸ ਚੱਲ ਰਿਹਾ ਹੈ ਜਾਂ ਬੰਦ ਹੋ ਚੁੱਕਾ ਹੈ।

*ਭਰੋਸੇਯੋਗ, ਤਜ਼ਰਬੇਕਾਰ ਤੇ ਸਪਸ਼ਟ ਕਾਨੂੰਨੀ ਸਾਲਾਹ ਲਈ ਸੰਪਰਕ ਕਰੋ*

**ਅਟਾਰਨੀ ਗੁਰਪਤਵੰਤ ਸਿੰਘ ਪੰਨੂੰ, ਕਾਲ:510-796-9000**

ਕੈਲੀਫੋਰਨੀਆ ਦਫਤਰ: ਪੰਨੂੰ ਲਾਅ ਫਰਮ

39180 ਲਿਬਰਟੀ ਸਟ੍ਰਿਟ ਰੂਮ 118, ਫਰੀਮੌਂਟ, ਕੈਲੀਫੋਰਨੀਆ 94538



**ਮੋਟਲ ਵਿਕਾਊ ਹੈ**

ਇਕਾਨੋ ਲੌਜ ਹੋਟਲ, ਡਾਊਨ ਟਾਊਨ ਸੇਂਟ ਲੁਇਸ (ਮਿਜ਼ੂਰੀ) ਤੋਂ ਸਿਰਫ 15 ਮੀਲ ਦੀ ਦੂਰੀ ‘ਤੇ। ਇੰਟਰਸਟੇਟ ਲੋਕੇਸ਼ਨ, 40 ਯੂਨਿਟ ਦੀ ਮੋਟਲ, ਨਾਲ ਤਿੰਨ ਬੈਡ ਰੂਮ ਦਾ ਅਪਾਰਟਮੈਂਟ ਤਿੰਨ ਏਕੜ ਜ਼ਮੀਨ ਸਮੇਤ। ਪਿਛਲੇ ਤਿੰਨ ਸਾਲ ਤੋਂ ਚੰਗਾ ਟਿਕਾਊ ਬਿਜਨਸ ਅਤੇ ਹੋਰ ਵਧਣ ਦੀ ਚੰਗੀ ਸੰਭਾਵਨਾ। ਮਾਲਕ ਆਪਣੇ ਪੁੱਤਰ ਦੇ ਨਜ਼ਦੀਕ ਨਵੇਂ ਥਾਂ ਜਾਣ ਦਾ ਚਾਹਵਾਨ।

ਸੰਪਰਕ ਕਰੋ

ਫੋਨ:618-789-1515, 224-381-2200

**Motel For Sale**

Econo Lodge Hotel is located within 15 miles of St. Louis, MO down town. Interstate location, 40 unit motel with 3 bedroom apartment as well as 3 acre land. Last 3 years steady business and lots of potential. Owner want to relocate closer to his son.

**Contact: 618-789-1515, 224-381-2200**



**ਵਧੀਆ ਭਾਅ ‘ਤੇ ਭਰੋਸੇਮੰਦ ਹੈਲਥ ਤੇ ਲਾਈਫ ਇੰਸ਼ੋਰੈਂਸ ਲੈਣ ਲਈ ਮੇਰੇ ਨਾਲ ਸੰਪਰਕ ਕਰੋ।**



**ਜਗਰੂਪ ਸਿੰਘ ਤੱਖਰ**

**ਫੋਨ:209-485-1521**

Get affordable coverage with the benefits you‘re looking for, including 5 doctor visits before your deductible is met, rates starting as low as $66* generic and brand-name prescription drugs, lower out-of-pocket costs when using network providers, and $400, $900 & $2,900-deductible options. Ideal for individuals & families.

**Jagroop Singh Takhar**
**786 Empress Road,**
**Modesto, CA 95350**
**(209) 485-1521**
**jagroop209@aol.com**
Health plans and insurance
California license No. 0D95393

Authorized Broker
blue of california
Blue Shield of California Life & Health Insurance Company

**Vital Shield Plus 2900 Generic Rx**

| Age Range | Individual | Individual & Spouse | Family |
|---|---|---|---|
| Under 1 | $121 | N/A | N/A |
| 1 to 18 | $54 | N/A | N/A |
| 19 to 29 | $66 | $151 | $270 |
| 30 to 34 | $72 | $176 | $297 |
| 35 to 39 | $88 | $226 | $342 |
| 40 to 44 | $113 | $301 | $409 |
| 45 to 49 | $149 | $389 | $486 |
| 50 to 54 | $202 | $489 | $568 |
| 55 to 59 | $275 | $618 | $684 |
| 60 to 64 | $405 | $776 | $848 |

**Call me now to learn more about Blue Shield plans**

*Featured monthly rates are for individual males ages 19 to 29 in Alpine, Butte, Colusa, Del Norte, Humboldt, Imperial, Inyo, Kern, Kings, Madera, Mendocino, Plumas, San Benito, San Joaquin, San Luis, Obispo, Santa Barbara, Siskiyou, Sonoma, Stanislaus and Trinity Counties. The rates shown are for people in good health. Other rates may apply. Vital Shield Plans are underwritten by Blue Shield of California Life & Health Insurance Company (Blue Shield Life) and do not include maternity benefits. Rates are effective July 1, 2009.

An independent Licensee of the Blue Shield Association A36145(1/09)



**Real Estate & Loans Under One Roof**

***Call:Sam Chahal Tel: 916-612-5773***

*For Buying and Selling Residential, Commercial property and for Loans in Sacramento area*

**Multi-Million Dollars Producer-2007-08**



**Sam (Sohanpreet)Chahal**
CA Lic. 01504071
**Realtor/Notary Public**
e-mail:sam@jassigill.com

**Reo-Bankowned Properties**
Serving from Bay Area to Sacramento

**Short Sale Specialist**

*ਜੇਕਰ ਤੁਹਾਡਾ ਘਰ ਕਿਸ਼ਤਾਂ ਬੰਦ ਕਰਨ ਕਰਕੇ ਫੋਰਕਲੋਜ਼ਰ ‘ਚ ਹੈ ਤੇ ਟਰੱਸਟੀ ਸੇਲ ਦੀ ਤਾਰੀਖ ਵੀ ਆ ਗਈ ਹੈ ਤਾਂ ਵੀ ਅਸੀਂ ਤੁਹਾਡਾ ਘਰ Short Sale ‘ਤੇ ਲਾ ਕੇ ਵੇਚ ਸਕਦੇ ਹਾਂ ਤੇ 2 ਤੋਂ 6 ਮਹੀਨੇ ਤੱਕ ਦਾ ਹੋਰ ਸਮਾਂ ਲੈ ਸਕਦੇ ਹਾਂ।

*Foreclosure ਦੇ ਮੁਕਾਬਲੇ Short Sale ‘ਤੇ ਵੇਚਣ ਨਾਲ ਕਰੈਡਿਟ ਵੀ ਘੱਟ ਖਰਾਬ ਹੁੰਦਾ ਹੈ।

*ਜੇਕਰ ਤੁਸੀਂ ਕਿਸ਼ਤਾਂ ਵੇਲੇ ਸਿਰ ਦੇ ਰਹੇ ਹੋ ਤੇ ਘਰ ਦੀ ਕੀਮਤ ਲੋਨ ਨਾਲੋਂ ਕਾਫੀ ਘੱਟ ਗਈ ਹੈ ਤਾਂ ਵੀ Short Sale ‘ਤੇ ਲਾ ਕੇ ਘਰ ਵੇਚ ਸਕਦੇ ਹਾਂ।

**We Help You Buy/Sell Business & Homes**

**Call Master of Winners in Multiple Offers**

*ਸਰਕਾਰ ਵਲੋਂ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਨੂੰ ਹਜ਼ਾਰਾਂ ਡਾਲਰ ਟੈਕਸ ਕਰੈਡਿਟ ਦੇ ਰੂਪ ਵਿਚ ਦਿੱਤੇ ਜਾ ਰਹੇ ਹਨ। ਜਾਣਕਾਰੀ ਲਈ ਕਾਲ ਕਰੋ।*

**Golden State Realty**

**Sacramento Office: 8695 Territorial Way, Elk Grove CA 95624**

**Tel: 916-612-5773 Fax: 916-689-5707**

# ਸ਼੍ਰੋਮਣੀ ਕਮੇਟੀ ਵਲੋਂ ਸੋਧਿਆ ਹੋਇਆ ਨਾਨਕਸ਼ਾਹੀ ਕੈਲੰਡਰ ਜਾਰੀ



**ਅਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਅਤੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਲੰਘੀ 15ਮਾਰਚ ਨੂੰ ਦਰਬਾਰ ਸਾਹਿਬ ਦੇ ਸੂਚਨਾ ਕੇਂਦਰ ਵਿਚ ਸੋਧਿਆ ਹੋਇਆ ਨਾਨਕਸ਼ਾਹੀ ਕੈਲੰਡਰ ਜਾਰੀ ਕੀਤਾ। ਦੂਜੀ ਵਾਰ ਜਾਰੀ ਕੀਤੇ ਨਾਨਕਸ਼ਾਹੀ ਕੈਲੰਡਰ ਦੀਆਂ ਕਾਪੀਆਂ ਪੱਤਰਕਾਰਾਂ ਨੂੰ ਵੰਡਦਿਆਂ ਜਥੇਦਾਰ ਮੱਕੜ ਨੇ ਕਿਹਾ ਕਿ ਉਕਤ ਕੈਲੰਡਰ ਵਿਚ ਸੋਧ ਦੀ ਸੰਭਾਵਨਾ ਭਵਿੱਖ ਵਿਚ ਵੀ ਬਣੀ ਰਹਿ ਸਕਦੀ ਹੈ। ਪੱਤਰਕਾਰ ਸੰਮੇਲਨ ਦੌਰਾਨ ਜਥੇਦਾਰ ਮੱਕੜ ਨੇ ਆਪਣੇ ਵਿਰੋਧੀਆਂ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਅਕਾਲ ਤਖ਼ਤ ਦੀ ਪ੍ਰਵਾਨਗੀ ਉਪਰੰਤ ਜਾਰੀ ਹੋਏ ਕੈਲੰਡਰ ਨੂੰ ਸਵੀਕਾਰਨ ਪ੍ਰਤੀ ਹਰ ਸਿੱਖ ਵਚਨਬੱਧ ਹੋਵੇ ਅਤੇ ਜਿਸ ਨੇ ਸੋਧੇ ਹੋਏ ਕੈਲੰਡਰ ਦੀ ਹੋਂਦ ਨੂੰ ਪ੍ਰਵਾਨ ਕਰਨ ਤੋਂ ਟਾਲਾ ਵੱਟਿਆ, ਉਹ ਸਿੱਖ ਭਾਈਚਾਰੇ ਦੀ ਬਾਗੀ ਸ਼੍ਰੇਣੀ ਵਿਚ ਮੰਨਿਆ ਜਾਵੇਗਾ।ਉਨ੍ਹਾਂ ਇੱਕ ਸਵਾਲ ਦੇ ਜਵਾਬ ਵਿਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਵਲੋਂ ਨਾਨਕਸ਼ਾਹੀ ਕੈਲੰਡਰ ਦੀਆਂ ਕਾਪੀਆਂ ਵੰਡੇ ਜਾਣ 'ਤੇ ਆਪਣੀ ਪ੍ਰਤੀਕਿਰਿਆ ਜਾਹਿਰ ਕਰਦਿਆਂ ਕਿਹਾ ਕਿ ਦਿੱਲੀ ਕਮੇਟੀ ਵਾਲਿਆਂ ਦੀ ਕੋਈ ਹੋਂਦ ਹੀ ਨਹੀਂ ਹੈ। ਉਨ੍ਹਾਂ ਕਿਹਾ ਕਿ ਸਿੱਖ ਭਾਈਚਾਰਾ ਅੱਜ ਜਾਰੀ ਹੋਏ ਨਾਨਕਸ਼ਾਹੀ ਕੈਲੰਡਰ ਅਨੁਸਾਰ ਹੀ ਸਾਰੇ ਦਿਨ ਤਿਉਹਾਰ ਮਨਾਏਗਾ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਸੋਧਾਂ ਕਰਨ ਉਪਰੰਤ ਜਾਰੀ ਕੀਤੇ ਗਏ ਨਾਨਕਸ਼ਾਹੀ ਕੈਲੰਡਰ ਅਨੁਸਾਰ ਇੱਕ ਚੇਤ ਸੰਮਤ ਨਾਨਕਸ਼ਾਹੀ 542 ਨੂੰ ਲਾਗੂ ਸਮਝਿਆ ਜਾਵੇ। ਇਸ ਦੇ ਤਹਿਤ ਹੁਣ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਜੇਠ ਸੁਦੀ ਚੌਥ, ਸ੍ਰੀ ਗੋਬਿੰਦ ਸਿੰਘ ਜੀ ਦਾ ਆਗਮਨ ਪੁਰਬ ਪੋਹ ਸੁਦੀ ਸੱਤਵੀਂ, ਗੁਰੂ ਗੋਬਿੰਦ ਸਿੰਘ ਜੀ ਦਾ ਜੋਤੀ ਜੋਤਿ ਪੁਰਬ ਕੱਤਕ ਸੁਦੀ ਪੰਚਮੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਗੁਰਤਾਗੱਦੀ ਪੁਰਬ ਕੱਤਕ ਸੁਦੀ ਦੂਜੇ ਅਨੁਸਾਰ ਸਿੱਖ ਭਾਈਚਾਰਾ ਮਨਾਇਆ ਕਰੇਗਾ। ਉਨ੍ਹਾਂ ਦੱਸਿਆ ਕਿ ਮਹੀਨੇ ਦੀ ਅਰੰਭਤਾ (ਸੰਗਰਾਂਦ) ਪੁਰਾਤਨਤਾ ਅਨੁਸਾਰ ਹੀ ਹੋਵੇਗੀ। ਸਿੰਘ ਸਾਹਿਬ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਇੱਕ ਆਦੇਸ਼ ਜਾਰੀ ਕਰਕੇ ਸਿੱਖ ਭਾਈਚਾਰੇ ਨੂੰ ਸੱਦਾ ਦਿੱਤਾ ਹੈ ਕਿ ਗੁਰੂ ਸਾਹਿਬਾਨ ਜੀ ਦੇ ਦਿਨ ਅਤੇ ਗੁਰਪੁਰਬ ਦਿੱਤੇ ਗਏ ਵੇਰਵਿਆਂ ਅਨੁਸਾਰ ਹੀ ਮਨਾਏ ਜਾਣ। ਗਿਆਨੀ ਗੁਰਬਚਨ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਿੱਖ ਵਿਰੋਧੀ ਕੁਝ ਤਾਕਤਾਂ ਸਿੱਖਾਂ 'ਚ ਪਾੜਾ ਪਾ ਕੇ ਸਿੱਖ ਸ਼ਕਤੀ ਨੂੰ ਕਮਜ਼ੋਰ ਕਰ ਰਹੀਆਂ ਹਨ ਤੇ ਕੁਝ ਲੋਕ ਏਜੰਸੀਆਂ ਦੇ ਇਸ਼ਾਰੇ 'ਤੇ ਸਿੱਖ ਭਾਈਚਾਰੇ ਦਰਮਿਆਨ ਭੰਬਲਭੂਸਾ ਖੜ੍ਹਾ ਕਰ ਰਹੇ ਹਨ।

ਇਸ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਸਕੱਤਰ ਅਤੇ ਸ਼੍ਰੋਮਣੀ ਪੰਥਕ ਕੌਂਸਲ ਦੇ ਚੇਅਰਮੈਨ ਮਨਜੀਤ ਸਿੰਘ ਕਲਕੱਤਾ ਨੇ ਜਥੇਦਾਰ ਅਵਤਾਰ ਸਿੰਘ ਮੱਕੜ ਵਲੋਂ ਜਾਰੀ ਕੀਤੇ ਨਾਨਕਸ਼ਾਹੀ ਕੈਲੰਡਰ ਨੂੰ ਸਿਰੇ ਤੋਂ ਰੱਦ ਕਰਦਿਆਂ ਕਿਹਾ ਕਿ ਕੈਨੇਡਾ ਵਾਸੀ ਪਾਲ ਸਿੰਘ ਪੁਰੇਵਾਲ ਵਲੋਂ ਤਿਆਰ ਕੀਤਾ ਗਿਆ ਨਾਨਕਸ਼ਾਹੀ ਕੈਲੰਡ ਸਿੱਖਾਂ ਦੀ ਅਨੂਠੀ ਤੇ ਨਿਆਰੀ ਹਸਤੀ ਦਾ ਪ੍ਰਤੀਕ ਹੈ। ਇਸ ਨੂੰ ਵਿਦੇਸ਼ 'ਚ ਬੈਠੀਆਂ ਸੰਗਤਾਂ ਪ੍ਰਵਾਨ ਕਰ ਚੁੱਕੀਆਂ ਹਨ। ਉਨ੍ਹਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਸਵਾਲਾਂ ਦੀ ਝੜੀ ਲਾਉਂਦਿਆਂ ਕਿਹਾ ਕਿ ਸਿੱਖ ਭਾਈਚਾਰਾ ਮੱਕੜ ਕੋਲੋਂ ਜਵਾਬ ਮੰਗ ਰਿਹਾ ਹੈ ਕਿ ਕੀ ਕੈਲੰਡਰ ਦੇ ਕਤਲ ਤੋਂ ਬਾਅਦ ਪੰਥ 'ਚ ਏਕਤਾ ਹੋ ਗਈ ਹੈ? ਕੀ ਡੇਰਿਆਂ 'ਤੇ ਨਿਸ਼ਾਨ ਸਾਹਿਬ ਝੂਲਣ ਲੱਗ ਪਏ?

**ਦਲ ਖ਼ਾਲਸਾ ਨੇ ਜਾਰੀ ਕੀਤਾ ਅਸਲ ਨਾਨਕਸ਼ਾਹੀ ਕੈਲੰਡਰ :** ਹੁਸ਼ਿਆਰਪੁਰ ਤੋਂ ਮਿਲੀ ਰਿਪੋਰਟ ਅਨੁਸਾਰ ਸਿੱਖ ਜਰਨੈਲ ਬਾਬਾ ਬਘੇਲ ਸਿੰਘ ਵਲੋਂ ਦਿੱਲੀ ਦੇ ਲਾਲ ਕਿਲੇ 'ਤੇ ਖ਼ਾਲਸਾਈ ਨਿਸ਼ਾਨ ਸਾਹਿਬ ਝੁਲਾਉਣ ਦੀ 227ਵੀਂ ਵਰ੍ਹੇਗੰਢ ਮੌਕੇ ਕੀਤੀ ਪੰਥਕ ਕਾਨਫ਼ਰੰਸ ਵਿਚ ਦਲ ਖ਼ਾਲਸਾ ਵਲੋਂ-2003 ਨੂੰ ਹੋਂਦ ਵਿਚ ਆਇਆ ਪੰਥ-ਪ੍ਰਵਾਨਤ ਨਾਨਕਸ਼ਾਹੀ ਕੈਲੰਡਰ ਸੰਮਤ-542 ਜਾਰੀ ਕੀਤਾ ਗਿਆ। ਸਿੱਖ ਜਰਨੈਲ ਬਾਬਾ ਬਘੇਲ ਸਿੰਘ ਨੂੰ ਸਮਰਪਤ ਇਸ ਕੈਲੰਡਰ ਉਤੇ ਉਨ੍ਹਾਂ ਦੀ ਲਾਲ ਕਿਲ੍ਹੇ ਉੱਤੇ ਕੇਸਰੀ ਨਿਸ਼ਾਨ ਸਾਹਿਬ ਲਹਿਰਾਉਣ ਵਾਲੀ ਤਸਵੀਰ ਦੇ ਨਾਲ ਦਲ ਖ਼ਾਲਸਾ ਆਗੂ ਸ. ਗਜਿੰਦਰ ਸਿੰਘ ਦੀ ਤਸਵੀਰ ਅਤੇ ਉਨ੍ਹਾਂ ਦੁਆਰਾ ਰਚਿਤ ਕਵਿਤਾ 'ਦਿੱਲੀ ਅਤੇ ਦਿੱਲੀ ਦਾ ਲਾਲ ਕਿਲ੍ਹਾ' ਨੂੰ ਵੀ ਪ੍ਰਮੁੱਖ ਥਾਂ ਦਿਤੀ ਗਈ ਹੈ। ਬੀਤੀ 15 ਮਾਰਚ ਨੂੰ ਇਥੇ ਜਾਰੀ ਕੀਤੇ ਗਏ ਕੈਲੰਡਰ ਵਿਚ ਸ਼੍ਰੋਮਣੀ ਕਮੇਟੀ ਵਲੋਂ ਕੀਤੀਆਂ ਸੋਧਾਂ ਨੂੰ ਰੱਦ ਕਰਦਿਆਂ ਗੁਰਪੁਰਬਾਂ ਦੀਆਂ ਤਰੀਕਾਂ ਅਤੇ ਸੰਗਰਾਦਾਂ, 2003 ਤੋਂ ਚਲਦੇ ਨਾਨਕਸ਼ਾਹੀ ਕੈਲੰਡਰ ਅਨੁਸਾਰ ਹੀ ਰੱਖੀਆਂ ਗਈਆਂ ਹਨ। ਜਥੇਬੰਦੀ ਦੇ ਪ੍ਰਧਾਨ ਹਰਚਰਨਜੀਤ ਸਿੰਘ ਧਾਮੀ ਨੇ ਕਿਹਾ ਕਿ ਬਾਬਾ ਬਘੇਲ ਸਿੰਘ ਕੇਵਲ ਇਕ ਯੋਧਾ ਹੀ ਨਹੀਂ ਬਲਕਿ ਇਕ ਦੂਰਅੰਦੇਸ਼ ਨੀਤੀਵਾਨ ਸੀ। ਉਨ੍ਹਾਂ ਨੇ 1783 ਵਿਚ ਹਿੰਦੁਸਤਾਨ ਦੀ ਰਾਜਧਾਨੀ ਦਿੱਲੀ ਦੇ ਲਾਲ ਕਿਲ੍ਹੇ 'ਤੇ ਖ਼ਾਲਸੇ ਦਾ ਨਿਸ਼ਾਨ ਸਾਹਿਬ ਝੁਲਾਕੇ ਇਕ ਨਿਵੇਕਲਾ ਇਤਿਹਾਸ ਸਿਰਜਿਆ। ਉਨ੍ਹਾਂ ਆਖਿਆ ਕਿ ਅਜੋਕੇ ਸਮੇਂ ਅੰਦਰ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੇ ਬਾਬਾ ਬਘੇਲ ਸਿੰਘ ਵਾਂਗ ਸਿੱਖ ਮਾਨਸਿਕਤਾ ਅੰਦਰ ਰਾਜ ਕਰਨ ਦੀ ਭਾਵਨਾ ਅਤੇ ਧਰਮ ਲਈ ਜੂਝਣ ਦਾ ਚਾਅ ਪੈਦਾ ਕੀਤਾ। ਉਨ੍ਹਾਂ ਅਫ਼ਸੋਸ ਪ੍ਰਗਟਾਉਂਦਿਆਂ ਆਖਿਆ ਕਿ ਦਮਦਮੀ ਟਕਸਾਲ ਦੇ ਮੌਜੂਦਾ ਪ੍ਰਬੰਧਕਾਂ ਨੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਸੋਚ ਨੂੰ ਪਿੱਠ ਵਿਖਾ ਕੇ ਪ੍ਰਕਾਸ਼ ਸਿੰਘ ਬਾਦਲ ਨਾਲ ਹੱਥ ਮਿਲਾ ਲਏ ਹਨ। ਨਾਨਕਸ਼ਾਹੀ ਕੈਲੰਡਰ ਵਿਚ ਇਕਪਾਸੜ ਅਤੇ ਸਿੱਖ ਭਾਵਨਾਵਾਂ ਨੂੰ ਦਰ-ਕਿਨਾਰ ਕਰ ਕੇ 'ਸੋਧਾਂ' ਕਰਵਾਉਣ ਲਈ ਸੰਤ ਸਮਾਜ ਨੂੰ ਪੂਰੀ ਤਰ੍ਹਾਂ ਜ਼ੁੰਮੇਵਾਰ ਠਹਿਰਾਉਦਿਆਂ ਦਲ ਖ਼ਾਲਸਾ ਦੇ ਸਿਆਸੀ ਸਕੱਤਰ ਕੰਵਰਪਾਲ ਸਿੰਘ ਨੇ ਕਿਹਾ ਕਿ 5 ਦਸੰਬਰ ਨੂੰ ਆਸ਼ੂਤੋਸ਼ ਦੇ ਕੂੜ ਪ੍ਰਚਾਰ ਨੂੰ ਰੋਕਣ ਗਏ ਸਿੱਖਾਂ ਵਿਰੁਧ ਵਾਪਰੇ ਲੁਧਿਆਣਾ ਗੋਲੀ-ਕਾਂਡ ਲਈ ਜ਼ੁੰਮੇਵਾਰ ਪ੍ਰਕਾਸ਼ ਸਿੰਘ ਬਾਦਲ ਨੂੰ ਅਕਾਲ ਤਖ਼ਤ ਉੱਤੇ ਤਲਬ ਕਰਨ ਦਾ ਸੰਤ ਸਮਾਜ ਦਾ 12 ਦਸੰਬਰ ਦਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਕੀਤਾ ਗਿਆ 'ਗੁਰਮਤਾ' ਵੀ 'ਸੋਧਾਂ' ਦੇ ਸਮਝੌਤੇ ਦੇ ਭਾਰ ਹੇਠਾਂ ਦੱਬ ਗਿਆ ਹੈ।

ਕਾਨਫ਼ਰੰਸ ਦੌਰਾਨ ਪਾਸ ਕੀਤੇ ਗਏ ਮਤਿਆਂ ਵਿਚ ਇੰਡੋ-ਨੇਪਾਲ ਬਾਰਡਰ ਦੀ ਤਰਜ਼ ਉੱਤੇ ਇੰਡੋ-ਪਾਕਿ (ਵਾਘਾ) ਬਾਰਡਰ ਨੂੰ ਖੋਲ੍ਹਣਾ, ਪਾਕਿਸਤਾਨ ਸਥਿਤ ਗੁਰਦਵਾਰਾ ਕਰਤਾਰਪੁਰ ਸਾਹਿਬ ਨੂੰ ਲਾਂਘਾ ਦੇਣ, ਪੰਜਾਬ ਪਾਣੀਆਂ ਬਾਰੇ ਸਮਝੌਤੇ ਰੱਦ ਕਾਨੂੰਨ-2004 ਦੀ ਧਾਰਾ (5) ਨੂੰ ਰੱਦ ਕਰਨ, ਅੰਮ੍ਰਿਤਸਰ ਨੂੰ ਵੈਟੀਕਨ ਵਰਗਾ ਰੁਤਬਾ ਅਤੇ ਪਵਿੱਤਰ ਸ਼ਹਿਰ ਕਰਾਰ ਦੇਣ ਅਤੇ ਨਵੰਬਰ, 1984 ਮੌਕੇ ਸਿੱਖ ਕਤਲੇਆਮ ਦੇ ਮੁੱਖ ਦੋਸ਼ੀ ਕਾਂਗਰਸੀ ਆਗੂ ਸੱਜਣ ਕੁਮਾਰ ਪ੍ਰਤੀ ਭਾਰਤੀ ਨਿਆਂ ਪ੍ਰਣਾਲੀ ਦੇ ਪੱਖਪਾਤੀ ਰਵਈਏ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕੀਤੀ ਗਈ।

## ਮਨੁੱਖੀ ਅਧਿਕਾਰ ਕਮਿਸ਼ਨ ਦਾ ਪੰਜਾਬੀ ਮਿਸ਼ਨ

**ਚੰਡੀਗੜ੍ਹ:** ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਨੇ ਮਾਂ ਬੋਲੀ ਪੰਜਾਬੀ ਦੇ ਅਹਿਸਾਨ ਦਾ ਮੁੱਲ ਤਾਰਨਾ ਸ਼ੁਰੂ ਕਰ ਦਿੱਤਾ ਹੈ ਕਿਉਂਕਿ ਕਮਿਸ਼ਨ ਦੇ ਦਫਤਰ ਦਾ ਕੁਝ ਕੰਮਕਾਜ ਪੰਜਾਬੀ ਭਾਸ਼ਾ ਵਿਚ ਹੋਣ ਲੱਗਾ ਹੈ।

ਸ਼ੁਰੂਆਤ ਮਨੁੱਖੀ ਅਧਿਕਾਰ ਐਕਟ 1993 ਦਾ ਪੰਜਾਬੀ ਭਾਸ਼ਾ ਵਿਚ ਤਰਜ਼ਮਾ ਕਰਾ ਕੇ ਇਸ ਨੂੰ ਵੈਬਸਾਈਟ 'ਤੇ ਪਾਉਣ ਤੋਂ ਕੀਤੀ ਗਈ ਹੈ। ਕਮਿਸ਼ਨ ਦੇ ਦਫਤਰ ਦੇ ਕੰਮਕਾਜ ਦੀ ਨੋਟਿੰਗ ਵੀ ਹੁਣ ਪੰਜਾਬੀ ਵਿਚ ਹੋ ਰਹੀ ਹੈ। ਪੰਜਾਬ ਸਰਕਾਰ ਵਲੋਂ ਅਦਾਲਤਾਂ ਦੀ ਕਾਰਵਾਈ ਪੰਜਾਬੀ ਵਿਚ ਸ਼ੁਰੂ ਕਰਨ ਦੇ ਵਾਅਦਿਆਂ ਅਤੇ ਦਾਅਵਿਆਂ ਨੂੰ ਭਾਵੇਂ ਹਾਲੇ ਤਕ ਬੂਰ ਨਹੀਂ ਪਿਆ ਪਰ ਕਮਿਸ਼ਨ ਦਾ ਵਿਹੜਾ ਮਾਂ ਬੋਲੀ ਪੰਜਾਬੀ ਦੀਆਂ ਖ਼ੁਸ਼ਬੋਆਂ ਵੰਡਣ ਲਗ ਪਿਆ ਹੈ।

ਕਮਿਸ਼ਨ ਨੂੰ ਆਪਣਾ ਕੰਮ ਪੰਜਾਬੀ ਵਿਚ ਸ਼ੁਰੂ ਕਰਨ ਲਈ ਕੋਈ ਹਦਾਇਤ ਨਹੀਂ, ਪਰ ਕਮਿਸ਼ਨ ਨੇ ਆਪਣੇ ਪੱਧਰ 'ਤੇ ਹੀ ਇਸ ਨੂੰ ਇਸ ਕਰਕੇ ਕੀਤਾ ਤਾਂ ਜੋ ਆਮ ਲੋਕ ਇਸ ਐਕਟ ਨੂੰ ਪੜ੍ਹ ਕੇ ਇਸ ਦਾ ਲਾਭ ਲੈ ਸਕਣ। ਕਮਿਸ਼ਨ ਦੀ ਆਪਣੇ ਹੁਕਮਾਂ ਨੂੰ ਪੰਜਾਬੀ ਵਿਚ ਜਾਰੀ ਕਰਨ ਦੀ ਇੱਛਾ ਤਾਂ ਹੈ, ਪਰ ਇਹ ਫੈਸਲਾ ਕਮਿਸ਼ਨ ਦੇ ਚੇਅਰਮੈਨ ਜਾਂ ਮੈਂਬਰਾਂ ਦੇ ਅਧਿਕਾਰ ਖੇਤਰ ਵਿਚ ਨਹੀਂ ਆਉਂਦਾ।

ਕਮਿਸ਼ਨ ਦੇ ਮੈਂਬਰ ਅਵਿਨਾਸ਼ ਰਾਏ ਖੰਨਾ ਕਹਿੰਦੇ ਹਨ ਕਿ ਮਨੁੱਖੀ ਅਧਿਕਾਰ ਐਕਟ ਦਾ ਪੰਜਾਬੀ ਵਿਚ ਤਰਜ਼ਮਾ ਕਰਾਕੇ ਇਸ ਨੂੰ ਵੈਬਸਾਈਟ 'ਤੇ ਪਾਉਣ ਨਾਲ ਲੋਕਾਂ ਵਿਚ ਜਾਗਰੂਕਤਾ ਵਧੀ ਹੈ। ਇਸ ਨਾਲ ਆਮ ਲੋਕ ਹੁਣ ਐਕਟ ਨੂੰ ਪੜ੍ਹ ਕੇ ਆਪਣਾ ਦੁੱਖ ਕਮਿਸ਼ਨ ਨਾਲ ਸਾਂਝਾ ਕਰਨ ਦੇ ਕਾਬਲ ਹੋ ਗਏ ਹਨ।

# ਕਾਲੀ ਸੂਚੀ ਬਾਰੇ ਕੇਂਦਰ ਸਰਕਾਰ ਗੰਭੀਰ -ਪ੍ਰਨੀਤ ਕੌਰ

**ਚੰਡੀਗੜ੍ਹ :** ਕੇਂਦਰੀ ਵਿਦੇਸ਼ ਰਾਜ ਮੰਤਰੀ ਬੀਬੀ ਪ੍ਰਨੀਤ ਕੌਰ ਨੇ ਸਖ਼ਤ ਸ਼ਬਦਾਂ ਵਿਚ ਪਾਕਿ ਨੂੰ ਤਾੜਨਾ ਕੀਤੀ ਹੈ ਕਿ ਉਸ ਦੀ ਧਰਤੀ ਤੋਂ ਅਤਿਵਾਦੀ ਕਾਰਵਾਈਆਂ ਬੰਦ ਹੋਣ ਨਹੀਂ ਤਾਂ ਏਸ਼ੀਆ ਦੇ ਇਸ ਖ਼ਿੱਤੇ ਵਿਚ ਹਾਲਾਤ ਹੋਰ ਖ਼ਰਾਬ ਹੋਣਗੇ। ਬੀਤੀ 13 ਮਾਰਚ ਨੂੰ ਇਥੇ ਪ੍ਰੈੱਸ ਕਲੱਬ ਵਿਚ ਪੱਤਰਕਾਰ ਮਿਲਣੀ ਦੌਰਾਨ ਬੀਬੀ ਪ੍ਰਨੀਤ ਕੌਰ ਨੇ ਕਿਹਾ ਕਿ ਭਾਵੇਂ ਦੋਵਾਂ ਦੇਸ਼ਾਂ ਵਿਚਕਾਰ ਸਕੱਤਰ ਪੱਧਰ ਦੀ ਗੱਲਬਾਤ ਜਾਰੀ ਰਹੇਗੀ ਤੇ ਕੂਟਨੀਤਕ ਸਬੰਧ ਤੋੜੇ ਨਹੀਂ ਜਾਣਗੇ ਪਰ ਕੌਮਾਂਤਰੀ ਪੱਧਰ 'ਤੇ ਪਾਕਿ 'ਤੇ ਦਬਾਅ ਜਾਰੀ ਰਖਿਆ ਜਾਵੇਗਾ ਤਾਂ ਕਿ ਭਾਰਤ ਦੀ ਸੁਰੱਖਿਆ ਨੂੰ ਕੋਈ ਖ਼ਤਰਾ ਪੈਦਾ ਨਾ ਹੋਵੇ।

ਪਾਕਿ ਵਿਚ ਘੱਟ ਗਿਣਤੀਆਂ 'ਤੇ ਹੋਰ ਹਮਲਿਆਂ 'ਤੇ ਦੁਖ ਪ੍ਰਗਟ ਕਰਦਿਆਂ ਬੀਬੀ ਪ੍ਰਨੀਤ ਕੌਰ ਨੇ ਭਰੋਸਾ ਦਿਵਾਇਆ ਕਿ ਉਨ੍ਹਾਂ ਦੇ ਮੰਤਰਾਲੇ ਵਲੋਂ ਫ਼ਰਾਂਸ ਵਿਚ ਪਗੜੀ ਦਾ ਮਸਲਾ ਕਾਫ਼ੀ ਹੱਦ ਤਕ ਸੁਲਝਾ ਲਿਆ ਗਿਆ ਹੈ। ਆਸਟਰੇਲੀਆ 'ਚ ਨਸਲੀ ਵਿਤਕਰੇ, ਪੰਜਾਬੀ ਵਿਦਿਆਰਥੀਆਂ ਵਿਰੁਧ ਹਿੰਸਕ ਘਟਨਾਵਾਂ ਨੂੰ ਵੀ ਠੱਲ੍ਹ ਪਈ ਹੈ।

ਉਨ੍ਹਾਂ ਦਸਿਆ ਕਿ ਆਸਟਰੇਲੀਆ ਦੇ ਪ੍ਰਧਾਨ ਮੰਤਰੀ ਕੇਵਿਨ ਰੁੱਡ ਤੇ ਹੋਰ ਆਗੂਆਂ ਨਾਲ ਲਗਾਤਾਰ ਸੰਪਰਕ ਬਣਿਆ ਹੋਇਆ ਹੈ। ਬੀਬੀ ਪ੍ਰਨੀਤ ਕੌਰ ਨੇ ਨਸਲੀ ਵਿਤਕਰੇ , ਆਪਸੀ ਖਹਿਬਾਜ਼ੀ, ਆਰਥਕ ਤੰਗੀਆਂ ਤੇ ਨਕਲੀ ਏਜੰਟਾਂ ਵਲੋਂ ਨਿਭਾਏ ਕਿਰਦਾਰ ਦੀ ਅਲੋਚਨਾ ਕਰਦਿਆਂ ਕਿਹਾ ਕਿ ਆਸਟਰੇਲੀਆ ਸਰਕਾਰ ਨਾਲ ਉਚ ਪੱਧਰੀ ਗੱਲਬਾਤ ਕਰ ਕੇ ਹੁਣ ਉਥੋਂ ਦੀ ਨੈਸ਼ਨਲ ਸਕਿਊਰਟੀ ਅਡਵਾਈਜ਼ਰੀ ਕੌਂਸਲ ਵਿਚ ਇਕ ਭਾਰਤੀ ਮੈਂਬਰ ਨੂੰ ਸ਼ਾਮਲ ਕੀਤਾ ਗਿਆ ਹੈ। ਦੇਰ ਰਾਤ ਤਕ ਕੰਮ ਕਰਨ ਵਾਲੇ ਪੰਜਾਬੀਆਂ ਦੇ ਠਿਕਾਣਿਆਂ ਜਿਵੇਂ ਟੈਕਸੀ ਡਰਾਈਵਰਾਂ, ਹੋਟਲ ਵਰਕਰਾਂ ਤੇ ਫੈਕਟਰੀ ਵਰਕਰਾਂ ਦੀ ਸੁਰੱਖਿਆ ਲਈ ਚਿਟ ਕਪੜੇ ਪੁਲਿਸ ਮੁਲਾਜ਼ਮ ਤੈਨਾਤ ਕਰਵਾਏ ਗਏ ਹਨ। ਉਨ੍ਹਾਂ ਦਸਿਆ ਕਿ ਭਾਰਤ ਸਰਕਾਰ ਏਜੰਟਾਂ ਦੀ ਰਜਿਸਟਰੇਸ਼ਨ ਬਾਰੇ ਵੀ ਨਵਾਂ ਸਿਸਟਮ ਲਾਗੂ ਕਰ ਰਹੀ ਹੈ ਤਾਂ ਕਿ ਨੌਜਵਾਨਾਂ ਨਾਲ ਹੋ ਰਹੇ ਧੱਕੇ ਨੂੰ ਰੋਕਿਆ ਜਾ ਸਕੇ।

ਇਟਲੀ ਅਤੇ ਸਪੇਨ ਵਿਚ 16000 ਭਾਰਤੀਆਂ ਜਿਨ੍ਹਾਂ 'ਚੋਂ ਬਹੁਤੇ ਪੰਜਾਬੀ ਸਨ, ਨੂੰ ਮੁਆਫ਼ੀ ਦੁਆਉਣ ਦੀ ਗੱਲ ਕਰਦੇ ਹੋਏ ਬੀਬੀ ਪ੍ਰਨੀਤ ਕੌਰ ਨੇ ਕਿਹਾ ਕਿ ਹਾਲੇ ਭਾਰਤ ਸਰਕਾਰ ਨੇ ਆਰਜ਼ੀ ਰਿਆਇਤਾਂ ਦੁਆ ਕੇ ਇਸ ਮਸਲੇ ਦਾ ਹੱਲ ਕੱਢ ਲਿਆ ਹੈ ਪਰ ਬਾਅਦ ਵਿਚ ਉਥੇ ਰਹਿ ਰਹੇ ਪੰਜਾਬੀਆਂ ਦਾ ਪੱਕੇ ਤੌਰ 'ਤੇ ਮਸਲਾ ਵਿਚਾਰ ਕੇ ਨੀਤੀ ਘੜੀ ਜਾਵੇਗੀ।


CTR CENTRAL TRAILER REPAIR

3275 E Central Fresno, CA

Ph: 559 268 8231

We work on all makes & models of refrigeration units.



- ਅਸੀਂ ਤੁਹਾਡੀਆਂ ਟਰੇਲਰ ਰਿਪੇਅਰ ਦੀਆਂ ਸਾਰੀਆਂ ਜ਼ਰੂਰਤਾਂ ਬਿਹਤਰੀਨ ਸੇਵਾ ਨਾਲ ਪੂਰੀਆਂ ਕਰਦੇ ਹਾਂ।
- ਸਾਡੇ ਕੋਲ ਨਵੇਂ ਥਰਮੋ ਕਿੰਗ ਅਤੇ ਕੈਰੀਅਰ ਇੰਜਨ ਸਟਾਕ ਵਿਚ ਹਨ।
- ਅਸੀਂ ਤੁਹਾਡੇ ਬਿਜਨਸ ਦੀਆਂ ਮੌਸਮੀ ਜਾਂ ਸਟੋਰੇਜ ਦੀਆਂ ਲੋੜਾਂ ਪੂਰੀਆਂ ਕਰਨ ਲਈ ਰੀਫਰ ਟਰੇਲਰ ਪੂਰੀ ਮੇਂਟੀਨੈਂਸ ਕਵਰੇਜ਼ ਨਾਲ ਕਿਰਾਏ 'ਤੇ ਦਿੰਦੇ ਹਾਂ।

We rent trailers for short and long term purposes and also have Thermo King and Carrier engines in stock.

ਕਾਲ ਕਰੋ: ਪਾਲ ਤੂਰ 559-473-8387 (ਸੈਲ)

E-mail:paul@cfxfresno.com



Realtor & Mortgage Specialist
Bay Area & Central Valley

ਚੰਗੀ ਜੁਗਤਤ-ਚਿੰਤਾ ਮੁਕਤਤ

ਘਰ, ਹੋਟਲ, ਮੋਟਲ, ਗੈਸ ਸਟੇਸ਼ਨ, ਲਿੱਕਰ ਸਟੋਰ, ਗਰੋਸਰੀ ਸਟੋਰ ਤੇ ਹਰ ਪ੍ਰਕਾਰ ਦੀ ਬਿਜਨਸ ਪ੍ਰਾਪਰਟੀ ਖਰੀਦਣ-ਵੇਚਣ ਵਿਚ ਚੰਗੀ ਜੁਗਤ ਨਾਲ ਚਿੰਤਾ ਮੁਕਤ ਕਰ ਸਕਦੇ ਹਾਂ



RAJ SINGH
M.A., M.Ed Retd. Principal
Realtor & Financial Adviser
Lic#01776459 & OG22467

ਬੈਂਕਾਂ ਨੂੰ ਮੁੜੇ ਜ਼ਬਤ ਘਰ ਤੇ ਸ਼ਾਰਟ ਸੇਲ ਵਾਲੇ ਘਰ ਖਰੀਦਣ ਸਮੇਂ ਅੱਵਲ ਦਰਜੇ ਦੀ ਸੇਵਾ ਦੇ ਸਕਦੇ ਹਾਂ।

Refinance, Home Loan, SBA Loan
(All at Best Rates)

RAJ SINGH

Notary Free

Cell:510-452-7370

MISSIONPEAK

3.5% ਡਾਊਨ ਨਾਲ ਘਰ ਦੁਆ ਕੇ ਕਿਰਾਏ ਦਾ ਝੰਜਟ ਮੁਕਾ ਸਕਦੇ ਹਾਂ

46560 Fremont Blvd.,
Suite #111 Fremont, CA 94538
singhrajpaul@yahoo.com

# ਅਗਲੇ ਦਿਨ ਡਿਊਟੀ ’ਤੇ ਹਾਜ਼ਰ ਹੋ ਗਏ ਸਨ ਦੋ ਖਾੜਕੂ

**ਚੰਡੀਗੜ੍ਹ :** ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਹੱਤਿਆ ਕੇਸ ਸਬੰਧੀ ਪੰਜਾਬ ਸਿਵਲ ਸਕੱਤਰੇਤ ਦੇ ਬਾਹਰ 31 ਅਗਸਤ 1995 ਨੂੰ ਹੋਏ ਬੰਬ ਧਮਾਕੇ ਦੇ ਮਾਮਲੇ ਦੀ ਪੰਜਾਬ ਹਰਿਆਣਾ ਹਾਈ ਕੋਰਟ ‘ਚ ਸੁਣਵਾਈ ਦੌਰਾਨ ਇਕ ਅਹਿਮ ਖੁਲਾਸਾ ਹੋਇਆ ਕਿ ਘਟਨਾ ਦੇ ਅਗਲੇ ਦਿਨ ਦੋਸ਼ੀਆਂ ‘ਚੋਂ ਦੋ ਵਿਅਕਤੀ ਆਪਣੇ ਰੋਜ਼ਾਨਾ ਦੇ ਕੰਮ ਕਾਜ ‘ਤੇ ਆਮ ਦਿਨਾਂ ਵਾਂਗ

## ਬੇਅੰਤ ਸਿੰਘ ਕਤਲ ਕਾਂਡ

ਗਏ ਸਨ। ਇਸ ਧਮਾਕੇ ਵਿਚ ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਬੇਅੰਤ ਸਿੰਘ ਸਣੇ 11 ਵਿਅਕਤੀ ਮਾਰੇ ਗਏ।

ਦੋਸ਼ੀਆਂ ਨੇ ਹੇਠਲੀ ਅਦਾਲਤ ਵਲੋਂ ਸੁਣਾਈ ਮੌਤ ਦੀ ਅਤੇ ਹੋਰ ਸਜ਼ਾ ਵਿਰੁਧ ਹਾਈ ਕੋਰਟ ‘ਚ ਅਪੀਲ ਪਾਈ ਹੋਈ ਹੈ। ਜਸਟਿਸ ਮਹਿਤਾਬ ਸਿੰਘ ਗਿੱਲ ਦੀ ਅਗਵਾਈ ਵਾਲੀ ਡਿਵੀਜ਼ਨ ਬੈਂਚ ਅੱਗੇ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਨੇ ਇਹ ਗੱਲ ਦੱਸੀ ਕਿ ਘੱਟੋ ਘੱਟ ਦੋ ਜਣੇ ਘਟਨਾ ਤੋਂ ਅਗਲੇ ਦਿਨ ਆਪਣੇ ਨਿੱਤ ਦੇ ਕੰਮ ‘ਤੇ ਗਏ ਸਨ। ਸੀ.ਬੀ.ਆਈ. ਦੇ ਵਿਸ਼ੇਸ਼ ਵਕੀਲ ਐਸ.ਕੇ. ਸਕਸੈਨਾ ਨੇ ਕਿਹਾ ਕਿ ਇਹ ਦੋ ਵਿਅਕਤੀ ਗੁਰਮੀਤ ਸਿੰਘ ਤੇ ਜਗਤਾਰ ਸਿੰਘ ਤਾਰਾ ਸਨ। ਗੁਰਮੀਤ ਸਿੰਘ ਜਿਹੜਾ ਬੀ.ਪੀ.ਐਲ. ਇੰਜੀਨੀਅਰਿੰਗ ਲਿਮਟਿਡ ਵਿਚ ਕੰਮ ਕਰਦਾ ਸੀ, 31 ਅਗਸਤ ਨੂੰ ਡਿਊਟੀ ਤੋਂ ਗੈਰਹਾਜ਼ਰ ਸੀ, ਪਰ ਘਟਨਾ ਦੇ ਅਗਲੇ ਦਿਨ 1 ਤੇ 2 ਸਤੰਬਰ ਨੂੰ ਆਪਣੇ ਦਫਤਰ ‘ਚ ਹਾਜ਼ਰ ਰਿਹਾ।

ਵਕੀਲ ਨੇ ਗੁਰਮੀਤ ਸਿੰਘ ਦੇ ਰੋਲ ਦਾ ਹੋਰ ਖੁਲਾਸਾ ਕਰਦਿਆਂ ਕਿਹਾ ਕਿ ਮਨੁੱਖੀ ਬੰਬ ਬਣੇ ਦਿਲਾਵਰ ਸਿੰਘ ਨੇ ਜਿਹੜੀ ਵਿਸਫੋਟਕ ਸਮੱਗਰੀ ਵਾਲੀ ਬੈਲਟ ਆਪਣੇ ਲੱਕ ‘ਤੇ ਲਪੇਟੀ ਸੀ ਉਹ ਮਕੈਨੀਕਲ ਇੰਜੀਨੀਅਰ ਗੁਰਮੀਤ ਸਿੰਘ ਦੇ ਮੁਹਾਲੀ ਸਥਿਤ ਕਮਰੇ ਵਿਚ ਤਿਆਰ ਕੀਤੀ ਗਈ ਸੀ।

ਜਗਤਾਰ ਸਿੰਘ ਤਾਰਾ ਜੋ ਡਰਾਈਵਰ ਦਾ ਕੰਮ ਕਰਦਾ ਸੀ, ਵੀ 24 ਅਗਸਤ ਤੋਂ 31 ਅਗਸਤ ਤਕ ਡਿਊਟੀ ਤੋਂ ਗੈਰਹਾਜ਼ਰ ਰਿਹਾ ਸੀ ਜਦੋਂਕਿ ਘਟਨਾ ਦੇ ਅਗਲੇ ਦਿਨ ਪਹਿਲੀ ਸਤੰਬਰ ਨੂੰ ਵਾਪਸ ਡਿਊਟੀ ‘ਤੇ ਆ ਗਿਆ ਸੀ। ਬਚਾਅ ਪੱਖ ਦੇ ਵਕੀਲ ਦੀ ਹਾਜ਼ਰੀ ਵਿਚ ਬੋਲਦਿਆਂ ਸੀ.ਬੀ.ਆਈ. ਦੇ ਵਕੀਲ ਨੇ ਕਿਹਾ ਕਿ ਘਟਨਾ ਦੇ ਸੂਤਰਧਾਰ ਜਗਤਾਰ ਸਿੰਘ ਹਵਾਰਾ ਨੇ ਇਸ ਕੇਸ ‘ਚ ਭਗੌੜੇ ਮਾਹਲ ਸਿੰਘ ਤੇ ਵਧਾਵਾ ਸਿੰਘ ਵਿਚਕਾਰ ਤਾਲਮੇਲ ਦਾ ਕੰਮ ਕੀਤਾ ਸੀ। ਸਹਿ ਦੋਸ਼ੀ ਬਲਵੰਤ ਸਿੰਘ ਨੇ ਇਕਬਾਲੀਆ ਬਿਆਨ ਵਿਚ ਹਵਾਰਾ ਦੇ ਰੋਲ ਬਾਰੇ ਵਿਸਥਾਰ ਵਿਚ ਦੱਸਿਆ ਸੀ।

ਜਸਟਿਸ ਗਿੱਲ ਨੇ ਯੂ.ਟੀ. ਜ਼ਿਲ੍ਹਾ ਤੇ ਸੈਸ਼ਨ ਜੱਜ ਨੂੰ ਆਦੇਸ਼ ਦਿੱਤਾ ਕਿ ਉਹ ਬੁੜੈਲ ਜੇਲ੍ਹ ਵਿਚ ਜਾ ਕੇ ਬਲਵੰਤ ਸਿੰਘ ਨੂੰ ਮਿਲਣ ਅਤੇ ਉਸ ਵਲੋਂ ਚੀਫ ਜਸਟਿਸ ਨੂੰ ਲਿਖੀ ਚਿੱਠੀ ਦੀ ਸੱਚਾਈ ਦਾ ਪਤਾ ਕਰਨ। ਜ਼ਿਕਰਯੋਗ ਹੈ ਕਿ ਬਲਵੰਤ ਸਿੰਘ ਨੇ ਬੁੜੈਲ ਜੇਲ੍ਹ ਤੋਂ ਚੀਫ ਜਸਟਿਸ ਨੂੰ ਚਿੱਠੀ ਲਿਖ ਕੇ ਆਪਣੇ ਕੇਸ ਦੀ ਪੈਰਵੀ ਲਈ ਵਕੀਲ ਦੀ ਮੰਗ ਕੀਤੀ ਸੀ। ਇਸੇ ਤਹਿਤ ਜਸਟਿਸ ਗਿੱਲ ਨੇ ਸੈਸ਼ਨ ਜੱਜ ਨੂੰ ਇਹ ਵੀ ਕਿਹਾ ਕਿ ਉਹ ਬਲਵੰਤ ਸਿੰਘ ਨੂੰ ਪੁੱਛਣ ਕਿ ਉਸ ਨੂੰ ਵਕੀਲ ਦੀ ਲੋੜ ਹੈ ਜਾਂ ਨਹੀਂ। ਇਸ ਸਬੰਧੀ ਉਹ ਆਪਣੀ ਰਿਪੋਰਟ 18 ਮਾਰਚ ਤਕ ਸੌਂਪਣ।

ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਜਸਟਿਸ ਮਹਿਤਾਬ ਸਿੰਘ ਅਤੇ ਜਸਟਿਸ ਸ੍ਰੀ ਅਰਵਿੰਦ ਕੁਮਾਰ ਸਾਹਮਣੇ ਪੇਸ਼ ਕੀਤੇ ਖ਼ਤ ਵਿਚ ਬੇਅੰਤ ਸਿੰਘ ਹਤਿਆ ਕਾਂਡ ਦੇ ਦੋਸ਼ੀ ਗੁਰਮੀਤ ਸਿੰਘ ਨੇ ਕਿਹਾ ਕਿ ਬੁੜੈਲ ਜੇਲ ਦੇ ਹੋਰਾਂ ਕੈਦੀਆਂ ਦੀ ਤੁਲਨਾ ਵਿਚ ਉਸ ਨਾਲ ਵਿਤਕਰਾ ਹੋ ਰਿਹਾ ਹੈ। ਉਸਦਾ ਕਹਿਣਾ ਸੀ ਕਿ ਜੇਲ ਵਿਚ ਚੰਗੇ ਵਰਤਾਅ ਲਈ ਦੂਜੇ ਕੈਦੀਆਂ ਨੂੰ 28 ਤੋਂ 42 ਦਿਨਾਂ ਤਕ ਪੈਰੋਲ ਦਿਤੀ ਜਾਂਦੀ ਹੈ ਪਰ ਇਹ ਸਹੂਲਤ ਉਸਨੂੰ ਨਹੀਂ ਦਿਤੀ ਜਾਂਦੀ ਹੈ ਕਿ ਸੰਵਿਧਾਨ ਦੀ ਧਾਰਾ 14 ਦੀ ਉਲੰਘਣਾ ਹੈ, ਜਿਸ ਵਿਚ ਬਰਾਬਰਤਾ ਦੀ ਗੱਲ ਕਹੀ ਗਈ ਹੈ। ਗੁਰਮੀਤ ਸਿੰਘ ਨੇ ਦੱਸਿਆ ਕਿ ਉਹ ਸਤੰਬਰ 1995 ਤੋਂ ਜੇਲ ਵਿਚ ਹੈ ਪਰ ਉਸ ਨੂੰ ਇਕ ਵਾਰ ਵੀ ਪੈਰੋਲ ‘ਤੇ ਨਹੀਂ ਛਡਿਆ ਗਿਆ।

ਦੂਜੇ ਪਾਸੇ ਉਸ ਦੀ ਪੈਰੋਲ ਬਾਰੇ ਜੇਲ ਅਧਿਕਾਰੀਆਂ ਦਾ ਪੱਖ ਹੈ ਕਿ ਉਹ ਗੰਭੀਰ ਜੁਰਮ ਵਿਚ ਸ਼ਾਮਲ ਹੈ, ਇਸ ਲਈ ਉਸ ਦੀ ਪੈਰੋਲ ‘ਤੇ ਰਿਹਾਈ ਨਾਲ ਅਮਨ ਕਾਨੂੰਨ ਨੂੰ ਖ਼ਤਰਾ ਹੋ ਸਕਦਾ ਹੈ। ਇਸ ਚਿੱਠੀ ਦਾ ਜਵਾਬ ਦੇਣ ਲਈ ਚੰਡੀਗੜ੍ਹ ਪ੍ਰਸ਼ਾਸਨ ਦੇ ਵਕੀਲ ਦਵਿੰਦਰ ਦੱਤ ਸ਼ਰਮਾ ਨੇ ਗ੍ਰਹਿ ਸਕੱਤਰ ਤੇ ਐਸ.ਐਸ.ਪੀ. ਤੋਂ ਹਦਾਇਤਾਂ ਲੈਣ ਲਈ ਸਮਾਂ ਮੰਗਿਆ, ਜਿਸ ਮਗਰੋਂ ਸੁਣਵਾਈ ਨੂੰ 27 ਅਪ੍ਰੈਲ ਤਕ ਮੁਲਤਵੀ ਕਰ ਦਿਤਾ ਗਿਆ।

ਇਸ ਦੌਰਾਨ ਮੁੱਖ ਮਾਮਲੇ ਦੀ ਸੁਣਵਾਈ ਵਿਚ ਨੈਸ਼ਨਲ ਸਕਿਊਰਟੀ ਗਾਰਡਜ਼ ਦੇ ਡਿਪਟੀ ਕਮਾਂਡੈਂਟ ਪੀ ਕੇ ਨੇ ਇਕ ਗਵਾਹ ਦੇ ਹਵਾਲੇ ਨਾਲ ਬੈਂਚ ਨੂੰ ਦਸਿਆ ਕਿ ਗਵਾਹ ਨੇ ਘਟਨਾ ਵੇਲੇ ਪੁਲਿਸ ਵਰਦੀ ਵਿਚ ਇਕ ਵਿਅਕਤੀ ਜਿਸ ਨੇ ਪੱਗ ਬੰਨ੍ਹੀ ਹੋਈ ਸੀ, ਨੂੰ ਮੁੱਖ ਮੰਤਰੀ ਬੇਅੰਤ ਸਿੰਘ ਵਲ ਵਧਦਾ ਵੇਖਿਆ ਸੀ।

# ਪਿਓ ਨੇ ਆਪਣੀ ਹੀ ਧੀ 13,000 ’ਚ ਵੇਚ ਦਿੱਤੀ

**ਲੁਧਿਆਣਾ :** ਜਨਮ ਤੋਂ ਬਾਅਦ ਆਪਣੀ ਹੀ ਧੀ ਨੂੰ ਵੇਚ ਦੇਣ ਦੀ ਹੈਰਤਅੰਗੇਜ਼ ਘਟਨਾ ‘ਚ ਜੋਧੇਵਾਲ ਦੀ ਪੁਲਸ ਨੇ ਇਕ ਔਰਤ ਸਮੇਤ ਦੋ ਲੋਕਾਂ ਨੂੰ ਕਾਬੂ ਕਰਕੇ ਉਨ੍ਹਾਂ ਤੋਂ ਬੱਚੀ ਵੀ ਬਰਾਮਦ ਕਰ ਲਈ ਹੈ, ਜਦਕਿ ਜਿਸ ਔਰਤ ਨੇ ਪੁਲਸ ਨੂੰ ਇਹ ਸ਼ਿਕਾਇਤ ਦਿੱਤੀ ਸੀ ਕਿ ਉਸਦੀ ਬੱਚੀ ਨੂੰ ਵੇਚਿਆ ਗਿਆ ਹੈ, ਉਹ ਪੁਲਸ ਤੋਂ ਆਪਣੀ ਬੱਚੀ ਲੈਣ ਤੋਂ ਬਾਅਦ ਗਾਇਬ ਦੱਸੀ ਜਾਂਦੀ ਹੈ। ਇਸ ਗੱਲ ਦੀ ਪੁਸ਼ਟੀ ਐੱਸ.ਪੀ. ਹਰੀਸ਼ ਕੁਮਾਰ ਸ਼ਰਮਾ ਨੇ ਕੀਤੀ ਹੈ। ਇਹ ਸਨਸਨੀਖੇਜ਼ ਘਟਨਾ ਥਾਣਾ ਜੋਧੇਵਾਲ ਦੇ ਇਲਾਕੇ ਦੀ ਹੈ।

ਪੁਲਸ ਨੇ ਪੀੜਤ ਔਰਤ ਬੇਬੀ ਵਾਸੀ ਇਸਲਾਮਗੰਜ ਦੀ ਸ਼ਿਕਾਇਤ ‘ਤੇ ਉਸਦੇ ਪਤੀ ਸੋਨੂੰ, ਪਰਮਜੀਤ ਗੱਬਰ ਤੇ ਦਰਸ਼ਨਾ ਰਾਣੀ ਖ਼ਿਲਾਫ ਮਾਮਲਾ ਦਰਜ ਕਰਕੇ ਇਨ੍ਹਾਂ ‘ਚੋਂ ਪਰਮਜੀਤ ਤੇ ਦਰਸ਼ਨਾਂ ਨੂੰ ਕਾਬੂ ਕਰ ਲਿਆ ਹੈ। ਪੁਲਿਸ ਮੁਤਾਬਕ ਬੇਬੀ ਦੇ ਡਲਿਵਰੀ ਜੋਧੇਵਾਲ ਸਥਿਤ ਇਕ ਦਾਈ ਤੋਂ 25 ਫਰਵਰੀ ਨੂੰ ਹੋਈ ਹੈ।

ਉਸਦੇ ਇਕ ਬੱਚੀ ਨੇ ਜਨਮ ਲਿਆ ਸੀ ਪਰ ਜਨਮ ਤੋਂ ਬਾਅਦ ਹੀ ਉਸਦੀ ਬੱਚੀ ਨੂੰ ਗਾਇਬ ਕਰ ਦਿੱਤਾ ਗਿਆ। ਇਸ ਗੱਲ ਦਾ ਜਦੋਂ ਉਸਨੂੰ ਪਤਾ ਲੱਗਾ ਤਾਂ ਉਸਨੇ ਵੁਮੈਨ ਸੈੱਲ ‘ਚ ਆਪਣੀ ਸ਼ਿਕਾਇਤ ਦਿੱਤੀ ਕਿ ਉਸਦੀ ਬੱਚੀ ਨੂੰ ਵੇਚ ਦਿੱਤਾ ਗਿਆ ਹੈ, ਜਿਸ ਤੋਂ ਬਾਅਦ ਪੁਲਸ ਨੇ ਮਾਮਲੇ ਦੀ ਜਾਂਚ ਕੀਤੀ ਤਾਂ ਦੋਸ਼ਾਂ ਦੇ ਆਧਾਰ ‘ਤੇ ਜੋਧੇਵਾਲ ਦੀ ਪੁਲਸ ਨੇ ਮਾਮਲਾ ਦਰਜ ਕਰ ਲਿਆ। ਬਾਅਦ ‘ਚ ਪੁਲਿਸ ਨੂੰ ਜਾਂਚ ‘ਚ ਪਤਾ ਲੱਗਾ ਕਿ ਬੇਬੀ ਦੀ ਬੱਚੀ ਨੂੰ ਉਸਦੇ ਹੀ ਪਿਤਾ ਨੇ ਸਹਿਮਤੀ ਨਾਲ ਅੱਗੇ ਆਪਣੀ ਜਾਣ-ਪਛਾਣ ਦੇ ਲੋਕਾਂ ਨੂੰ 13,000 ‘ਚ ਵੇਚ ਦਿੱਤਾ ਹੈ।












## Matrimonials



Jat Sikh parents from Midwest seek suitable match for their US born, handsome, clean shaven, 26, 6’-1” Engineer son, manager in a large national corporation. Please contact: sikh5family@gmail.com

US citizen or green card holder Jatt Sikh match for US citizen girl, 25, 5’-4", Master‘s in accounting, working with state government. Boy on work visa can also be considered. Contact-lakhwinderbrar81@yahoo.ca

Match for 27, 5’-2” Jatt Sikh, MA English, B.ed., doing masters in Information Techonology, has one sistor married in canada, brother doing Mech Engg. e-mail bio data-Hsingh2222@gmail.com

Parents seek professional, slim, attractive Sikh match for handsome Jat Sikh, Canadian born, non-smoker, non-drinker, 6.2', 32, cleanshaven, athletic son, working with energy company in San Diego CA, USA earning very high six figure salary, B.COM & MBA from well reputed Canadian varsities. Photos will be appreciated respond to info@victoriaairportshuttle.com

Handsome Sikh, well settled, educated, divorcee issueless Punjabi Sikh gentleman, 48, 5’-10” seeks well settled, educated US citizen/visitor life partner age 40-50 with no kids, no liability. Call: 516-503-6718

ਸੋਹਣੇ ਸੁਨੱਖੇ ਜੱਟ ਸਿੱਖ ਕੰਗ, ਅਮਰੀਕਨ ਸਿਟੀਜ਼ਨ, 29, 5’11" ਲੜਕੇ ਲਈ ਅਮਰੀਕੀ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਲੋੜ ਹੈ। ਵਿਜ਼ੀਟਰ ਵੀਜ਼ੇ ‘ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਸੰਪਰਕ ਕਰੋ:530-310-6777, 530-310-3843




# ਗੁਰਸ਼ਾਨ ਦਾ ਕਾਤਲ ਪਿੰਡ ਧੀਣਾ ਦਾ ਨਿਕਲਿਆ

**ਜਲੰਧਰ:** ਆਸਟਰੇਲੀਆ ਦੇ ਸ਼ਹਿਰ ਮੈਲਬੌਰਨ ਵਿਚ ਭਾਰਤੀ ਬੱਚੇ ਗੁਰਸ਼ਾਨ ਦੀ ਮੌਤ ਦਾ ਕਾਰਨ ਕਥਿਤ ਕਾਤਲ ਗੁਰਸੇਵਕ ਢਿੱਲੋਂ ਦੇ ਮਨ ਅੰਦਰਲਾ ਡਰ ਹੀ ਦੱਸਿਆ ਜਾ ਰਿਹਾ ਹੈ। ਜਲੰਧਰ ਸ਼ਹਿਰ ਦੀ ਵੱਖੀ ਵਿਚ ਵਸੇ ਧੀਣਾ ਪਿੰਡ ਦਾ ਰਹਿਣ ਵਾਲਾ ਗੁਰਸੇਵਕ ਸਿੰਘ ਢਿੱਲੋਂ ਦੋ ਸਾਲ ਪਹਿਲਾਂ ਹੀ ਪੜ੍ਹਾਈ ਦੇ ਆਧਾਰ 'ਤੇ ਆਸਟਰੇਲੀਆ ਗਿਆ ਸੀ। ਧੀਣਾ ਪਿੰਡ ਵਿਚ ਰਹਿੰਦੇ ਉਸ ਦੇ ਪਿਤਾ ਪ੍ਰਗਟ ਸਿੰਘ ਢਿੱਲੋਂ ਜੋ ਕਿ ਫੌਜ ਵਿਚ ਕੈਪਟਨ ਦੇ ਅਹੁਦੇ ਤੋਂ ਸੇਵਾ ਮੁਕਤ ਹੋਏ ਹਨ, ਨੇ ਗੱਲਬਾਤ ਕਰਦਿਆਂ ਖੁਲਾਸਾ ਕੀਤਾ ਕਿ ਗੁਰਸੇਵਕ ਕੋਲੋਂ ਅਣਜਾਣੇ ਵਿਚ ਹੋਈ ਗਲਤੀ ਕਾਰਨ ਗੁਰਸ਼ਾਨ ਦੀ ਜਾਨ ਚਲੀ ਗਈ। ਉਸ ਦੇ ਪਿਤਾ ਅਨੁਸਾਰ ਘਟਨਾ ਵਾਲੇ ਦਿਨ ਤੋਂ ਬਾਅਦ ਗੁਰਸੇਵਕ ਨੇ ਜੋ ਟੈਲੀਫੋਨ 'ਤੇ ਉਨ੍ਹਾਂ ਨੂੰ ਦੱਸਿਆ ਸੀ ਉਸ ਮੁਤਾਬਿਕ ਗੁਰਸੇਵਕ ਨੇ ਜਾਣ-ਬੁੱਝ ਕੇ ਤਿੰਨ ਸਾਲ ਦੇ ਗੁਰਸ਼ਾਨ ਨੂੰ ਨਹੀਂ ਸੀ ਮਾਰਿਆ।

ਪ੍ਰਗਟ ਸਿੰਘ ਨੇ ਦੱਸਿਆ ਕਿ ਗੁਰਸੇਵਕ ਜਦੋਂ ਆਪਣੇ ਕੰਮ ਤੋਂ ਵਾਪਸ ਘਰ ਆਇਆ ਤਾਂ ਉਸ ਨੇ ਘਰ ਅੰਦਰ ਦਾਖਲ ਹੋਣ ਲਈ ਦਰਵਾਜ਼ਾ ਖੋਲ੍ਹਿਆ ਤਾਂ ਦਰਵਾਜੇ ਨੇੜੇ ਖੜ੍ਹੇ



ਮੈਲਬੌਰਨ ਦੀ ਅਦਾਲਤ 'ਚ ਗੁਰਸੇਵਕ ਤੇ ਉਸ ਦੀ ਪਤਨੀ

ਗੁਰਸ਼ਾਨ ਦੇ ਮੱਥੇ ਵਿਚ ਦਰਵਾਜ਼ਾ ਜ਼ੋਰ ਨਾਲ ਲੱਗਾ। ਇਸੇ ਕਾਰਨ ਗੁਰਸ਼ਾਨ ਬੇਹੋਸ਼ ਹੋ ਕੇ ਡਿੱਗ ਪਿਆ। ਬੇਹੋਸ਼ ਹੋਏ ਗੁਰਸ਼ਾਨ ਨੂੰ ਦੇਖ ਕੇ ਗੁਰਸੇਵਕ ਘਬਰਾ ਗਿਆ। ਉਹ ਬੱਚੇ ਨੂੰ ਕਾਰ ਦੀ ਡਿੱਗੀ ਵਿਚ ਪਾ ਕੇ ਲੈ ਗਿਆ। ਗੁਰਸੇਵਕ ਨੇ ਆਪਣੇ ਧੀਣਾ ਰਹਿੰਦੇ ਮਾਪਿਆਂ ਨੂੰ ਦੱਸਿਆ ਕਿ ਉਹ ਬੱਚੇ ਨੂੰ ਹਸਪਤਾਲ ਲੈ ਜਾਣਾ ਚਾਹੁੰਦਾ ਸੀ ਪਰ ਰਸਤੇ ਵਿਚ ਹੀ ਗੱਡੀ ਦਾ ਪੈਟਰੋਲ ਖ਼ਤਮ ਹੋ ਗਿਆ। ਜਿਸ ਕਾਰਨ ਉਹ ਹੋਰ ਵੀ ਘਬਰਾ ਗਿਆ। ਤਿੰਨ ਘੰਟੇ ਡਿੱਗੀ ਵਿਚ ਰਹਿਣ ਨਾਲ ਬੇਹੋਸ਼ ਹੋਇਆ ਗੁਰਸ਼ਾਨ ਮਰ ਗਿਆ। ਆਪਣੀ ਅਣਜਾਣੇ ਵਿਚ ਹੋਈ ਗਲਤੀ ਨੂੰ ਛੁਪਾਉਣ ਲਈ ਗੁਰਸੇਵਕ ਨੇ ਗੁਰਸ਼ਾਨ ਦੀ ਲਾਸ਼ ਨੂੰ ਬੀਆਬਾਨ ਇਲਾਕੇ ਵਿਚ ਸੁੱਟ ਦਿੱਤਾ ਸੀ। ਗੁਰਸ਼ਾਨ ਦੀ ਮੌਤ ਬਾਰੇ ਦੇਸ਼ ਦੇ ਵਿਦੇਸ਼ ਮੰਤਰੀ ਵੀ ਆਸਟਰੇਲੀਆ ਸਰਕਾਰ ਨਾਲ ਗੱਲਬਾਤ ਕਰ ਚੁੱਕੇ ਹਨ। ਇਸ ਮਾਮਲੇ ਨੂੰ ਭਾਰਤ ਸਰਕਾਰ ਨੇ ਬੜੀ ਗੰਭੀਰਤਾ ਨਾਲ ਉਠਾਇਆ ਹੈ।

**ਗੁਰਸੇਵਕ ਝੂਠ ਬੋਲਦੈ :** ਇਸ ਦੌਰਾਨ ਗੁਸ਼ਾਨ ਦੇ ਪਿਤਾ ਹਰਜੀਤ ਸਿੰਘ ਨੇ ਕਿਹਾ ਕਿ ਗੁਰਸੇਵਕ ਸਿੰਘ ਝੂਠ ਬੋਲ ਰਿਹਾ ਹੈ ਅਤੇ ਅਸਲੀ ਤੱਥਾਂ ਨੂੰ ਛੁਪਾ ਰਿਹਾ ਹੈ। ਉਸਨੇ ਕਿਹਾ ਕਿ ਗੁਰਸ਼ਾਨ ਦੀ ਮੌਤ ਸਬੱਬੀ ਨਹੀਂ ਹੋਈ, ਸਗੋਂ ਉਸਦਾ ਕਤਲ ਕੀਤਾ ਗਿਆ ਹੈ। ਹਰਜੀਤ ਨੇ ਕਿਹਾ ਕਿ ਆਸਟ੍ਰੇਲੀਆ ਪੁਲਸ ਤੇ ਸਰਕਾਰ ਨੇ ਉਨ੍ਹਾਂ ਦੀ ਪੂਰੀ ਸਹਾਇਤਾ ਕੀਤੀ।

# ਹਜ਼ਾਰਾਂ ਸੇਜਲ ਅੱਖਾਂ ਨੇ ਦਿੱਤੀ ਅੰਤਿਮ ਵਿਦਾਇਗੀ

**ਕੋਟਕਪੂਰਾ :** ਆਸਟ੍ਰੇਲੀਆ 'ਚ ਮਾਰੇ ਗਏ ਕੋਟਕਪੂਰਾ ਦੇ ਤਿੰਨ ਸਾਲਾ ਮਾਸੂਮ ਬੱਚੇ ਗੁਰਸ਼ਾਨ ਦਾ ਸਥਾਨਕ ਸ੍ਰੀ ਰਾਮਬਾਗ ਸ਼ਮਸ਼ਾਨਘਾਟ ਵਿਖੇ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਚਿਖਾ ਨੂੰ ਅੱਗ ਮ੍ਰਿਤਕ ਬੱਚੇ ਦੇ ਪਿਤਾ ਹਰਜੀਤ ਸਿੰਘ ਨੇ ਦਿਖਾਈ। ਜ਼ਿਲਾ ਪ੍ਰਸ਼ਾਸਨ ਵਲੋਂ ਐਸ. ਡੀ. ਐਮ., ਭੁਪਿੰਦਰ ਸਿੰਘ ਅਤੇ ਤਹਿਸੀਲਦਾਰ ਆਤਮ ਸਿੰਘ ਵਲੋਂ ਇਸ ਮੌਕੇ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਗੁਰਸ਼ਾਨ ਦੇ ਪਿਤਾ ਹਰਜੀਤ ਸਿੰਘ ਤੇ ਮਾਤਾ ਹਰਪ੍ਰੀਤ ਕੌਰ 15 ਮਾਰਚ ਦੀ ਰਾਤ 11.25 ਵਜੇ ਦੇ ਕਰੀਬ ਗੁਰਸ਼ਾਨ ਦੀ ਮ੍ਰਿਤਕ ਦੇਹ ਲੈ ਕੇ ਇਥੇ ਪੁੱਜੇ। ਸਵੇਰ ਤੋਂ ਹੀ ਸੈਂਕੜਿਆਂ ਦੀ ਗਿਣਤੀ 'ਚ ਪਰਿਵਾਰ ਦੇ ਸਨੇਹੀ ਅਫਸੋਸ ਕਰਨ ਲਈ ਉਨ੍ਹਾਂ ਦੇ ਫਰੀਦਕੋਟ ਰੋਡ 'ਤੇ ਸਥਿਤ ਘਰ 'ਚ ਪੁੱਜੇ।

ਮ੍ਰਿਤਕ ਬੱਚੇ ਦੀ ਅੰਤਿਮ ਯਾਤਰਾ ਉਨ੍ਹਾਂ ਦੇ ਨਿਵਾਸ ਸਥਾਨ ਤੋਂ ਸਵੇਰੇ 11 ਵਜੇ ਦੇ ਕਰੀਬ ਸ਼ੁਰੂ ਹੋਈ, ਜਿਸ 'ਚ ਸੈਂਕੜਿਆਂ ਦੀ ਗਿਣਤੀ 'ਚ ਲੋਕਾਂ ਨੇ ਹਿੱਸਾ ਲਿਆ। ਦੁਪਹਿਰ 12 ਵਜੇ ਦੇ ਕਰੀਬ ਉਸਦੇ ਪਿਤਾ ਵਲੋਂ ਚਿਖਾ ਨੂੰ ਅਗਨੀ ਦਿਖਾ ਕੇ ਅੰਤਿਮ ਸੰਸਕਾਰ ਦੀਆਂ ਰਸਮਾਂ ਨੂੰ ਪੂਰਾ ਕੀਤਾ ਗਿਆ।

ਇਸ ਮੌਕੇ ਗੁਰਸ਼ਾਨ ਦੀ ਮਾਤਾ ਹਰਪ੍ਰੀਤ ਕੌਰ ਤੋਂ ਇਲਾਵਾ ਉਸਦੇ ਰਿਸ਼ਤੇਦਾਰਾਂ ਅਤੇ ਯਾਰਾਂ-ਦੋਸਤਾਂ ਦੀਆਂ ਕੁਰਲਾਹਟਾਂ ਨੇ ਉਥੇ ਹਾਜ਼ਰ ਹਰ ਇਕ ਵਿਅਕਤੀ ਦਾ ਕਾਲਜਾ ਵਲੂੰਧਰ ਸੁੱਟਿਆ ਅਤੇ ਸੈਂਕੜੇ ਅੱਖਾਂ ਹੰਝੂਆਂ ਨਾਲ ਭਰ ਗਈਆਂ।

ਗੁਰਸ਼ਾਨ ਦੇ ਦਾਦਾ ਜਰਨੈਲ ਸਿੰਘ ਤੇ ਦਾਦੀ ਗੁਰਦੇਵ ਕੌਰ ਕਰੀਬ 5 ਸਾਲਾਂ ਤੋਂ ਕੈਨੇਡਾ ਰਹਿ ਰਹੇ ਹਨ ਅਤੇ ਕੁਝ ਦਿਨ ਪਹਿਲਾਂ ਹੀ ਕੋਟਕਪੂਰਾ ਪੁੱਜੇ ਹਨ। ਸ਼ਮਸ਼ਾਨਘਾਟ 'ਚ ਹਰ ਕੋਈ ਵਿਅਕਤੀ ਇਸ ਮਾਸੂਮ ਬੱਚੇ ਦੀ ਮੌਤ ਲਈ ਜ਼ਿੰਮੇਵਾਰ ਗੁਰਸੇਵਕ ਸਿੰਘ ਢਿੱਲੋਂ ਨੂੰ ਕੋਸ ਰਿਹਾ ਸੀ।

# ਮੈਡੀਕਲ ਕਾਲਜ ਦੀ ਪ੍ਰਿੰਸੀਪਲ ਤੇ ਬੱਚਾ ਵਿਭਾਗ ਦੀ ਮੁਖੀ ਚਾਰਜਸ਼ੀਟ

**ਪਟਿਆਲਾ:** ਆਖਰ ਇਕ ਸਾਲ ਦੋ ਮਹੀਨੇ ਬਾਅਦ ਸਰਕਾਰੀ ਰਾਜਿੰਦਰਾ ਹਸਪਤਾਲ ਦੇ ਬੱਚਾ ਵਿਭਾਗ ਦੀ ਨਰਸਰੀ ਦੇ ਅਗਨੀਕਾਂਡ ਵਿਚ ਮਾਰੇ ਗਏ ਨਵਜੰਮੇ ਬੱਚਿਆਂ ਦੇ ਮਾਮਲੇ 'ਚ ਮੈਡੀਕਲ ਕਾਲਜ ਦੀ ਪ੍ਰਿੰਸੀਪਲ ਅਤੇ ਹਸਪਤਾਲ ਦੇ ਬੱਚਾ ਵਿਭਾਗ ਦੇ ਮੁਖੀ ਨੂੰ ਚਾਰਜਸ਼ੀਟ ਕਰ ਦਿੱਤਾ ਗਿਆ ਹੈ। ਮੈਡੀਕਲ ਸਿਖਿਆ ਤੇ ਖੋਜ ਸਕੱਤਰ ਵਲੋਂ ਉਸ ਸਮੇਂ ਸਰਕਾਰੀ ਮੈਡੀਕਲ ਕਾਲਜ ਦੀ ਪ੍ਰਿੰਸੀਪਲ ਡਾ. ਜਸਵਿੰਦਰ ਕੌਰ ਸ਼ੇਰਗਿੱਲ, ਸਰਕਾਰੀ ਰਾਜਿੰਦਰਾ ਹਸਪਤਾਲ ਦੇ ਬੱਚਾ ਵਿਭਾਗ ਦੇ ਮੁੱਖੀ ਡਾ. ਕੇ.ਕੇ. ਲੋਚਮ ਨੂੰ ਇਸ ਮਾਮਲੇ ਵਿਚ ਚਾਰਜਸ਼ੀਟ ਕਰ ਦਿੱਤਾ ਗਿਆ ਹੈ। ਜਦੋਂਕਿ ਦਰਜਾ ਚਾਰ ਕਰਮਚਾਰੀ ਸਤਿਆ ਦੇਵੀ ਨੂੰ ਅੰਮ੍ਰਿਤਸਰ ਤਬਦੀਲ ਕਰ ਦਿੱਤਾ ਗਿਆ ਹੈ।

ਇਸ ਤੋਂ ਇਲਾਵਾ ਮੌਕੇ 'ਤੇ ਮੌਜੂਦ ਪ੍ਰਿੰਸੀਪਲ ਡਾ. ਸੁਰਿੰਦਰ ਸਿੰਘ ਤੋਂ ਜਵਾਬ ਮੰਗਿਆ ਗਿਆ ਹੈ। ਜਦੋਂਕਿ ਉਸ ਸਮੇਂ ਡਿਊਟੀ ਤੇ ਤਾਇਨਾਤ ਸਟਾਫ ਨਰਸ ਨੂੰ ਤਾਂ ਉਸੇ ਸਮੇਂ ਹੀ ਹਟਾ ਦਿੱਤਾ ਗਿਆ ਸੀ। ਮੁੱਖ ਤੌਰ 'ਤੇ ਡਾ. ਸ਼ੇਰਗਿੱਲ ਅਤੇ ਡਾ.ਕੇ.ਕੇ. ਲੋਚਮ ਦੋਨਾਂ ਨੂੰ ਤਿੰਨ ਹਫਤੇ ਦੇ ਅੰਦਰ ਅੰਦਰ ਜਵਾਬ ਦੇਣ ਲਈ ਵੀ ਕਿਹਾ ਗਿਆ ਹੈ। ਡਾ. ਸ਼ੇਰਗਿੱਲ ਅਤੇ ਡਾ.ਕੇ.ਕੇ. ਲੋਚਮ ਬਾਰੇ ਪੁਸ਼ਟੀ ਖੁਦ ਮੈਡੀਕਲ ਸਿੱਖਿਆ ਅਤੇ ਖੋਜ ਮੰਤਰੀ ਸ੍ਰੀ ਤੀਕਸ਼ਣ ਸੂਦ ਨੇ ਕਰ ਦਿੱਤੀ ਹੈ। ਪਰ ਬਾਕੀਆਂ ਬਾਰੇ ਅਜੇ ਵਿਭਾਗੀ ਸੂਤਰ ਹੀ ਜਾਣਕਾਰੀ ਦੇ ਰਹੇ ਹਨ।

ਚਾਰਜਸ਼ੀਟ ਵਿਚ ਜਿਹੜੇ ਕਾਰਨਾਂ ਦਾ ਜਵਾਬ ਮੰਗਿਆ ਗਿਆ ਹੈ, ਉਸ 'ਚ ਡਾ. ਜਸਵਿੰਦਰ ਕੌਰ ਸ਼ੇਰਗਿੱਲ ਤੋਂ ਬਤੌਰ ਮੁਖੀ ਹੋਣ ਦੇ ਨਾਤੇ ਉਚਿਤ ਕਦਮ ਨਾ ਚੁੱਕੇ ਜਾਣ ਬਾਰੇ ਪੁੱਛਿਆ ਗਿਆ ਹੈ ਉਥੇ ਡਾ. ਕੇ.ਕੇ. ਲੋਚਮ ਤੋਂ ਪੁੱਛਿਆ ਗਿਆ ਹੈ ਕਿ ਉਹ 1999 ਤੋਂ ਵਿਭਾਗ ਦੇ ਮੁਖੀ ਚਲੇ ਆ ਰਹੇ ਹਨ, ਤਾਂ ਵਿਭਾਗ ਵਿਚ ਜਿਹੜੀਆਂ ਵੀ ਘਾਟਾਂ ਸਨ, ਉਨ੍ਹਾਂ ਨੂੰ ਸਮਾਂ ਰਹਿੰਦੇ ਕਿਉਂ ਨਹੀਂ ਠੀਕ ਕਰਵਾਇਆ ਗਿਆ। ਇਸ ਤੋਂ ਇਲਾਵਾ ਚਾਰਜਸ਼ੀਟ ਵਿਚ ਇਹ ਵੀ ਕਿਹਾ ਗਿਆ ਹੈ ਕਿ ਇਸ ਅਗਨੀ ਕਾਂਡ ਨਾਲ ਸਰਕਾਰ ਦੀ ਸਾਖ ਨੂੰ ਵੀ ਵੱਟਾ ਲੱਗਾ ਹੈ ਜਿਸ ਲਈ ਅਧਿਕਾਰੀ ਜਵਾਬ ਦੇਣ।

ਜ਼ਿਕਰਯੋਗ ਹੈ ਕਿ 31 ਜਨਵਰੀ 2009 ਨੂੰ ਸਰਕਾਰੀ ਰਾਜਿੰਦਰਾ ਹਸਪਤਾਲ ਦੀ ਬੱਚਾ ਵਿਭਾਗ ਦੀ ਨਰਸਰੀ ਵਿਚ ਫੋਟੋਥੈਰੇਪੀ ਯੂਨਿਟ ਨੂੰ ਅੱਗ ਲੱਗ ਜਾਣ ਕਾਰਨ ਛੇ ਨਵਜੰਮੇ ਬੱਚੇ ਜਿਨ੍ਹਾਂ ਨੇ ਅਜੇ ਸੂਰਜ ਦੀ ਕਿਰਨ ਵੀ ਨਹੀਂ ਸੀ ਦੇਖੀ, ਸੜ ਕੇ ਮਰ ਗਏ ਸਨ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਉਸੇ ਹੀ ਦਿਨ ਸਾਬਕਾ ਜੱਜ ਸ੍ਰੀ ਕੇ.ਸੀ. ਗੁਪਤਾ ਨੂੰ ਨਿਆਂਇਕ ਜਾਂਚ ਸੌਂਪ ਦਿੱਤੀ ਸੀ। ਹਾਲਾਂਕਿ ਆਪਣੀ ਪਹਿਲੀ ਹੀ ਫੇਰੀ 'ਤੇ ਸ੍ਰੀ ਗੁਪਤਾ ਨੇ ਇਕ ਮਹੀਨੇ ਵਿਚ ਰਿਪੋਰਟ ਦੇਣ ਦਾ ਐਲਾਨ ਕਰ ਦਿੱਤਾ ਸੀ, ਪਰ ਇਕ ਸਾਲ ਬਾਅਦ ਉਨ੍ਹਾਂ ਸਰਕਾਰ ਨੂੰ ਆਪਣੀ ਰਿਪੋਰਟ ਜਮ੍ਹਾਂ ਕਰਵਾਈ।

## ਸੁਰਜੀਤ ਸਿੰਘ ਬਰਨਾਲਾ ਬੀਮਾਰ, ਹਸਪਤਾਲ ਦਾਖ਼ਲ

**ਚੇਨਈ :** ਤਾਮਿਲਨਾਡੂ ਦੇ ਰਾਜਪਾਲ ਸੁਰਜੀਤ ਸਿੰਘ ਬਰਨਾਲਾ ਨੂੰ ਬੀਤੀ 13 ਮਾਰਚ ਨੂੰ ਬੁਖ਼ਾਰ ਹੋਣ ਮਗਰੋਂ ਹਸਪਤਾਲ ਭਰਤੀ ਕਰਾਉਣਾ ਪਿਆ। ਅਪੋਲੋ ਹਸਪਤਾਲ ਦੇ ਡਾਇਰੈਕਟਰ ਡਾ. ਐਨ. ਸਤਿਆਭਾਮਾ ਨੇ ਦਸਿਆ ਕਿ ਉਨ੍ਹਾਂ ਦੀ ਹਾਲਤ ਸਥਿਰ ਬਣੀ ਹੋਈ ਹੈ।



ਬੀਮਾਰ ਹੋਣ ਕਾਰਨ ਸੁਰਜੀਤ ਸਿੰਘ ਬਰਨਾਲਾ 13 ਮਾਰਚ ਨੂੰ ਤਾਮਿਲਨਾਡੂ ਵਿਧਾਨ ਸਭਾ ਦੀ ਨਵੀਂ ਬਣੀ ਇਮਾਰਤ ਦੇ ਉਦਘਾਟਨੀ ਸਮਾਗਮ ਵਿਚ ਸ਼ਾਮਲ ਨਹੀਂ ਹੋ ਸਕੇ।

ਇਸ ਸਮਾਗਮ ਵਿਚ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ, ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਅਤੇ ਤਾਮਿਲਨਾਡੂ ਦੇ ਮੁੱਖ ਮੰਤਰੀ ਐਮ. ਕਰੁਨਾਨਿਧੀ ਨੇ ਸ਼ਿਰਕਤ ਕੀਤੀ।

## ਪੰਥਕ ਸਲੇਟ ਦੀ ਮਦਦ ਕਰਨ 'ਤੇ ਸੰਗਤ ਦਾ ਧੰਨਵਾਦ

**ਸੈਨ ਹੋਜ਼ੇ :** ਐਤਵਾਰ ਨੂੰ ਹੋਈਆਂ ਗੁਰਦੁਆਰਾ ਫਰੀਮਾਂਟ ਦੀ ਸੁਪਰੀਮ ਕੌਂਸਲ ਚੋਣਾਂ ਵਿਚ ਸੈਨ ਹੋਜ਼ੇ ਏਰੀਆ ਵਿਚ ਪੰਥਕ ਸਲੇਟ ਦੇ ਹੱਕ ਵਿਚ ਚੋਣ ਪ੍ਰਚਾਰ ਕਰਨ ਵਾਲੇ ਆਗੂਆਂ ਨੇ ਇਕ ਸਾਂਝੇ ਬਿਆਨ ਵਿਚ ਕਿਹਾ ਹੈ ਕਿ ਇਨ੍ਹਾਂ ਚੋਣਾਂ ਵਿਚ ਭਾਵੇਂ ਪੰਥਕ ਸਲੇਟ ਹਾਰ ਗਈ ਹੈ ਪਰ ਚੋਣਾਂ ਵਿਚ ਸੈਨ ਹੋਜ਼ੇ ਦੀ ਸਿੱਖ ਸੰਗਤ ਨੇ ਸਲੇਟ ਦੇ ਹੱਕ 'ਚ ਵੋਟਾਂ ਪਾ ਕੇ ਅਹਿਮ ਯੋਗਦਾਨ ਪਾਇਆ ਹੈ।

ਬਿਆਨ 'ਚ ਸ. ਸੁਖਦੇਵ ਸਿੰਘ ਬੈਣੀਵਾਲ, ਕਿਰਪਾਲ ਸਿੰਘ ਅਟਵਾਲ, ਨੀਤੂ ਸਿੰਘ ਕਾਹਲੋਂ, ਭੁਪਿੰਦਰ ਸਿੰਘ ਚੀਮਾ, ਜਸਵੀਰ ਸਿੰਘ ਪਵਾਰ, ਸਤਿੰਦਰ ਸਿੰਘ ਮੰਘਰ, ਸੁਖਵਿੰਦਰ ਸਿੰਘ ਗੋਗੀ, ਦਲਜੀਤ ਸਿੰਘ ਮਾਵੀ, ਭੁਪਿੰਦਰ ਸਿੰਘ ਮਲੇਰਕੋਟਲਾ, ਗੁਰਬਖ਼ਸ਼ ਸਿੰਘ ਢਿੱਲੋਂ, ਕਿਰਪਾਲ ਸਿੰਘ ਬਸਾਤੀ, ਲਹਿੰਬਰ ਸਿੰਘ, ਸੁਖਦੇਵ ਸਿੰਘ ਗੇਹਲੋਂ, ਰਜਿੰਦਰ ਸਿੰਘ ਸਚਦੇਵਾ, ਸਮਿੱਤਰ ਸਿੰਘ, ਗੁਰਜੰਟ ਸਿੰਘ ਸੰਘਾ, ਬਲਕਾਰ ਸਿੰਘ ਸਿੱਧੂ, ਹਰਪ੍ਰਕਾਸ਼ ਸਿੰਘ ਢਿੱਲੋਂ ਅਤੇ ਸਰਬਜੋਤ ਸਿੰਘ ਸਵੱਦੀ ਨੇ ਕਿਹਾ ਹੈ ਕਿ ਅਸੀਂ ਧਾਰਮਕ, ਸਮਾਜਕ, ਰਾਜਨੀਤਕ ਜਥੇਬੰਦੀਆਂ, ਜਿਨ੍ਹਾਂ ਦਿਨ ਰਾਤ ਇੱਕ ਕਰਕੇ ਪੰਥਕ ਸਲੇਟ ਦੇ ਹੱਕ ਵਿਚ ਚੋਣ ਪ੍ਰਚਾਰ ਕੀਤਾ ਹੈ, ਦੇ ਦਿਲੋਂ ਧੰਨਵਾਦੀ ਹਾਂ।

# ਮਡੇਰਾ ਵਿਚ ਨਵੇਂ ਗੁਰੂਘਰ ਦਾ ਉਦਘਾਟਨ 20 ਨੂੰ

**ਮਡੇਰਾ, ਕੈਲੀਫੋਰਨੀਆ (ਪੰਜਾਬ ਟਾਈਮਜ਼ ਬਿਊਰੋ):** ਦੁਨੀਆਂ 'ਚ ਜਿਥੇ ਵੀ ਕਿਤੇ ਸਿੱਖ ਭਰਾ ਜੁੜਦੇ ਹਨ ਉਨ੍ਹਾਂ ਦੀ ਪਹਿਲੀ ਇੱਛਾ ਜਿੰਨੀ ਜਲਦੀ ਹੋ ਸਕੇ ਗੁਰੂ ਘਰ ਬਣਾਉਣ ਦੀ ਹੁੰਦੀ ਹੈ। ਇਸ ਇਲਾਕੇ ਦੀਆਂ ਸੰਗਤਾਂ ਵਲੋਂ ਇਥੇ ਬਣਾਏ ਗਏ ਗੁਰਦੁਆਰਾ ਗੁਰਮਤਿ ਪ੍ਰਕਾਸ਼ ਵਿਚ ਪ੍ਰਥਮ ਪ੍ਰਕਾਸ਼ ਸਮਾਗਮ ਆਉਂਦੀ 20 ਮਾਰਚ ਨੂੰ ਹੋ ਰਿਹਾ ਹੈ। ਇਸ ਸਬੰਧੀ ਵਿਸ਼ੇਸ਼ ਗੁਰਮਤਿ ਸਮਾਗਮ ਉਲੀਕੇ ਗਏ ਹਨ। ਕੈਲੀਫੋਰਨੀਆ ਦੀ ਕੇਂਦਰੀ ਆਬਾਦੀ ਵਿਚ ਬਹੁਤ ਸਾਰੇ ਗੁਰੂ ਘਰ ਹਨ, ਜਦੋਂਕਿ ਮਡੇਰਾ ਵਿਚ ਇਹ ਪਹਿਲਾ ਗੁਰੂ ਘਰ ਹੋਵੇਗਾ। ਸਥਾਨਕ ਸੰਗਤ ਵਿਚ ਇਸ ਗੁਰੂ ਘਰ ਪ੍ਰਤੀ ਪਿਛਲੇ ਲੰਮੇ ਸਮੇਂ ਤੋਂ ਉਤਸ਼ਾਹ ਸੀ। ਇਸ ਗੁਰੂ ਘਰ ਵਿਚ ਨੌਜਵਾਨ ਤਬਕੇ ਨੂੰ ਪ੍ਰਬੰਧ 'ਚ ਵਿਸ਼ੇਸ਼ ਪ੍ਰਤੀਨਿਧਤਾ ਦਿੱਤੇ ਜਾਣ ਦੀ ਵਿਵਸਥਾ ਕੀਤੀ ਗਈ ਹੈ।

ਇਥੋਂ ਉਤਰ ਵੱਲ ਲਿਵਿੰਗਸਟਨ ਵਿਚ ਦੋ ਗੁਰੂ ਘਰ ਹਨ ਜਦੋਂ ਕਿ ਦੱਖਣ ਵੱਲ ਫਰਿਜ਼ਨੋ ਇਲਾਕੇ ਵਿਚ ਕਈ ਗੁਰੂ ਘਰ ਹਨ। ਗੁਰਦੁਆਰਾ ਗੁਰਮਤਿ ਪ੍ਰਕਾਸ਼ ਸਿਰਫ ਇਲਾਕੇ ਵਿਚ ਇਕ ਹੋਰ ਗੁਰੂ ਘਰ ਹੀ ਨਹੀਂ ਹੋਵੇਗਾ ਸਗੋਂ ਇਸ ਗੱਲੋਂ ਵਖਰਾ ਹੋਵੇਗਾ ਕਿ ਇਹ ਗੁਰੂਘਰ ਸਾਡੀ ਨੌਜਵਾਨ ਪੀੜੀ ਦਾ, ਉਨ੍ਹਾਂ ਲਈ ਅਤੇ ਉਨ੍ਹਾਂ ਵਲੋਂ ਚਲਾਇਆ ਜਾਣ ਵਾਲਾ ਭਾਈਚਾਰਕ ਕੇਂਦਰ ਬਣ ਸਕੇਗਾ। ਗੁਰਦੁਆਰਾ ਗੁਰਮਤਿ ਪ੍ਰਕਾਸ਼ ਦੇ ਸੇਵਾਦਾਰਾਂ ਨੇ ਇਸ ਗੁਰੂਘਰ ਨੂੰ ਨੌਜਵਾਨ ਪੀੜੀ ਲਈ ਚਾਨਣ ਦਾ ਕੇਂਦਰ ਬਣਾਉਣ ਦਾ ਸੁਪਨਾ ਲਿਆ ਹੈ। ਸਾਡੀ ਨੌਜਵਾਨ ਪੀੜੀ ਆਪਣੀ ਵਖਰੀ ਪਛਾਣ ਪ੍ਰਤੀ ਅਵੇਸਲੀ ਹੁੰਦੀ ਜਾ ਰਹੀ ਹੈ ਪਰ ਇਹ ਗੁਰੂਘਰ ਨਵੀਂ ਪੀੜੀ ਲਈ ਰੂਹਾਨੀਅਤ ਦਾ ਕੇਂਦਰ ਬਣੇਗਾ।

ਗੁਰਦੁਆਰਾ ਗੁਰਮਤਿ ਪ੍ਰਕਾਸ਼ ਦੇ ਸੇਵਾਦਾਰ ਪਹਿਲਾਂ ਹੀ ਸੈਲਮਾ ਇਲਾਕੇ ਵਿਚ ਖਾਲਸਾ ਫੁਲਵਾੜੀ ਦੇ ਜਰੀਏ ਨੌਜਵਾਨ ਪੀੜੀ ਨੂੰ ਵਿਦਿਅਕ ਸੇਵਾਵਾਂ ਮੁਹੱਈਆ ਕਰ ਰਹੇ ਹਨ। ਖਾਲਸਾ ਫੁਲਵਾੜੀ ਪਿਛਲੇ ਕੋਈ 12 ਸਾਲ ਤੋਂ ਸੈਲਮਾ ਦੇ ਇਲਾਕੇ ਵਿਚ ਸਿੱਖ ਨੌਜਵਾਨਾਂ ਦੀਆਂ ਲੋੜਾਂ ਪੂਰੀਆਂ ਕਰ ਰਹੀ ਹੈ। ਪ੍ਰਬੰਧਕਾਂ ਦਾ ਮਨਸ਼ਾ ਸਿੱਖ ਭਾਈਚਾਰੇ ਅਤੇ ਸਥਾਨਕ ਅਮਰੀਕੀ ਭਾਈਚਾਰੇ ਵਿਚਾਲੇ ਗੂੜ੍ਹੇ ਭਾਈਚਾਰਕ ਸਬੰਧ ਪੈਦਾ ਕਰਨਾ ਹੈ। ਵਾਤਾਵਰਣ ਸੰਭਾਲ ਪ੍ਰਤੀ ਵੀ ਖਾਸ ਧਿਆਨ ਦਿਤਾ ਜਾਏਗਾ।

# ਸੇਵਾ ਸਿੰਘ ਸੇਖਵਾਂ ਦਾ ਫਰਿਜ਼ਨੋ 'ਚ ਸਵਾਗਤ

**ਫਰਿਜ਼ਨੋ:** ਇਨ੍ਹੀਂ ਦਿਨੀ ਅਮਰੀਕਾ ਦੇ ਨਿਜੀ ਦੌਰੇ 'ਤੇ ਆਏ ਹੋਏ ਪੰਜਾਬ ਦੇ ਲੋਕ ਸੰਪਰਕ ਅਤੇ ਪਰਵਾਸੀ ਮਾਮਲਿਆਂ ਬਾਰੇ ਮੰਤਰੀ ਸ. ਸੇਵਾ ਸਿੰਘ ਸੇਖਵਾਂ ਦਾ ਇਥੇ ਅਕਾਲੀ ਆਗੂਆਂ ਅਤੇ ਪੰਜਾਬੀ ਪਤਵੰਤਿਆਂ ਵਲੋਂ ਭਰਵਾਂ ਸਵਾਗਤ ਕੀਤਾ ਗਿਆ। ਇਸ ਸਮਾਗਮ ਵਿਚ ਅਟਾਰਨੀ ਜਸਪ੍ਰੀਤ ਸਿੰਘ ਤੋਂ ਇਲਾਵਾ ਅਕਾਲੀ ਦਲ (ਬਾਦਲ) ਦੀ ਅਮਰੀਕਾ ਇਕਾਈ ਦੇ ਚੇਅਰਮੈਨ ਸ੍ਰੀ ਹੈਰੀ ਗਿੱਲ, ਪ੍ਰੀਤਮ ਸਿੰਘ ਨਾਹਲ, ਗੁਰਦੁਆਰਾ ਸੈਲਮਾ ਦੇ ਪ੍ਰਧਾਨ ਭਰਪੂਰ ਸਿੰਘ ਗਿੱਲ, ਬਚਿੱਤਰ ਸਿੰਘ ਟਰਲਕ, ਨਰਿੰਦਰਪਾਲ ਸਿੰਘ ਹੁੰਦਲ, ਅਰਵਿੰਦਰ ਸਿੰਘ ਲਾਖਨ, ਗੁਰਦੀਪ ਸਿੰਘ ਨਿੱਝਰ, ਕੰਵਰ ਸਿੰਘ ਔਲਖ, ਪਾਲ ਸਿੰਘ ਸਹੋਤਾ, ਚਰਨਜੀਤ ਸਿੰਘ ਬਾਠ ਅਤੇ ਕੁਲਬੀਰ ਸਿੰਘ ਹੇਅਰ ਹਾਜ਼ਰ ਸਨ। ਅਟਾਰਨੀ ਜਸਪ੍ਰੀਤ ਸਿੰਘ, ਸ੍ਰੀ ਹੈਰੀ ਗਿੱਲ,



ਸ੍ਰੀ ਪਾਲ ਸਹੋਤਾ, ਸ੍ਰੀ ਚਰਨਜੀਤ ਸਿੰਘ ਨਾਹਲ, ਸ੍ਰੀ ਬਚਿੱਤਰ ਸਿੰਘ ਅਤੇ ਸ੍ਰੀ ਨਰਿੰਦਰਪਾਲ ਸਿੰਘ ਹੁੰਦਲ ਨੇ ਮੰਤਰੀ ਨੂੰ ਜੀ ਆਇਆਂ ਕਹਿੰਦਿਆਂ ਆਪਣੇ ਵਿਚਾਰ ਪੇਸ਼ ਕੀਤੇ।

ਸ. ਸੇਖਵਾਂ ਨੇ ਇਸ ਮੌਕੇ ਸਮਾਗਮ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਪੰਜਾਬ ਸਰਕਾਰ ਪਰਵਾਸੀ ਭਾਰਤੀਆਂ ਦੀ ਹਰ ਤਰ੍ਹਾਂ ਨਾਲ ਮਦਦ ਕਰਨ ਲਈ ਤਤਪਰ ਹੈ। ਪਰਵਾਸੀਆਂ ਦੀਆਂ ਜਾਇਦਾਦਾਂ ਦੀ ਹਿਫਾਜ਼ਤ ਵਾਸਤੇ ਸਰਕਾਰ ਵਲੋਂ ਸਖ਼ਤ ਕਦਮ ਚੁੱਕੇ ਜਾ ਰਹੇ ਹਨ ਅਤੇ ਐਨ ਆਰ ਆਈ ਥਾਣੇ ਹੋਰ ਜ਼ਿਲਿਆਂ ਵਿਚ ਵੀ ਖੋਲ੍ਹੇ ਜਾਣਗੇ।

ਅਟਾਰਨੀ ਜਸਪ੍ਰੀਤ ਸਿੰਘ ਨੇ ਅਮਰੀਕਨ ਸਿਟੀਜ਼ਨ ਪੰਜਾਬੀਆਂ ਨੂੰ ਭਾਰਤ ਦਾ ਵੀਜ਼ਾ ਲੈਣ ਵਿਚ ਆ ਰਹੀ ਮੁਸ਼ਕਲ ਬਾਰੇ ਜਾਣਕਾਰੀ ਦਿੱਤੀ ਜਿਸ 'ਤੇ ਮੰਤਰੀ ਨੇ ਭਰੋਸਾ ਦਿਤਾ ਕਿ ਉਹ ਇਹ ਮਾਮਲਾ ਸ. ਸੁਖਬੀਰ ਸਿੰਘ ਬਾਦਲ, ਬੀਬੀ ਹਰਸਿਮਰਤ ਕੌਰ ਬਾਦਲ ਅਤੇ ਐਮ ਪੀ ਨਵਜੋਤ ਸਿੰਘ ਸਿੱਧੂ ਪਾਸ ਉਠਾਉਣਗੇ ਤਾਂ ਜੋ ਭਾਰਤ ਦੇ ਵਿਦੇਸ਼ ਮੰਤਰੀ ਨਾਲ ਗੱਲਬਾਤ ਕਰਕੇ ਮਾਮਲਾ ਸੁਲਝਾਇਆ ਜਾ ਸਕੇ।

# ਦੇਵ ਰਾਜ ਖਿਲਾਫ ਡਿਪੋਰਟੇਸ਼ਨ ਰੱਦ

**ਫਰੀਮਾਂਟ:** ਅਟਾਰਨੀ ਗੁਰਪਤਵੰਤ ਸਿੰਘ ਪੰਨੂੰ ਦੇ ਯਤਨਾਂ ਸਦਕਾ ਦੇਵ ਰਾਜ ਖਿਲਾਫ ਹੋਏ ਡਿਪੋਰਟੇਸ਼ਨ ਦੇ ਹੁਕਮ ਰੱਦ ਕਰ ਦਿੱਤੇ ਗਏ ਹਨ। ਜ਼ਿਕਰਯੋਗ ਹੈ ਕਿ 27 ਜੁਲਾਈ 2004 ਨੂੰ ਇਮੀਗ੍ਰੇਸ਼ਨ ਜੱਜ ਨੇ ਦੇਵ ਰਾਜ ਦੀ ਅਸਾਈਲਮ ਅਰਜੀ ਰੱਦ ਕਰ ਦਿਤੀ ਸੀ ਜਦਕਿ 10 ਨਵੰਬਰ 2005 ਨੂੰ ਬੋਰਡ ਆਫ ਇਮੀਗ੍ਰੇਸ਼ਨ ਅਪੀਲਜ਼ ਨੇ ਕੇਸ ਨੂੰ ਵਾਪਸ ਇਮੀਗ੍ਰੇਸ਼ਨ ਜੱਜ ਕੋਲ ਭੇਜ ਦਿੱਤਾ ਸੀ। ਬੋਰਡ ਨੇ ਪਾਇਆ ਸੀ ਕਿ ਇਮੀਗ੍ਰੇਸ਼ਨ ਜੱਜ ਕੋਲ ਵਿਸ਼ਵਾਸ ਕਰਨ ਯੋਗ ਤੱਥ ਨਹੀਂ ਪੇਸ਼ ਕੀਤੇ ਗਏ। ਇਸ ਤੋਂ ਬਾਅਦ ਇਸੇ ਕੇਸ ਵਿਚ 4 ਫਰਵਰੀ 2008 ਨੂੰ ਇਮੀਗ੍ਰੇਸ਼ਨ ਜੱਜ ਨੇ ਇਕ ਵਾਰ ਫੇਰ ਦੇਵ ਰਾਜ ਦੀ ਅਸਾਈਲਮ ਬਾਰੇ ਅਰਜੀ ਨੂੰ ਨਾ ਮਨਜ਼ੂਰ ਕਰ ਦਿੱਤਾ ਸੀ।

ਇਮੀਗ੍ਰੇਸ਼ਨ ਜੱਜ ਵਲੋਂ ਦੇਵ ਰਾਜ ਦੇ ਕੇਸ ਨੂੰ ਨਾਮਨਜ਼ੂਰ ਕਰਨ ਤੋਂ ਬਾਅਦ ਉਸ ਨੂੰ ਡਿਪੋਰਟ ਕਰਨ ਦਾ ਹੁਕਮ ਦਿੱਤਾ ਗਿਆ ਸੀ ਪਰ ਇਸ ਤੋਂ ਬਾਅਦ ਅਟਾਰਨੀ ਗੁਰਪਤਵੰਤ ਸਿੰਘ ਪੰਨੂੰ ਨੇ ਬੋਰਡ ਆਫ ਇਮੀਗ੍ਰੇਸ਼ਨ ਅਪੀਲਜ਼ ਅੱਗੇ ਅਪੀਲ ਕਰ ਕੀਤੀ ਤੇ ਡਿਪੋਰਟੇਸ਼ਨ ਦੇ ਹੁਕਮ ਰੱਦ ਕਰਵਾਏ। ਅਟਾਰਨੀ ਪੰਨੂੰ ਨੇ ਸਫਲ ਤਰੀਕੇ ਨਾਲ ਦਲੀਲ ਦਿੱਤੀ ਕਿ ਦੇਵ ਰਾਜ ਨੇ ਅਸਾਈਲਮ ਲਈ ਆਪਣੀ ਅਰਜ਼ੀ 4 ਅਕਤੂਬਰ 2004 ਤੋਂ ਪਹਿਲਾਂ ਦਾਇਰ ਕੀਤੀ, ਇਸ ਲਈ ਇਹ ਕੇਸ 2005 ਦੇ ਰੀਅਲ ਆਈ ਡੀ ਐਕਟ ਤਹਿਤ ਨਹੀਂ ਆਉਂਦਾ।

ਅਟਾਰਨੀ ਗੁਰਪਤਵੰਤ ਸਿੰਘ ਪੰਨੂੰ ਨੇ ਬੋਰਡ ਅੱਗੇ ਇਹ ਵੀ ਦਲੀਲ ਦਿੱਤੀ ਕਿ ਇਮੀਗ੍ਰੇਸ਼ਨ ਜੱਜ ਨੇ ਇਹ ਗਲਤੀ ਕੀਤੀ ਹੈ ਕਿ ਉਸ ਨੇ ਦੇਵ ਰਾਜ ਖਿਲਾਫ ਇਹ ਲਿਖਿਆ ਕਿ ਦੇਵ ਰਾਜ ਖਿਲਾਫ ਵਿਸ਼ਵਾਸ ਕਰਨ ਯੋਗ ਤੱਥ ਨਹੀਂ ਹਨ ਕਿਉਂਕਿ ਇਮੀਗ੍ਰੇਸ਼ਨ ਜੱਜ ਛੋਟੀਆਂ ਗੱਲਾਂ 'ਤੇ ਨਿਰਭਰ ਕਰਦੇ ਰਹੇ ਤੇ ਉਹ ਅਦਾਲਤ ਵਿਚ ਉਸ ਦੀ ਪਛਾਣ ਸਾਬਤ ਕਰਨ ਵਿਚ ਨਾਕਾਮ ਰਹੇ। ਇਸ 'ਤੇ ਬੋਰਡ ਆਫ ਇਮੀਗ੍ਰੇਸ਼ਨ ਅਪੀਲਜ਼ ਨੇ ਅਪੀਲ ਸਵੀਕਾਰ ਕਰਦਿਆਂ ਕੇਸ ਵਾਪਸ ਇਮੀਗ੍ਰੇਸ਼ਨ ਜੱਜ ਕੋਲ ਭੇਜ ਦਿੱਤਾ। 26 ਜਨਵਰੀ 2010 ਨੂੰ ਬੋਰਡ ਅਟਾਰਨੀ ਪੰਨੂੰ ਦੀਆਂ ਦਲੀਲਾਂ ਨਾਲ ਸਹਿਮਤ ਹੋ ਗਿਆ ਤੇ ਇਮੀਗ੍ਰੇਸ਼ਨ ਜੱਜ ਦੀ ਇਸ ਗੱਲ ਨੂੰ ਰੱਦ ਕਰ ਦਿੱਤਾ ਕਿ ਦੇਵ ਰਾਜ ਵਿਸ਼ਵਾਸ ਕਰਨਯੋਗ ਨਹੀਂ ਹੈ ਤੇ ਨਾਲ ਹੀ ਕਿਹਾ ਕਿ ਦੇਵ ਰਾਜ ਵਿਰੁਧ ਬੀਤੇ ਸਮੇਂ ਵਿਚ ਭਾਰਤ ਵਿਚ ਮੁਕੱਦਮਾ ਚੱਲਿਆ ਸੀ।

ਅਟਾਰਨੀ ਗੁਰਪਤਵੰਤ ਸਿੰਘ ਪੰਨੂੰ ਦਾ ਦਫਤਰ ਸਿਵਿਕ ਸੈਂਟਰ ਡਰਾਈਵ, ਫਰੀਮਾਂਟ ਤੋਂ ਹੁਣ ਲਿਬਰਟੀ ਸਟਰੀਟ, ਫਰੀਮਾਂਟ ਬਦਲ ਗਿਆ ਹੈ। ਅਟਾਰਨੀ ਪੰਨੂੰ ਨਾਲ ਫੋਨ 510-796-9000 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਤਨਖਾਹ ਕਮਿਸ਼ਨ ਕਾਰਨ ਹਰਿਆਣਾ ਵਲੋਂ ਘਾਟੇ ਵਾਲਾ ਬਜਟ ਪੇਸ਼

**ਚੰਡੀਗੜ੍ਹ :** ਹਰਿਆਣਾ ਵਿਧਾਨ ਸਭਾ ਦੇ ਚੱਲ ਰਹੇ ਬਜਟ ਸੈਸ਼ਨ ਦੇ ਚੌਥੇ ਦਿਨ ਬੀਤੀ 10 ਮਾਰਚ ਨੂੰ ਹਰਿਆਣਾ ਦੇ ਵਿੱਤ ਮੰਤਰੀ ਕੈਪਟਨ ਅਜੇ ਸਿੰਘ ਯਾਦਵ ਵਲੋਂ ਸਾਲ 2010-11 ਲਈ 3941.81 ਕਰੋੜ (ਕਰੀਬ 3942) ਰੁਪਏ ਦੇ ਮਾਲੀਆ ਘਾਟੇ ਵਾਲਾ ਬਜਟ ਪੇਸ਼ ਕੀਤਾ ਗਿਆ। ਰਾਜ ਸਰਕਾਰ ਨੇ ਜਿੱਥੇ ਸਾਲਾਨਾ ਯੋਜਨਾ 2010-11 ਲਈ 10500 ਕਰੋੜ ਰੁਪਏ ਵੰਡਣ ਦਾ ਐਲਾਨ ਕੀਤਾ, ਉਥੇ ਵੈਟ 'ਤੇ ਸਰਚਾਰਜ ਲਗਾਉਣ ਦਾ ਫ਼ੈਸਲਾ ਵੀ ਲਿਆ।ਇਸ ਤੋਂ ਇਲਾਵਾ ਕੇਂਦਰੀ ਯੋਜਨਾਵਾਂ ਤੇ ਹੋਰ ਵਿਕਾਸ ਯੋਜਨਾਵਾਂ ਲਈ 1363.58 ਕਰੋੜ ਰੁਪਏ ਦਾ ਖਰਚ ਯੋਜਨਾਗਤ ਮੱਦ 'ਚ ਸ਼ਾਮਲ ਕੀਤਾ ਗਿਆ, ਜਿਸ ਨਾਲ 2010-11 ਲਈ ਕੁੱਲ ਯੋਜਨਾਗਤ ਖਰਚ



11863.59 ਕਰੋੜ ਰੁਪਏ ਹੋ ਜਾਵੇਗਾ।

ਕੈਪਟਨ ਅਜੇ ਯਾਦਵ ਨੇ ਬਜਟ ਪੇਸ਼ ਕਰਦਿਆਂ ਦੱਸਿਆ ਕਿ ਵਿੱਤੀ ਸਾਲ 2009-10, ਭਾਰਤੀ ਰਿਜ਼ਰਵ ਬੈਂਕ ਦੇ ਖਾਤਿਆਂ ਅਨੁਸਾਰ 602.41 ਕਰੋੜ ਰੁਪਏ ਦੇ ਘਾਟੇ ਦੇ ਨਾਲ ਸ਼ੁਰੂ ਹੋਇਆ ਤੇ ਇਸ ਦੀ 634.06 ਕਰੋੜ ਰੁਪਏ ਦੇ ਘਾਟੇ ਨਾਲ ਖ਼ਤਮ ਹੋਣ ਦੀ ਸੰਭਾਵਨਾ ਹੈ, ਜੋ ਕਿ ਸਾਲਾਨਾ ਖਾਤੇ 'ਚ 31.65 ਕਰੋੜ ਰੁਪਏ ਦੇ ਲੈਣ-ਦੇਣ ਦੇ ਘਾਟੇ ਨੂੰ ਦਰਸਾਉਂਦਾ ਹੈ। ਉਨ੍ਹਾਂ ਦੱਸਿਆ ਕਿ ਹੁੱਡਾ ਸਰਕਾਰ ਨੇ ਸਾਲ 2005 ਤੋਂ 2008 ਤੱਕ ਹਮੇਸ਼ਾ ਫਾਇਦੇ ਵਾਲਾ ਬਜਟ ਪੇਸ਼ ਕੀਤਾ, ਪਰ ਇਸ ਵਾਰ ਆਰਥਿਕ ਮੰਦੇ ਤੇ 6ਵੇਂ ਤਨਖਾਹ ਕਮਿਸ਼ਨ ਨੇ ਰਾਜ ਨੂੰ ਮਾਲੀਆ ਘਾਟੇ 'ਚ ਲਿਆਂਦਾ। ਬਜਟ 'ਚ ਸਾਲ 2010-11 'ਚ 3941.81 ਕਰੋੜ ਰੁਪਏ ਦਾ ਮਾਲੀਆ ਘਾਟਾ ਦਰਸਾਇਆ ਗਿਆ ਹੈ। ਇਸੇ ਤਰ੍ਹਾਂ ਬਜਟ 'ਚ 8815.64 ਕਰੋੜ ਰੁਪਏ ਰਾਜ ਖਜ਼ਾਨਾ ਘਾਟਾ ਦਰਸਾਇਆ ਗਿਆ ਹੈ।ਵਿੱਤ ਮੰਤਰੀ ਨੇ ਕਿਹਾ ਕਿ ਸੂਬੇ ਦੇ ਵਿਕਾਸ ਲਈ ਸਰੋਤ ਪੈਦਾ ਕਰਨੇ ਜ਼ਰੂਰੀ ਹਨ ਤੇ ਇਸ ਦੇ ਮੱਦੇਨਜ਼ਰ ਵੈਟ 'ਤੇ ਸਰਚਾਰਜ ਲਗਾਇਆ ਗਿਆ ਹੈ। ਇਸ ਸਰਚਾਰਜ ਦੀ ਦਰ ਸਲੈਬ ਦੇ ਹਿਸਾਬ ਨਾਲ 0.25 ਫੀਸਦੀ ਤੋਂ ਲੈ ਕੇ 0.75 ਫੀਸਦੀ ਤੱਕ ਹੋਵੇਗੀ। ਇੱਕ ਸੁਆਲ ਦੇ ਜਵਾਬ 'ਚ ਉਨ੍ਹਾਂ ਕਿਹਾ ਕਿ ਇਸ ਨਾਲ ਥੋੜ੍ਹੀ ਮਹਿੰਗਾਈ ਤਾਂ ਜ਼ਰੂਰ ਹੋਵੇਗੀ, ਪਰ ਮਜ਼ਬੂਰੀ 'ਚ ਉਨ੍ਹਾਂ ਨੂੰ ਇਹ ਫ਼ੈਸਲਾ ਲੈਣਾ ਪਿਆ। ਉਨ੍ਹਾਂ ਕਿਹਾ ਕਿ ਦੇਸ਼ ਭਰ ਦੀ ਅਰਥਵਿਵਥਸਾ ਸਤੰਬਰ 2009 ਤੋਂ ਆਰਥਿਕ ਮੰਦੀ ਕਾਰਨ ਪ੍ਰਭਾਵਿਤ ਹੈ। ਇਸ ਚੁਣੌਤੀ ਦਾ ਸਾਹਮਣਾ ਕਰਨ ਲਈ ਸਾਲ 2009-10 ਤੇ ਸਾਲ 2010-11 ਲਈ ਰਾਹਤ ਪੈਕੇਜ ਸ਼ੁਰੂ ਕੀਤਾ ਗਿਆ ਹੈ। ਇਸ ਪੈਕੇਜ ਤਹਿਤ ਸਾਲ 2009-10 'ਚ 332.56 ਕਰੋੜ ਰੁਪਏ ਦੀ ਰਕਮ ਜਾਰੀ ਕੀਤੀ ਗਈ ਤੇ 2010-11 ਲਈ 713.79 ਕਰੋੜ ਰੁਪਏ ਤਜਵੀਜ਼ ਰੱਖੀ ਗਈ ਹੈ। ਉਨ੍ਹਾਂ ਦੱਸਿਆ ਕਿ ਅਗਲੇ ਮਾਲੀ ਵਰ੍ਹੇ ਦੇ ਬਜਟ 'ਚ ਜਿਹੜੀ ਨਵੀਂ ਪਹਿਲ ਪ੍ਰਸਤਾਵਿਤ ਹੈ, ਉਸ 'ਚ ਡਲਿਵਰੀ ਲਾਗਤ ਘੱਟ ਕਰਨਾ, ਲਾਭਕਾਰੀਆਂ ਦੀ ਸਹੀ ਪਹਿਚਾਣ, ਨੀਤੀ ਤੇ ਲਚਕੀਲੇਪਣ ਤੋਂ ਵਧ ਜਨਤਕ ਹਿੱਸੇਦਾਰੀ ਯਕੀਨੀ ਬਣਾਉਣ ਦੇ ਮਕਸਦ ਨਾਲ ਸਵੈ ਇੱਛੁਕ ਤੇ ਗੈਰ ਸਰਕਾਰੀ ਸੰਗਠਨ ਖੇਤਰ ਨੂੰ ਵਿਕਾਸ ਸਹਿਯੋਗੀ ਦੇ ਰੂਪ 'ਚ ਸ਼ਾਮਲ ਕਰਨ ਲਈ ਨੀਤੀ ਬਣਾਉਣਾ, ਭੌਤਿਕ ਤੇ ਸਮਾਜਿਕ ਬੁਨਿਆਦੀ ਢਾਂਚੇ ਦੇ ਸੁਧਾਰ 'ਚ ਨਿੱਜੀ ਹਿੱਸੇਦਾਰੀ ਲਈ ਪੀਪੀਪੀ ਪ੍ਰਾਜੈਕਟਾਂ 'ਤੇ ਨੀਤੀ ਬਣਾਉਣਾ, ਹਰਿਆਣਾ ਬੁਨਿਆਦੀ ਢਾਂਚਾ ਬੋਰਡ ਸਥਾਪਤ ਕਰਨਾ, ਹਰਿਆਣਾ ਦੇ ਅੰਦਰੂਨੀ ਹਿੱਸਿਆਂ 'ਚ ਆਰਥਿਕ ਵਿਕਾਸ ਯਕੀਨੀ ਬਣਾਉਣ ਲਈ ਪੀਪੀਪੀ ਤਰਜ਼ 'ਤੇ ਪੂਰਬ-ਪੱਛਮ ਤੇ ਉਤਰ-ਦੱਖਣ ਐਕਸਪ੍ਰੈਸ ਵੇਅ-ਕੋਰੀਡੋਰ ਦਾ ਨਿਰਮਾਣ ਕਰਨ ਦਾ ਪ੍ਰਸਤਾਵ ਹੈ। ਉਨ੍ਹਾਂ ਕਿਹਾ ਕਿ ਅਗਲੇ ਪੰਜ ਸਾਲਾਂ ਦੌਰਾਨ 2500 ਕਰੋੜ ਰੁਪਏ ਦੀ ਰਕਮ ਨਾਲ ਰਾਜੀਵ ਗਾਂਧੀ ਸ਼ਹਿਰੀ ਵਿਕਾਸ ਮਿਸ਼ਨ ਹਰਿਆਣਾ ਸ਼ੁਰੂ ਕੀਤਾ ਜਾਵੇਗਾ, ਜਿਸ ਤਹਿਤ ਸ਼ਹਿਰੀ ਗਰੀਬ ਲੋਕਾਂ ਲਈ ਮਕਾਨ, ਗੰਦੀ ਬਸਤੀ ਵਿਕਾਸ, ਪੀਣ ਵਾਲੇ ਪਾਣੀ ਦੀ ਸਪਲਾਈ, ਡਰੇਨੇਜ ਤੇ ਸੀਵਰੇਜ, ਠੋਸ ਕੂੜਾ-ਕਰਕਟ ਪ੍ਰਬੰਧਨ 'ਤੇ ਧਿਆਨ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਸਕੂਲਾਂ 'ਚ ਵਿਦਿਅਕ ਗਤੀਵਿਧੀਆਂ 90 ਆਈਆਂ ਸਮੱਸਿਆਵਾਂ ਦੂਰ ਕਰਨ ਲਈ ਵਿਦਿਅਕ ਸੈਸ਼ਨ ਦੌਰਾਨ ਸੇਵਾ ਮੁਕਤ ਹੋ ਰਹੇ ਅਧਿਆਪਕਾਂ ਨੂੰ ਵਿਦਿਅਕ ਸੈਸ਼ਨ ਦੇ ਅੰਤ ਤੱਕ ਭਾਵ 31 ਮਾਰਚ ਤੱਕ ਦੋਬਾਰਾ ਨਿਯੁਕਤ ਕੀਤਾ ਜਾਵੇਗਾ।ਵਿੱਤ ਮੰਤਰੀ ਨੇ ਦੱਸਿਆ ਕਿ ਹਰਿਆਣਾ ਲੋਕ ਸੇਵਾ ਕਮਿਸ਼ਨ ਤੇ ਹਰਿਆਣਾ ਕਰਮਚਾਰੀ ਚੋਣ ਕਮਿਸ਼ਨ ਵਲੋਂ ਭਰਤੀ ਲਈ ਨਿਰਧਾਰਤ ਮਿਤੀਆਂ ਨੂੰ ਹੀ ਸਾਲਾਨਾ ਪ੍ਰੀਖਿਆਵਾਂ ਲਈਆਂ ਜਾਣਗੀਆਂ। ਸਾਰੇ ਵਿਭਾਗਾਂ, ਜਨਤਕ ਅਦਾਰਿਆਂ, ਬੋਰਡਾਂ, ਕਾਰਪੋਰੇਸ਼ਨਾਂ ਤੇ ਕਮੇਟੀਆਂ 'ਚ ਬਰਾਬਰ ਸ਼੍ਰੇਣੀਆਂ ਦੇ ਅਹੁਦਿਆਂ ਦੇ ਸਬੰਧ 'ਚ ਅਸਲ ਘੱਟ ਤੋਂ ਘੱਟ ਵਿਦਿਅਕ ਯੋਗਤਾ ਇੱਕ ਬਰਾਬਰ ਹੋਵੇਗੀ। ਅਰਜ਼ੀ ਲੈਣ ਸਮੇਂ ਪ੍ਰਮਾਣ ਪੱਤਰਾਂ ਦੀਆਂ ਸਵੈ-ਪ੍ਰਮਾਣਿਤ ਕਾਪੀਆਂ ਨੂੰ ਵੀ ਮਨਜ਼ੂਰ ਕੀਤਾ ਜਾਵੇਗਾ। ਇਸ ਤੋਂ ਇਲਾਵਾ ਨੌਕਰੀ 'ਚ ਆਉਣ ਤੋਂ ਬਾਅਦ ਸਾਰੇ ਨਵੇਂ ਭਰਤੀ ਕਰਮਚਾਰੀਆਂ ਨੂੰ ਤਿੰਨ ਮਹੀਨੇ ਦੀ ਜ਼ਰੂਰੀ ਦਾਖਲਾ ਟ੍ਰੇਨਿੰਗ ਪ੍ਰਾਪਤ ਕਰਨੀ ਹੋਵੇਗੀ ਤੇ ਟ੍ਰੇਨਿੰਗ ਤੋਂ ਬਾਅਦ ਹੀ ਨਿਯੁਕਤੀਆਂ ਦਿੱਤੀਆਂ ਜਾਣਗੀਆਂ।ਕੈਪਟਨ ਅਜੈ ਯਾਦਵ ਨੇ ਦੱਸਿਆ ਕਿ ਬਜਟ ਅਨੁਮਾਨਾਂ ਨਾਲ 2010-11 'ਚ ਕੀਤੀ ਗਈ ਖੇਤਰਵਾਰ ਵੰਡ ਅਨੁਸਾਰ ਖੇਤੀਬਾੜੀ ਤੇ ਸਬੰਧਤ ਖੇਤਰ ਨੂੰ 1073.62 ਕਰੋੜ ਰੁਪਏ (ਬਜਟ ਦਾ 2.71 ਫੀਸਦੀ), ਊਰਜਾ ਖੇਤਰ ਨੂੰ 4642.71 ਕਰੋੜ ਰੁਪਏ (11.74 ਫੀਸਦੀ), ਸੜਕਾਂ ਤੇ ਟਰਾਂਸਪੋਰਟ ਖੇਤਰ ਨੂੰ 1142.10 ਕਰੋੜ ਰੁਪਏ (2.79 ਫੀਸਦੀ), ਸਿੰਚਾਈ ਖੇਤਰ ਨੂੰ 1616.49 ਕਰੋੜ ਰੁਪਏ (4.09 ਫੀਸਦੀ), ਜਲ ਸਪਲਾਈ ਤੇ ਸਫ਼ਾਈ ਖੇਤਰ ਨੂੰ 1297.69 ਕਰੋੜ ਰੁਪਏ (3.28 ਫੀਸਦੀ), ਸ਼ਹਿਰੀ ਲੋਕ ਬਾਡੀ ਖੇਤਰ ਨੂੰ 1447.14 ਕਰੋੜ ਰੁਪਏ (3.66 ਫੀਸਦੀ), ਉਦਯੋਗਿਕ ਸਿਖਲਾਈ ਤੇ ਤਕਨੀਕੀ ਸਿੱਖਿਆ ਸਮੇਤ ਸਿੱਖਿਆ ਖੇਤਰ ਨੂੰ 63.77.41 ਕਰੋੜ (16.12 ਫੀਸਦੀ), ਸਿਹਤ ਖੇਤਰ ਨੂੰ 1125.48 ਕਰੋੜ ਰੁਪਏ (2.85 ਫੀਸਦੀ), ਅਨੁਸੂਚਿਤ ਜਾਤੀ ਤੇ ਪੱਛੜੇ ਵਰਗ ਦੀ ਭਲਾਈ ਦੇ ਖੇਤਰ ਸਮੇਤ ਸਮਾਜਿਕ ਨਿਆਂ ਤੇ ਅਧਿਕਾਰਤਾ ਖੇਤਰ ਨੂੰ 2167.15 ਕਰੋੜ ਰੁਪਏ (5.48 ਫੀਸਦੀ) ਪ੍ਰਾਪਤ ਹੋਣਗੇ।


ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ

ਜਸਪ੍ਰੀਤ ਸਿੰਘ
ਅਟਾਰਨੀ ਐਟ ਲਾਅ

*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ
ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ



Attorny At Law

Law Offices Of Jaspreet Singh

37-18, 73 Street, Suite 401
(Near Subzi Mandi)
Jackson Hts, NY-11372
Ph:718-533-8444
Fax: 718-533-8460

44790 S. Grimmer
Blvd. #204
Fremont CA-94538
Ph:510-657-6444
Fax: 510-657-6443

2945 W. Capitol Ave,
Sacramento CA-95691
Ph: 916-372-4448
Fax: 916-372-4440



ਆਪਣਾ ਕਰੈਡਿਟ ਬਚਾਓ FORECLOSURE ਤੋਂ ਬਚੋ

SELL YOUR HOME FOR CASH TODAY
#1 SHORT SALE EXPERT

CALL TOADY & STOP WORRYING

Manjit Gill - 209.524.4008
Real Estate & Loans - 510.415.2368

ਸਸਤੀ ਅਤੇ ਵਧੀਆ ਇੰਸ਼ੋਰੈਂਸ

GILL FINANCIAL & INSURANCE



Manjit Gill
President
CA Lic#0B23990

- AUTO
- HOME
- LIFE
- HEALTH
- LIQUOR STORES
- GAS STATIONS
- TRUCK INSURANCE

EDUCATION FUNDING
RETIREMENT ਦੇ ਵਧੀਆ PROGRAM

ਅੱਜ ਹੀ ਕਾਲ ਕਰੋ
510-415-2368 / 209-524-4008
www.gillfinancial.com





M&J ROAD SERVICE

ਮੇਜਰ ਬਰਾਂਡ ਦੇ ਹੋਲ ਸੇਲ ਕੀਮਤ ਦੇ ਟਾਇਰ ਅਲੂਮੀਨੀਅਮ ਦੇ ਰਿਮ ਅਤੇ ਰੋਡ ਸਰਵਿਸ ਆਪਣੀਆਂ ਦੋਨੋਂ ਲੋਕੇਸ਼ਨਾਂ ਤੇ ਉਪਲਭਦ ਹਨ ।
24 ਘੰਟੇ ਸਿਕਊਰਿਟੀ ਗਾਰਡ ਦੀ ਨਿਗਰਾਨੀ ਹੇਠ
5 ਏਕੜ ਵਿੱਚ ਟਰੱਕ ਪਾਰਕਿੰਗ ਦੀ ਸਹੂਲਤ ਹੈ



BRIDGESTONE MICHELIN Firestone YOKOHAMA GOODYEAR BFGoodrich

MAJOR BRANDED & WHOLE SALE PRICE
TIRES • RIMS • ROAD SERVICE • SNOW CHAINS
SECURE TRUCK PARKING

Freeway 5 - 11401 Harlan Rd. Lathrop CA 95330
Across from Kenworth

Freeway 99 - 3327 South Hwy 99, Stockton CA 95215
New & Used Tires & Truck Repair Service Available

Hardeep Singh Cell:209-450-8981
Off :209-456-0182

# ਸੁਖਬੀਰ ਵਲੋਂ ਮਾਮਲਾ ਕੇਂਦਰ ਕੋਲ ਉਠਾਉਣ ਦਾ ਭਰੋਸਾ

## ਵਿਦੇਸ਼ਾਂ 'ਚ ਫਸੇ ਪੰਜਾਬੀਆਂ ਦਾ ਮਸਲਾ



**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ 'ਚ ਬੀਤੀ 12 ਮਾਰਚ ਨੂੰ ਜਿੱਥੇ ਸਿਫ਼ਰ ਕਾਲ ਦੌਰਾਨ ਵਿਦੇਸ਼ਾਂ 'ਚ ਗ਼ੈਰ-ਕਾਨੂੰਨੀ ਢੰਗ ਨਾਲ ਫਸੇ ਪਰਵਾਸੀ ਪੰਜਾਬੀਆਂ ਦਾ ਮਾਮਲਾ ਉਠਿਆ, ਉਥੇ ਪ੍ਰਸ਼ਨਕਾਲ ਦੌਰਾਨ ਪਾਰਟ ਟਾਈਮ ਲੈਕਚਰਾਰਾਂ ਨੂੰ ਪੱਕੇ ਕਰਨ ਦੀ ਮੰਗ 'ਤੇ ਵੀ ਸਦਨ ਦੇ ਮੈਂਬਰਾਂ ਵਿਚਕਾਰ ਬਹਿਸ ਹੋਈ। ਇਸ ਤੋਂ ਇਲਾਵਾ ਸਦਨ ਵਿਚ ਕਈ ਬਿੱਲ ਵਿਰੋਧੀ ਧਿਰ ਦੇ ਨਾਂਹ-ਪੱਖੀ ਰਵੱਈਏ ਦੇ ਚੱਲਦਿਆਂ ਪਾਸ ਕਰ ਦਿੱਤੇ ਗਏ। ਸਦਨ 'ਚ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਸਪੇਨ ਦੀਆਂ ਜੇਲ੍ਹਾਂ ਵਿਚ ਫਸੇ 37 ਗ਼ੈਰ-ਕਾਨੂੰਨੀ ਪਰਵਾਸੀ ਪੰਜਾਬੀਆਂ ਦਾ ਮੁੱਦਾ ਉਠਾਉਂਦਿਆਂ ਸਰਕਾਰ ਤੋਂ ਮੰਗ ਕੀਤੀ ਕਿ ਉਹ ਤੁਰੰਤ ਦਖ਼ਲ ਦੇ ਕੇ ਮਾਮਲਾ ਕੇਂਦਰ ਕੋਲ ਉਠਾਵੇ। ਇਸ ਤੋਂ ਇਲਾਵਾ ਉਨ੍ਹਾਂ ਯੂ. ਐਨ. ਓ. ਡੀ. ਸੀ. ਵਲੋਂ ਵਿਦੇਸ਼ਾਂ 'ਚ ਗ਼ੈਰ ਕਾਨੂੰਨੀ ਢੰਗ ਨਾਲ ਰਹਿ ਰਹੇ ਪਰਵਾਸੀ ਭਾਰਤੀਆਂ ਬਾਰੇ ਜਾਰੀ ਕੀਤੀ ਰਿਪੋਰਟ ਵਲ ਸਦਨ ਦਾ ਧਿਆਨ ਦਿਵਾਇਆ। ਸ. ਖਹਿਰਾ ਵਲੋਂ ਉਠਾਏ ਇਸ ਮਾਮਲੇ 'ਤੇ ਬੋਲਦਿਆਂ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਸਦਨ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਮੁੱਖ ਮੰਤਰੀ ਨਾਲ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਕੋਲ ਜਾ ਕੇ ਸਪੇਨ ਦੀਆਂ ਜੇਲ੍ਹਾਂ ਵਿਚ ਫਸੇ 37 ਗ਼ੈਰ ਕਾਨੂੰਨੀ ਪਰਵਾਸੀ ਪੰਜਾਬੀਆਂ ਦੀ ਰਿਹਾਈ ਲਈ ਦਖਲਅੰਦਾਜ਼ੀ ਦੀ ਮੰਗ ਕਰਨਗੇ। ਉਨ੍ਹਾਂ ਕਾਂਗਰਸੀ ਵਿਧਾਇਕ ਖਹਿਰਾ ਨੂੰ ਸਪੇਨ ਦੀਆਂ ਜੇਲ੍ਹਾਂ ਵਿਚ ਫਸੇ 37 ਗੈਰ ਕਾਨੂੰਨੀ ਪਰਵਾਸੀ ਪੰਜਾਬੀਆਂ ਦੀ ਸੂਚੀ ਦੇਣ ਲਈ ਵੀ ਕਿਹਾ ਤਾਂ ਜੋ ਇਸ ਸਬੰਧੀ ਸਪੇਨ ਦੀ ਸਰਕਾਰ ਨਾਲ ਗੱਲ ਕੀਤੀ ਜਾ ਸਕੇ। ਉਪ ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੂੰ ਪੰਜਾਬੀਆਂ ਦੁਆਰਾ ਗੈਰ ਕਾਨੂੰਨੀ ਤੌਰ 'ਤੇ ਪਰਵਾਸ ਕੀਤੇ ਜਾਣ ਦੇ ਮਹੱਤਵਪੂਰਨ ਮੁੱਦੇ ਸੰਬਧੀ ਨਿੱਜੀ ਜਾਣਕਾਰੀ ਉਸ ਵੇਲੇ ਤੋਂ ਹੈ ਜਦੋਂ ਉਹ ਅਮਰੀਕਾ ਵਿਚ ਪੜ੍ਹਦੇ ਸਨ। ਇਸੇ ਦਿਨ ਜ਼ੀਰੋ ਕਾਲ ਦੌਰਾਨ ਕਾਂਗਰਸੀ ਵਿਧਾਇਕ ਅਜੀਤ ਸਿੰਘ ਮੋਫਰ ਨੇ ਪੰਜਾਬੀ ਯੂਨੀਵਰਸਿਟੀ ਦੇ ਸਰਦੂਲਗੜ੍ਹ 'ਚ ਚੱਲਦੇ ਸੈਂਟਰਾਂ ਨੂੰ ਬੰਦ ਕਰਕੇ ਵੇਚਣ ਦਾ ਮੁੱਦਾ ਉਠਾਉਂਦਿਆਂ ਮੰਗ ਕੀਤੀ ਕਿ ਇਨ੍ਹਾਂ ਨੂੰ ਬੰਦ ਨਾ ਕੀਤਾ ਜਾਵੇ ਅਤੇ ਇੱਥੇ ਕੰਮ ਕਰਦੇ ਕਰਮਚਾਰੀਆਂ ਨੂੰ ਇੱਥੇ ਹੀ ਤੈਨਾਤ ਰਹਿਣ ਦਿੱਤਾ ਜਾਵੇ। ਵਿਧਾਇਕ ਬਲਬੀਰ ਸਿੰਘ ਬਾਠ ਨੇ ਕਿਸਾਨਾਂ 'ਤੇ ਗੰਨੇ ਤੋਂ ਗੁੜ ਬਣਾਉਣ ਉਤੇ ਲਗਾਈ ਪਾਬੰਦੀ ਦਾ ਵਿਰੋਧ ਕਰਦਿਆਂ ਕਿਹਾ ਕਿ ਇਸ ਨਾਲ ਕਿਸਾਨਾਂ ਦਾ ਰੁਜ਼ਗਾਰ ਉਨ੍ਹਾਂ ਤੋਂ ਖੋਹ ਕੇ ਉਨ੍ਹਾਂ ਨਾਲ ਧੱਕਾ ਕੀਤਾ ਜਾ ਰਿਹਾ ਹੈ ਤੇ ਜੇਕਰ ਇਹ ਕੰਮ ਵੀ ਛੱਡ ਦੇਣਗੇ ਤਾਂ ਫਿਰ ਖਾਣਗੇ ਕੀ। ਇਸੇ ਦੌਰਾਨ ਸਦਨ ਵਿਚ ਪੰਜਾਬ ਮਨੋਰੰਜਨ ਕਰ (ਸੋਧ) ਬਿੱਲ, 2010 ਅਤੇ ਪੰਜਾਬ ਮੁੱਲ ਆਧਾਰਿਤ ਕਰ (ਸੋਧ) ਐਕਟ 2005 ਨੂੰ ਪਾਸ ਕਰ ਦਿੱਤਾ ਗਿਆ।

ਇਸ ਦੌਰਾਨ ਪੰਜਾਬ ਵਿਧਾਨ ਸਭਾ ਵਿਚ ਸਿਫਰ ਕਾਲ ਦੌਰਾਨ ਭਾਜਪਾ ਦੇ ਵਿਧਾਇਕ ਅਮਰਜੀਤ ਸਿੰਘ ਸ਼ਾਹੀ ਨੇ ਜਦੋਂ ਵਿਧਾਇਕਾਂ ਦੀਆਂ ਤਨਖਾਹਾਂ ਤੇ ਭੱਤਿਆਂ ਦਾ ਮੁੱਦਾ ਚੁੱਕਿਆ ਤਾਂ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਵਿਧਾਇਕਾਂ ਨੂੰ ਜ਼ਿੰਮੇਵਾਰੀ ਦਾ ਅਹਿਸਾਸ ਕਰਵਾਉਂਦਿਆਂ ਕਿਹਾ ''ਮੈਨੂੰ ਅਫਸੋਸ ਹੈ ਕਿ ਸਿਫਰ ਕਾਲ ਦਾ ਸਮਾਂ ਰਾਜ ਦੇ ਕਿਸੇ ਭਖਦੇ ਮਸਲੇ ਲਈ ਹੁੰਦਾ ਹੈ ਤੇ ਵਿਧਾਇਕਾਂ ਨੇ ਆਪਣੀਆਂ ਤਨਖਾਹਾਂ ਵਧਾਉਣ ਦਾ ਮਾਮਲਾ ਹੀ ਟੁੱਕ ਲਿਆ। ਵਿੱਤ ਮੰਤਰੀ ਨੇ ਕਿਹਾ 'ਸਾਨੂੰ ਕੋਈ ਘਰੋਂ ਬੁਲਾ ਕੇ ਨਹੀਂ ਲਿਆਇਆ, ਅਸੀਂ ਜਨ ਪ੍ਰਤੀਨਿਧ ਹਾਂ, ਅਸੀਂ ਪੈਸੇ ਦੀ ਖਾਤਰ ਐਮ.ਐਲ.ਏ. ਨਹੀਂ ਬਣੇ, ਜਨ ਪ੍ਰਤੀਨਿਧ ਇਸ ਕਰਕੇ ਨਹੀਂ ਬਣੇ ਕਿ ਸਾਨੂੰ ਕੋਈ ਨੌਕਰੀ ਨਹੀਂ ਸੀ ਮਿਲਦੀ ਤੇ ਜਾਂ ਫਿਰ ਕੋਈ ਧੰਦਾ ਨਹੀਂ ਸੀ ਚਲਦਾ।'' ਉਨ੍ਹਾਂ ਨੇ ਵਿਧਾਇਕਾਂ ਦੀਆਂ ਤਨਖਾਹਾਂ 'ਤੇ ਭੱਤਿਆਂ ਦਾ ਮੁੱਦਾ ਚੁੱਕਣ ਵਾਲੇ ਵਿਧਾਇਕਾਂ ਨੂੰ ਮੁਖਾਤਿਬ ਹੁੰਦਿਆਂ ਕਿਹਾ ਕਿ ਸ਼ਾਹੀ ਸਾਹਿਬ ਨੂੰ ਇਨ੍ਹਾਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ। ਅਮਰਜੀਤ ਸਿੰਘ ਸ਼ਾਹੀ ਨੇ ਇਸ ਮੁੱਦੇ 'ਤੇ ਕਿਹਾ ਕਿ ਮਹਿੰਗਾਈ ਦਾ ਸਮਾਂ ਹੈ ਤੇ ਵਿਧਾਇਕਾਂ ਨੂੰ ਗੁਜ਼ਾਰਾ ਕਰਨਾ ਔਖਾ ਹੋਇਆ ਪਿਆ ਹੈ। ਇਸ ਵਿਧਾਇਕ ਵਲੋਂ ਮੁੱਦਾ ਉਠਾਉਣ ਤੇ ਸਪੀਕਰ ਨੇ ਵਿੱਤ ਮੰਤਰੀ ਨੂੰ ਜਵਾਬ ਦੇਣ ਲਈ ਕਿਹਾ ਸੀ। ਵਿੱਤ ਮੰਤਰੀ ਨੇ ਸਾਰਿਆਂ ਨੂੰ ਲਾਜਵਾਬ ਕਰ ਦਿੱਤਾ ਤੇ ਤਨਖਾਹਾਂ ਭੱਤਿਆਂ ਵਿਚ ਵਾਧੇ ਦਾ ਭਰੋਸਾ ਵੀ ਦਿੱਤਾ। ਯਾਦ ਰਹੇ ਇਸ ਤੋਂ ਪਹਿਲਾਂ ਲੰਘੀ 10 ਮਾਰਚ ਨੂੰ ਪੰਜਾਬ ਵਿਧਾਨ ਸੈਸ਼ਨ ਦੇ 5ਵੇਂ ਦਿਨ ਕਾਂਗਰਸੀਆਂ ਨੇ ਸਦਨ 'ਚ ਸਰਕਾਰੀ ਜਾਇਦਾਦਾਂ ਨੂੰ ਘੱਟ ਰੇਟਾਂ 'ਤੇ ਵੇਚਣ ਅਤੇ ਮੈਡੀਕਲ ਇੰਸਟੀਚਿਊਟ ਆਫ ਜਲੰਧਰ ਦੇ ਘੋਟਾਲੇ ਦੇ ਮਾਮਲੇ ਦੀ ਸੀ ਬੀ ਆਈ ਤੋਂ ਜਾਂਚ ਕਰਾਉਣ ਦੀ ਮੰਗ ਨੂੰ ਲੈ ਕੇ ਨਾਅਰੇਬਾਜ਼ੀ ਕਰਦਿਆਂ ਵਾਕਆਊਟ ਕੀਤਾ ਸੀ। ਪ੍ਰਸ਼ਨ ਕਾਲ ਖ਼ਤਮ ਹੁੰਦੇ ਹੀ ਜ਼ੀਰੋ ਕਾਲ ਦੌਰਾਨ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਅਤੇ ਰਾਣਾ ਗੁਰਮੀਤ ਸਿੰਘ ਸੋਢੀ ਨੇ ਸਰਕਾਰ ਵਲੋਂ ਵੇਚੀਆਂ ਜਾ ਰਹੀਆਂ ਘੱਟ ਕੀਮਤਾਂ ਉਤੇ ਸਰਕਾਰੀ ਜ਼ਮੀਨਾਂ ਸਮੇਤ ਜਲੰਧਰ ਦੇ ਮੈਡੀਕਲ ਸਾਇੰਸ ਇੰਸਟੀਚਿਊਟ ਘੋਟਾਲੇ ਨੂੰ ਉਠਾਉਂਦਿਆਂ ਸਪੀਕਰ ਤੋਂ ਸੀ ਬੀ ਆਈ ਜਾਂਚ ਕਰਾਉਣ ਦੀ ਮੰਗ ਕੀਤੀ। ਕਾਂਗਰਸੀ ਵਿਧਾਇਕਾਂ ਨੇ ਕਿਹਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਸਦਨ ਵਿਚ ਬਿਆਨ ਦੇਣ ਕਿ ਉਹ ਉਕਤ ਮਾਮਲਿਆਂ ਦੀ ਉਚ ਪੱਧਰੀ ਜਾਂਚ ਕਰਾਉਣਗੇ। ਪ੍ਰੰਤੂ ਵਿਧਾਨ ਸਭਾ ਦੇ ਸਪੀਕਰ ਨੇ ਕਾਂਗਰਸੀ ਵਿਧਾਇਕਾਂ ਨੂੰ ਸ਼ਾਂਤ ਹੋਣ ਦੀ ਅਪੀਲ ਕਰਦਿਆਂ ਕਿਹਾ ਕਿ ਉਹ ਸਰਕਾਰ ਦੇ ਜੁਆਬ ਦਾ ਇੰਤਜ਼ਾਰ ਕਰਨ ਅਤੇ ਉਸ ਤੋਂ ਬਾਅਦ ਹੀ ਕੋਈ ਫੈਸਲਾ ਹੋ ਸਕੇਗਾ। ਉਨ੍ਹਾਂ ਵਲੋਂ ਇਸ ਸਮੇਂ ਦੌਰਾਨ ਇਨ੍ਹਾਂ ਮੁੱਦਿਆਂ 'ਤੇ ਬਹਿਸ ਕਰਨ ਦੀ ਮਨਜ਼ੂਰੀ ਨਾ ਦਿੱਤੇ ਜਾਣ ਕਾਰਨ ਕਾਂਗਰਸੀ ਵਿਧਾਇਕ ਆਪਣੀਆਂ ਸੀਟਾਂ ਉਤੇ ਖੜ੍ਹੇ ਹੋ ਕੇ ਨਾਅਰੇਬਾਜ਼ੀ ਕਰਨ ਲੱਗੇ। ਕਾਫੀ ਚਿਰ ਸ਼ੋਰ-ਸ਼ਰਾਬਾ ਕਰਨ ਤੋਂ ਬਾਅਦ ਉਹ ਸਪੀਕਰ ਦੇ ਬੈਂਚ ਸਾਹਮਣੇ ਆ ਕੇ ਸੀ ਬੀ ਆਈ ਜਾਂਚ ਦੀ ਮੰਗ ਕਰਦੇ ਹੋਏ ਸਦਨ ਵਿਚ ਕੁਝ ਸਮੇਂ ਲਈ ਵਾਕਆਊਟ ਕਰ ਗਏ। ਜ਼ਿਕਰਯੋਗ ਹੈ ਕਿ ਰਾਜਪਾਲ ਦੇ ਭਾਸ਼ਨ 'ਤੇ ਹੋਈ ਬਹਿਸ ਦੇ ਜਵਾਬ ਵਿਚ ਸੁਖਬੀਰ ਸਿੰਘ ਬਾਦਲ ਨੇ ਐਲਾਨ ਕੀਤਾ ਸੀ ਕਿ ਚੰਡੀਗੜ੍ਹ, ਪੰਜਾਬੀ ਬੋਲਦੇ ਇਲਾਕੇ, ਦਰਿਆਈ ਪਾਣੀਆਂ, ਸੂਬੇ ਲਈ ਵਧੇਰੇ ਅਧਿਕਾਰਾਂ ਬਾਰੇ ਉਨ੍ਹਾਂ ਦੀ ਸਰਕਾਰ ਕੇਂਦਰ ਨਾਲ ਆਪਣੀ ਜਦੋਜਹਿਦ ਜਾਰੀ ਰੱਖੇਗੀ।

# ਸੱਤਾਧਾਰੀ ਤੇ ਕਾਂਗਰਸੀਆਂ ਵਿਚਾਲੇ ਮਾਹੌਲ ਸੁਖਾਵਾਂ ਹੋਇਆ

**ਚੰਡੀਗੜ੍ਹ:** ਅਕਾਲੀ-ਭਾਜਪਾ ਸਰਕਾਰ ਦੇ ਤਿੰਨ ਸਾਲਾਂ ਵਿਚ ਪਹਿਲੀ ਵਾਰ ਵਿਧਾਨ ਸਭਾ ਵਿਚ ਸੱਤਾਧਾਰੀ ਤੇ ਮੁੱਖ ਵਿਰੋਧੀ ਧਿਰ ਕਾਂਗਰਸ ਦੇ ਵਿਧਾਇਕਾਂ 'ਚ ਨਿਜੀ ਦੁਸ਼ਮਣੀ ਵਾਲੇ ਮਾਹੌਲ 'ਚ ਵੱਡਾ ਬਦਲਾਅ ਵੇਖਣ ਨੂੰ ਮਿਲਿਆ। ਮੌਜੂਦਾ ਸੈਸ਼ਨ ਦੌਰਾਨ ਦੋਹਾਂ ਧਿਰਾਂ ਦੇ ਵਿਧਾਇਕਾਂ 'ਚ ਹੈਰਾਨ ਕਰਨ ਵਾਲੀ ਨੇੜਤਾ ਵੇਖੀ ਗਈ। ਕਾਂਗਰਸ ਦੇ ਜਿਹੜੇ ਵਿਧਾਇਕ ਬਾਦਲ ਪਰਵਾਰ ਨੂੰ ਘੇਰਨ ਦਾ ਕੋਈ ਮੌਕਾ ਨਹੀਂ ਸੀ ਗੁਆਉਂਦੇ, ਉਨ੍ਹਾਂ ਬਾਦਲ ਪਰਵਾਰ 'ਤੇ ਨਿਜੀ ਹਮਲਿਆਂ ਤੋਂ ਸੰਕੋਚ ਕੀਤਾ।

ਜਨਤਾ ਦੇ ਮੁੱਦੇ ਉਨ੍ਹਾਂ ਨੇ ਵਧ ਚੜ੍ਹ ਕੇ ਉਠਾਏ ਤੇ ਸੱਤਾਧਾਰੀ ਧਿਰ ਨੇ ਵੀ ਉਨ੍ਹਾਂ ਨੂੰ ਅਪਣੀ ਗੱਲ ਕਹਿਣ ਤੋਂ ਨਾ ਰੋਕਿਆ। ਪਿਛਲੇ ਸਮਾਗਮਾਂ ਵਿਚ ਝੜਪਾਂ ਆਮ ਹੀ ਵੇਖੀਆਂ ਜਾਂਦੀਆਂ ਸਨ। ਸਿਰਫ਼ ਇਥੇ ਹੀ ਬਸ ਨਹੀਂ ਕਾਂਗਰਸ ਦੇ ਦੋ ਤਿੰਨ ਵਿਧਾਇਕਾਂ ਨੂੰ ਤਿੰਨ ਸਾਲ ਵਿਚ ਪਹਿਲੀ ਵਾਰ ਡਿਪਟੀ ਮੁੱਖ ਮੰਤਰੀ ਦੇ ਬੈਂਚ 'ਤੇ ਉਨ੍ਹਾਂ ਨਾਲ ਗੱਲਬਾਤ ਕਰਦੇ ਵੇਖਿਆ ਗਿਆ। 4 ਮਾਰਚ ਨੂੰ ਬਜਟ ਸਮਾਗਮ ਅਰੰਭ ਹੋਣ ਸਮੇਂ ਵਿਰੋਧੀ ਪਾਰਟੀ ਨੇ ਸਰਕਾਰ ਨਾਲ ਬੇਸ਼ੱਕ ਕੋਈ ਨੇੜਤਾ ਨਾ ਵਿਖਾਈ ਪਰ ਉਨ੍ਹਾਂ ਨੇ ਉਸ ਤਰ੍ਹਾਂ ਦੇ ਨਿਜੀ ਹਮਲੇ ਵੀ ਨਾ ਕੀਤੇ ਜੋ ਪਹਿਲਾਂ ਹਾਊਸ 'ਚ ਆਮ ਵੇਖਣ ਨੂੰ ਮਿਲਦੇ ਸਨ। ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਸਮੇਂ ਬਾਦਲ ਪਰਵਾਰ ਤੋਂ ਇਲਾਵਾ ਕਈ ਅਕਾਲੀ ਮੰਤਰੀਆਂ ਉਪਰ ਵੀ ਭ੍ਰਿਸ਼ਟਾਚਾਰ ਦੇ ਕੇਸ ਬਣਾ ਕੇ ਜੇਲ੍ਹਾਂ ਵਿਚ ਭੇਜੇ ਗਏ। ਸਿਆਸੀ ਲੜਾਈ ਨਿਜੀ ਲੜਾਈ ਵਿਚ ਬਦਲ ਗਈ। ਅਕਾਲੀ ਸਰਾਕਰ 'ਚ ਅੱਜ ਵੀ ਕਈ ਮੰਤਰੀ ਹਨ ਜੋ ਅਪਣੇ 'ਤੇ ਬਣੇ ਕੇਸਾਂ ਲਈ ਕਾਂਗਰਸ ਨੂੰ ਕੋਸਦੇ ਹਨ ਪਰ ਉਹ ਵੀ ਹਾਊਸ ਵਿਚ ਕਾਂਗਰਸੀਆਂ 'ਤੇ ਖੁਲ੍ਹ ਕੇ ਹਮਲੇ ਨਹੀਂ ਕਰਦੇ। ਬਾਦਲ ਪਰਵਾਰ ਨੇ ਵੀ ਨਿਜੀ ਕਿੜ ਕੱਢਣ ਲਈ ਕੈਪਟਨ ਅਮਰਿੰਦਰ ਸਿੰਘ ਨੂੰ ਪੰਜ ਸਾਲ ਲਈ ਹਾਊਸ 'ਚੋਂ ਕੱਢ ਦਿਤਾ ਜਿਸ ਕਾਰਨ ਦੋਵਾਂ ਧਿਰਾਂ ਵਿਚਕਾਰ ਮਾਹੌਲ ਕੁੜੱਤਣ ਵਾਲਾ ਚਲਿਆ ਆ ਰਿਹਾ ਸੀ। ਤਿੰਨ ਸਾਲ ਵਿਚ ਇਹ ਪਹਿਲੀ ਵਾਰ ਹੈ ਕਿ ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਸਦਨ ਦੇ ਆਗੂ ਦੀ ਜ਼ਿੰਮੇਵਾਰੀ ਨਿਭਾਅ ਰਹੇ ਹਨ। ਵਿਰੋਧੀ ਧਿਰ ਪ੍ਰਤੀ ਮਿਲਵਰਤਣ ਵਾਲੀ ਪਹੁੰਚ ਕਾਰਨ ਹੀ ਕਾਂਗਰਸੀ ਵਿਧਾਇਕਾਂ ਨੇ ਵੀ ਹਾਊਸ 'ਚ ਮਿਲਵਰਤਣ ਵਾਲੇ ਮਾਹੌਲ ਨੂੰ ਤਰਜੀਹ ਦਿਤੀ। ਰਾਜਪਾਲ ਦੇ ਭਾਸ਼ਣ 'ਤੇ ਧਨਵਾਦ ਮਤੇ 'ਤੇ ਬੋਲਣ ਸਮੇਂ ਸੁਖਬੀਰ ਸਿੰਘ ਬਾਦਲ ਨੂੰ ਕਾਂਗਰਸੀ ਵਿਧਾਇਕਾਂ ਨੇ ਵਾਰ ਵਾਰ ਟੋਕ ਕੇ ਉਨ੍ਹਾਂ ਦੇ ਸਬਰ ਦਾ ਇਮਤਿਹਾਨ ਲਿਆ ਪਰ ਨਾ ਤਾਂ ਉਹ ਗੁੱਸੇ ਵਿਚ ਆਏ ਤੇ ਨਾ ਹੀ ਚੁਭਵੇਂ ਸ਼ਬਦ ਕਹੇ। ਬਲਕਿ ਅਖ਼ੀਰ ਵਿਚ ਇਹ ਵੀ ਕਹਿ ਦਿਤਾ ਕਿ ਉਹ ਕਾਂਗਰਸੀ ਵਿਧਾਇਕਾਂ ਦੇ ਧਨਵਾਦੀ ਹਨ, ਜਿਨ੍ਹਾਂ ਨੇ ਵਾਰ ਵਾਰ ਟੋਕਾ ਟਾਕੀ ਕਰ ਕੇ ਸਾਹ ਦੁਆ ਦਿਤਾ। ਇਸ ਰਵੀਏ ਤੋਂ ਖ਼ੁਸ਼ ਹੋ ਕੇ ਕਾਂਗਰਸੀ ਵਿਧਾਇਕਾਂ ਨੇ ਇਹ ਵੀ ਕਹਿ ਦਿਤਾ ਕਿ ਉਹ ਇਸ ਰਵੀਏ ਦੀ ਪ੍ਰਸ਼ੰਸਾ ਕਰਦੇ ਹਨ। ਇਸ ਤਰ੍ਹਾਂ ਬੀਬੀ ਭੱਠਲ ਦੇ ਮੁੱਦੇ ਨੂੰ ਜਿਸ ਤਰ੍ਹਾਂ ਹਾਊਸ ਨੇ ਵਿਚਾਰਿਆ, ਉਸ ਨਾਲ ਵੀ ਦੋਹਾਂ ਧਿਰਾਂ ਵਿਚਕਾਰ ਸੁਖਾਵਾਂ ਮਾਹੌਲ ਬਣਿਆ। ਇਸ ਤਰ੍ਹਾਂ ਲਗਦਾ ਹੈ ਕਿ ਸੁਖਬੀਰ ਵੀ ਕੈਪਟਨ ਨੂੰ ਛੱਡ ਕੇ ਬਾਕੀ ਵਿਰੋਧੀ ਧਿਰ ਨਾਲ ਚੰਗੇ ਸਬੰਧ ਬਣਾਉਣਾ ਚਾਹੁੰਦੇ ਹਨ।

# ਮਰਿਆਦਾ ਉਲੰਘਣਾ ਮਾਮਲੇ 'ਚ ਬੀਬੀ ਭੱਠਲ ਨੂੰ ਮਿਲ ਗਈ ਮੁਆਫ਼ੀ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੀ ਮਰਿਆਦਾ ਕਮੇਟੀ ਵਲੋਂ ਲੰਘੀ 11 ਮਾਰਚ ਨੂੰ ਵਿਰੋਧੀ ਧਿਰ ਦੀ ਨੇਤਾ ਬੀਬੀ ਰਾਜਿੰਦਰ ਕੌਰ ਭੱਠਲ ਨੂੰ ਸਪੀਕਰ ਦੀ ਮਰਿਆਦਾ ਉਲੰਘਣਾ ਦੇ ਮਾਮਲੇ ਵਿਚ ਦੋਸ਼ੀ ਕਰਾਰ ਦੇਣ ਤੋਂ ਬਾਅਦ ਉਨ੍ਹਾਂ ਨੂੰ ਸਪੀਕਰ ਨੇ ਰਾਹਤ ਦਿੰਦਿਆਂ ਬਿਨਾ ਸ਼ਰਤ ਮੁਆਫ਼ ਕਰ ਦਿੱਤਾ ਤੇ ਅਗੇ ਤੋਂ ਸਦਨ ਦੀ ਮਾਣ ਮਰਿਆਦਾ ਦਾ ਪਾਲਣ ਕਰਨ 'ਤੇ ਜ਼ੋਰ ਦਿੱਤਾ।



ਪ੍ਰਸ਼ਨ ਕਾਲ ਤੋਂ ਬਾਅਦ ਜ਼ੀਰੋ ਕਾਲ ਦੌਰਾਨ ਵਿਧਾਨ ਸਭਾ ਵਿਚ ਵਿਸ਼ੇਸ਼ ਅਧਿਕਾਰ ਕਮੇਟੀ ਨੇ 10 ਦਸੰਬਰ 2009 ਨੂੰ ਹੋਈ ਘਟਨਾ ਵਿਚ ਵਿਰੋਧੀ ਧਿਰ ਦੀ ਨੇਤਾ ਸ੍ਰੀਮਤੀ ਰਾਜਿੰਦਰ ਕੌਰ ਭੱਠਲ ਨੂੰ ਵਿਧਾਨ ਸਭਾ ਸਪੀਕਰ ਦੀ ਮਾਣ ਮਰਿਯਾਦਾ ਦੀ ਉਲੰਘਣਾ ਦਾ ਦੋਸ਼ੀ ਐਲਾਨਦੇ ਹੋਏ ਉਨ੍ਹਾਂ ਨੂੰ ਸੱਤ ਦਿਨ ਲਈ ਸਦਨ ਤੋਂ ਮੁਅੱਤਲ ਕਰਨ ਦੀ ਸਿਫਾਰਿਸ਼ ਕੀਤੀ।

ਸਦਨ ਵਿਚ ਕਮੇਟੀ ਦੀ ਰਿਪੋਰਟ ਪੇਸ਼ ਕਰਦੇ ਹੋਏ ਸੰਸਦੀ ਮਾਮਲਿਆਂ ਬਾਰੇ ਮੰਤਰੀ ਤੀਕਸ਼ਣ ਸੂਦ ਨੇ ਕਿਹਾ ਕਿ ਇਸ ਮਾਮਲੇ ਵਿਚ ਸ੍ਰੀਮਤੀ ਭੱਠਲ ਦੀ ਮੈਂਬਰਸ਼ਿਪ ਵੀ ਰੱਦ ਕੀਤੀ ਜਾ ਸਕਦੀ ਸੀ, ਪਰ ਉਨ੍ਹਾਂ ਦੇ ਪ੍ਰਤੀ ਨਰਮ ਰਵੱਈਆ ਰੱਖਿਆ ਗਿਆ ਹੈ। ਇਸੇ ਦੌਰਾਨ ਭਾਜਪਾ ਦੇ ਕੈਬਨਿਟ ਮੰਤਰੀ ਮਨੋਰੰਜਨ ਕਾਲੀਆ ਨੇ ਉਨ੍ਹਾਂ ਦੀ ਸਜ਼ਾ ਘਟਾ ਕੇ 2 ਦਿਨ ਕਰਨ ਦੀ ਸਿਫਾਰਿਸ਼ ਕੀਤੀ।ਮਰਿਯਾਦਾ ਕਮੇਟੀ ਦੀ ਰਿਪੋਰਟ 'ਤੇ ਬੋਲਦਿਆਂ ਕਾਂਗਰਸ ਦੇ ਵਿਧਾਇਕ ਤੇ ਸਾਬਕਾ ਮੰਤਰੀ ਲਾਲ ਸਿੰਘ ਨੇ ਸਦਨ ਦੇ ਨਿਯਮਾਂ ਦਾ ਹਵਾਲਾ ਦਿੰਦੇ ਹੋਏ ਇਸ ਰਿਪੋਰਟ ਨੂੰ ਗੈਰ ਕਾਨੂੰਨੀ ਦੱਸਿਆ, ਪਰ ਵਿਧਾਨ ਸਭਾ ਸਪੀਕਰ ਨੇ ਸਪਸ਼ਟ ਕੀਤਾ ਕਿ ਇਹ ਰਿਪੋਰਟ ਕਾਨੂੰਨੀ ਦਾਇਰੇ ਵਿਚ ਹੀ ਪੇਸ਼ ਕੀਤੀ ਗਈ। ਟਰਾਂਸਪੋਰਟ ਮੰਤਰੀ ਮਾ. ਮੋਹਨ ਲਾਲ ਨੇ ਕਿਹਾ ਕਿ ਸ੍ਰੀਮਤੀ ਭੱਠਲ ਸਦਨ ਵਿਚ ਵਿਧਾਨ ਸਭਾ ਸਪੀਕਰ ਵਿਰੁਧ ਬੋਲੀ ਭਾਸ਼ਾ ਅਤੇ ਮਰਿਯਾਦਾ ਦੀ ਉਲੰਘਣਾ ਸਬੰਧੀ ਮੁਆਫੀ ਮੰਗ ਲੈਣ ਤਾਂ ਉਨ੍ਹਾਂ ਨੂੰ ਮਾਫ ਕਰ ਦਿੱਤਾ ਜਾਵੇਗਾ ਤੇ ਸਾਰਾ ਮਾਮਲਾ ਹੀ ਖ਼ਤਮ ਹੋ ਜਾਵੇਗਾ। ਇਨ੍ਹਾਂ ਤੋਂ ਇਲਾਵਾ ਕਾਂਗਰਸ ਦੇ ਕੇ.ਪੀ.ਐਸ. ਰਾਣਾ, ਸੁਨੀਲ ਕੁਮਾਰ ਜਾਖੜ ਅਤੇ ਅਵਤਾਰ ਬਰਾੜ ਨੇ ਇਸ ਸਬੰਧ ਵਿਚ ਸਪੀਕਰ ਨੂੰ ਨਰਮ ਰਵੱਈਆ ਵਰਤਣ ਦੀ ਅਪੀਲ ਕੀਤੀ। ਅਖ਼ੀਰ 'ਚ ਵਿਧਾਨ ਸਭਾ ਸਪੀਕਰ ਨਿਰਮਲ ਸਿੰਘ ਕਾਹਲੋਂ ਨੇ ਕਿਹਾ ਕਿ ਸ੍ਰੀਮਤੀ ਭੱਠਲ ਇਮਾਨਦਾਰੀ ਨਾਲ ਕੁਦਰਤ ਦਾ ਧਿਆਨ ਰੱਖ ਕੇ ਸੋਚਣ ਕਿ ਉਨ੍ਹਾਂ ਨੇ ਗਲਤੀ ਕੀਤੀ ਹੈ। ਉਨ੍ਹਾਂ ਨੇ ਕਿਹਾ ਕਿ ਇਸ ਵਿਚ ਦੋ ਰਾਏ ਨਹੀਂ ਕਿ ਵਿਧਾਨ ਸਭਾ ਸਪੀਕਰ ਅਤੇ ਉਨ੍ਹਾਂ ਦੀ ਕੁਰਸੀ ਦਾ ਅਪਮਾਨ ਹੋਇਆ ਹੈ। ਉਨ੍ਹਾਂ ਨੇ ਸਦਨ ਦੇ ਮੈਂਬਰਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਫਰਾਖਦਿਲੀ ਵਿਖਾਉਂਦਿਆਂ ਖੁਦ ਬੀਬੀ ਭੱਠਲ ਨੂੰ ਮੁਆਫ਼ ਕਰ ਦੇਣ। ਇਸ ਤੋਂ ਬਾਅਦ ਸਦਨ 'ਚ ਸਪੀਕਰ ਦੀ ਗੱਲ ਮੰਨਦਿਆਂ ਬੀਬੀ ਭੱਠਲ ਨੂੰ ਮਰਿਯਾਦਾ ਮਾਮਲੇ ਦੀ ਉਲੰਘਣਾ ਦੇ ਦੋਸ਼ਾਂ ਤੋਂ ਮੁਆਫ ਕਰ ਦਿੱਤਾ ਗਿਆ।

ਇਸੇ ਦੌਰਾਨ ਸਪੀਕਰ ਨੇ ਇਹ ਵੀ ਸਪਸ਼ਟ ਕੀਤਾ ਕਿ ਭੱਠਲ ਦਾ ਮਾਮਲਾ ਵੱਖਰਾ ਸੀ ਤੇ ਪਗੜੀਆਂ ਦਾ ਮਾਮਲਾ ਵੱਖਰਾ ਹੈ ਜੋ ਕਿ ਅਜੇ ਉਨ੍ਹਾਂ ਕੋਲ ਵਿਚਾਰ ਅਧੀਨ ਹੈ। ਇਸ ਤੋਂ ਪਹਿਲਾਂ ਕਾਂਗਰਸ ਦੇ ਵਿਧਾਇਕ ਮੱਖਣ ਸਿੰਘ ਨੇ ਸਿਫਰ ਕਾਲ ਦੌਰਾਨ ਬੋਲਦਿਆਂ ਦੋਸ਼ ਲਾਇਆ ਕਿ ਅਮਰਜੀਤ ਸਿੰਘ ਸ਼ਾਹੀ ਨੇ ਜਦੋਂ ਵਿਧਾਇਕਾਂ ਦੀਆਂ ਤਨਖਾਹਾਂ ਵਧਾਉਣ ਦੀ ਮੰਗ ਕੀਤੀ ਤਾਂ ਵਿੱਤ ਮੰਤਰੀ ਨੇ ਜਿਸ ਅੰਦਾਜ਼ ਵਿਚ ਜਵਾਬ ਦਿੱਤਾ ਸੀ, ਉਹ ਸਾਰੇ ਵਿਧਾਇਕਾਂ ਦਾ ਅਪਮਾਨ ਸੀ। ਉਨ੍ਹਾਂ ਕਿਹਾ ਕਿ ਤਨਖਾਹਾਂ ਤੇ ਭੱਤਿਆਂ ਬਾਰੇ ਸਦਨ 'ਚ ਸਿਰਫ ਇਕ ਵਿਧਾਇਕ ਅਮਰਜੀਤ ਸਿੰਘ ਸ਼ਾਹੀ ਨੇ ਗੱਲ ਕੀਤੀ ਸੀ।ਜਦੋਂ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਇਸ ਦਾ ਜਵਾਬ ਦੇਣਾ ਚਾਹਿਆ ਤਾਂ ਸਾਰੇ ਵਿਰੋਧੀ ਮੈਂਬਰਾਂ ਨੇ ਖੜ੍ਹੇ ਹੋ ਕੇ ਬੋਲਣਾ ਸ਼ੁਰੂ ਕਰ ਦਿੱਤਾ।

ਕਾਂਗਰਸ ਦੇ ਬ੍ਰਹਮ ਮਹਿੰਦਰਾ ਨੇ ਸ੍ਰੀ ਬਾਦਲ ਨੂੰ ਇਸ ਲਈ ਮੁਆਫ਼ੀ ਮੰਗਣ ਵਾਸਤੇ ਅਤੇ ਵਿਰੋਧੀ ਧਿਰ ਦੀ ਨੇਤਾ ਬੀਬੀ ਰਾਜਿੰਦਰ ਕੌਰ ਭੱਠਲ ਨੇ ਵੀ ਇਸ ਨੂੰ ਉਲੰਘਣਾ ਦਾ ਮਾਮਲਾ ਦੱਸਦੇ ਹੋਏ ਉਨ੍ਹਾਂ ਦੇ ਅਸਤੀਫੇ ਦੀ ਮੰਗ ਕੀਤੀ। ਇਸ ਤੋਂ ਪਹਿਲਾਂ ਸਦਨ ਵਿਚ ਪੀ ਪੀ ਐਸ ਸੀ ਦੀ ਭਰਤੀ ਦੇ ਵਿਸ਼ੇ ਵਿਚ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਸਦਨ ਨੂੰ ਦੱਸਿਆ ਕਿ ਮੁੱਖ ਮੰਤਰੀ ਨੇ ਇਸ ਮਾਮਲੇ ਦੀ ਜਾਂਚ ਵਿਜੀਲੈਂਸ ਨੂੰ ਸੌਂਪ ਦਿੱਤੀ ਹੈ, ਜੋ ਇਕ ਮਹੀਨੇ ਵਿਚ ਰਿਪੋਰਟ ਦੇਵੇਗੀ।

# ਚੰਡੀਗੜ੍ਹ 'ਚ ਪੰਜਾਬੀ ਭਾਸ਼ਾ ਬਾਰੇ ਵਿਧਾਨ ਸਭਾ ਵਲੋਂ ਮਤਾ

**ਚੰਡੀਗੜ੍ਹ :** ਪੰਜਾਬ ਵਿਧਾਨ ਸਭਾ ਨੇ ਕੇਂਦਰੀ ਸਾਸ਼ਤ ਪ੍ਰਦੇਸ਼ ਚੰਡੀਗੜ੍ਹ ਵਿਚ ਪੰਜਾਬੀ ਭਾਸ਼ਾ ਨੂੰ ਪਹਿਲੀ ਭਾਸ਼ਾ ਦਾ ਦਰਜਾ ਦਿਵਾਉਣ ਲਈ ਇਤਿਹਾਸਕ ਪਹਿਲਕਦਮੀ ਕਰ ਵਿਖਾਈ ਹੈ। ਇੰਜ ਕਰਦਿਆਂ ਸੱਤਾਧਾਰੀਆਂ ਤੇ ਵਿਰੋਧੀ ਧਿਰ ਨੇ ਇਕਸੁਰ ਹੋ ਕੇ ਸਰਵਸੰਮਤੀ ਨਾਲ ਇਕ ਮਤਾ ਪਾਸ ਕੀਤਾ। ਇਸ ਮਤੇ ਨੂੰ ਪੰਜਾਬ ਦੀ ਸਿੱਖਿਆ ਅਤੇ ਭਾਸ਼ਾ ਮੰਤਰੀ ਡਾ. ਉਪਿੰਦਰਜੀਤ ਕੌਰ ਨੇ ਪੇਸ਼ ਕੀਤਾ।

ਮਤੇ ਵਿਚ ਕਿਹਾ ਗਿਆ ਹੈ ਕਿ ਚੰਡੀਗੜ੍ਹ ਸ਼ਹਿਰ ਨੂੰ ਪੰਜਾਬ ਦੇ ਉਸ ਸਮੇਂ ਦੇ 28 ਪਿੰਡਾਂ ਦੀ 30 ਹਜ਼ਾਰ ਏਕੜ ਜ਼ਮੀਨ ਉਪਰ ਪੰਜਾਬ ਦੀ ਰਾਜਧਾਨੀ ਵਜੋਂ ਸਥਾਪਤ ਕੀਤਾ ਗਿਆ ਸੀ, ਪਰ ਪੰਜਾਬੀਆਂ ਦੀ ਮਾਂ-ਬੋਲੀ ਪੰਜਾਬੀ ਭਾਸ਼ਾ ਨੂੰ ਕੇਂਦਰ ਸਾਸ਼ਤ ਪ੍ਰਦੇਸ਼ ਚੰਡੀਗੜ੍ਹ ਵਿਚ ਉਸ ਦਾ ਬਣਦਾ ਮਾਣ, ਅਹਿਮੀਅਤ ਅਤੇ ਸਤਿਕਾਰ ਨਹੀਂ ਦਿੱਤਾ ਗਿਆ। ਇਸ ਮਾਮਲੇ 'ਚ ਮੁੱਢ ਤੋਂ ਹੀ ਬੇਰੁਖੀ ਵਰਤੀ ਜਾ ਰਹੀ ਹੈ। ਸੋ ਇਹ ਤਜਵੀਜ਼ ਕੀਤਾ ਜਾਂਦਾ ਹੈ ਕਿ ਚੰਡੀਗੜ੍ਹ ਵਿਚ ਪੰਜਾਬੀ ਭਾਸ਼ਾ ਨੂੰ ਪਹਿਲੀ ਭਾਸ਼ਾ ਦਾ ਬਣਦਾ ਦਰਜਾ ਦਿੱਤਾ ਜਾਵੇ। ਸਾਰੇ ਸਕੂਲਾਂ ਵਿਚ ਪਹਿਲੀ ਤੋਂ ਦਸਵੀਂ ਜਮਾਤ ਤੱਕ ਪੰਜਾਬੀ ਭਾਸ਼ਾ ਨੂੰ ਲਾਜ਼ਮੀ ਵਿਸ਼ੇ ਵਜੋਂ ਪੜਾਇਆ ਜਾਵੇ। ਮਤੇ ਵਿਚ ਇਹ ਵੀ ਮੰਗ ਕੀਤੀ ਗਈ ਕਿ ਪੰਜਾਬੀ ਸਾਹਿਤ, ਵਿਰਸੇ ਅਤੇ ਸੱਭਿਆਚਾਰ ਦੇ ਵਿਕਾਸ ਲਈ ਚੰਡੀਗੜ੍ਹ ਵਿਖੇ ਪੰਜਾਬੀ ਸਾਹਿਤ ਅਕਾਦਮੀ ਦੀ ਸਥਾਪਨਾ ਕੀਤੀ ਜਾਵੇ। ਹੋਰਨਾਂ ਭਾਸ਼ਾਵਾਂ ਦੇ ਨਾਲ-ਨਾਲ ਦਫਤਰੀ ਕੰਮ-ਕਾਜ ਪੰਜਾਬੀ ਭਾਸ਼ਾ ਵਿਚ ਵੀ ਕੀਤਾ ਜਾਵੇ। ਸਾਰੇ ਸਰਕਾਰੀ ਦਫਤਰਾਂ ਸੜਕਾਂ ਅਤੇ ਜਨਤਕ ਥਾਵਾਂ 'ਤੇ ਲੱਗੇ ਬੋਰਡਾਂ/ਨਾਮ-ਪੱਟੀਆਂ ਪੰਜਾਬੀ ਵਿਚ ਲਿਖੀਆਂ ਜਾਣ।

ਬਾਅਦ ਵਿਚ ਵਿਧਾਨ ਸਭਾ ਦੇ ਮੈਂਬਰਾਂ ਨੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਗੁਆਂਢੀ ਰਾਜਾਂ ਵਿਚ ਪੰਜਾਬੀ ਭਾਸ਼ਾ ਨੂੰ ਦੂਜੀ ਭਾਸ਼ਾ ਵਜੋਂ ਰੁਤਬਾ ਦਿਵਾਉਣ ਲਈ ਮਿਲਣ ਦਾ ਫੈਸਲਾ ਵੀ ਕੀਤਾ। ਇਸ ਤੋਂ ਪਹਿਲਾਂ ਅਕਾਲੀ ਦਲ ਦੇ ਵਿਧਾਇਕ ਕੈਪਟਨ ਬਲਬੀਰ ਸਿੰਘ ਬਾਠ ਵਲੋਂ ਚੰਡੀਗੜ੍ਹ (ਯੂਟੀ) ਵਿਖੇ ਪੰਜਾਬੀ ਨੂੰ ਪਹਿਲੀ ਭਾਸ਼ਾ ਵਜੋਂ ਰੁਤਬਾ ਦਿਵਾਉਣ ਦੀ ਮੰਗ ਕੀਤੀ ਗਈ। ਕਾਂਗਰਸ ਵਲੋਂ ਮਤੇ ਦੀ ਹਮਾਇਤ ਕਰਦਿਆਂ ਵਿਰੋਧੀ ਧਿਰ ਦੀ ਨੇਤਾ ਬੀਬੀ ਰਾਜਿੰਦਰ ਕੌਰ ਭੱਠਲ ਨੇ ਕਿਹਾ ਕਿ ਪੰਜਾਬੀ ਭਾਸ਼ਾ ਨੂੰ ਚੰਡੀਗੜ੍ਹ 'ਚ ਪਹਿਲੀ ਭਾਸ਼ਾ ਦਾ ਰੁਤਬਾ ਦਿਵਾਉਣ ਅਤੇ ਸਰਕਾਰੀ ਦਫਤਰਾਂ ਵਿਚ ਪੰਜਾਬੀ ਨੂੰ ਲਾਗੂ ਕਰਾਉਣ ਲਈ ਉਨ੍ਹਾਂ ਦੀ ਪਾਰਟੀ ਪੂਰੀ ਹਮਾਇਤ ਕਰਦੀ ਹੈ। ਉਨ੍ਹਾਂ ਕਿਹਾ ਕਿ ਅਸੀਂ ਪੰਜਾਬੀ ਨੂੰ ਚੰਡੀਗੜ੍ਹ ਤੋਂ ਇਲਾਵਾ ਦੂਜੇ ਗੁਆਂਢੀ ਰਾਜਾਂ ਹਿਮਾਚਲ ਪ੍ਰਦੇਸ਼ ਸਮੇਤ ਹੋਰਨਾਂ ਵਿਚ ਲਾਗੂ ਕਰਾਉਣ ਦੇ ਹੱਕ ਵਿਚ ਹਾਂ। ਉਨ੍ਹਾਂ ਹਰਿਆਣਾ ਵਿਚ ਪੰਜਾਬੀ ਭਾਸ਼ਾ ਨੂੰ ਦੂਜੀ ਭਾਸ਼ਾ ਵਜੋਂ ਲਾਗੂ ਕੀਤੇ ਜਾਣ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਹਰਿਆਣਾ ਸਰਕਾਰ ਦਾ ਇਹ ਬਹੁਤ ਹੀ ਚੰਗਾ ਕਦਮ ਹੈ, ਇਸ ਨਾਲ ਪੰਜਾਬੀ ਭਾਸ਼ਾ ਨੂੰ ਹਰਿਆਣਾ ਵਿਚ ਬਣਦਾ ਮਾਣ ਸਤਿਕਾਰ ਮਿਲਿਆ ਹੈ। ਕਾਂਗਰਸ ਦੇ ਅਵਤਾਰ ਬਰਾੜ ਨੇ ਮਤੇ 'ਤੇ ਬੋਲਦਿਆਂ ਕਿਹਾ ਕਿ ਚੰਡੀਗੜ੍ਹ 'ਚ ਪੰਜਾਬੀ ਭਾਸ਼ਾ ਪਹਿਲ ਦੇ ਆਧਾਰ 'ਤੇ ਲਾਗੂ ਹੋਣੀ ਚਾਹੀਦੀ ਹੈ ਤਾਂ ਕਿ ਸਾਡੀ ਰਾਜਧਾਨੀ 'ਚ ਪੰਜਾਬੀ ਭਾਸ਼ਾ ਦਾ ਵਿਕਾਸ ਹੋ ਸਕੇ। ਭਾਜਪਾ ਦੇ ਮੰਤਰੀ ਤੀਕਸ਼ਣ ਸੂਦ ਨੇ ਆਪਣੀ ਪਾਰਟੀ ਵਲੋਂ ਮਤੇ ਦੀ ਹਮਾਇਤ ਕਰਦਿਆਂ ਕਿਹਾ ਕਿ ਪਾਰਟੀ ਚੰਡੀਗੜ੍ਹ 'ਚ ਪੰਜਾਬੀ ਨੂੰ ਪਹਿਲੀ ਭਾਸ਼ਾ ਦਾ ਰੁਤਬਾ ਦਿਵਾਉਣ ਦੀ ਹਮਾਇਤ ਕਰਦੀ ਹੈ।


GILL
DIGITAL VIDEO
Harry
Harry Gill 209-648-9716
Jaji 916-470-9781
Jaji
ਅਸੀਂ ਵਿਆਹ ਸ਼ਾਦੀ, ਜਨਮ ਦਿਨ ਪਾਰਟੀ, ਗਰੈਜੂਏਸ਼ਨ ਪਾਰਟੀ ਅਤੇ ਹੋਰ ਹਰ ਤਰ੍ਹਾਂ ਦੇ ਸਮਾਗਮਾਂ ਲਈ ਵਧੀਆ ਅਤੇ ਭਰੋਸੇਮੰਦ ਸੇਵਾਵਾਂ ਪ੍ਰਦਾਨ ਕਰਦੇ ਹਾਂ ਇਕ ਵਾਰ ਸੇਵਾ ਦਾ ਮੌਕਾ ਜਰੂਰ ਦਿਓ
www.gilldigitalvideo.com
email: gillvideo@yahoo.com


JAGDEEP SINGH
INSURANCE AGENCY
ਅਸੀਂ ਟਰੱਕਾਂ ਦੀ ਇੰਸ਼ੋਰੈਂਸ ਪੂਰੀ ਇਮਾਨਦਾਰੀ ਨਾਲ ਕਰਦੇ ਹਾਂ
ਇਸ ਤੋਂ ਇਲਾਵਾ ਅਸੀਂ ਆਟੋ, ਮੈਡੀਕਲ, ਘਰਾਂ ਅਤੇ ਬਿਜ਼ਨਸ ਦੀ ਇੰਸ਼ੋਰੈਂਸ ਵੀ ਕਰਦੇ ਹਾਂ
We Can Beat Any Rates
ਕ੍ਰਿਪਾ ਕਰਕੇ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ ਜੀ
Jagdeep Singh
CA Lic #0E42884
Ph : 559.277.5580
Fax : (888) 227-6988
email: jagdeep@jsinghagency.com
www.jsinghagency.com
Fresno Location : 4491 W. Shaw Ave. #300A Fresno CA 93722
Our New Location : GOLD RIVER
Ph : 916-220-2128
2377 Gold Meadow, Ste #157, Gold River CA 95670


ਸਮੋਗ ਚੈਕ
ਸਮੋਗ ਚੈਕ
SMOG
SMOG CHECK
STATE OF CALIFORNIA LICENSED
ਜੇਕਰ ਤੁਹਾਨੂੰ ਕਿਸੇ ਵੀ ਕਾਰ, ਟਰੱਕ ਜਾਂ ਮੋਟਰਹੋਮ ਆਦਿ ਦੀ ਸਮੋਗ ਚਾਹੀਦੀ ਹੋਵੇ ਤਾਂ Bakersfield ਅਤੇ Fresno Location ਤੁਹਾਡੀ ਸੇਵਾ ਵਿਚ ਹਾਜ਼ਰ ਹਨ।
Big Christmas Special
39.75
Big+DMV Certificate
Free Repair Upto $500
Ask for Tech
• 901 California Ave & P : 661.325-6666
• 1629 California Ave & H : 661.323.3333
• 406 S. Chester Ave & Terrace Way (Inside Gas Station) : 661.832.4444
• 5333 Whtie Ln & Grissom (Inside Big Brand Tire) : 661396.7664 (Smog)
• 1017 Bearmountain Blvd (Arvin) : 661.854.7664 (Smog)
• 1222 Golden State & M : 661.326.0346
• 1506 N. Black Stone & Mckinley (Fresno) : 559.268.7574
• 2597 N Black Stone (Fresno) (Between Clinton & Shield) : 559.222.9999
• 1161-I Street Reedley &12th St : 559.638.9017
• 416 Orisi Ca & 63 Hwy : 559.528.6848
• 2420 Whiteson Ave & Thompson (By Kragen Auto Parts) Selma : 559.896.5555
• 646 Dinuba Ave (Reedley) (By the DMV 3073) : 559.638.3243
1512 Dairy Ave Corcoran CA : 559.922.4500
MOST CARS
ਤੁਹਾਡੀ ਕਾਰ ਨੂੰ ਕਿਸੇ ਵੀ ਤਰ੍ਹਾਂ ਦੀ Problem ਹੋਵੇ ਤਾਂ ਤੁਸੀਂ ਸਮੋਗ ਕਰਵਾਉਣ ਤੋਂ ਪਹਿਲਾਂ ਸਲਾਹ ਲੈ ਸਕਦੇ ਹੋ। ਹਰ Location ਤੇ ਤੁਹਾਨੂੰ ਪੰਜਾਬੀ ਬੋਲਣ ਵਾਲਾ ਮਿਲੇਗਾ।


Grand Opening
ALL TIRE 4 LESS
ਇਥੇ ਕਾਰਾਂ, ਟਰੱਕ-ਟਰੇਲਰ, ਫਾਰਮ ਟਰੈਕਟਰ ਅਤੇ RV ਦੇ ਟਾਇਰ ਵਧੀਆ ਅਤੇ ਸਸਤੀ ਕੀਮਤ ਉਪਰ ਮਿਲਦੇ ਹਨ।
ਇਸ ਤੋਂ ਇਲਾਵਾ ਅਸੀਂ ਟਰੱਕ ਟਰੇਲਰ ਅਤੇ ਰੀਫਰ ਦੀ ਰਿਪੇਅਰ ਅਤੇ ਸਰਵਿਸ ਦਾ ਕੰਮ ਤਸੱਲੀਬਖਸ ਤਰੀਕੇ ਨਾਲ ਕਰਦੇ ਹਾਂ।
24 Hours Road Service
NEW & USED TIRE SALE & SERVICE
ਸਪੈਸ਼ਲ : ਅਸੀਂ ਟਰੱਕਾਂ ਦੇ ਹਰ ਤਰਾਂ ਦੇ ਸਾਈਨ ਵੀ ਬਣਾਉਂਦੇ ਹਾਂ
710 South Hwy 59 Merced CA 95304
ਕਾਲ ਕਰੋ
Shop ▶ 209.384.0424
Hardeep S. Rai ▶ Cell:209.678.6176
bigrigtire@yahoo.com
www.alltire4less.com

# ਪੰਜਾਬ ਟਾਈਮਜ਼

ਸਨਿਚਰਵਾਰ, 20 ਮਾਰਚ, 2010

*ਹਿੰਸਾ ਤਲਵਾਰ ਨਾਲ ਨਹੀਂ ਹੁੰਦੀ, ਜ਼ੁਬਾਨ ਵੀ ਕਰ ਸਕਦੀ ਹੈ।*

## ਪੰਜਾਬੀਆਂ ਦਾ ਗੈਰਕਾਨੂੰਨੀ ਪਰਵਾਸ

ਪੰਜਾਬ ਤੋਂ ਵਿਦੇਸ਼ਾਂ ਵਲ, ਖਾਸ ਕਰਕੇ ਪੱਛਮੀ ਮੁਲਕਾਂ ਵਲ ਹੋ ਰਹੇ ਪਰਵਾਸ ਨੇ ਹੁਣ ਅੰਤਰਰਾਸ਼ਟਰੀ ਸੰਸਥਾਵਾਂ ਦਾ ਵੀ ਧਿਆਨ ਖਿੱਚਣਾ ਸ਼ੁਰੂ ਕਰ ਦਿੱਤਾ ਹੈ। ਪੰਜਾਬ ਵਿਚ ਕੁਝ ਸਮਾਜਸੇਵੀ ਸੰਸਥਾਵਾਂ ਤੇ ਬੁੱਧੀਜੀਵੀ ਇਸ ਕਿਸਮ ਦੇ ਸਵਾਲ ਉਠਾਉਂਦੇ ਰਹੇ ਹਨ ਕਿ ਭਾਵੇਂ ਪਰਦੇਸਾਂ ਵਲ ਜਾਣਾ ਕੋਈ ਮਿਹਣਾ ਨਹੀਂ ਅਤੇ ਸਦੀਆਂ ਤੋਂ ਲੋਕ ਪ੍ਰਵਾਸ ਕਰਦੇ ਰਹੇ ਹਨ, ਪਰ ਜਿਸ ਕਿਸਮ ਦਾ ਪਰਦੇਸਾਂ ਵਲ ਜਾਣ ਦਾ ਰੁਝਾਨ ਪੰਜਾਬ ਵਿਚ ਚੱਲ ਰਿਹਾ ਹੈ, ਇਹ ਬਹੁਤ ਹੀ ਨਾਂਹਮੁਖੀ ਹੈ ਅਤੇ ਇਸ ਦੇ ਬਹੁਤ ਖ਼ਤਰਨਾਕ ਸਿੱਟੇ ਨਿਕਲ ਰਹੇ ਹਨ। ਆਉਣ ਵਾਲੇ ਸਮੇਂ ਵਿਚ ਜੇ ਇਹ ਰੁਝਾਨ ਇਸੇ ਤਰ੍ਹਾਂ ਜਾਰੀ ਰਿਹਾ ਤਾਂ ਇਸ ਦੇ ਹੋਰ ਵੀ ਖ਼ਤਰਨਾਕ ਸਿੱਟੇ ਨਿਕਲਣਗੇ।

ਸੰਯੁਕਤ ਰਾਸ਼ਟਰ ਦੀ ਸੰਸਥਾ 'ਯੂਨਾਈਟਡ ਨੇਸ਼ਨ ਆਫਿਸ ਆਨ ਡਰੱਗਜ਼ ਐਂਡ ਕ੍ਰਾਈਮ' (ਯੂ. ਐਨ. ਓ. ਡੀ. ਸੀ.) ਵਲੋਂ ਹਾਲ ਹੀ ਵਿਚ ਇਸ ਮੁੱਦੇ 'ਤੇ ਕੀਤੇ ਗਏ ਇਕ ਅਧਿਐਨ ਵਿਚ ਚਿੰਤਾ ਦਾ ਪ੍ਰਗਟਾਵਾ ਕੀਤਾ ਗਿਆ ਹੈ। ਰਿਪੋਰਟ ਅਨੁਸਾਰ ਮੁੱਢ ਵਿਚ ਪੰਜਾਬ ਦੇ ਦੋਆਬਾ ਖੇਤਰ ਭਾਵ ਜਲੰਧਰ, ਕਪੂਰਥਲਾ, ਹੁਸ਼ਿਆਰਪੁਰ ਅਤੇ ਨਵਾਂਸ਼ਹਿਰ ਦੇ ਪੇਂਡੂ ਖੇਤਰਾਂ ਦੇ ਨੌਜਵਾਨ ਹੀ ਵਿਦੇਸ਼ਾਂ ਵਲ ਪਰਵਾਸ ਕਰਨ ਨੂੰ ਤਰਜੀਹ ਦਿੰਦੇ ਸਨ ਪਰ ਹੁਣ ਮਾਲਵੇ ਦੇ ਜ਼ਿਲਿਆਂ ਮੋਗਾ, ਸੰਗਰੂਰ ਅਤੇ ਫਰੀਦਕੋਟ ਵਿਚੋਂ ਵੀ ਨੌਜਵਾਨ ਵਿਦੇਸ਼ਾਂ ਵਲ ਪਰਵਾਸ ਕਰਨ ਲੱਗੇ ਹਨ। ਇਸ ਤੋਂ ਇਲਾਵਾ ਇਸ ਰਿਪੋਰਟ ਵਿਚ ਇਹ ਤੱਥ ਵੀ ਸਾਹਮਣੇ ਆਏ ਹਨ ਕਿ ਪਹਿਲਾਂ-ਪਹਿਲ ਪੰਜਾਬ ਦਾ ਸਿਰਫ ਜੱਟ ਭਾਈਚਾਰਾ ਹੀ ਪਰਦੇਸ ਜਾਣ ਲਈ ਕਾਹਲਾ ਸੀ ਪਰ ਹੁਣ ਹੋਰ ਤਬਕਿਆਂ ਦੇ ਲੋਕ ਵੀ ਪੰਜਾਬ ਵਿਚ ਰਹਿਣ ਨਾਲੋਂ ਪਰਵਾਸ ਕਰਨ ਨੂੰ ਤਰਜੀਹ ਦੇਣ ਲਗੇ ਹਨ। ਪੰਜਾਬ ਦੇ ਖਾਂਦੇ-ਪੀਂਦੇ ਨੌਜਵਾਨਾਂ ਲਈ ਹਾਲੇ ਵੀ ਇੰਗਲੈਂਡ, ਅਮਰੀਕਾ ਅਤੇ ਆਸਟ੍ਰੇਲੀਆ ਜਿਹੇ ਮੁਲਕ ਤਰਜੀਹੀ ਮੁਲਕ ਹਨ ਅਤੇ ਇਨ੍ਹਾਂ ਵਿਚ ਜਾਣ ਲਈ ਨੌਜਵਾਨ 30-30 ਲੱਖ ਰੁਪਿਆ ਦੇਣ ਲਈ ਵੀ ਤਿਆਰ ਹਨ। ਇਸ ਤੋਂ ਇਲਾਵਾ ਯੂਰਪ ਦੇ ਹੋਰਨਾਂ ਮੁਲਕਾਂ ਜਿਵੇਂ ਫਰਾਂਸ, ਇਟਲੀ, ਜਰਮਨੀ, ਆਸਟ੍ਰੀਆ, ਸਪੇਨ, ਬੈਲਜੀਅਮ, ਨਾਰਵੇ, ਸਵਿਟਜ਼ਰਲੈਂਡ, ਪੋਲੈਂਡ ਅਤੇ ਹੰਗਰੀ ਜਿਹੇ ਮੁਲਕਾਂ ਲਈ ਵੀ ਪੰਜਾਬ ਦੇ ਨੌਜਵਾਨ ਪਰਵਾਸ ਕਰ ਰਹੇ ਹਨ। ਇਨ੍ਹਾਂ ਮੁਲਕਾਂ ਲਈ ਸਾਡੇ ਲੋਕਾਂ ਵਲੋਂ ਵੱਡੀਆਂ ਰਕਮਾਂ ਦਿੱਤੀਆਂ ਜਾ ਰਹੀਆਂ ਹਨ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਇਕ ਪਹਿਲਾਂ ਹੋਏ ਅਧਿਐਨ ਅਨੁਸਾਰ ਵਿਦੇਸ਼ ਜਾਣ ਲਈ ਪੰਜਾਬ ਦੇ 25,000 ਪਰਿਵਾਰ ਤਕਰੀਬਨ 1250 ਕਰੋੜ ਰੁਪਿਆ ਲੁਟਾ ਚੁੱਕੇ ਹਨ। ਵਿਦੇਸ਼ਾਂ ਵਲ ਪਰਵਾਸ ਕਰਨ ਲਈ ਜੱਟਾਂ ਵਲੋਂ ਧੜਾਧੜ ਆਪਣੀਆਂ ਜ਼ਮੀਨਾਂ ਵੇਚੀਆਂ ਜਾ ਰਹੀਆਂ ਹਨ ਅਤੇ ਕੁਝ ਹੋਰ ਤਬਕੇ ਵੀ ਜਾਇਦਾਦਾਂ ਵੇਚ ਕੇ ਵਿਦੇਸ਼ਾਂ ਨੂੰ ਪਰਵਾਸ ਕਰਨ ਲਈ ਕਾਹਲੇ ਹਨ। ਸੰਯੁਕਤ ਰਾਸ਼ਟਰ ਦੀ ਰਿਪੋਰਟ ਅਨੁਸਾਰ ਪੰਜਾਬ ਤੋਂ ਹਰ ਸਾਲ 20,000 ਲੋਕ ਨਾਜਾਇਜ਼ ਤੌਰ 'ਤੇ ਵਿਦੇਸ਼ਾਂ ਵਲ ਪਰਵਾਸ ਕਰਦੇ ਹਨ ਅਤੇ ਇਨ੍ਹਾਂ ਵਿਚੋਂ ਸਿਰਫ 16 ਫੀਸਦੀ ਲੋਕ ਹੀ ਪੜ੍ਹੇ-ਲਿਖੇ ਹੁੰਦੇ ਹਨ ਅਤੇ 84 ਫੀਸਦੀ ਅਨਪੜ੍ਹ ਨੌਜਵਾਨ ਅਜਿਹਾ ਖ਼ਤਰਾ ਮੁੱਲ ਲੈਂਦੇ ਹਨ।

ਇਕ ਪਾਸੇ ਤਾਂ ਮਾਲਟਾ ਕਾਂਡ ਵਿਚ ਮਾਰੇ ਗਏ ਪੰਜਾਬ ਦੇ ਨੌਜਵਾਨਾਂ ਦੇ ਮਾਪਿਆਂ ਨੂੰ ਹਾਲੇ ਵੀ ਆਪਣੇ ਪੁੱਤਰਾਂ ਦੀ ਉਡੀਕ ਹੈ ਅਤੇ ਦੂਜੇ ਪਾਸੇ ਅਜਿਹੇ ਖ਼ਤਰਨਾਕ ਪਰਵਾਸ ਲਈ ਪਿੰਡਾਂ ਦੇ ਲੋਕ ਹਾਲੇ ਵੀ ਆਪਣੇ ਪੁੱਤਰਾਂ ਨੂੰ ਤੋਰ ਰਹੇ ਹਨ। ਇਹ ਸਵਾਲ ਵਾਰ-ਵਾਰ ਉਠਦਾ ਰਿਹਾ ਹੈ ਕਿ ਆਖਰ ਕਿਉਂ ਪੰਜਾਬ ਦਾ ਨੌਜਵਾਨ ਇਸ ਸੂਬੇ ਤੋਂ ਉਪਰਾਮ ਹੈ ਅਤੇ ਇੰਨੀ ਤੇਜ਼ੀ ਨਾਲ ਪਰਵਾਸ ਕਰ ਰਿਹਾ ਹੈ। ਇਸ ਦਾ ਇਕ ਕਾਰਨ ਤਾਂ ਇਹ ਹੈ ਕਿ ਪੰਜਾਬ ਦੇ ਦਿਹਾਤੀ ਖੇਤਰ, ਖਾਸ ਕਰਕੇ ਕਿਸਾਨ ਤਬਕੇ ਵਿਚ ਆਬਾਦੀ ਵਧਣ ਕਾਰਨ ਜ਼ਮੀਨਾਂ ਵੰਡੀਆਂ ਜਾ ਰਹੀਆਂ ਹਨ ਅਤੇ ਜ਼ਮੀਨ 'ਤੇ ਗੁਜ਼ਾਰਾ ਮੁਸ਼ਕਲ ਹੋ ਰਿਹਾ ਹੈ। ਇਸ ਤੋਂ ਇਲਾਵਾ ਰਾਜ ਵਿਚ ਫੈਲਿਆ ਭ੍ਰਿਸ਼ਟਾਚਾਰ, ਖੇਤੀ ਤੋਂ ਬਿਨਾ ਹੋਰ ਖੇਤਰਾਂ ਵਿਚ ਰੁਜ਼ਗਾਰ ਦੀ ਅਣਹੋਂਦ, ਸਰਕਾਰ ਵਲੋਂ ਅਪਨਾਈਆਂ ਜਾ ਰਹੀਆਂ ਡੰਗ-ਟਪਾਊ ਨੀਤੀਆਂ ਅਤੇ ਨੌਜਵਾਨਾਂ ਦੇ ਆਰਥਿਕ ਅਤੇ ਵਿੱਦਿਅਕ ਵਿਕਾਸ ਲਈ ਘਟ ਰਹੇ ਮੌਕੇ ਇਸ ਦਾ ਕਾਰਨ ਜਾਪਦੇ ਹਨ। ਵੱਡੀ ਪੱਧਰ 'ਤੇ ਫੈਲਿਆ ਸਿਆਸੀ ਅਤੇ ਅਫਸਰਸ਼ਾਹੀ ਭ੍ਰਿਸ਼ਟਾਚਾਰ ਲੋਕਾਂ ਲਈ ਵੱਡੀਆਂ ਦਿੱਕਤਾਂ ਪੈਦਾ ਕਰਦਾ ਹੈ। ਇਹ ਸਾਰਾ ਕੁਝ ਮਿਲ ਕੇ ਅਜਿਹਾ ਮਾਹੌਲ ਪੈਦਾ ਕਰਦਾ ਹੈ, ਜਿਸ ਦੇ ਸਿੱਟੇ ਵਜੋਂ ਇਹ ਧਰਤੀ ਜੀਣ ਯੋਗ ਪ੍ਰਤੀਤ ਨਹੀਂ ਹੁੰਦੀ। ਅਜਿਹੀਆਂ ਹਾਲਤਾਂ ਦੇ ਸਨਮੁਖ ਹੀ ਪੰਜਾਬ ਦੀ ਜਵਾਨੀ ਪਰਦੇਸਾਂ ਵਲ ਨਿਕਲ ਰਹੀ ਹੈ।

ਪੰਜਾਬ ਦੀ ਸਮੁੱਚੀ ਰਾਜਨੀਤਕ ਲੀਡਰਸ਼ਿਪ ਭਾਵੇਂ ਇਸ ਸਥਿਤੀ ਤੋਂ ਜਾਣੂ ਹੈ ਪਰ ਉਹ ਆਪਣੀਆਂ ਸਿਆਸੀ ਤਿਕੜਮਬਾਜ਼ੀਆਂ ਵਿਚ ਹੀ ਮਸ਼ਰੂਫ ਹੈ। ਉਸ ਕੋਲ ਇਨ੍ਹਾਂ ਮਸਲਿਆਂ ਨੂੰ ਨਜਿੱਠਣ ਦੀ ਨਾ ਤਾਂ ਵਿਹਲ ਹੈ, ਨਾ ਹੀ ਬੌਧਿਕ ਸਮਰੱਥਾ ਅਤੇ ਨਾ ਹੀ ਇਸ ਨਾਲ ਨਜਿੱਠਣ ਲਈ ਕੋਈ ਪ੍ਰਤੀਬੱਧਤਾ ਉਨ੍ਹਾਂ ਕੋਲ ਮੌਜੂਦ ਹੈ। ਜਿਵੇਂ ਕਿ ਕਾਂਗਰਸੀ ਤੋਂ ਅਕਾਲੀ ਬਣੇ ਪੰਜਾਬ ਦੇ ਇਕ ਸੀਨੀਅਰ ਰਾਜਨੀਤਕ ਆਗੂ ਨੇ ਕਿਹਾ ਹੈ, ਪੰਜਾਬ ਸਮੇਤ ਸਮੁੱਚੇ ਭਾਰਤ ਦੀ ਰਾਜਨੀਤੀ ਪੂਰੀ ਤਰ੍ਹਾਂ ਕਾਰੋਬਾਰ ਬਣ ਚੁੱਕੀ ਹੈ। ਇਸ ਸਥਿਤੀ ਵਿਚ ਹਰ ਪਾਰਟੀ ਦੇ ਆਗੂ ਅਤੇ ਸਿਆਸਤਦਾਨ ਆਪਣੀ ਸਿਆਸੀ ਸਰਗਰਮੀ ਨੂੰ ਆਪਣੇ ਕਾਰੋਬਾਰੀ ਹਿਤਾਂ ਦੀ ਦ੍ਰਿਸ਼ਟੀ ਤੋਂ ਹੀ ਦੇਖਦੇ ਹਨ। ਇਨ੍ਹਾਂ ਹਿਤਾਂ ਦੇ ਮੱਦੇਨਜ਼ਰ ਹੀ ਉਹ ਕੋਈ ਸਰਗਰਮੀ ਕਰਦੇ ਹਨ। ਨਵੀਂ ਹਾਲਤ ਇਹ ਵੀ ਹੈ ਕਿ ਸਿਆਸਤਦਾਨਾਂ ਦੀ ਹੋਂਦ ਅੰਨ੍ਹੀ ਕਮਾਈ ਕਰਨ ਵਾਲੇ ਇਨ੍ਹਾਂ ਏਜੰਟਾਂ, ਜਮ੍ਹਾਖੋਰੀ ਕਰਨ ਵਾਲੇ ਵਪਾਰੀਆਂ, ਸ਼ਰਾਬ ਦੇ ਅਤੇ ਹੋਰ ਨਸ਼ਿਆਂ ਦੇ ਠੇਕੇਦਾਰਾਂ, ਪੰਜ ਸਿਤਾਰਾ ਹੋਟਲਾਂ ਦੇ ਮਾਲਕਾਂ ਅਤੇ ਵੱਡੇ ਪ੍ਰਾਪਰਟੀ ਡੀਲਰਾਂ ਦੇ ਆਸਰੇ ਹੀ ਬਣੀ ਹੋਈ ਹੈ। ਇਸ ਸਥਿਤੀ ਵਿਚ ਪੰਜਾਬ ਦੀ ਜਵਾਨੀ ਦੇ ਭਵਿੱਖ ਨੂੰ ਸੁਰੱਖਿਅਤ ਕਰਨ ਦੀ ਫਿਕਰ ਭਲਾ ਕਿਸ ਨੂੰ ਹੋ ਸਕਦੀ ਹੈ? ਹਾਲਾਤ ਜਿੰਨੀ ਤੇਜ਼ੀ ਨਾਲ ਵਿਗੜ ਰਹੇ ਹਨ, ਰੱਬ ਹੀ ਰਾਖਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਕਿਉਂ? ਕਿਉਂ? ਕਿਉਂ?

ਹੇਰਾ-ਫੇਰੀਆਂ ਨਾਲ ਮਦਮਸਤ ਆਗੂ, ਕਾਮਯਾਬੀਆਂ ਹਾਸਲ ਕਿਉਂ ਕਰੀ ਜਾਂਦਾ?
ਸੱਚ, ਧਰਮ, ਈਮਾਨ, ਨਿਆਂ ਛੱਡ ਕੇ, ਡੱਬਾ ਵੋਟਾਂ ਦੇ ਨਾਲ ਕਿਉਂ ਭਰੀ ਜਾਂਦਾ?
ਆਉਣਾ ਅੰਤ 'ਹਰਨਾਕਸ਼' ਦਾ ਕਦੋਂ ਬਾਬਾ! ਜਿੱਧਰ ਦੇਖੋ 'ਪ੍ਰਹਿਲਾਦ' ਹੀ ਮਰੀ ਜਾਂਦਾ?
ਮਲਕ ਭਾਗੋ ਦੀ ਗੁੱਡੀ ਅਕਾਸ਼ ਚੜ੍ਹਦੀ, ਭਾਈ ਲਾਲੋ ਜੀ ਹਉਕੇ ਕਿਉਂ ਭਰੀ ਜਾਂਦਾ?
ਅੱਖੀਂ ਦੇਖ ਕੇ ਮੱਖੀ ਨਹੀਂ ਨਿਗਲ ਹੁੰਦੀ, ਆਮ ਆਦਮੀ ਜ਼ੁਲਮ ਕਿਉਂ ਜਰੀ ਜਾਂਦਾ?
ਹੇ ਗੁਰਦੇਵ ਜੀ ਆਹ ਕੀ ਹੋ ਰਿਹਾ ਏ! ਕੂੜ ਜਿੱਤਦਾ, ਸੱਚ ਕਿਉਂ ਮਰੀ ਜਾਂਦਾ?

# ਮਾਲਵੇ ਦੇ ਮਸਲੇ ਹੱਲ ਕਰਨ ਲਈ ਹੰਭਲਿਆਂ ਦੀ ਲੋੜ

**ਡਾ. ਕੇਸਰ ਸਿੰਘ ਭੰਗੂ**

ਪੰਜਾਬ ਦਾ ਦੋ ਤਿਹਾਈ ਰਕਬਾ ਅਤੇ 60 ਪ੍ਰਤੀਸ਼ਤ ਆਬਾਦੀ ਮਾਲਵੇ ਖੇਤਰ ਵਿਚ ਹੈ। ਮਾਲਵਾ ਸਤਲੁਜ ਦਰਿਆ ਦੇ ਦੱਖਣ ਵਾਲੇ ਪਾਸੇ ਸ਼ਿਵਾਲਿਕ ਪਹਾੜੀਆਂ ਤੋਂ ਲੈ ਕੇ ਰਾਜਸਥਾਨ ਤਕ ਫੈਲਿਆ ਹੋਇਆ ਹੈ। ਇਹ ਖੇਤਰ ਮੌਸਮ ਅਤੇ ਧਰਾਤਲ ਪੱਖ ਤੋਂ ਮਾਝੇ ਅਤੇ ਦੁਆਬੇ ਨਾਲੋਂ ਗਰਮ, ਖ਼ੁਸ਼ਕ ਅਤੇ ਕੁਝ ਰੇਤਲਾ ਹੈ। ਪੰਜਾਬ ਦੀ ਰਾਜਨੀਤੀ ਅਤੇ ਸਰਕਾਰ ਉਪਰ ਹਮੇਸ਼ਾ ਹੀ ਮਾਲਵੇ ਦਾ ਦਬਦਬਾ ਰਿਹਾ ਹੈ ਕਿਉਂਕਿ ਅੱਧੇ ਤੋਂ ਵਧ ਵਿਧਾਨ ਸਭਾ ਹਲਕੇ ਇਸੇ ਖੇਤਰ ਵਿਚ ਪੈਂਦੇ ਹਨ ਅਤੇ 1966 ਤੋਂ ਬਾਅਦ ਬਹੁਤੇ ਮੁੱਖ ਮੰਤਰੀ ਵੀ ਮਾਲਵੇ ਦੇ ਹਿੱਸੇ ਹੀ ਆਏ ਹਨ। ਇਸ ਦੇ ਬਾਵਜੂਦ, ਜੇ ਲੁਧਿਆਣਾ ਜ਼ਿਲ੍ਹੇ ਅਤੇ ਪੁਆਧ ਦੇ ਖੇਤਰ ਮਨਫ਼ੀ ਕਰ ਦੇਈਏ ਤਾਂ ਮਾਲਵੇ ਦਾ ਬਹੁਤ ਵੱਡਾ ਖਿੱਤਾ ਸਾਧਾਰਨ ਅਨੁਮਾਨਾਂ ਅਨੁਸਾਰ ਆਰਥਿਕ ਵਿਕਾਸ ਅਤੇ ਵਿਕਾਸ ਦੇ ਵੱਖ-ਵੱਖ ਪਹਿਲੂਆਂ ਵਿਚ ਕਾਫ਼ੀ ਪਛੜਿਆ ਹੋਇਆ ਹੈ। ਇਸ ਖੇਤਰ ਦੇ ਆਰਥਿਕ ਵਿਕਾਸ ਅਤੇ ਮਨੁੱਖੀ ਵਿਕਾਸ ਸਬੰਧੀ ਅੰਕੜਿਆਂ ਦੀ ਘੋਖ ਪੜਤਾਲ, ਮਾਲਵੇ ਦੇ ਸਿੱਖਿਆ, ਸਿਹਤ, ਖੇਤੀਬਾੜੀ, ਸਨਅਤ, ਸੇਵਾਵਾਂ ਅਤੇ ਆਮਦਨ ਆਦਿ ਦੇ ਸੂਚਕ ਅੰਕ ਦੂਜੇ ਖੇਤਰਾਂ ਅਤੇ ਕੁੱਲ ਪੰਜਾਬ ਤੋਂ ਪਛੜੇ ਹੋਣ ਦੀ ਹਾਮੀ ਭਰਦੇ ਹਨ।

ਮਾਲਵੇ ਦੇ ਬਹੁਤੇ ਜ਼ਿਲ੍ਹਿਆਂ ਦੀ ਸਾਖਰਤਾ ਦਰ ਅਤੇ ਔਰਤਾਂ ਦੀ ਸਾਖਰਤਾ ਦਰ ਕੁੱਲ ਪੰਜਾਬ ਅਤੇ ਦੂਜੇ ਖੇਤਰਾਂ ਨਾਲੋਂ ਕਾਫ਼ੀ ਘੱਟ ਹੈ। ਯੂ.ਐਨ. ਡੀ.ਪੀ. ਦੀ ਤਾਜ਼ਾ ਮਨੁੱਖੀ ਵਿਕਾਸ ਰਿਪੋਰਟ ਵਿਚ ਸੰਗਰੂਰ ਦੇ ਸਿੱਖਿਆ ਅਤੇ ਸਿਹਤ ਦੇ ਖੇਤਰਾਂ ਵਿਚ ਪਛੜੇ ਹੋਣ ਦਾ ਖੁਲਾਸਾ ਕੀਤਾ ਗਿਆ ਹੈ। ਪ੍ਰਤੀ ਵਿਅਕਤੀ ਆਮਦਨ, ਕੁੱਲ ਆਮਦਨ, ਮਨੁੱਖੀ ਵਿਕਾਸ ਸੂਚਕ ਅੰਕ, ਗਰੀਬੀ ਦੀ ਦਰ, ਮੁੱਢਲਾ ਢਾਂਚਾ ਖਾਸ ਕਰਕੇ ਪੇਂਡੂ, ਸ਼ੁੱਧ ਪਾਣੀ ਦੇ ਪ੍ਰਬੰਧ ਦੀ ਅਣਹੋਂਦ, ਬੱਚਿਆਂ ਵਿਚ ਮਰਨ ਦੀ ਦਰ, ਸਿਹਤ ਸੇਵਾਵਾਂ ਅਤੇ ਹੋਰ ਸਿਹਤ ਸੂਚਕ ਵੀ ਮਾਲਵੇ ਦੇ ਪਛੜੇਪਣ ਦੀ ਦੁਹਾਈ ਪਾਉਂਦੇ ਹਨ।

ਵਰਣਨਯੋਗ ਹੈ ਕਿ ਇਸ ਖੇਤਰ ਨੂੰ ਅੱਜ-ਕੱਲ੍ਹ ਕੈਂਸਰ ਦੀ ਰਾਜਧਾਨੀ ਵੀ ਕਹਿੰਦੇ ਹਨ ਅਤੇ ਸਿਹਤ ਸਹੂਲਤਾਂ ਦੀ ਘਾਟ ਕਾਰਨ ਇਥੋਂ ਲੋਕ ਕੈਂਸਰ ਦੇ ਇਲਾਜ ਲਈ ਬੀਕਾਨੇਰ ਜਾਂਦੇ ਹਨ। ਖੇਤੀ ਲਈ ਵਰਤੀਆਂ ਜਾਂਦੀਆਂ ਜ਼ਹਿਰਾਂ/ਖਾਦਾਂ ਅਤੇ ਤਾਪ ਬਿਜਲੀ ਘਰਾਂ ਵਿਚੋਂ ਨਿਕਲਣ ਵਾਲੀ ਰਾਖ ਨੇ ਇਸ ਖੇਤਰ ਦੇ ਹਵਾ, ਪਾਣੀ ਅਤੇ ਧਰਤੀ ਨੂੰ ਦੂਸ਼ਿਤ ਕਰ ਦਿੱਤਾ ਹੈ।

ਪਿਛਲੇ ਸਮੇਂ ਵਿਚ ਹੋਏ ਅਧਿਐਨਾਂ ਨੇ ਸਿੱਧ ਕਰ ਦਿੱਤਾ ਹੈ ਕਿ ਪੰਜਾਬ ਖੇਤੀ ਦੇ ਸੰਕਟ, ਕਿਸਾਨਾਂ ਦੇ ਕਰਜ਼ੇ, ਫਸਲਾਂ ਦੇ ਖ਼ਰਾਬੇ ਅਤੇ ਕਿਸਾਨ ਖ਼ੁਦਕੁਸ਼ੀਆਂ ਦੀ ਰਾਜਧਾਨੀ ਵੀ ਮਾਲਵਾ ਖੇਤਰ ਹੀ ਹੈ। ਦੇਸ਼ ਦੇ ਖੇਤੀ ਸੈਕਟਰ ਦੀ ਹਾਲਤ ਤੋਂ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਮਾਲਵੇ ਵਿਚ ਖੇਤੀ ਵਿਚ ਕਿੰਨਾ ਨਿਘਾਰ ਹੋਵੇਗਾ। ਵੱਡੀਆਂ ਸਨਅਤਾਂ ਦੀ ਅਣਹੋਂਦ ਅਤੇ ਘਾਟ ਵੀ ਵਰਣਨਯੋਗ ਹੈ। ਪਿਛਲੇ ਕਾਫ਼ੀ ਸਾਲਾਂ ਤੋਂ ਕਪਾਹ ਦੀ ਭਰਵੀਂ ਫ਼ਸਲ ਨਾ ਹੋਣ ਕਾਰਨ ਕਪਾਹ ਸਨਅਤ ਨੂੰ ਵੀ ਵੱਡਾ ਝਟਕਾ ਲੱਗਿਆ ਹੈ। ਛੋਟੇ ਪੈਮਾਨੇ ਦੀਆਂ ਸਨਅਤੀ ਇਕਾਈਆਂ ਅਤੇ ਘਰੇਲੂ ਇਕਾਈਆਂ ਦੀ ਦਸ਼ਾ ਵੀ ਕੋਈ ਬਹੁਤੀ ਠੀਕ ਨਹੀਂ ਹੈ। ਇਸ ਖੇਤਰ 'ਚ ਆਧੁਨਿਕ ਸਨਅਤਾਂ ਤੇ ਸੇਵਾਵਾਂ ਜਿਵੇਂ ਕਿ ਇਲੈਕਟਰੋਨਿਕਸ ਤੇ ਇਨਫਰਮੇਸ਼ਨ ਟੈਕਨਾਲੋਜੀ ਨਾਲ ਸਬੰਧਤ ਕੋਈ ਵੀ ਅਦਾਰਾ, ਪਾਰਕ ਸਥਾਪਤ ਨਹੀਂ ਕੀਤਾ ਗਿਆ।

ਇਸ ਖੇਤਰ ਦੇ ਲੋਕਾਂ ਲਈ ਮਾਯੂਸੀ ਵਾਲੀ ਗੱਲ ਇਹ ਹੈ ਕਿ ਲੰਮੇ ਸਮੇਂ ਤੋਂ ਇਸ ਖੇਤਰ ਦਾ ਜਿੰਨਾ ਵਿਕਾਸ ਹੋਣਾ ਚਾਹੀਦਾ ਸੀ, ਨਹੀਂ ਹੋਇਆ ਭਾਵੇਂ ਬਹੁਤੇ ਸਮੇਂ ਲਈ ਰਾਜ-ਭਾਗ ਵੀ ਮਾਲਵੇ ਦੇ ਰਾਜਨੀਤਕ ਨੇਤਾਵਾਂ ਹੱਥ ਹੀ ਰਿਹਾ ਹੈ।

ਹੁਣ ਇਹ ਮੰਗਾਂ ਅਤੇ ਉਮੀਦਾਂ ਇਸ ਕਰਕੇ ਨਹੀਂ ਕਿ ਸੂਬੇ ਦੀ ਮੌਜੂਦਾ ਲੀਡਰਸ਼ਿਪ ਮਾਲਵੇ ਵਿਚੋਂ ਹੈ ਬਲਕਿ ਇਸ ਕਰਕੇ ਕਿ ਇਹ ਖੇਤਰ ਵਿਕਾਸ ਅਤੇ ਬਿਹਤਰੀ ਦੇ ਮਾਮਲੇ ਵਿਚ ਦੂਜੇ ਖੇਤਰਾਂ ਤੋਂ ਪਿੱਛੇ ਹੈ ਅਤੇ ਨਾਲ ਹੀ ਇਹ ਇਸ ਖੇਤਰ ਦੀ ਜ਼ਰੂਰਤ ਅਤੇ ਹੱਕ ਵੀ ਹੈ। ਸਰਕਾਰ ਨੂੰ ਬਜਟ ਵਿਚ ਹੀ ਨਹੀਂ ਸਗੋਂ ਪੰਜਾਬ ਸਰਕਾਰ ਦੇ ਸਾਰੇ ਵਿਕਾਸ ਦੇ ਪ੍ਰੋਗਰਾਮਾਂ ਵਿਚ ਅਤੇ ਕੇਂਦਰੀ ਸਰਕਾਰ ਅਤੇ ਕੇਂਦਰੀ ਏਜੰਸੀਆਂ ਉਪਰ ਦਬਾਅ ਪਾ ਕੇ ਮਾਲਵੇ ਦੀਆਂ ਸਮੱਸਿਆਵਾਂ ਖ਼ਾਸ ਕਰਕੇ ਸਿੱਖਿਆ, ਸਿਹਤ ਅਤੇ ਖੇਤੀਬਾੜੀ ਦੇ ਵਿਕਾਸ ਲਈ ਵਧ ਤੋਂ ਵਧ ਫੰਡਾਂ ਦਾ ਫੌਰੀ ਪ੍ਰਬੰਧ ਕਰਨਾ ਚਾਹੀਦਾ ਹੈ। ਪ੍ਰਾਇਮਰੀ, ਸੈਕੰਡਰੀ ਅਤੇ ਉੱਚ ਸਿੱਖਿਆ ਦੇ ਢਾਂਚੇ ਨੂੰ ਮਜ਼ਬੂਤ ਕਰਨ ਦੀ ਜ਼ਰੂਰਤ ਹੈ।

ਇਸ ਲਈ ਸਿੱਖਿਆ ਸੰਸਥਾਵਾਂ ਵਿਚ ਬਿਲਡਿੰਗਾਂ, ਫਰਨੀਚਰ, ਹੋਰ ਸਿੱਖਿਆ ਲਈ ਲੋੜੀਂਦਾ ਸਾਜ਼ੋ-ਸਾਮਾਨ, ਠੀਕ ਸੈਨੀਟੇਸ਼ਨ ਅਤੇ ਸ਼ੁੱਧ ਪਾਣੀ ਦਾ ਪ੍ਰਬੰਧ ਲਾਜ਼ਮੀ ਬਣਾਇਆ ਜਾਵੇ। ਸਾਰੇ ਸਕੂਲਾਂ-ਕਾਲਜਾਂ ਵਿਚ ਅਧਿਆਪਕਾਂ ਦੀਆਂ ਖਾਲੀ ਅਸਾਮੀਆਂ ਪਹਿਲ ਦੇ ਆਧਾਰ 'ਤੇ ਭਰੀਆਂ ਜਾਣੀਆਂ ਚਾਹੀਦੀਆਂ ਹਨ। ਸਿੱਖਿਆ ਲਈ ਫੰਡਾਂ ਦੀ ਘਾਟ ਇਸ ਗੱਲ ਤੋਂ ਸਪਸ਼ਟ ਨਜ਼ਰ ਆਉਂਦੀ ਹੈ ਕਿ ਸਰਕਾਰ ਨੇ ਆਨੀ-ਬਹਾਨੀਂ ਅਧਿਆਪਕਾਂ ਦੀ ਭਰਤੀ ਘੱਟ ਤਨਖ਼ਾਹ, ਜ਼ਿਲ੍ਹਾ ਪ੍ਰੀਸ਼ਦਾਂ ਰਾਹੀਂ, ਮਾਪੇ-ਅਧਿਆਪਕ ਸੰਸਥਾਵਾਂ ਰਾਹੀਂ, ਠੇਕੇ 'ਤੇ ਭਰਤੀ, ਬੇਸ਼ਕ ਤਨਖ਼ਾਹ ਉਤੇ ਆਦਿ ਰਾਹੀਂ ਸ਼ੁਰੂ ਕੀਤੀ ਹੋਈ ਹੈ। ਇਸ ਤਰ੍ਹਾਂ ਦਾ ਪ੍ਰਬੰਧ ਤੁਰੰਤ ਬਦਲ ਕੇ ਸਾਰੇ ਸਕੂਲਾਂ-ਕਾਲਜਾਂ ਨੂੰ ਸਿੱਖਿਆ ਵਿਭਾਗ ਦੇ ਕਾਨੂੰਨਾਂ ਤਹਿਤ ਚਲਾਉਣਾ ਚਾਹੀਦਾ ਹੈ। ਯਕੀਨੀ ਬਣਾਇਆ ਜਾਵੇ ਕਿ 6-14 ਸਾਲ ਤਕ ਦੇ ਸਾਰੇ ਬੱਚੇ ਸਕੂਲ ਜਾਣ ਅਤੇ ਉਨ੍ਹਾਂ ਨੂੰ ਮੁਫ਼ਤ ਸਿੱਖਿਆ ਮੁਹੱਈਆ ਕਰਵਾਈ ਜਾਵੇ।

ਸਿਹਤ ਸਹੂਲਤਾਂ ਅਤੇ ਸੇਵਾਵਾਂ ਨੂੰ ਮਾਲਵੇ ਦੇ ਆਮ ਲੋਕਾਂ ਤੱਕ ਪਹੁੰਚਾਉਣ ਲਈ ਪਿੰਡਾਂ ਅਤੇ ਸ਼ਹਿਰਾਂ ਦੇ ਹਸਪਤਾਲਾਂ ਅਤੇ ਡਿਸਪੈਂਸਰੀਆਂ ਵਿਚ ਸਹੀ ਤੇ ਠੀਕ ਮਾਤਰਾ ਵਿਚ ਦਵਾਈਆਂ ਦਾ ਪ੍ਰਬੰਧ, ਸਿਹਤ ਸੇਵਾਵਾਂ ਲਈ ਲੋੜੀਂਦਾ ਹੋਰ ਸਾਜ਼ੋ-ਸਾਮਾਨ ਅਤੇ ਸਿਹਤ ਕਰਮੀ ਪੂਰੀ ਗਿਣਤੀ ਵਿਚ ਤਾਇਨਾਤ ਕਰਨੇ ਲਾਜ਼ਮੀ ਹਨ। ਇਸ ਖੇਤਰ ਦੀ ਸਿਹਤ ਸਬੰਧੀ ਸਭ ਤੋਂ ਵੱਡੀ ਚੁਣੌਤੀ ਸ਼ੁੱਧ ਪੀਣ ਵਾਲੇ ਪਾਣੀ ਦਾ ਪ੍ਰਬੰਧ ਕਰਨਾ ਹੈ ਜਿਸ ਲਈ ਖ਼ਾਸ ਵਿਵਸਥਾ ਹੋਣੀ ਚਾਹੀਦੀ ਹੈ। ਇਸ ਦੇ ਨਾਲ ਹੀ ਸੀਵਰੇਜ ਦਾ ਪੇਂਡੂ ਅਤੇ ਸ਼ਹਿਰੀ ਖੇਤਰਾਂ ਵਿਚ ਪਸਾਰ ਅਤੇ ਪ੍ਰਬੰਧ ਲਈ ਵੀ ਫੰਡਾਂ ਦਾ ਲੋੜੀਂਦਾ ਇੰਤਜ਼ਾਮ ਕੀਤਾ ਜਾਣਾ ਚਾਹੀਦਾ ਹੈ। ਮਾਲਵਾ ਵਿਚ ਵਧ ਰਹੇ ਪ੍ਰਦੂਸ਼ਣ ਦੀ ਰੋਕਥਾਮ ਲਈ ਵੀ ਪ੍ਰੋਗਰਾਮ ਬਣਾਉਣਾ ਬਹੁਤ ਜ਼ਰੂਰੀ ਹੈ ਤਾਂ ਕਿ ਲੋਕਾਂ ਦੀ ਸਿਹਤ ਵਿਚ ਵਿਗਾੜ ਨਾ ਪਵੇ ਅਤੇ ਕੁਦਰਤੀ ਸੰਤੁਲਨ ਵੀ ਕਾਇਮ ਰੱਖਿਆ ਜਾ ਸਕੇ। ਇਸ ਖ਼ਿੱਤੇ ਵਿਚ ਹਰ ਬਿਮਾਰੀ ਦੇ ਇਲਾਜ ਲਈ ਜ਼ਿਲ੍ਹਾ ਪੱਧਰ 'ਤੇ ਇਕ ਮਲਟੀਸਪੈਸ਼ਲਿਟੀ ਹਸਪਤਾਲ ਖੋਲ੍ਹਣਾ ਅਤਿ ਜ਼ਰੂਰੀ ਹੈ ਤਾਂ ਕਿ ਲੋਕਾਂ ਨੂੰ ਇਲਾਜ ਲਈ ਦੂਰ-ਦੁਰਾਡੇ ਦੇ ਹਸਪਤਾਲਾਂ ਵਿਚ ਨਾ ਜਾਣਾ ਪਵੇ।

ਖੇਤੀ ਨੂੰ ਮੁੜ ਪੈਰਾਂ 'ਤੇ ਖੜ੍ਹਾ ਕਰਨ ਲਈ ਕੇਂਦਰ ਸਰਕਾਰ 'ਤੇ ਦਬਾਅ ਪਾ ਕੇ ਖੇਤੀ ਸੈਕਟਰ ਲਈ ਪੈਕੇਜ ਲਈ ਉਪਰਾਲੇ ਦੀ ਬਹੁਤ ਜ਼ਰੂਰਤ ਹੈ। ਇਸ ਸਬੰਧ ਵਿਚ ਸਭ ਤੋਂ ਪਹਿਲਾਂ ਮਾਲਵੇ ਦੇ ਨਹਿਰੀ ਸਿੰਚਾਈ ਦਾ ਸਿਸਟਮ, ਜੋ ਕਿ ਬਹੁਤ ਪੁਰਾਣਾ ਅਤੇ ਖ਼ਰਾਬ ਹੋ ਚੁੱਕਾ ਹੈ, ਦਾ ਪੁਨਰ-ਨਿਰਮਾਣ ਜ਼ਰੂਰੀ ਹੈ ਤਾਂ ਕਿ ਖੇਤੀ ਲਈ ਲੋੜੀਂਦਾ ਪਾਣੀ ਨਹਿਰਾਂ ਦੀਆਂ ਟੇਲਾਂ 'ਤੇ ਪੈਂਦੇ ਪਿੰਡਾਂ ਨੂੰ ਵੀ ਪਹੁੰਚ ਸਕੇ। ਇਹ ਇਸ ਲਈ ਜ਼ਰੂਰੀ ਹੈ ਕਿ ਨਹਿਰੀ ਪਾਣੀ ਦੀ ਘਾਟ ਨੂੰ ਕਿਸਾਨਾਂ ਨੇ ਫ਼ਸਲਾਂ ਦੇ ਮਰਨ ਅਤੇ ਕਰਜ਼ੇ ਦੇ ਵਧਣ ਦੇ ਇਕ ਕਾਰਨ ਦੇ ਤੌਰ 'ਤੇ ਪਛਾਣ ਕੀਤੀ ਹੈ। ਮਾਲਵੇ ਦੇ ਵੱਡੇ ਹਿੱਸੇ ਦਾ ਧਰਤੀ ਹੇਠਲਾ ਪਾਣੀ ਸਿੰਜਾਈ ਦੇ ਯੋਗ ਨਹੀਂ ਹੈ। ਖੇਤਰ ਦੇ ਕਿਸਾਨਾਂ ਸਿਰ ਪਹਾੜ ਜਿੱਡੀ ਕਰਜ਼ੇ ਦੀ ਪੰਡ ਨੂੰ ਕੁਝ ਹਲਕਾ ਕਰਨ ਲਈ ਬਜਟ ਵਿਚ ਅਤੇ ਕੇਂਦਰ ਸਰਕਾਰ ਰਾਹੀਂ ਕੋਈ ਨਾ ਕੋਈ ਹੱਲ ਤਲਾਸ਼ਣ ਦੀ ਸੰਜੀਦਾ ਕੋਸ਼ਿਸ਼ ਜ਼ਰੂਰ ਕਰਨੀ ਬਣਦੀ ਹੈ ਤਾਂ ਕਿ ਹੁਣ ਤੋਂ ਬਾਅਦ ਕੋਈ ਵੀ ਕਿਸਾਨ ਖੁਦਕੁਸ਼ੀ ਦੇ ਰਾਹ ਨਾ ਪਏ। ਸ਼ੁੱਧ ਕੀੜੇਮਾਰ ਦਵਾਈਆਂ ਅਤੇ ਖਾਦਾਂ ਦੇ ਸਮੇਂ ਸਿਰ ਮਿਲਣ ਨੂੰ ਵੀ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ। ਖੇਤੀ ਖੋਜ ਅਤੇ ਵਿਸਥਾਰ ਸੇਵਾਵਾਂ ਨੂੰ ਪਿੰਡਾਂ ਤੱਕ ਪਹੁੰਚਾਉਣ ਲਈ ਉਚੇਚੇ ਪ੍ਰਬੰਧਾਂ ਦੀ ਵੀ ਜ਼ਰੂਰਤ ਹੈ।

# ਆਰਥਿਕ ਤੌਰ 'ਤੇ ਤੇਜ਼ੀ ਨਾਲ ਪਛੜ ਰਿਹਾ ਪੰਜਾਬ

**ਡਾ. ਜਸਪਾਲ ਸਿੰਘ**

ਪਿਛਲੇ ਇਕ ਦਹਾਕੇ ਤੋਂ ਪੰਜਾਬ ਦਾ ਅਰਥਚਾਰਾ ਬਹੁਤ ਹੀ ਧੀਮੀ ਗਤੀ ਨਾਲ ਵਿਕਾਸ ਕਰ ਰਿਹਾ ਹੈ। ਮੰਦੇ ਦੇ ਦੋ ਸਾਲਾਂ ਨੂੰ ਛੱਡ ਕੇ ਭਾਰਤ ਦਾ ਕੌਮੀ ਅਰਥਚਾਰਾ ਪਿਛਲੇ ਸਮਿਆਂ 'ਚ 8-9 ਫੀਸਦੀ ਦੀ ਦਰ ਨਾਲ ਵਧਦਾ ਰਿਹਾ ਹੈ। ਭਾਰਤ ਦੇ ਕੁਝ ਸੂਬੇ ਤਾਂ ਇਸ ਤੋਂ ਵੀ ਵਧੇਰੇ ਤੇਜ਼ੀ ਨਾਲ ਵਿਕਾਸ ਕਰਦੇ ਰਹੇ ਹਨ ਤਾਂ ਹੀ 8-9 ਫੀਸਦੀ ਦੀ ਔਸਤਨ ਵਿਕਾਸ ਦਰ ਪ੍ਰਾਪਤ ਹੋਈ ਹੈ। ਜਿਥੋਂ ਤੱਕ ਪੰਜਾਬ ਦਾ ਸਬੰਧ ਹੈ, ਇਹ ਦਰ ਪਿਛਲੀ ਕਾਂਗਰਸ ਸਰਕਾਰ ਦੇ ਸਮੇਂ 4.5 ਫੀਸਦੀ ਹੀ ਰਹੀ ਜਦਕਿ ਸਰਕਾਰ ਨੇ ਨਿਸ਼ਾਨਾ 6.4 ਫੀਸਦੀ ਵਾਧੇ ਦਾ ਮਿੱਥਿਆ ਸੀ। ਗਿਆਰਵੀਂ ਪੰਜ ਸਾਲਾ ਯੋਜਨਾ (2007-12) ਵਿਚ ਪੰਜਾਬ ਦਾ ਅਰਥਚਾਰਾ 5.9 ਫੀਸਦੀ ਤੋਂ ਵਧਣ ਦੀ ਆਸ ਨਹੀਂ। ਭਾਵੇਂ ਕਿ ਕੌਮੀ ਪੱਧਰ 'ਤੇ ਔਸਤ ਵਾਧਾ 9 ਫੀਸਦੀ ਦੇ ਆਸ ਪਾਸ ਕਿਆਸਿਆ ਜਾ ਰਿਹਾ ਹੈ।

ਮੌਜੂਦਾ ਸਮੇਂ ਵਿਚ ਪੰਜਾਬ ਦੀ ਪ੍ਰਤੀ ਜੀਅ ਸਾਲਾਨਾ ਆਮਦਨ ਔਸਤਨ 44000 ਰੁਪਏ ਹੈ। ਇਸ ਪੱਖੋਂ ਇਹ ਭਾਰਤ ਦੇ 17 ਗੈਰ-ਵਿਸ਼ੇਸ਼ ਰਾਜਾਂ ਵਿਚ ਛੇਵੇਂ ਸਥਾਨ 'ਤੇ ਹੈ। ਪਰ ਪੰਜਾਬ ਦੀ ਇਹ ਸਥਿਤੀ, ਗਿਆਰਵੀਂ ਪੰਜ ਸਾਲਾ ਯੋਜਨਾ ਦੇ ਅੰਤ ਤੱਕ ਰਹਿਣ ਵਾਲੀ ਨਹੀਂ। 2012 ਤੱਕ ਪੰਜਾਬ ਪ੍ਰਤੀ ਜੀਅ ਆਮਦਨ ਦੇ ਹਿਸਾਬ ਨਾਲ 17 'ਚੋਂ ਅੱਠਵੇਂ ਸਥਾਨ 'ਤੇ ਪਹੁੰਚ ਜਾਵੇਗਾ। ਇਸ ਦਾ ਮਤਲਬ ਹੈ ਕਿ ਰਾਜ ਬੜੀ ਤੇਜ਼ੀ ਨਾਲ ਹੋਰਾਂ ਰਾਜਾਂ ਤੋਂ ਪਛੜ ਰਿਹਾ ਹੈ। ਇਹ ਤੱਥ ਕਿਸੇ ਤੋਂ ਛੁਪਿਆ ਨਹੀਂ ਕਿ ਪੰਜਾਬ ਦਾ ਖੇਤੀ ਖੇਤਰ ਲਗਭਗ ਖੜੋਤ ਦੀ ਸਥਿਤੀ 'ਚ ਪਹੁੰਚ ਗਿਆ ਹੈ। ਇਹ ਮੌਜੂਦਾ ਸਮੇਂ ਵਿਚ ਲਗਭਗ ਦੋ ਫੀਸਦੀ ਦੇ ਹਿਸਾਬ ਨਾਲ ਵਿਕਾਸ ਕਰ ਰਿਹਾ ਹੈ। ਹੋ ਸਕਦਾ ਹੈ ਕਿ ਇਹ ਰਫ਼ਤਾਰ ਆਉਣ ਵਾਲੇ ਸਮੇਂ ਵਿਚ ਹੋਰ ਵੀ ਘਟ ਜਾਵੇ। ਜਿਥੋਂ ਤੱਕ ਸਨਅਤ ਦਾ ਸਬੰਧ ਹੈ ਪੰਜਾਬ ਦੀ ਇਸ ਖੇਤਰ ਦੀ ਵਿਕਾਸ ਦਰ 8 ਫੀਸਦੀ ਦੱਸੀ ਜਾ ਰਹੀ ਹੈ। ਇਹ ਵੀ ਆਉਣ ਵਾਲੇ ਸਮੇਂ 'ਚ ਹੋਰ ਘਟ ਸਕਦੀ ਹੈ। ਪਹਿਲਾਂ ਹੀ ਪੰਜਾਬ ਵਿਚੋਂ ਬਹੁਤ ਸਾਰੀਆਂ ਸਨਅਤਾਂ ਪਲਾਇਨ ਕਰ ਚੁੱਕੀਆਂ ਹਨ। ਹਿਮਾਚਲ ਪ੍ਰਦੇਸ਼, ਉਤਰਾਖੰਡ ਤੇ ਜੰਮੂ-ਕਸ਼ਮੀਰ ਵਰਗੇ ਰਾਜ ਸਨਅਤਾਂ ਨੂੰ ਬਹੁਤ ਸਹੂਲਤਾਂ ਮੁਹੱਈਆ ਕਰਵਾਉਂਦੇ ਹਨ। ਇਨ੍ਹਾਂ ਰਾਜਾਂ ਨੇ ਟੈਕਸਾਂ ਵਿਚ ਭਾਰੀ ਛੋਟ ਦਿੱਤੀ ਹੋਈ ਹੈ ਤੇ ਨਾਲੋ ਨਾਲ ਸਨਅਤੀ ਖੇਤਰ ਲਈ ਇਹ ਰਾਜ ਬਿਜਲੀ ਦੀ ਸਪਲਾਈ ਪੂਰੀ ਰੱਖਦੇ ਹਨ। ਭਾਵੇਂ ਪੰਜਾਬ ਸਰਕਾਰ ਨੇ ਕੇਂਦਰੀ ਸਰਕਾਰ ਨੂੰ ਇਹ ਬੇਨਤੀ ਕੀਤੀ ਹੈ ਕਿ ਉਹ ਗੁਆਂਢੀ ਰਾਜਾਂ ਵਲੋਂ ਦਿੱਤੀਆਂ ਜਾ ਰਹੀਆਂ ਟੈਕਸ ਛੋਟਾਂ ਖਤਮ ਕਰਵਾਏ ਪਰ ਫਿਰ ਵੀ ਬਹੁਤੀ ਸਨਅਤ ਪੰਜਾਬ 'ਚ ਵਾਪਸ ਆਉਣ ਵਾਲੀ ਨਹੀਂ। ਇਸ ਦਾ ਸਭ ਤੋਂ ਵੱਡਾ ਕਾਰਨ ਰਾਜ 'ਚ ਬਿਜਲੀ ਦੀ ਘਾਟ ਹੈ। ਕਈ ਵਾਰ ਤਾਂ ਬਿਜਲੀ ਦੇ ਏਨੇ ਲੰਬੇ ਕੱਟ ਲਗਾਏ ਜਾਂਦੇ ਹਨ ਕਿ ਸਨਅਤਕਾਰਾਂ ਨੂੰ ਆਪਣੇ ਕਿਰਤੀਆਂ ਨੂੰ ਛੁੱਟੀ ਹੀ ਕਰਨੀ ਪੈਂਦੀ ਹੈ। ਇਸ ਨਾਲ ਪੈਦਾਵਾਰ ਬਹੁਤ ਘੱਟ ਗਈ ਹੈ। ਸਿੱਟੇ ਵਜੋਂ ਰਾਜ ਨੂੰ ਨਾ ਸਿਰਫ ਟੈਕਸ ਪੱਖੋਂ ਭਾਰੀ ਨੁਕਸਾਨ ਉਠਾਉਣਾ ਪੈ ਰਿਹਾ ਹੈ ਬਲਕਿ ਇਸ ਦੇ ਨਾਲ ਰਾਜ ਵਿਚ ਰੁਜ਼ਗਾਰ ਦੇ ਮੌਕੇ ਵੀ ਸੁੰਗੜ ਰਹੇ ਹਨ। ਅੱਸੀਵਿਆਂ ਵਿਚ ਪੰਜਾਬ ਦੀ ਜੀਅ ਪ੍ਰਤੀ ਆਮਦਨ ਸਾਰੇ ਭਾਰਤ ਵਿਚ ਸਭ ਤੋਂ ਵੱਧ ਸੀ। ਇਸ ਤੋਂ ਮਗਰੋਂ ਪੰਜਾਬ ਡੇਢ ਦਹਾਕੇ ਤੱਕ ਦਹਿਸ਼ਤਗਰਦੀ ਦੀ ਮਾਰ ਹੇਠ ਰਿਹਾ ਤੇ ਉਸ ਤੋਂ ਬਾਅਦ ਰਾਜ ਵਿਚ ਨਾ ਤਾਂ ਸਨਅਤੀ ਵਿਕਾਸ ਦਰ ਹੀ ਵਧੀ ਤੇ ਨਾ ਹੀ ਖੇਤੀ ਦੀ ਵਿਕਾਸ ਦਰ ਵਿਚ ਕੋਈ ਜ਼ਿਕਰਯੋਗ ਵਾਧਾ ਹੋਇਆ। ਹਰਾ ਇਨਕਲਾਬ ਹੁਣ ਆਪਣੀ ਮੁੱਢਲੀ ਊਰਜਾ ਗੁਆ ਚੁੱਕਾ ਹੈ। ਜ਼ਮੀਨ ਦੀ ਪੈਦਾਵਾਰ ਖੜੋਤ 'ਤੇ ਪਹੁੰਚ ਗਈ ਹੈ। ਜਾਪਦਾ ਹੈ ਕਿ ਪੰਜਾਬ ਦੀ ਜ਼ਮੀਨ ਆਪਣੀ ਕੁਦਰਤੀ ਉਪਜਾਊ ਸ਼ਕਤੀ ਗੁਆ ਰਹੀ ਹੈ। ਖੇਤੀ ਵਿਗਿਆਨੀਆਂ ਨੇ ਜੋ ਫਸਲੀ ਵਿਭਿੰਨਤਾ ਦੀ ਮੁਹਿੰਮ ਚਲਾਈ ਸੀ ਉਹ ਹੁਣ ਠੁੱਸ ਹੋ ਗਈ ਹੈ ਤੇ ਪੰਜਾਬ ਦਾ ਕਿਸਾਨ ਫਿਰ ਕਣਕ-ਝੋਨੇ ਦੇ ਚੱਕਰ ਵਿਚ ਪੈ ਗਿਆ ਹੈ। ਭਾਰਤ ਸਰਕਾਰ ਵੀ ਹੁਣ ਇਹ ਸਮਝਦੀ ਹੈ ਕਿ ਪੰਜਾਬ ਨੂੰ ਦੇਸ਼ ਦਾ ਅੰਨ ਭੰਡਾਰ ਹੀ ਬਣਾ ਕੇ ਰੱਖਿਆ ਜਾਵੇ। ਪਿਛਲੇ ਸਾਲ ਜਿਹੜੀ ਦੇਸ਼ 'ਚ ਅਨਾਜ ਦੀ ਘਾਟ ਆਈ ਹੈ, ਉਸ ਤੋਂ ਬਾਅਦ ਸਰਕਾਰ ਕੁਝ ਬੌਂਦਲ ਗਈ ਹੈ। ਦੇਸ਼ ਵਿਚ ਫਿਰ ਖਾਧ ਖੁਰਾਕ ਦੀ ਸੁਰੱਖਿਆ ਦਾ ਮਾਮਲਾ ਪਹਿਲ ਦੇ ਆਧਾਰ 'ਤੇ ਵਿਚਾਰਿਆ ਜਾਣ ਲੱਗਾ ਹੈ। ਸਮੁੱਚੇ ਭਾਰਤ ਵਾਸਤੇ ਖਾਧ-ਖੁਰਾਕ ਸੁਰੱਖਿਆ ਲਈ ਪੰਜਾਬ ਬਹੁਤ ਹੀ ਮਹੱਤਵਪੂਰਨ ਰਾਜ ਹੈ।

ਇਸ ਲਈ ਕੇਂਦਰੀ ਸਰਕਾਰ ਨੂੰ ਪੰਜਾਬ 'ਚ ਖੜੋਤ ਦੀ ਸਥਿਤੀ ਨੂੰ ਵੇਖਦੇ ਹੋਏ ਰਾਜ ਲਈ ਇਕ ਉਚੇਚਾ ਪੈਕੇਜ ਅਵੱਸ਼ ਦੇਣਾ ਚਾਹੀਦਾ ਹੈ।

# ਅਮਰੀਕੀ ਮਹਾਸ਼ਕਤੀ ਦੇ ਬਦਲਦੇ ਤੇਵਰ ਅਤੇ ਭਾਰਤ ਦੇ ਹਾਲਾਤ

**-ਸ਼ੇਖਰ ਗੁਪਤਾ**

ਰਿਚਰਡ ਹੋਲਬਰੁਕ ਦੇ ਇਸ ਬੇਹੱਦ ਅਸੰਵੇਦਨਸ਼ੀਲ ਬਿਆਨ ਕਿ ਕਾਬੁਲ ਹਮਲਾ ਵਿਸ਼ੇਸ਼ ਰੂਪ ਵਿਚ ਭਾਰਤੀਆਂ ਨੂੰ ਨਿਸ਼ਾਨੇ ਤੇ ਰੱਖ ਕੇ ਨਹੀਂ ਕੀਤਾ ਗਿਆ ਸੀ, ਵਿਚ ਅਜਿਹਾ ਕੁਝ ਨਹੀਂ ਹੈ ਜਿਸਦੀ ਹੋਲਬਰੁਕ ਤੋਂ ਉਮੀਦ ਨਾ ਕੀਤੀ ਜਾਵੇ। ਭਾਸ਼ਾ ਸੱਚਮੁਚ ਕਾਫੀ ਭੱਦੀ ਤੇ ਸ਼ਰਮਨਾਕ ਸੀ, 'ਮੈਂ ਇਹ ਸਵੀਕਾਰ ਨਹੀਂ ਕਰਦਾ (ਕਿ ਇਹ ਉਸ ਤਰ੍ਹਾਂ ਦਾ ਹਮਲਾ ਸੀ, ਜਿਹੋ ਜਿਹਾ ਭਾਰਤੀ ਦੂਤਾਵਾਸ ਤੇ ਕੀਤਾ ਗਿਆ ਸੀ) ਤੇ ਫਟਾਫਟ ਫੈਸਲੇ ਤੇ ਨਾ ਪਹੁੰਚੋ।' ਅਸਲ ਵਿਚ ਇਹੋ ਜਿਹੀ ਬੇਬਾਕ, ਖੁਰਦਰੀ ਭਾਸ਼ਾ ਉਨ੍ਹਾਂ ਦੀ ਪਹਿਚਾਣ ਹੈ। ਹੋਲਬਰੁਕ ਦੀ ਇਹੋ ਜਿਹੀ ਛਵੀ ਹੈ ਕਿ ਜਿਸ ਵਕਤ ਉਨ੍ਹਾਂ ਦੀ ਨਿਯੁਕਤੀ ਦਾ ਐਲਾਨ ਹੋਇਆ, ਇਕ ਸਾਬਕਾ ਅਮਰੀਕੀ ਪ੍ਰਤੀਨਿਧੀ ਨੇ ਮੈਨੂੰ ਕਿਹਾ, 'ਜਦ ਤੁਸੀਂ ਲੋਕ ਹੋਲਬਰੁਕ ਦੇ ਨਾਲ ਵਿਵਹਾਰ ਕਰਨਾ ਸਿਖੋਗੇ ਤਾਂ ਤੁਹਾਨੂੰ ਪਤਾ ਲਗੇਗਾ ਕਿ ਮੈਂ ਤਾਂ ਇਕ ਕੂਟਨੀਤਿਕ ਆਦਮੀ ਸਾਂ।' ਇਸ ਨਾਲ ਸਾਫ ਤੌਰ ਤੇ ਇਹ ਪਤਾ ਲਗਦਾ ਹੈ ਕਿ ਅਮੂਮਨ ਜੋ ਗੱਲ ਸਦਮਾ ਪਹੁੰਚਾਉਣ ਵਾਲੀ ਅਸੰਵੇਦਨਸ਼ੀਲਤਾ ਦੀ ਹੱਦ ਤਕ ਜਾ ਪਈ ਹੈ, ਉਸ ਵਿਚ ਕੁਝ ਵੀ ਇਹੋ ਜਿਹਾ ਅਜੀਬ ਅਤੇ ਅਸਮਾਨਤਾ ਵਾਲਾ ਨਹੀਂ ਹੈ। ਉਹ ਕਿਸ ਤਰ੍ਹਾਂ ਦੇ ਇਨਸਾਨ ਹਨ? ਜਦੋਂ ਕਿ ਆਤੰਕੀ ਹਮਲੇ ਦੇ ਸ਼ਿਕਾਰ ਹੋਏ ਚਾਰ ਭਾਰਤੀ ਹੁਣ ਵੀ ਹਸਪਤਾਲ ਵਿਚ ਜਿੰਦਗੀ ਦੇ ਲਈ ਲੜ ਰਹੇ ਹਨ, ਉਹ ਇਹੋ ਜਿਹੀਆਂ ਗੱਲਾਂ ਕਰਦੇ ਹਨ। ਉਨ੍ਹਾਂ ਦਾ ਗੱਲ ਕਰਨ ਦਾ ਲਹਿਜਾ ਪੱਖਪਾਤੀ ਸੀ। ਲਗਭਗ ਉਨ੍ਹਾਂ ਲੋਕਾਂ ਨੂੰ ਡਾਂਟ ਫਟਕਾਰਨ ਅਤੇ ਉਪਦੇਸ਼ ਦੇਣ ਜਿਹਾ, ਜੋ ਇਸ ਨਤੀਜੇ ਤੇ ਪਹੁੰਚੇ ਕਿ ਇਹ ਹਮਲਾ ਵਿਸ਼ੇਸ਼ ਰੂਪ ਨਾਲ ਭਾਰਤੀਆਂ ਨੂੰ ਸਾਧ ਕੇ ਕੀਤਾ ਗਿਆ ਸੀ। ਸਭ ਤੋਂ ਜਿਆਦਾ ਮਹੱਤਵਪੂਰਣ ਅਤੇ ਧਿਆਨ ਦੇਣ ਯੋਗ ਹੈ ਉਨ੍ਹਾਂ ਦਾ ਦੋ ਬਾਰ ਧੜਾਧੜ ਆਪਣੀਆਂ ਗੱਲਾਂ ਤੋਂ ਪਰਤਣਾ ਅਤੇ ਉਸਤੋਂ ਪਿੱਛੇ ਹਟਣਾ।

ਮੂਰਖਤਾਪੂਰਣ ਬਿਆਨਬਾਜੀ ਕਰਨ ਦੇ ਇਕ ਦਿਨ ਦੇ ਅੰਦਰ ਹੀ ਉਨ੍ਹਾਂ ਨੇ ਲਗਭਗ ਇਸ ਤਰ੍ਹਾਂ ਦੇ ਸ਼ਬਦਾਂ ਵਿਚ ਆਪਣੀਆਂ ਗੱਲਾਂ ਦੀ ਸਫਾਈ ਦਿੱਤੀ ਕਿ ਉਹ ਲਗਭਗ ਮਾਫੀ ਮੰਗਣ ਜਿਹਾ ਪ੍ਰਤੀਤ ਹੋ ਰਿਹਾ ਸੀ ਅਤੇ ਪੱਕੇ ਤੌਰ ਤੇ ਇਹ ਮਾਫੀ ਮੰਗਣਾ ਵੀ ਹੋਲਬਰੁਕ ਦੀ ਛਵੀ ਦੇ ਮੁਤਾਬਿਕ ਨਹੀਂ ਸੀ। ਦੁਨੀਆਂ ਦੇ ਸਾਰੇ ਰਿਚਰਡ ਹੋਲਬਰੁਕ ਇਸ ਤਰ੍ਹਾਂ ਕਰਦੇ ਹੋਏ ਨਹੀਂ ਮਿਲਣਗੇ, 'ਓਹ ਮੈਂ ਇਸ ਮਸਲੇ ਤੇ ਕੁਝ ਜਿਆਦਾ ਹੀ ਤਿੱਖਾ ਬੋਲ ਗਿਆ।' ਤਾਂ ਇਸ ਤਰ੍ਹਾਂ ਅਚਾਨਕ ਪਾਲਾ ਬਦਲਣ ਨਾਲ ਅਸੀਂ ਕੀ ਨਤੀਜਾ ਕੱਢੀਏ? ਕੀ ਅਸੀਂ ਇਹ ਮਹਿਸੂਸ ਕਰਦੇ ਹੋਏ ਘਰ ਵਾਪਸ ਆ ਜਾਈਏ ਕਿ ਚਲੋ ਸਭ ਦੋਸ਼, ਸਾਰੇ ਪਾਪ ਧੋਤੇ ਗਏ ਅਤੇ ਇਹ ਸੋਚ ਕੇ ਖੁਸ਼ੀ ਮਹਿਸੂਸ ਕਰੀਏ ਕਿ ਹੋਲਬਰੁਕ ਨੇ ਇੰਨੀ ਜਲਦੀ ਕਾਰਣਾਂ ਨੂੰ ਸਮਝ ਲਿਆ? ਜਾਂ ਫਿਰ ਇਹ ਸੋਚੀਏ ਕਿ ਇਹ ਵੀ ਇਕ ਜਲਦਬਾਜੀ ਅਤੇ ਬਿਨਾਂ ਸੋਚੇ ਸਮਝੇ ਕੀਤੀ ਗਈ ਟਿੱਪਣੀ ਹੀ ਸੀ ਅਤੇ ਪ੍ਰਮਾਤਮਾ ਦਾ ਸ਼ੁਕਰ ਹੈ ਕਿ ਜਲਦੀ ਹੀ ਉਹ ਉਸ ਟਿੱਪਣੀ ਤੋਂ ਪਲਟ ਵੀ ਗਏ ਅਤੇ ਆਪਣਾ ਬਿਆਨ ਵਾਪਸ ਲੈ ਲਿਆ? ਜਾਂ ਫਿਰ ਅਸੀਂ ਚਿੰਤਾ ਵਿਚ ਆਪਣੀ ਨੀਂਦ ਗਵਾ ਦਈਏ ਤੇ ਬੈਠ ਕੇ ਵਿਕਲਪਾਂ ਦਾ ਅੰਦਾਜਾ ਲਾਈਏ? ਸਾਰੇ ਮੌਜੂਦਾ ਤੱਥ ਆਖਰੀ ਵਿਕਲਪ ਵਲ ਇਸ਼ਾਰਾ ਕਰਦੇ ਹਨ। ਜੇਕਰ ਅਸੀਂ ਹੋਲਬਰੁਕ ਦੇ ਬਿਨਾ ਕਿਸੇ ਰੀੜ ਦੇ ਚਰਿੱਤਰ ਦੇ ਲਗਭਗ ਮਾਫੀਨਾਮੇ ਜਿਹੇ ਬਿਆਨ ਨੂੰ ਭਾਰਤ ਦੀ ਵਧਦੀ ਹੋਈ ਤਾਕਤ ਅਤੇ ਕੱਦ ਦੀ ਪੁਸ਼ਟੀ ਮੰਨ ਲਵਾਂਗੇ ਤਾਂ ਅਸੀਂ ਇਕ ਬਹੁਤ ਵੱਡੀ ਭੁੱਲ ਕਰਾਂਗੇ। ਸਚਾਈ ਦਾ ਦੂਜਾ ਪਹਿਲੂ ਇਹ ਹੈ ਕਿ ਇਹ ਬਿਆਨ ਇਕ ਨਵੇਂ, ਕਮਜ਼ੋਰ ਅਤੇ ਹੋਰ ਅਗੇ ਹੋਰ ਕਮਜ਼ੋਰ ਹੁੰਦੇ ਜਾਂਦੇ ਅਮਰੀਕਾ ਦਾ ਸੰਕੇਤ ਹੈ। ਹੋਲਬਰੁਕ ਦੇ ਦੋਵਾਂ ਸ਼ੁਰੂਆਤੀ ਬਿਆਨਾਂ ਵਿਚ ਤਤਕਾਲ ਉਨ੍ਹਾਂ ਦੇ ਪਾਸਾ ਵੱਟਣ ਨਾਲ ਬਿਆਨ ਤੋਂ ਪਿੱਛੇ ਹਟਣ ਨਾਲ ਉਨ੍ਹਾਂ ਦੀ ਕਮਜੋਰੀ ਨੂੰ ਦਿਖਾ ਦਿੱਤਾ ਹੈ। ਹੋਲਬਰੁਕ ਦੇ ਸ਼ੁਰੂਆਤੀ ਬਿਆਨ ਵਿਚ ਜੋ ਤਲਖੀ



ਰਿਚਰਡ ਹੋਲਬਰੁਕ

ਸੀ, ਉਹ ਇਸ ਹੰਕਾਰਮਈ ਦਾਅਵੇ ਦੇ ਕਾਰਣ ਨਹੀਂ ਸੀ ਕਿ ਉਨ੍ਹਾਂ ਦੇ ਕੋਲ ਜਿਆਦਾ ਬਿਹਤਰ ਜਮੀਨੀ ਜਾਣਕਾਰੀ ਹੈ, ਬਲਿਕ ਭਾਰਤ ਦੇ ਪ੍ਰਤੀ ਇਹ ਤਲਖੀ ਇਸ ਕਾਰਣ ਨਾਲ ਸੀ ਕਿ ਉਹ ਇਕ ਇਹੋ ਜਿਹੀ ਸੱਤਾ ਦੀ ਅਗਵਾਈ ਕਰ ਰਹੇ ਸਨ, ਜੋ ਕਮਜ਼ੋਰ ਹੋ ਰਹੀ ਹੈ, ਜਿਸਦੇ ਕੋਲ ਕੋਈ ਨਵਾਂ ਵਿਚਾਰ ਜਾਂ ਵਿਕਲਪ ਨਹੀਂ ਹੈ ਅਤੇ ਜੋ ਲਗਾਤਾਰ ਆਪਣਾ ਪ੍ਰਭਾਵ ਅਤੇ ਉਸਨੂੰ ਅਮਲ ਵਿਚ ਲਿਆਉਣ ਦੀ ਇੱਛਾਸ਼ਕਤੀ ਦੋਵੇਂ ਗੁਆ ਰਹੇ ਹਨ। ਓਬਾਮਾ ਦੇ ਇਸ ਰਵਈਏ ਨਾਲ ਕਿ, 'ਮੈਂ ਹੋਰ ਜਿਆਦਾ ਸੈਨਾ ਭੇਜਾਂਗਾ, ਪਰ ਤੈਅਸ਼ੁਦਾ ਵਕਤ ਵਿਚ ਉਨ੍ਹਾਂ ਨੂੰ ਵਾਪਿਸ ਬੁਲਾ ਲਵਾਂਗਾ' ਨੇ ਉਸ ਖੇਤਰ ਵਿਚ ਅਮਰੀਕਾ ਦੀ ਹਾਲਤ ਨੂੰ ਕਮਜੋਰ ਕਰ ਦਿੱਤਾ ਹੈ ਅਤੇ ਨਾ ਸਿਰਫ ਤਾਲਿਬਾਨ, ਬਲਿਕ ਪਾਕਿਸਤਾਨ ਵੀ ਆਪਣੀ ਜਿੱਤ ਨੂੰ ਮਹਿਸੂਸ ਕਰ ਰਿਹਾ ਹੈ। ਹਾਲਾਂਕਿ ਇਹ ਵਿਸ਼ਵਾਸ ਅਤੇ ਸਥਿਤੀ ਬਹੁਤ ਤੇਜੀ ਨਾਲ ਬਦਲ ਵੀ ਸਕਦੀ ਹੈ, ਫਿਰ ਵੀ ਪਾਕਿਸਤਾਨ ਹੁਣ ਇਹ ਵਿਸ਼ਵਾਸ ਕਰਦਾ ਹੈ ਕਿ ਅਮਰੀਕਾ (ਅਤੇ ਹੋਲਬਰੁਕ ਜਿਹੇ ਉਨਾਂ ਦੇ ਪ੍ਰਤੀਨਿਧੀਆਂ) ਦੇ ਲਈ ਇਕ ਹੀ ਰਸਤਾ ਬਾਕੀ ਰਹਿ ਗਿਆ ਹੈ ਕਿ ਉਹ ਕੁਝ ਇਹੋ ਜਿਹੇ ਜੋੜ-ਤੋੜ ਕਰੇ ਅਤੇ ਇਕ ਤਰ੍ਹਾਂ ਦੀ 'ਜਿੱਤ' ਦਾ ਐਲਾਨ ਕਰਕੇ ਵਾਪਸ ਆ ਜਾਵੇ। ਇਹ ਪਾਕਿਸਤਾਨ ਦੁਆਰਾ ਚੁਣੇ ਅਤੇ ਕੰਟਰੋਲ ਕੀਤੇ ਗਏ ਤਾਲਿਬਾਨ ਦੇ ਨਾਲ ਸਮਝੌਤਾ ਕਰਕੇ ਹੀ ਮੁਮਕਿਨ ਹੋ ਸਕਦਾ ਹੈ। ਬੇਸ਼ਕ ਹੁਣ ਪਾਕਿਸਤਾਨ ਇਹ ਪੱਕਾ ਕਰਨ ਦੇ ਵਾਅਦੇ ਕਰੇਗਾ ਕਿ ਕਾਬੁਲ ਦੇ ਨਵੇਂ ਸ਼ਾਸਕ ਅਮਰੀਕਾ ਅਤੇ ਉਨ੍ਹਾਂ ਦੇ ਸਹਿਯੋਗੀਆਂ ਦਾ ਕੋਈ ਨੁਕਸਾਨ ਨਹੀਂ ਕਰਨਗੇ। ਇਸ ਸਫਲਤਾ ਨੂੰ ਪਾ ਕੇ ਪਾਕਿਸਤਾਨੀ ਇੰਨੇ ਸਾਹਸੀ ਹੋ ਗਏ ਹਨ ਕਿ ਉਹ ਫਿਰ ਤੋਂ ਖੁੱਲ੍ਹ ਕੇ ਅਫਗਾਨਿਸਤਾਨ ਦੀ ਆਪਣੀ ਜਰੂਰਤ ਦੇ ਬਾਰੇ ਵਿਚ ਬੋਲਣ ਲੱਗੇ ਹਨ। ਅਫਗਾਨਿਸਤਾਨ ਵਿਚ ਭਾਰਤੀ ਮਿਸ਼ਨਾਂ ਦੀਆਂ 'ਗਤੀਵਿਧੀਆਂ' ਦੇ ਖਿਲਾਫ ਉਨ੍ਹਾਂ ਦੇ ਹਮਲੇ ਵਧ ਗਏ ਹਨ ਅਤੇ ਅਮਰੀਕੀ ਉਨ੍ਹਾਂ ਹਮਲਿਆਂ ਦਾ ਜਵਾਬ ਦੇਣ ਦੇ ਪ੍ਰਤੀ ਘੱਟ ਤੋਂ ਘੱਟ ਜਜ਼ਬਾ ਦਿਖਾ ਰਹੇ ਹਨ। ਜੇਕਰ ਹੋਲਬਰੁਕ ਦੇ ਦੁਨਿਆਵੀ ਨਜਰੀਏ ਨਾਲ ਦੇਖੀਏ ਤਾਂ ਇਸ ਨਾਲ ਕਿਸੇ ਨੂੰ ਕੋਈ ਨੁਕਸਾਨ ਨਹੀਂ ਹੋਵੇਗਾ, ਜੇਕਰ ਭਾਰਤ 'ਵੱਡੇ ਪਰਿਦ੍ਰਿਸ਼' ਨੂੰ ਧਿਆਨ ਵਿਚ ਰਖਦੇ ਹੋਏ 'ਥੋੜਾ ਹੋਰ ਵਿਵੇਕਪੂਰਣ' ਰਵਈਆ ਅਪਣਾਏ।

ਹੋਲਬਰੁਕ ਹੁਣ ਇਹੋ ਜਿਹੀ ਕਮਜੋਰ ਹੋ ਰਹੀ ਮਹਾਸ਼ਕਤੀ ਦੇ ਲਈ ਬੋਲ ਰਹੇ ਹਨ, ਜੋ ਆਪਣੇ ਹਿਤ ਦੇ ਲਈ ਆਪਣੀਆਂ ਸੀਮਾਵਾਂ ਤੋਂ ਬਾਹਰ ਜਾ ਕੇ ਲੜਾਈ ਲੜਨ ਦੇ ਲਈ ਬਿਲਕੁਲ ਵੀ ਦ੍ਰਿੜ ਨਹੀਂ ਹਨ ਅਤੇ ਜੋ ਹਥਿਆਰਾਂ ਨੂੰ ਦਫਨਾਉਣ ਅਤੇ ਸ਼ਾਂਤੀ ਸਥਾਪਿਤ ਕਰਨ ਦੇ ਲਈ ਉਤਾਵਲੇ ਹਨ। ਦਿੱਕਤ ਇਹ ਹੈ ਕਿ ਪਾਕਿਸਤਾਨੀ, ਜੋ ਇਸ ਹਾਰਵਾਦੀ ਰਣਨੀਤੀ ਦੀ ਸਫਲਤਾ ਦੇ ਕੇਂਦਰ ਵਿਚ ਹਨ, ਉਹ ਚਾਹੁਣਗੇ ਕਿ ਉਨ੍ਹਾਂ ਹਥਿਆਰਾਂ ਨੂੰ ਭਾਰਤ ਦੇ ਪਿਛਵਾੜੇ ਵਿਚ ਦਫਨਾਇਆ ਜਾਵੇ। ਭਾਰਤ ਦੇ ਗੁੱਸੇ ਦੇ ਕਾਰਣ ਹੋਲਬਰੁਕ ਦਾ ਇਸ ਤਰ੍ਹਾਂ ਆਪਣੇ ਬਿਆਨ ਤੋਂ ਪਾਲਾ ਬਦਲਣਾ ਵੀ ਇੱਛਾਸ਼ਕਤੀ ਦੀ ਉਸ ਕਮੀ ਨੂੰ ਦਰਸਾਉਂਦਾ ਹੈ। ਇਹ ਸੰਕੇਤ ਕਾਫੀ ਸਮੇਂ ਤੋਂ ਦਿਖਾਈ ਦੇ ਰਹੇ ਹਨ। ਇਸ ਹਫਤੇ ਦੀਆਂ ਘਟਨਾਵਾਂ ਪਾਕਿਸਤਾਨ ਦੇ ਵਧਦੇ ਆਤਮਵਿਸ਼ਵਾਸ ਵਲ ਇਸ਼ਾਰਾ ਕਰਦੀਆਂ ਹਨ ਕਿ ਉਸ ਨੇ ਅਮਰੀਕਾ ਨੂੰ (ਅਤੇ ਅਸਲ ਵਿਚ ਭਾਰਤ ਨੂੰ ਵੀ) ਉਥੇ ਰੱਖ ਦਿੱਤਾ ਹੈ, ਜਿਥੇ ਉਹ ਉਹਨਾਂ ਨੂੰ ਰੱਖਣਾ ਚਾਹੁੰਦਾ ਹੈ। ਇਹ ਦਿਖਾਉਂਦਾ ਹੈ ਕਿ ਓਬਾਮਾ ਦੇ ਅਮਰੀਕਾ ਵਿਚ ਹੁਣ ਨਾ ਤਾਂ ਉਹ ਆਤਮਵਿਸ਼ਵਾਸ਼ ਹੈ ਅਤੇ ਨਾ ਹੀ ਮਹਾਸ਼ਕਤੀ ਦੀ ਰੀੜ ਹੈ।

ਕਮਜ਼ੋਰ ਹੁੰਦੇ ਅਮਰੀਕਾ ਨੂੰ ਸਾਡੇ ਦੋਵੇਂ ਵਿਰੋਧੀਆਂ ਚੀਨ ਅਤੇ ਪਾਕਿਸਤਾਨ ਦੀ ਮਦਦ ਦੀ ਜ਼ਰੂਰਤ ਹੈ। ਚੀਨ ਅਤੇ ਪਾਕਿਸਤਾਨ ਦੋਵੇਂ ਹੀ ਦੇਸ਼ਾਂ ਨੇ ਅਲਗ-ਅਲਗ ਤਰੀਕਿਆਂ ਨਾਲ ਭਾਰਤ ਦੇ ਪ੍ਰਤੀ ਆਪਣੇ ਰੁਖ ਨੂੰ ਕਰੜਾ ਕਰਦੇ ਹੋਏ ਹੋਲਬਰੁਕ ਦੇ ਇਸ ਬਿਆਨ ਬਾਰੇ ਪ੍ਰਤੀਕ੍ਰਿਆ ਦਿੱਤੀ ਹੈ।

ਚੀਨ ਫਿਰ ਤੋਂ ਸੀਮਾ ਦੇ ਵਿਵਾਦਾਂ ਨੂੰ ਆਪਣਾ ਉਦੇਸ਼ ਬਣਾ ਰਿਹਾ ਹੈ ਅਤੇ ਪਾਕਿਸਤਾਨ ਮੁਸ਼ੱਰਫ ਦੇ ਵਕਤ ਕਸ਼ਮੀਰ ਨੂੰ ਲੈ ਕੇ ਹੋਈਆਂ ਅਸਪਸ਼ਟ ਗੱਲਾਂ ਨੂੰ ਮੰਨਣ ਤੋਂ ਇਨਕਾਰ ਕਰ ਰਿਹਾ ਹੈ। ਸਾਨੂੰ ਇਸ ਨਵੇਂ ਯਥਾਰਥ ਨੂੰ ਸਵੀਕਾਰ ਕਰਨ ਅਤੇ ਸਮਝਣ ਦੀ ਜ਼ਰੂਰਤ ਹੈ। ਮੈਂ ਹਾਲੇ ਕੁਝ ਹੀ ਵਕਤ ਪਹਿਲਾਂ ਕਿਹਾ ਸੀ ਕਿ ਪਾਕਿਸਤਾਨ ਤੀਹਰੇ ਸਤਰ 'ਤੇ ਖੇਡ ਕਰ ਰਿਹਾ ਹੈ। ਉਹ ਪਾਕਿਸਤਾਨੀਆਂ, ਅਫਗਾਨ ਤਾਲਿਬਾਨ ਅਤੇ ਭਾਰਤ ਸਥਿਤ ਲਸ਼ਕਰ ਦੇ ਨਾਲ ਅਲਗ-ਅਲਗ ਤਰੀਕਿਆਂ ਨਾਲ ਵਿਵਹਾਰ ਕਰ ਰਿਹਾ ਹੈ। ਇਸੇ ਲਈ ਹੁਣ ਵਕਤ ਆ ਗਿਆ ਹੈ ਕਿ ਅਸੀਂ ਵੀ ਆਪਣਾ ਰੁੱਖ ਬਦਲੀਏ।

ਇਸੇ ਲਈ ਸਭ ਤੋਂ ਮੁਸ਼ਕਿਲ ਅਤੇ ਕਠਿਨ ਗੁਆਂਢੀਆਂ ਦੇ ਨਾਲ ਹੀ ਸਾਨੂੰ ਆਪਣੇ ਦਮ ਤੇ ਹੀ ਆਪਣਾ ਮੁਕਾਮ ਬਨਾਉਣਾ ਚਾਹੀਦਾ।

# ਸਾਊਦੀ ਅਰਬ ਹੈ ਅਤਿਵਾਦੀ ਮੁਸਲਮ ਵਿਚਾਰਧਾਰਾ ਦੀ ਜਨਮ ਭੂਮੀ

**-ਤਨਵੀਰ ਜਾਫਰੀ**

ਭਾਰਤੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਪਿਛਲੇ ਦਿਨੀਂ ਆਪਣੇ ਇਕ ਉਚ-ਪੱਧਰੀ ਵਫ਼ਦ ਨਾਲ ਸਾਊਦੀ ਅਰਬ ਦੀ ਯਾਤਰਾ ਕੀਤੀ। ਲੱਗਭੱਗ 25 ਸਾਲ ਬਾਅਦ ਕਿਸੇ ਭਾਰਤੀ ਪ੍ਰਧਾਨ ਵਲੋਂ ਸਾਊਦੀ ਅਰਬ ਦੀ ਕੀਤੀ ਗਈ ਇਸ ਯਾਤਰਾ ਨੂੰ ਭਾਰਤ ਤੇ ਸਾਊਦੀ ਅਰਬ ਦਰਮਿਆਨ ਆਪਸੀ ਰਿਸ਼ਤਿਆਂ ਨੂੰ ਮਜ਼ਬੂਤ ਬਣਾਉਣ ਲਈ ਕਾਫੀ ਉਪਯੋਗੀ ਦੱਸਿਆ ਜਾ ਰਿਹਾ ਹੈ। ਇਸ ਸਿਲਸਿਲੇ ਵਿਚ ਇਕ ਖ਼ਬਰ ਇਹ ਵੀ ਸੁਣਨ ਨੂੰ ਮਿਲੀ ਕਿ ਡਾ. ਮਨਮੋਹਨ ਸਿੰਘ ਦਾ ਸਾਊਦੀ ਅਰਬ ਦੇ ਸ਼ਾਹੀ ਪਰਿਵਾਰ ਵਲੋਂ ਅਜਿਹਾ ਵਿਸ਼ੇਸ਼ ਸਵਾਗਤ ਕੀਤਾ ਗਿਆ, ਜੋ ਆਮ ਤੌਰ 'ਤੇ ਹੋਰਨਾਂ ਮਹਿਮਾਨਾਂ ਦੇ ਸਾਊਦੀ ਅਰਬ ਆਉਣ 'ਤੇ ਨਹੀਂ ਕੀਤਾ ਜਾਂਦਾ। ਮਨਮੋਹਨ ਸਿੰਘ ਦੀ ਇਸ ਯਾਤਰਾ ਦੌਰਾਨ ਜਿੱਥੇ ਕਈ ਸਮਝੌਤਿਆਂ 'ਤੇ ਸਹਿਮਤੀ ਹੋਈ, ਉਥੇ ਹੀ ਸਭ ਤੋਂ ਪ੍ਰਮੁੱਖ ਸਮਝੌਤਾ ਦੋਹਾਂ ਦੇਸ਼ਾਂ ਦਰਮਿਆਨ ਹਵਾਲਗੀ ਸੰਧੀ ਨੂੰ ਲੈ ਕੇ ਵੀ ਹੋਇਆ ਹੈ। ਇਸ ਸਮਝੌਤੇ ਤੋਂ ਬਾਅਦ ਹੁਣ ਭਾਰਤ ਲਈ ਆਪਣੇ ਦੇਸ਼ ਦੇ ਕਿਸੇ ਲੋੜੀਂਦੇ ਅਪਰਾਧੀ ਨੂੰ ਸਾਊਦੀ ਅਰਬ ਦੀ ਦੁਨੀਆ ਵਿਚ ਫੈਲੇ ਅੱਤਵਾਦ ਅਤੇ ਇਸ ਅੱਤਵਾਦ ਨੂੰ ਇਸਲਾਮੀ ਜਹਾਦ ਨਾਲ ਜੋੜੇ ਜਾਣ ਪਿੱਛੇ ਕੋਈ ਭੂਮਿਕਾ ਨਹੀਂ ਹੈ? ਆਮ ਤੌਰ 'ਤੇ ਦੁਨੀਆ ਦੀ ਨਜ਼ਰ 'ਚ ਸ਼ਾਂਤ ਦਿਖਾਈ ਦੇਣ ਵਾਲਾ ਸਾਊਦੀ ਅਰਬ ਕੀ ਸੱਚਮੁਚ ਵਿਚਾਰਕ ਤੌਰ 'ਤੇ ਵੀ ਸ਼ਾਂਤ ਹੈ? ਇਸ ਵਿਸ਼ੇ 'ਤੇ ਚਰਚਾ ਅੱਗੇ ਵਧਾਉਣ ਤੋਂ ਪਹਿਲਾਂ ਇੱਥੇ ਇਹ ਸਪਸ਼ਟ ਕਰਨਾ ਜ਼ਰੂਰੀ ਹੈ ਕਿ ਵਹਾਬੀ ਵਿਚਾਰਧਾਰਾ, ਜੋ ਇਸ ਸਮੇਂ ਪੂਰੀ ਦੁਨੀਆ ਲਈ ਇਸਲਾਮੀ ਅੱਤਵਾਦ ਦੀ ਸਭ ਤੋਂ ਵੱਡੀ ਪ੍ਰੇਰਕ ਬਣ ਚੁੱਕੀ ਹੈ, ਦੀਆਂ ਜੜ੍ਹਾਂ ਦੁਨੀਆ 'ਚ ਹੋਰ ਕਿਤੇ ਨਹੀਂ, ਸਗੋਂ ਸਾਊਦੀ ਅਰਬ 'ਚ ਹੀ ਹਨ। 18ਵੀਂ ਸਦੀ ਵਿਚ ਸਾਊਦੀ ਅਰਬ ਦੇ ਇਕ ਗਰਮਖਿਆਲ ਮੁਸਲਿਮ ਵਿਦਵਾਨ ਮੁਹੰਮਦ ਇਬਨੇ ਅਬਦੁਲ ਵਹਾਬ ਵਲੋਂ ਇਸਲਾਮ ਨੂੰ ਕੱਟੜਪੰਥੀ ਰੂਪ ਦੇਣ ਲਈ ਇਹ ਅੱਤਵਾਦੀ ਮਿਸ਼ਨ ਚਲਾਇਆ ਗਿਆ। ਉਨ੍ਹਾਂ ਨੇ 'ਸ਼ੁੱਧ ਇਸਲਾਮ' ਦੇ ਪ੍ਰਚਾਰ ਤੇ ਪਸਾਰ 'ਤੇ ਜ਼ੋਰ ਦਿੱਤਾ। ਜਿਸਨੂੰ ਉਹ ਖੁਦ ਜ਼ਰੂਰੀ ਸਮਝਦਾ ਸੀ, ਉਸਨੂੰ ਤਾਂ ਉਸ ਨੇ ਇਸਲਾਮੀ ਕਾਰਗੁਜ਼ਾਰੀ ਦੱਸਿਆ ਤੇ ਜੋ ਕੁਝ ਉਸ ਦੀਆਂ ਨਜ਼ਰਾਂ 'ਚ ਠੀਕ ਨਹੀਂ ਸੀ, ਉਸ ਨੂੰ ਉਸ ਨੇ ਗੈਰ-ਇਸਲਾਮੀ ਜਾਂ ਗੈਰ-ਸ਼ਰੀਅਤ ਐਲਾਨ ਦਿੱਤਾ। ਮੁਹੰਮਦ ਇਬਨੇ ਅਬਦੁਲ ਵਹਾਬ ਦੀ ਇਹ ਰਾਏ ਸੀ ਕਿ ਮੁਸਲਿਮ ਸਮਾਜ ਦੇ ਜੋ ਲੋਕ ਗੈਰ-ਇਸਲਾਮੀ (ਉਸ ਦੇ ਮੁਤਾਬਿਕ) ਕੰਮ ਕਰਦੇ ਹਨ, ਉਹ ਵੀ ਕਾਫਿਰ ਹਨ। ਅਨਪੜ੍ਹ ਅਰਬਾਂ ਦਰਮਿਆਨ ਉਹ ਛੇਤੀ ਹੀ ਪ੍ਰਸਿੱਧ ਹੋ ਗਿਆ। ਇਸ ਵਿਚਾਰਧਾਰਾ ਦੇ ਜ਼ੋਰ ਫੜਨ ਸਮੇਂ ਅਰਬ ਦੇ ਮੱਕਾ ਤੇ ਮਦੀਨਾ ਵਰਗੇ ਪਵਿੱਤਰ ਸ਼ਹਿਰਾਂ ਵਿਚ ਵਹਾਬੀ ਸਮਰਥਕਾਂ ਨੇ ਵੱਡੇ ਪੱਧਰ 'ਤੇ ਹਥਿਆਰਬੰਦ ਹੁੜਦੰਗ ਮਚਾਇਆ, ਸਿੱਟੇ ਵਜੋਂ ਉਥੇ ਵੱਡੀ ਗਿਣਤੀ ਵਿਚ ਨਿਹੱਥੇ ਮੁਸਲਿਮ ਬਜ਼ੁਰਗਾਂ, ਔਰਤਾਂ ਤੇ ਬੱਚਿਆਂ ਦਾ ਕਤਲੇਆਮ ਹੋਇਆ। ਇਸ ਵਿਚਾਰਧਾਰਾ ਦੇ ਸਮਰਥਕਾਂ ਵਲੋਂ ਅਰਬ ਵਿਚ ਸਥਿਤ ਸਾਰੀਆਂ ਸੂਫ਼ੀ ਦਰਗਾਹਾਂ ਤੇ ਮਜ਼ਾਰਾਂ ਨੂੰ ਵੀ ਨਸ਼ਟ ਕੀਤਾ ਗਿਆ। ਅਗਾਂਹ ਚੱਲ ਕੇ ਇਸੇ ਵਿਚਾਰਧਾਰਾ ਨੇ ਸਾਊਦੀ ਅਰਬ ਦੀ ਧਰਤੀ 'ਤੇ ਪੈਦਾ ਹੋਏ ਲਾਦੇਨ ਨੂੰ ਦੁਨੀਆ ਦਾ ਸਭ ਤੋਂ ਖ਼ਤਰਨਾਕ ਅੱਤਵਾਦੀ ਬਣਨ ਦੇ ਰਾਹ 'ਤੇ ਪਹੁੰਚਾ ਦਿੱਤਾ। ਜਦੋਂ ਇਹੀ ਓਸਾਮਾ-ਬਿਨ-ਲਾਦੇਨ ਦੁਨੀਆ ਦਾ 'ਮੋਸਟ ਵਾਂਟਡ' ਅਪਰਾਧੀ ਬਣ ਜਾਂਦਾ ਹੈ ਤਾਂ ਇਹੀ ਸਾਊਦੀ ਅਰਬ ਉਸਨੂੰ ਦੇਸ਼ ਨਿਕਾਲਾ ਦੇ ਕੇ ਖ਼ੁਦ ਨੂੰ ਮੁੜ ਪਾਕਿ-ਪਵਿੱਤਰ, ਅਮਨ-ਪਸੰਦ ਤੇ ਵਿਵਾਦ-ਰਹਿਤ ਬਣਾ ਲੈਂਦਾ ਹੈ।

ਇਸ ਸਮੇਂ ਭਾਰਤ-ਪਾਕਿ ਰਿਸ਼ਤਿਆਂ 'ਚ ਰੋੜਾ ਬਣ ਕੇ ਜੋ ਨਾਂ ਸਭ ਤੋਂ ਅੱਗੇ ਆ ਰਿਹਾ ਹੈ, ਉਹ ਹੈ ਪਾਕਿਸਤਾਨ ਦੀ ਅੱਤਵਾਦੀ ਜਥੇਬੰਦੀ ਜਮਾਤ-ਉਦ-ਦਾਵਾ ਦੇ ਮੁਖੀ ਹਾਫਿਜ਼ ਮੁਹੰਮਦ ਸਈਦ ਦਾ, ਜੋ ਇਸ ਸਮੇਂ ਦੁਨੀਆ ਦਾ ਸਭ ਤੋਂ ਖ਼ਤਰਨਾਕ ਅਪਰਾਧੀ ਬਣ ਚੁੱਕਾ ਹੈ। 26 ਨਵੰਬਰ 2008 ਨੂੰ ਮੁੰਬਈ 'ਚ ਹੋਏ ਅੱਤਵਾਦੀ ਹਮਲੇ ਦੇ ਯੋਜਨਾਕਾਰਾਂ ਵਜੋਂ ਉਸ ਦਾ ਨਾਂ ਸਭ ਤੋਂ ਉੱਪਰ ਲਿਆ ਜਾ ਰਿਹਾ ਹੈ। ਭਾਰਤ ਵਿਚ 26 ਨਵੰਬਰ ਦੇ ਹਮਲੇ ਦੌਰਾਨ ਗ੍ਰਿਫ਼ਤਾਰ ਕੀਤੇ ਗਏ ਇਕੋ-ਇਕ ਜਿਉਂਦੇ ਅੱਤਵਾਦੀ ਅਜ਼ਮਲ ਆਮਿਰ ਕਸਾਬ ਨੇ ਹੀ ਹਾਫਿਜ਼ ਸਈਦ ਦੇ ਇਸ ਹਮਲੇ ਵਿਚ ਸ਼ਾਮਿਲ ਹੋਣ ਦੀ ਗੱਲ ਕਹੀ ਹੈ। ਉਸੇ ਨੇ ਪਾਕਿਸਤਾਨ ਦੇ ਮੁਰੀਦ ਕੇ ਵਿਚ ਸਥਿਤ ਅੱਤਵਾਦੀ ਸਿਖਲਾਈ ਕੈਂਪ ਤੋਂ ਟ੍ਰੇਨਿੰਗ ਲੈਣ ਦੀ ਗੱਲ ਕਬੂਲੀ। ਇਹ ਸਿਖਲਾਈ ਕੈਂਪ ਜਮਾਤ-ਉਦ-ਦਾਵਾ ਵਲੋਂ ਚਲਾਇਆ ਜਾਂਦਾ ਹੈ। ਨਵੀਂ ਦਿੱਲੀ 'ਚ 25 ਫਰਵਰੀ ਨੂੰ ਭਾਰਤ-ਪਾਕਿ ਦਰਮਿਆਨ ਹੋਈ ਵਿਦੇਸ਼ ਸਕੱਤਰ ਪੱਧਰ ਦੀ ਵਾਰਤਾ ਦੌਰਾਨ ਭਾਰਤ ਵਲੋਂ ਪਾਕਿਸਤਾਨ ਦੇ ਵਿਦੇਸ਼ ਸਕੱਤਰ ਸਲਮਾਨ ਬਸ਼ੀਰ ਨੂੰ ਜੋ ਤਿੰਨ ਡੋਜ਼ੀਅਰ ਸੌਂਪੇ ਗਏ ਹਨ, ਉਨ੍ਹਾਂ 'ਚ ਹਾਫਿਜ਼ ਸਈਦ ਸਮੇਤ 34 ਅੱਤਵਾਦੀਆਂ ਨੂੰ ਭਾਰਤ ਹਵਾਲੇ ਕਰਨ ਦੀ ਮੰਗ ਕੀਤੀ ਗਈ ਸੀ। ਇਸ 'ਤੇ ਪਾਕਿਸਤਾਨ ਨੇ ਆਪਣਾ ਰੁਖ਼ ਸਪੱਸ਼ਟ ਕਰਦਿਆਂ ਕਹਿ ਦਿੱਤਾ ਹੈ ਕਿ ਉਹ ਹਾਫਿਜ਼ ਸਈਦ ਨੂੰ ਭਾਰਤ ਹਵਾਲੇ ਨਹੀਂ ਕਰੇਗਾ। ਇਸ ਵਾਰਤਾ ਤੋਂ ਬਾਅਦ ਹਾਫਿਜ਼ ਸਈਦ ਨੇ ਪਾਕਿਸਤਾਨ 'ਚ ਇਕ ਟੀ.ਵੀ. ਚੈਨਲ ਨੂੰ ਇੰਟਰਵਿਊ ਦਿੱਤੀ, ਜਿਸ ਵਿਚ ਉਸਨੇ ਹੋਰਨਾਂ ਸਾਰੀਆਂ ਗੱਲਾਂ ਤੋਂ ਇਲਾਵਾ ਇਹ ਕਹਿਣ ਤੋਂ ਵੀ ਸੰਕੋਚ ਨਹੀਂ ਕੀਤਾ ਕਿ ਉਸਦੀ ਸੋਚ ਅਤੇ ਚਿੰਤਾ ਪਿੱਛੇ ਸਊਦੀ ਅਰਬ 'ਚ ਹਾਸਿਲ ਕੀਤੀ ਗਈ ਉਸ ਦੀ ਸਿੱਖਿਆ ਦਾ ਸਭ ਤੋਂ ਵੱਡਾ ਯੋਗਦਾਨ ਹੈ। ਸ਼ਾਇਦ ਇਸੇ ਅੱਤਵਾਦੀ ਸਿੱਖਿਆ ਕਾਰਨ ਹੀ ਇੰਟਰਵਿਊ ਦੌਰਾਨ ਉਸਨੇ ਆਪਣਾ ਚਿਹਰਾ ਟੀ.ਵੀ. ਕੈਮਰੇ ਦੇ ਸਾਹਮਣੇ ਰੱਖਣ ਦੀ ਬਜਾਏ ਕੈਮਰਾ ਪਿੱਠ ਵਾਲੇ ਪਾਸੇ ਕਰਨ ਦੀ ਹਦਾਇਤ ਦਿੱਤੀ। ਪੱਤਰਕਾਰ ਵਲੋਂ ਇਸਦਾ ਕਾਰਨ ਪੁੱਛੇ ਜਾਣ 'ਤੇ ਉਸ ਨੇ ਇਹੀ ਕਿਹਾ ਕਿ ਫੋਟੋ ਖਿਚਵਾਉਣਾ ਇਸਲਾਮੀ ਸ਼ਰਤੀਅਤ ਦੇ ਲਿਹਾਜ਼ ਨਾਲ ਜਾਇਜ਼ ਨਹੀਂ ਹੈ।

ਜ਼ਿਕਰਯੋਗ ਹੈ ਕਿ ਹਾਫਿਜ਼ ਸਈਦ ਇਸਲਾਮੀ ਸਿੱਖਿਆ ਦਾ ਪ੍ਰੋਫੈਸਰ ਰਹਿ ਚੁੱਕਾ ਹੈ ਤੇ ਹੁਣ ਜਮਾਤ-ਉਦ-ਦਾਵਾ ਸੰਗਠਨ ਬਣਾ ਕੇ ਇਸੇ ਦੇ ਤਹਿਤ ਬਹੁਤ ਸਾਰੇ ਸਕੂਲ ਪੱਧਰ ਦੇ ਮਦਰੱਸੇ, ਜਹਾਦੀ ਵਿਚਾਰਧਾਰਾ ਫੈਲਾਉਣ ਵਾਲੀ ਸਿੱਖਿਆ ਦੇਣ, ਹਸਪਤਾਲ ਚਲਾਉਣ ਅਤੇ ਹੋਰ ਗੈਰ-ਸਰਕਾਰੀ ਸੰਗਠਨ ਚਲਾਉਣ ਦਾ ਕੰਮ ਕਰ ਰਿਹਾ ਹੈ। ਉਸ ਦਾ ਮੰਨਣਾ ਹੈ ਕਿ ਜਮਾਤ-ਉਦ-ਦਾਵਾ ਦੇ ਜ਼ਰੀਏ ਦੁਨੀਆ ਦੇ ਮੁਸਲਮਾਨਾਂ ਨੂੰ ਆਪਣੇ ਨਾਲ ਜੋੜਨਾ, ਉਨ੍ਹਾਂ ਦਾ ਸੁਧਾਰ ਕਰਨਾ ਅਤੇ ਇਸਲਾਮੀ ਸਿੱਖਿਆ ਦਾ ਸੰਸਾਰਕ ਪੱਧਰ 'ਤੇ ਪ੍ਰਚਾਰ-ਪਸਾਰ ਕਰਨਾ ਉਸਦੇ ਜੀਵਨ ਦਾ ਮੁੱਖ ਉਦੇਸ਼ ਹੈ। ਹਾਫਿਜ਼ ਸਈਦ ਬੜੇ ਮਾਣ ਨਾਲ ਇਹ ਗੱਲ ਦਸਦਾ ਹੈ ਕਿ ਧਰਮ ਦੇ ਨਾਂ 'ਤੇ ਚੱਲਣ ਦੀ ਸਿੱਖਿਆ ਉਸਨੇ ਸਾਊਦੀ ਅਰਬ ਵਿਚ ਰਹਿ ਕੇ ਉਥੋਂ ਦੇ ਧਰਮ ਅਧਿਕਾਰੀਆਂ ਤੋਂ ਹੀ ਲਈ ਹੈ। ਜ਼ਿਕਰਯੋਗ ਹੈ ਕਿ 26 ਨਵੰਬਰ ਦੇ ਹਮਲੇ ਤੋਂ ਬਾਅਦ ਭਾਰਤ ਵਲੋਂ ਪਾਕਿਸਤਾਨ 'ਤੇ ਬਹੁਤ ਜ਼ਿਆਦਾ ਦਬਾਅ ਪਾਉਣ ਤੋਂ ਬਾਅਦ ਪਾਕਿਸਤਾਨ ਵਲੋਂ ਹਾਫਿਜ਼ ਸਈਦ ਨੂੰ ਨਜ਼ਰਬੰਦ ਕਰ ਦਿੱਤਾ ਗਿਆ ਸੀ। ਉਦੋਂ ਸਾਊਦੀ ਅਰਬ ਤੋਂ ਅਬਦੁਲ ਸਲਾਮ ਨਾਮੀ ਵਿਅਕਤੀ ਪਾਕਿਸਤਾਨ ਆਇਆ ਸੀ, ਜਿਸ ਨੇ ਹਾਫਿਜ਼ ਸਈਦ ਤੇ ਪਾਕਿ ਸਰਕਾਰ ਦਰਮਿਆਨ ਸਮਝੌਤਾ ਕਰਵਾਉਣ 'ਚ ਅਹਿਮ ਭੂਮਿਕਾ ਨਿਭਾਈ ਸੀ। ਅੱਜ ਇਹ ਘਟਨਾ ਕੀ ਸਾਨੂੰ ਇਹ ਸੋਚਣ ਲਈ ਮਜਬੂਰ ਨਹੀਂ ਕਰਦੀ ਕਿ ਆਖਿਰ ਹਾਫਿਜ਼ ਸਈਦ ਪ੍ਰਤੀ ਸਾਊਦੀ ਅਰਬ ਦੀ ਇਸ ਹਮਦਰਦੀ ਦੀ ਵਜ੍ਹਾ ਕੀ ਸੀ? ਇਸੇ ਸਿਲਸਿਲੇ 'ਚ ਇਕ ਹੋਰ ਗੱਲ ਯਾਦ ਕਰਵਾਵਾਂ ਕਿ ਪਾਕਿਸਤਾਨ ਵਿਚ ਇਸਲਾਮ ਨੂੰ ਅੱਤਵਾਦੀ ਰੂਪ ਦੇਣ ਦੇ ਪਿਤਾਮਾ ਸਮਝੇ ਜਾਣ ਵਾਲੇ ਫ਼ੌਜੀ ਤਾਨਾਸ਼ਾਹ ਜਨਰਲ ਜ਼ਿਆ-ਉਲ-ਹੱਕ ਦੇ ਸਿਰ 'ਤੇ ਵੀ ਸਾਊਦੀ ਅਰਬ ਦਾ ਪੂਰਾ-ਪੂਰਾ ਹੱਥ ਸੀ।

ਇੱਥੇ ਇਕ ਹੋਰ ਘਟਨਾ ਦਾ ਜ਼ਿਕਰ ਨਾ ਚੁੱਕਵਾਂ ਹੋਵੇਗਾ। ਜਦੋਂ ਜਨਰਲ ਪ੍ਰਵੇਜ਼ ਮੁਸ਼ੱਰਫ ਨੇ ਨਵਾਜ਼ ਸ਼ਰੀਫ ਸਰਕਾਰ ਦਾ ਤਖ਼ਤਾ ਪਲਟਿਆ ਤੇ ਉਨ੍ਹਾਂ ਨੂੰ ਜੇਲ੍ਹ ਵਿਚ ਸੁੱਟ ਦਿੱਤਾ, ਉਦੋਂ ਵੀ ਸਾਊਦੀ ਅਰਬ ਨੇ ਵਿਚੋਲਗੀ ਕਰਕੇ ਨਵਾਜ਼ ਸ਼ਰੀਫ਼ ਨੂੰ ਜਨਰਲ ਮੁਸ਼ੱਰਫ ਦੇ ਪ੍ਰਕੋਪ ਤੋਂ ਬਚਾਉਣ ਲਈ ਉਨ੍ਹਾਂ ਦੀ ਪੂਰੀ ਮਦਦ ਕੀਤੀ ਸੀ ਤੇ ਨਵਾਜ਼ ਸ਼ਰੀਫ਼ ਨੂੰ ਸਾਊਦੀ ਅਰਬ ਸੱਦ ਲਿਆ ਸੀ। ਇਹ ਮਿਸਾਲ ਇਸ ਸਿੱਟੇ ਤਕ ਪਹੁੰਚਣ ਲਈ ਕਾਫੀ ਹੈ ਕਿ ਪਾਕਿਸਤਾਨ ਤੇ ਸਾਊਦੀ ਅਰਬ ਦਰਮਿਆਨ ਕੋਈ ਆਮ ਰਿਸ਼ਤੇ ਨਹੀਂ ਹਨ, ਸਗੋਂ ਸਾਊਦੀ ਅਰਬ ਪਾਕਿਸਤਾਨ ਦੇ ਹਰੇਕ ਸਿਆਸੀ ਉਤਾਰ-ਚੜ੍ਹਾਅ 'ਤੇ ਡੂੰਘੀ ਨਜ਼ਰ ਰੱਖਦਾ ਹੈ। ਕਿੰਨੀ ਅਨੋਖੀ ਗੱਲ ਹੈ ਕਿ ਇਕ ਪਾਸੇ ਤਾਂ ਭਾਰਤੀ ਪ੍ਰਧਾਨ ਮੰਤਰੀ ਸਾਊਦੀ ਅਰਬ ਨਾਲ ਬੇਹਤਰ ਰਿਸ਼ਤੇ ਬਨਾਉਣ ਲਈ ਉਥੇ ਗਏ ਤੇ ਅਰਬ ਦਾ ਸ਼ਾਹੀ ਪਰਿਵਾਰ ਉਨ੍ਹਾਂ ਦਾ ਬੇਮਿਸਾਲ ਸਵਾਗਤ ਕਰਕੇ ਦੁਨੀਆਂ ਨੂੰ ਇਹ ਸੰਦੇਸ਼ ਦੇਣ ਦੀ ਕੋਸ਼ਿਸ਼ ਕਰ ਰਿਹਾ ਹੈ ਕਿ ਭਾਰਤ ਤੇ ਸਾਊਦੀ ਅਰਬ ਮਿੱਤਰਤਾ ਦੇ ਰਾਹ 'ਤੇ ਅੱਗੇ ਵਧ ਰਹੇ ਹਨ ਤਾਂ ਦੂਜੇ ਪਾਸੇ ਇਹੀ ਸਾਊਦੀ ਅਰਬ ਪਾਕਿਸਤਾਨ 'ਚ ਜਮਾਤ-ਉਦ-ਦਾਅਵਾ ਸਮੇਤ ਕਈ ਅਜਿਹੇ ਸੰਗਠਨਾਂ ਦੀ ਆਰਥਿਕ ਸਹਾਇਤਾ ਵੀ ਕਰ ਰਿਹਾ ਹੈ, ਜੋ ਭਾਰਤ ਵਿਰੁਧ ਅੱਤਵਾਦੀ ਸਰਗਰਮੀਆਂ ਚਲਾ ਰਹੇ ਹਨ। ਸਾਊਦੀ ਅਰਬ ਤੋਂ ਅੱਤਵਾਦ ਦੀ ਟ੍ਰੇਨਿੰਗ ਲੈਣ ਵਾਲਾ ਹਾਫਿਜ਼ ਸਈਦ ਕਸ਼ਮੀਰ 'ਚ ਅੱਤਵਾਦ ਨੂੰ ਸਹੀ ਠਹਿਰਾਉਂਦਾ ਹੈ ਤੇ ਇਸ ਵਿਚ ਸ਼ਾਮਿਲ ਲੋਕਾਂ ਨੂੰ ਆਜ਼ਾਦੀ ਘੁਲਾਟੀਏ ਦਾ ਦਰਜਾ ਦਿੰਦਾ ਹੈ। ਆਪਣੀ ਇੰਟਰਵਿਊ ਵਿਚ ਉਸਨੇ ਸਾਫ਼ ਤੌਰ 'ਤੇ ਇਹ ਗੱਲ ਵੀ ਕਹੀ ਹੈ ਕਿ ਉਹ ਨਾ ਸਿਰਫ਼ ਲਸ਼ਕਰੇ-ਤੋਇਬਾ ਦੇ ਨਾਲ ਹੀ ਹੈ, ਸਗੋਂ ਹਰੇਕ ਉਸ ਅੱਤਵਾਦੀ ਜਥੇਬੰਦੀ ਦੇ ਨਾਲ ਹੈ, ਜੋ ਕਸ਼ਮੀਰ ਦੀ ਆਜ਼ਾਦੀ ਲਈ ਜਹਾਦ ਕਰ ਰਹੀ ਹੈ। ਜਹਾਦ ਨੂੰ ਆਪਣੇ ਢੰਗ ਨਾਲ ਪਰਿਭਾਸ਼ਿਤ ਕਰਦਿਆਂ ਹਾਫਿਜ਼ ਕਹਿੰਦਾ ਹੈ ਕਿ ਕਿਸੇ ਜ਼ਾਲਿਮ ਤੋਂ ਖ਼ੁਦ ਨੂੰ ਬਚਾਉਣ ਲਈ ਕੀਤੀ ਜਾਣ ਵਾਲੀ ਜੱਦੋ-ਜਹਿਦ ਨੂੰ ਹੀ ਜਹਾਦ ਕਹਿੰਦੇ ਹਨ। ਉਸਦੇ ਮੁਤਾਬਿਕ ਉਹ ਕਸ਼ਮੀਰੀ ਮੁਸਲਮਾਨਾਂ ਨੂੰ ਭਾਰਤੀ ਫ਼ੌਜ ਤੋਂ ਬਚਾਉਣ ਲਈ ਜੋ ਕੋਸ਼ਿਸ਼ ਕਰ ਰਿਹਾ ਹੈ, ਉਹੀ ਜਹਾਦ ਹੈ। ਭਾਰਤੀ ਸੰਸਦ 'ਤੇ ਹੋਏ ਹਮਲੇ ਅਤੇ 26 ਨਵੰਬਰ ਦੇ ਮੁੰਬਈ ਹਮਲਿਆਂ 'ਚ ਆਪਣੀ ਸ਼ਮੂਲੀਅਤ ਹੋਣ ਤੋਂ ਹਾਫਿਜ਼ ਇਨਕਾਰ ਕਰਦਾ ਹੈ ਪਰ ਜਦੋਂ ਉਸਤੋਂ ਇਹ ਪੁੱਛਿਆ ਗਿਆ ਕਿ ਜਨਤਕ ਤੌਰ 'ਤੇ ਤੁਹਾਡੇ ਇਹ ਕਹਿਣ ਦਾ ਕੀ ਮਤਲਬ ਹੈ ਕਿ 'ਇਕ ਮੁੰਬਈ ਕਾਫ਼ੀ ਨਹੀਂ'' ਤਾਂ ਇਸਦੇ ਜਵਾਬ ਵਿਚ ਹਾਫਿਜ਼ ਸਈਦ ਕੋਲ ਆਲਾ-ਦੁਆਲਾ ਝਾਕਣ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਸੀ।

ਉਹ ਭਾਰਤ ਵਲੋਂ ਸੌਂਪੇ ਗਏ ਡੋਜ਼ੀਅਰ ਨੂੰ ਵੀ ਆਪਣੇ ਵਿਰੁਧ ਸਬੂਤ ਨਹੀਂ, ਸਗੋਂ 'ਸਾਹਿਤ' ਦੱਸਦਾ ਹੈ। ਉਸ ਨੇ ਪਾਕਿ ਸਰਕਾਰ ਨੂੰ ਸਾਫ਼ ਤੌਰ 'ਤੇ ਇਹ ਕਿਹਾ ਹੈ ਕਿ ਉਹ ਭਾਰਤ ਵਿਰੁਧ ਜਹਾਦ ਦਾ ਐਲਾਨ ਕਰਕੇ ਜੰਗ ਦਾ ਐਲਾਨ ਕਰੇ, ਨਹੀਂ ਤਾਂ ਪਾਕਿਸਤਾਨ 'ਚ ਬੈਠੇ ਧਰਮ ਗੁਰੂ ਭਾਰਤ ਵਿਰੁਧ ਜਹਾਦ ਦਾ ਐਲਾਨ ਕਰਨ ਬਾਰੇ ਖ਼ੁਦ ਫ਼ੈਸਲਾ ਲੈਣਗੇ।

ਉਪਰੋਕਤ ਸਾਰੇ ਹਾਲਾਤ ਭਾਰਤ ਲਈ ਯਕੀਨੀ ਤੌਰ 'ਤੇ ਬਹੁਤ ਚਿੰਤਾ ਦਾ ਵਿਸ਼ਾ ਹਨ। ਦੁਨੀਆ ਨੂੰ ਪਾਕਿ 'ਚ ਫੈਲੇ ਅੱਤਵਾਦ ਦੇ ਨਾਲ-ਨਾਲ ਸਾਊਦੀ ਅਰਬ ਵਿਚ ਚੱਲਣ ਵਾਲੀਆਂ ਉਨ੍ਹਾਂ ਅੱਤਵਾਦੀ ਸਰਗਰਮੀਆਂ 'ਤੇ ਵੀ ਨਜ਼ਰ ਰੱਖਣੀ ਚਾਹੀਦੀ ਹੈ, ਜਿਨ੍ਹਾਂ ਦੇ ਸਿੱਟੇ ਵਜੋਂ ਪੂਰੀ ਦੁਨੀਆਂ ਵਿਚ ਫਿਰਕਾਪ੍ਰਸਤੀ ਤੇ ਇਸਲਾਮੀ ਕੱਟੜਵਾਦ ਦੀਆਂ ਜੜ੍ਹਾਂ ਤੇਜ਼ੀ ਨਾਲ ਫੈਲ ਰਹੀਆਂ ਹਨ ਤੇ ਮਜ਼ਬੂਤ ਹੁੰਦੀਆਂ ਜਾ ਰਹੀਆਂ ਹਨ।

# ਮਾਵਾਂ ਰੋਂਦੀਆਂ ਨੇ ਢਿੱਡਾਂ 'ਤੇ ਹੱਥ ਧਰ-ਧਰ ਕੇ...!

''...ਅੰਕਲ ਜੀ, ਆਹ...ਗੱਲ ਕਰਿਉ।''

ਸੈਲ-ਫੋਨ ਕੰਨ ਨੂੰ ਲਾਉਂਦਿਆਂ ਸਾਰ ਨਿਆਣੀ ਉਮਰ ਦੀ ਕਿਸੇ ਬੇ-ਪਛਾਣ ਕੁੜੀ ਦੀ ਆਵਾਜ਼ ਕੰਨੀ ਪਈ। ਸਕਰੀਨ 'ਤੇ ਆਏ ਨੰਬਰ ਮੋਹਰਲੇ ਕੋਡ, ਜ਼ੀਰੋ ਸੋਲਾਂ ਚੌਵੀ ਤੋਂ ਇਹ ਅੰਦਾਜ਼ਾ ਤਾਂ ਲੱਗ ਗਿਆ ਕਿ ਇਹ ਫੋਨ ਪੰਜਾਬ ਦੇ ਕਿਸ ਏਰੀਏ ਤੋਂ ਆ ਰਿਹਾ ਹੈ। ਪਰ ਫੋਨ ਕਰਨ ਵਾਲੀ ਕੁੜੀ ਕੌਣ ਹੋਵੇਗੀ? ਇਹ ਨਿਰਨਾ ਕਰਨ ਲਈ ਦਿਮਾਗ ਦੇ ਘੋੜੇ ਹਾਲੇ ਇੱਧਰ ਉਧਰ ਨੂੰ ਦੌੜੇ ਹੀ ਸਨ ਕਿ ਫੋਨ 'ਚੋਂ ਹੁਣ ਕੋਈ ਬਜ਼ੁਰਗ ਮਾਤਾ ਬੋਲੀ-

''ਪੁੱਤਾ, ਤੂੰ ਬਾਹਰਲੇ ਮੁਲਕ ਤੋਂ ਬੋਲਦੈਂ?''

ਪੁੱਤਾ ਲਫਜ਼ ਨੂੰ 'ਪੁੱਚਾ' ਕਹਿ ਰਹੀ ਕੰਬਦੀ ਆਵਾਜ਼ ਤੋਂ ਮਾਤਾ ਦੀ ਬਿਰਧ ਉਮਰ ਦਾ ਅੰਦਾਜ਼ਾ ਸੌਖਿਆਂ ਹੀ ਲਗ ਰਿਹਾ ਸੀ। ਇਹ ਵੀ ਕਿ ਉਸਦੇ ਮੂੰਹ ਵਿਚੋਂ ਦੰਦ ਵੀ ਝੜ ਚੁੱਕੇ ਹੋਏ ਨੇ।

''ਆਹੋ ਬੀਬੀ, ਬਾਹਰੋਂ ਈ ਬੋਲਦਾਂ...ਦੱਸੋ ਕੀ ਗੱਲ?

''ਮੇਰੇ ਬੱਚਿਆ ਤੇਰੇ ਅੱਗੇ ਇਕ ਅਰਜ਼ ਕਰਨੀ ਐ!''

''ਅਰਜ਼ ਨਾ ਕਹੋ ਮਾਤਾ ਜੀ..ਤੁਸੀਂ ਗੱਲ ਕਰੋ!''

ਕੁਝ ਜਕਦਿਆਂ ਹੋਇਆਂ ਘਿਗਿਆਈ 'ਵਾਜ਼ 'ਚ ਮਾਤਾ ਨੇ ਤਰਲੇ ਨਾਲ ਆਖਿਆ- ''ਬਚੜਿਆ, ਜੇ ਤੂੰ ਹੈਧਰੋਂ 'ਫੂਨ' ਕਰੇਂ!...ਲੈ ਆਹ ਕੁੜੀ ਤੇ ਲੰਬਰ ਪੁੱਛ ਲੈ...ਤੈਨੂੰ ਲਿਖਾਉਂਦੀ ਐ...।''

''ਬੀਬੀ ਰਹਿਣ ਦੇ, ਤੁਹਾਡਾ ਨੰਬਰ ਮੇਰੇ ਕੋਲ ਆ ਗਿਐ, ਮੈਂ ਹੁਣੇ ਈ ਤੁਹਾਨੂੰ ਫੋਨ ਕਰਦਾਂ!'' ਇੰਨੀ ਕਹਿ ਕੇ ਵਿਦੇਸ਼ ਵਿਚ ਬੈਠੇ ਪੱਤਰਕਾਰ ਨੇ ਫੋਨ ਕੱਟ ਦਿੱਤਾ ਅਤੇ ਸੈਲ-ਫੋਨ ਤੋਂ ਨੰਬਰ ਉਤਾਰ ਕੇ ਕੋਲ ਪਈ ਡਾਇਰੀ 'ਤੇ ਲਿਖ ਲਿਆ।...'ਦੇਸ਼-ਵਿਦੇਸ਼ ਦੀਆਂ ਅਖ਼ਬਾਰਾਂ ਵਿਚ ਮੇਰੀਆਂ ਰਚਨਾਵਾਂ ਛਪਦੀਆਂ ਰਹਿਣ ਕਰਕੇ, ਪੰਜਾਬ ਤੋਂ ਬਹੁਤ ਸਾਰੇ ਪ੍ਰਸ਼ੰਸਕ ਹੌਸਲਾ-ਅਫਜ਼ਾਈ ਵਜੋਂ ਅਕਸਰ ਫੋਨ ਕਰਦੇ ਰਹਿੰਦੇ ਨੇ...ਪਰ ਇਹ ਬਿਰਧ ਮਾਤਾ ਦਾ ਫੋਨ ਤਾਂ ਕੋਈ ਹੋਰ ਹੀ ਸੁਨੇਹਾ ਲੈ ਕੇ ਆਇਆ ਹੋਊ।...ਯਾ ਤਾਂ ਮਾਈ ਕਹੂਗੀ ਕਿ ਕੁੜੀ ਦਾ ਵਿਆਹ ਕਰਨੈ...ਯਾ ਆਪਣੇ ਟੱਬਰ ਦੇ ਕਿਸੇ ਜੀਅ ਦੀ ਬੀਮਾਰੀ ਦਾ ਇਲਾਜ ਕਰਵਾਉਣ ਲਈ ਮਦਦ ਮੰਗੇਗੀ। ਕੋਈ ਇਹੋ ਜਿਹਾ ਕੰਮ ਈ ਹੋਣੈ!' ਇਨ੍ਹਾਂ ਸੋਚਾਂ ਦੀ ਉਧੇੜ-ਬੁਣ ਵਿਚ ਪਏ ਪੱਤਰਕਾਰ ਨੇ ਮਾਈ ਨੂੰ 'ਕਾਲ-ਬੈਕ' ਕਰ ਲਈ।

ਲੇਕਿਨ ਮਾਈ ਨੇ ਜੋ ਕੁਝ ਦੱਸਿਆ, ਉਹ ਪੱਤਰਕਾਰ ਦੇ ਦਿਮਾਗ ਵਿਚ ਆਈਆਂ ਉਪਰੋਕਤ ਸ਼ੰਕਾਵਾਂ ਨਾਲ ਭੋਰਾ ਭਰ ਵੀ ਮੇਲ ਨਹੀਂ ਸੀ ਖਾਂਦਾ। ਇਸ ਦੁਖਿਆਰੀ ਮਾਂ ਨਾਲ ਉਹੀ ਕੁਝ ਹੋਇਆ, ਜੋ ਖਾੜਕੂਵਾਦ ਦੇ ਦਿਨਾਂ ਵਿਚ ਪੰਜਾਬ ਦੀਆਂ ਸੈਂਕੜੇ ਹਜ਼ਾਰਾਂ ਮਾਵਾਂ ਨਾਲ ਹੋਇਆ ਬੀਤਿਆ। ਫੋਨ ਕਰਨ ਵਾਲੀ ਮਾਤਾ ਦੀ ਦੁਖਦਾਈ ਕਹਾਣੀ ਅਤੇ ਉਸ ਵਲੋਂ ਕੀਤੀ ਗਈ 'ਮੰਗ' ਸੁਣ ਕੇ ਪੱਤਰਕਾਰ ਦੇ ਦਿਮਾਗ ਵਿਚ ਉਲਟੀ ਰੀਲ੍ਹ ਚੱਲ ਪਈ...'ਨਕਲੀ ਦੁਖੀਏ ਅਤੇ ਫਰੇਬੀ ਲੋੜਵੰਦ ਬਣ ਕੇ ਬਹੁਤ ਲੋਕਾਂ ਨੇ ਸਮਾਜ ਸੇਵੀ ਸੰਸਥਾਵਾਂ ਜਾਂ ਦਾਨੀ ਲੋਕਾਂ ਨੂੰ ਭੋਟਿਆ ਹੈ...ਕੀ ਪਤਾ ਇਹ ਬੁਢੜੀ ਵੀ ਮਦਦ ਲੈਣ ਲਈ ਝੂਠੀ ਕਹਾਣੀ ਸੁਣਾ ਰਹੀ ਹੋਵੇ...ਐਸੇ ਬਹੁਤ ਸਾਰੇ ਫਰਾਡ, ਮੀਡੀਏ ਵਿਚ ਆਏ ਜਿਨ੍ਹਾਂ ਬਾਰੇ ਘੋਖ ਕਰਿਆਂ ਕਈ ਤਰ੍ਹਾਂ ਦੇ ਸੱਚ ਸਾਹਮਣੇ ਆਉਂਦੇ ਰਹੇ ਨੇ...ਪ੍ਰਦੇਸਾਂ ਵਿਚ ਬੈਠਿਆਂ ਨੂੰ ਸਾਨੂੰ ਕੀ ਪਤਾ ਕਿ ਉਥੇ ਕੌਣ ਸੱਚਾ ਲੋੜਵੰਦ ਹੈ ਤੇ ਕਿਹੜਾ ਚਾਰ ਸੌ ਵੀਹ ਕਰਨੀ ਚਾਹੁੰਦੈ।'...ਇਨ੍ਹਾਂ ਸੋਚਾਂ ਦੇ ਤਾਣੇ-ਬਾਣੇ 'ਚ ਉਲਝਿਆ ਪੱਤਰਕਾਰ, ਮਾਈ ਵਲੋਂ ਕੀਤੀ ਗਈ ਮੰਗ ਤੋਂ ਖਹਿੜਾ ਛੁਡਾਉਣ ਲਈ, ਦਿਲ ਹੀ ਦਿਲ ਭੰਨ-ਤੋੜ ਕਰਨ ਲੱਗਾ-

'...ਮੇਰੇ ਕਿਹੜਾ ਇਥੇ ਬਿਜਨੈਸ ਚਲਦੇ ਐ...ਦਿਹਾੜੀਆਂ ਕਰਨ ਡਿਹਾ ਹੋਇਆਂ...ਇਕਾਨਮੀ ਪਹਿਲੋਂ ਹੀ ਡਾਊਨ ਹੋਈ ਪਈ ਐ...ਜੌਬਾਂ ਦਾ ਭਰੋਸਾ ਕੋਈ ਨਹੀਂ...ਨਾਲੇ ਜੇ ਕਿਸੇ ਦੀ ਮਦਦ ਕਰਨ ਜੋਗੇ ਹੋਈਏ ਤਾਂ ਆਪਣੇ ਅੰਗ-ਸਾਕ ਥੋੜ੍ਹੇ ਨੇ?'

ਇਹੋ ਜਿਹੀਆਂ ਸਵੈ-ਸਮਝੌਤੀਆਂ ਦੇ ਦੇ ਕੇ ਪੱਤਰਕਾਰ ਨੇ ਆਪਣਾ 'ਮਨ ਬਦਲਾਉਣ' ਦੀ ਬੜੀ ਕੋਸ਼ਿਸ਼ ਕੀਤੀ, ਪਰ ਉਸ ਮਾਤਾ ਦੀ



ਕਰੁਣਾਮਈ ਵਿਥਿਆ ਅਤੇ ਉਸ ਵਲੋਂ ਕੀਤੀ ਗਈ ਮੰਗ, ਰਹਿਮ ਦਿਲ ਪੱਤਰਕਾਰ ਦੇ ਕਿਤੇ ਧੁਰ ਅੰਦਰ ਬੈਠ ਗਈ। ਉਸਦੇ ਕੰਨਾਂ ਵਿਚ, ਮਾਤਾ ਦੇ ਬੋਲੇ ਇਹ ਸੰਬੋਧਨੀ ਸ਼ਬਦ- 'ਮੇਰੇ ਬੱਚੜਿਆ-ਪੁੱਤ ਮੇਰਿਆ' ਹੀ ਗੂੰਜਦੇ ਰਹਿਣ ਲੱਗੇ। ਤੀਜੇ ਚੌਥੇ ਦਿਨ ਫਿਰ ਨਿਆਣੀ ਉਮਰ ਦੀ ਉਸੇ ਕੁੜੀ ਨੇ ਪੱਤਰਕਾਰ ਦਾ ਫੋਨ ਮਿਲਾ ਕੇ ਮਾਈ ਨੂੰ ਫੜਾ ਦਿੱਤਾ ਉਹੀ ਦਰਦ ਭਰੀ ਵਿਥਿਆ-ਫਿਰ ਉਹੀ ਮੰਗ!

ਆਖਰ ਪੱਤਰਕਾਰ ਨੇ ਕੁਝ ਮਦਦ ਕਰਨ ਤੋਂ ਪਹਿਲਾਂ ਸੱਚ-ਝੂਠ ਦਾ ਨਿਤਾਰਾ ਕਰਨ ਲਈ, ਮਾਈ ਦੇ ਇਲਾਕੇ ਵਿਚ ਰਹਿੰਦੇ ਦੋ ਵੱਖ-ਵੱਖ ਪ੍ਰੈਸ ਰਿਪੋਰਟਰਾਂ ਨੂੰ ਲੱਭਿਆ। ਉਨ੍ਹਾਂ ਨੂੰ ਆਲੇ ਦੁਆਲਿਉਂ ਪਤਾ ਕਰਕੇ ਅਸਲੀਅਤ ਦੱਸਣ ਲਈ ਬੇਨਤੀ ਕੀਤੀ। ਇਨ੍ਹਾਂ ਦੋਹਾਂ ਵਲੋਂ ਅਤੇ ਪੱਤਰਕਾਰ ਦੇ ਇਕ ਹੋਰ ਵਿਸ਼ਵਾਸਪਾਤਰ ਵਲੋਂ ਜੋ ਜਾਣਕਾਰੀ ਭੇਜੀ ਗਈ, ਉਹ ਬਿਰਧ ਮਾਤਾ ਵਲੋਂ ਫੋਨ 'ਤੇ ਦੱਸੀ ਗਈ ਆਤਮ ਕਥਾ ਨਾਲ ਇੰਨ-ਬਿੰਨ ਮੇਲ ਖਾਂਦੀ ਸੀ-

'ਮਾਤਾ ਅਤੇ ਉਸਦਾ ਘਰ ਵਾਲਾ, ਜਿਹੜੇ ਕਿ ਅੱਜ ਕੱਲ੍ਹ ਮਿਲ ਰਹੀ ਮਾੜੀ ਮੋਟੀ ਬੁਢਾਪਾ-ਪੈਨਸ਼ਨ ਨਾਲ ਜਿੰਦਗੀ ਬਤੀਤ ਕਰ ਰਹੇ ਨੇ, ਖਾੜਕੂਵਾਦ ਦੇ ਦਿਨਾਂ ਵਿਚ ਚੰਗਾ ਭਲਾ ਪੇਂਡੂ ਜੀਵਨ ਜੀਅ ਰਹੇ ਸਨ। ਇਨ੍ਹਾਂ ਦਾ ਇਕੋ ਇਕ ਮੁੰਡਾ ਕਾਲਜ ਪੜ੍ਹਦਾ ਸੀ ਤੇ ਕੁੜੀ ਦਸ ਜਮਾਤਾਂ ਕਰਵਾ ਕੇ ਪੜ੍ਹਨੋ ਹਟਾ ਲਈ ਸੀ। ਕਿਸੇ ਨਾਮੀ ਖਾੜਕੂ ਨਾਲ ਚਿਹਰਾ-ਮੋਹਰਾ ਮਿਲਦਾ-ਜੁਲਦਾ ਹੋਣ ਕਾਰਨ ਮੁੰਡਾ ਸੁਰਖਿਆ ਬਲਾਂ ਦੇ ਅੜਿੱਕੇ ਚੜ੍ਹ ਗਿਆ। ਕਹਿੰਦੇ ਨੇ ਇਕ ਪੁੱਤ ਦੀ ਮਾਂ ਅੰਨ੍ਹੀ ਹੁੰਦੀ ਹੈ। ਸੋ ਇੱਕੋ ਇੱਕ ਪੁੱਤ ਨੂੰ ਬਘਿਆੜਾਂ ਦੇ ਪੰਜੇ 'ਚੋਂ ਛੁਡਾਉਣ ਲਈ ਕੀਤੀਆਂ ਕਰਾਈਆਂ ਗਈਆਂ ਕਾਨੂੰਨੀ ਚਾਰਾਜੋਈਆਂ ਨੇ ਘਰ ਦਾ ਚੂਨ-ਭੂਨ ਡੀਕ ਲਿਆ ਪ੍ਰੰਤੂ ਮੁੰਡੇ 'ਤੇ ਉਨ੍ਹਾਂ ਦਿਨਾਂ ਦੀ ਘੜੀ-ਘੜਾਈ ਕਹਾਣੀ ਫਿੱਟ ਕਰ ਦਿੱਤੀ ਗਈ। ਪਹਿਲਾਂ ਪੁਲਿਸ ਹਿਰਾਸਤ 'ਚੋਂ ਫਰਾਰੀ, ਕੁਝ ਦਿਨਾਂ ਬਾਅਦ 'ਜ਼ਬਰਦਸਤ' ਮੁਕਾਬਲਾ!

ਲਾਸ਼ਾਂ ਨੂੰ ਤਾਂ ਉਨ੍ਹਾਂ ਦਿਨਾਂ ਵਿਚ ਬਿਲੇ ਲਾਉਣ ਲਈ 'ਅਣਪਛਾਤੀਆਂ' ਕਹਿਣਾ ਹੀ ਕਾਫੀ ਹੁੰਦਾ ਸੀ, ਲੇਕਿਨ ਕਿਸੇ ਨਾ ਕਿਸੇ ਤਰ੍ਹਾਂ ਏਸ ਮੁੰਡੇ ਦੇ ਸਕੇ-ਸਬੰਧੀਆਂ ਨੇ ਉਸ ਦਾ ਅੰਤ ਹੋ ਜਾਣ ਦਾ ਪੱਕਾ ਪਤਾ ਕਰ ਲਿਆ ਸੀ ਪਰ ਮਾਤਾ ਨੂੰ ਇਹ ਚੰਦਰੀ ਸੁਣੌਣੀ ਇਸ ਕਰਕੇ ਨਾ ਸੁਣਾਈ, ਮਤਾਂ ਇਹ ਸਦਮਾ ਨਾ ਸਹਾਰਦੀ ਹੋਈ ਉਹ ਮਰ ਮੁੱਕ ਈ ਜਾਵੇ...। ਕਈ ਵਰ੍ਹੇ ਭੋਲੀ ਮਾਂ ਉਡੀਕਦੀ ਰਹੀ ਕਿ ਪੁੱਤ ਕਾਲਜੋਂ ਵਾਪਸ ਆ ਜਾਏਗਾ ਪਰ ਹੁਣ ਅਖੀਰ ਮਾਤਾ ਨੇ ਸਬਰ ਦੀ ਪੱਟੀ ਦਿਲ 'ਤੇ ਬੰਨ੍ਹ ਕੇ ਢਿੱਡੋਂ ਜਾਏ ਪੁੱਤ ਦਾ ਸਦੀਵੀ ਵਿਛੋੜਾ ਸਵੀਕਾਰ ਕਰ ਲਿਆ। ਪੁੱਤ ਵਾਲੀ ਡੰਗੋਰੀ ਬੁੱਚੜਾਂ ਨੇ ਭੰਨ ਸੁੱਟੀ, ਉਹਦੀ ਥਾਂ ਇਸ ਬਿਰਧ ਜੋੜੇ ਨੇ ਆਪਣੀ ਦੋਹਤਰੀ ਕੋਲ ਰੱਖੀ ਹੋਈ ਹੈ ਜੋ ਅੱਜ ਕਲ ਨੌਵੀਂ ਵਿਚ ਪੜ੍ਹਦੀ ਹੈ...!'

ਵਿਦੇਸ਼ ਬੈਠੇ ਪੱਤਰਕਾਰ ਨੂੰ ਉਕਤ ਮੋਟੀ ਮੋਟੀ ਵਿਥਿਆ ਫੋਨ 'ਤੇ ਸੁਣਾ ਕੇ ਮਾਤਾ ਨੇ ਮੰਗ ਇਹ ਰੱਖੀ ਸੀ- ''ਮੇਰੇ ਪੁੱਤ ਦੀ ਹਾਲੇ ਤੱਕ ਅੰਤਿਮ ਅਰਦਾਸ ਨਹੀਂ ਹੋਈ-ਮੇਰੇ 'ਚ ਭੋਗ ਪੁਆਉਣ ਦੀ ਸਮਰਥਾ ਹੈ ਨੀ...ਮੈਂ ਜਿਊਂਦੇ ਜੀਅ ਪੁੱਤ ਦਾ ਭੋਗ ਪੁਆਉਣਾ ਚਾਹੁੰਦੀ ਹਾਂ, ਤਾਂ ਕਿ ਮੈਂ ਸੁਰਖਰੂ ਹੋ ਕੇ ਜਹਾਨੋਂ ਕੂਚ ਕਰ ਸਕਾਂ...ਮੇਰੀ ਇਹ ਮਦਦ ਜਰੂਰ ਕਰ ਦੇਹ ਜੀਣ-ਜੋਗਿਆ!''

ਪੱਤਰਕਾਰ ਹੋਏ ਜਾਂ ਲਿਖਾਰੀ ਹੋਏ, ਇਹ ਤਾਂ ਵਿਚਾਰੇ ਪਹਿਲੋਂ ਹੀ 'ਰੱਬ ਦੀਆਂ ਦਿੱਤੀਆਂ' ਖਾਣ ਵਾਲੇ ਹੁੰਦੇ ਨੇ। ਸੋ ਪੱਤਰਕਾਰ ਨੇ ਗਿਣ-ਗੱਠ ਕੇ ਉਨੇ ਕੁ ਪੈਸੇ, ਪੰਜਾਬ ਜਾ ਰਹੇ ਆਪਣੇ ਇਕ ਨਜ਼ਦੀਕੀ ਹੱਥ ਭੇਜ ਦਿੱਤੇ, ਜਿੰਨਿਆ ਕੁ ਨਾਲ ਅਖੰਡ ਪਾਠ ਅਤੇ ਦਾਲ-ਫੁਲਕੇ ਦਾ ਸਾਦਾ ਜਿਹਾ ਲੰਗਰ ਚੱਲ ਸਕੇ। ਮਾਤਾ ਅਤੇ ਬਾਪੂ ਲਈ ਕੁਝ ਕੱਪੜੇ ਵੀ ਭੇਜ ਦਿੱਤੇ। ਪੰਦਰਾਂ ਵੀਹਾਂ ਦਿਨਾਂ ਬਾਅਦ ਮਾਈ ਦੀ ਦੋਹਤੀ ਨੇ ਪੱਤਰਕਾਰ ਨੂੰ 'ਮਿੱਸ-ਕਾਲ' ਕੀਤੀ। ਜਦੋਂ ਮੋੜਵੀਂ ਕਾਲ ਗਈ ਤਾਂ ਮਾਈ ਨੇ ਅਸੀਸਾਂ, ਦੁਆਵਾਂ, ਅਰਦਾਸਾਂ ਦੀ ਝੜੀ ਲਾ ਦਿੱਤੀ! ਪੱਤਰਕਾਰ ਅਤੇ ਉਸਦੇ ਟੱਬਰ ਦੇ ਜੀਆਂ ਲਈ ਉਸਦੇ 'ਕਾਰੋਬਾਰ' ਲਈ, ਬਜ਼ੁਰਗ ਮਾਂ, ਪਤਾ ਨਹੀਂ ਕਿਹੜੀਆਂ-ਕਿਹੜੀਆਂ ਸ਼ੁਭ-ਅਸੀਸਾਂ ਦੀ ਵਰਖਾ ਕਰੀ ਜਾ ਰਹੀ ਸੀ। ਰੂਹਾਨੀ ਰਮਜ਼ਾਂ ਅਤੇ 'ਸਭੈ ਘਟਿ ਰਾਮ ਬੋਲੈ' ਦੀ ਭਾਵਨਾ ਨੂੰ ਸਮਝਣ ਵਾਲਾ ਵਿਅਕਤੀ ਹੀ ਇਹੋ ਜਿਹੀਆਂ ਅਸੀਸਾਂ ਦਾ ਮੁੱਲ ਜਾਣ ਸਕਦਾ ਹੈ।

ਇੱਧਰ ਪੱਤਰਕਾਰ ਭਰਾ ਨੂੰ ਧੁੜਕੂ ਲੱਗਾ ਹੋਇਆ ਸੀ ਕਿ ਸ਼ਾਇਦ ਮਾਈ 'ਪੈਸੇ ਬਹੁਤ ਥੋੜੇ ਸੀਗੇ' ਦਾ ਸ਼ਿਕਵਾ ਕਰੇਗੀ। ਪਰ ਰੱਬ-ਰੂਪ ਮਾਤਾ ਹੁੱਬ ਕੇ ਦੱਸ ਰਹੀ ਸੀ ਕਿ ਭੋਗ 'ਤੇ ਆਏ ਜੀਆ-ਜੰਤ ਨੂੰ ਪ੍ਰਸ਼ਾਦਾ ਪਾਣੀ ਛਕਾ ਕੇ ਵੀ ਮੈਂ ਦੋਹਤੀ ਦੀ ਪੜ੍ਹਾਈ ਦੇ ਖਰਚੇ ਜੋਗੇ ਪੈਸੇ ਬਚਾ ਲਏ ਹਨ। ਮਾਤਾ ਦੀਆਂ ਮੋਹ ਭਿੱਜੀਆਂ ਦੁਆਵਾਂ ਸੁਣ ਸੁਣ ਕੇ ਪੱਤਰਕਾਰ ਨੂੰ ਇਉਂ ਮਹਿਸੂਸ ਹੋ ਰਿਹਾ ਸੀ ਜਿਵੇਂ ਉਸਦੀ ਸਵਰਗ ਸਿਧਾਰ ਚੁੱਕੀ ਆਪਣੀ ਮਾਂ, ਆਪਣੇ ਢਿੱਡੋਂ ਜਾਏ ਪੁੱਤ ਨੂੰ ਮਿਲਣ ਆ ਗਈ ਹੋਵੇ!

ਇਸ ਸਾਰੀ ਵਾਰਤਾ ਨੂੰ ਕਲਮ-ਬੰਦ ਕਰਦਿਆਂ ਮੈਂ ਸੋਚ ਰਿਹਾ ਸਾਂ ਕਿ ਇੱਥੇ ਕੁ ਆ ਕੇ ਗੱਲ ਖਤਮ ਹੋ ਗਈ ਹੋਵੇਗੀ, ਪਰ ਪੱਤਰਕਾਰ ਦੇ ਦੱਸਣ ਅਨੁਸਾਰ ਭੋਗ ਪੈਣ ਤੋਂ ਦੋ ਕੁ ਮਹੀਨੇ ਬਾਅਦ, ਇਕ ਦਿਨ ਫਿਰ ਜ਼ੀਰੋ ਸੋਲਾਂ ਚੌਵੀ ਤੋਂ 'ਮਿੱਸ ਕਾਲ' ਆ ਗਈ। ਸਕਰੀਨ 'ਤੇ ਨੰਬਰ ਦੇਖਦਿਆਂ ਪੱਤਰਕਾਰ ਦੇ ਮਨ ਵਿਚ ਫਿਰ ਮਾੜੀ ਸੋਚ ਆ ਵੜੀ- 'ਮਾਈ ਹੁਣ ਲਾਲਚਣ ਹੋ ਗਈ ਲਗਦੀ ਹੈ। ਜ਼ਰੂਰ ਕੋਈ ਹੋਰ ਮੰਗ ਰੱਖੇਗੀ। ...ਪਤਾ ਨਹੀਂ ਮੈਨੂੰ ਕਿੱਡਾ ਕੁ ਅਮੀਰਜ਼ਾਦਾ ਸਮਝ ਬੈਠੀ ਐ ਇਹ ਮਾਤਾ!...ਇਸਤੋਂ ਹੁਣ ਪਿੱਛਾ ਕਿੱਦਾਂ ਛਡਾਵਾਂ?'...ਥੋੜ੍ਹਾ ਗੁਸੈਲੇ ਮੂਡ ਨਾਲ ਮਾਤਾ ਦਾ ਨੰਬਰ ਡਾਇਲ ਕੀਤਾ। ਐਤਕੀਂ ਜਿਹੜੀ 'ਮੰਗ' ਦੁਖਿਆਰੀ ਮਾਤਾ ਨੇ ਰੱਖੀ, ਉਹ ਮੈਨੂੰ ਸੁਣਾਉਣ ਲੱਗਿਆ ਪੱਤਰਕਾਰ ਵੀ ਆਪਣੇ ਹੰਝੂ ਨਾ ਰੋਕ ਸਕਿਆ, ਲਿਖਣ ਲੱਗਿਆਂ ਮੇਰੀਆਂ ਵੀ ਅੱਖਾਂ ਸੇਜਲ ਹੋ ਗਈਆਂ।

ਜਵਾਨ-ਜਹਾਨ ਪੁੱਤ ਗਵਾ ਚੁੱਕੀ ਮਾਂ ਨੇ ਵਿਦੇਸ਼ ਬੈਠੇ ਅਣਜਾਣੇ ਪੱਤਰਕਾਰ ਨੂੰ ਆਖਰੀ ਰੀਝ ਦੱਸੀ- ''ਕਾਕਾ, ਪੁੱਤ, ਜਦ ਮੈਂ ਫੂਨ 'ਤੇ ਤੇਰਾ ਬੋਲ ਸੁਣ ਲੈਂਦੀ ਆਂ, ਤਾਂ ਮੇਰੇ ਸੀਨੇ ਠੰਢ ਪੈ ਜਾਂਦੀ ਐ...ਮੈਨੂੰ ਲਗਦਾ ਐ ਮੇਰਾ...ਸਿਹੁੰ ਮੈਨੂੰ ਮਿਲ ਗਿਆ ਐ...ਹੁਣ ਤੂੰ ਮੱਲਿਆ ਐਦਾਂ ਕਰੀਂ, ਤੈਨੂੰ ਬਹੁਤਾ ਨੀਂ ਕਹਿੰਦੀ,...ਬੱਸ ਮੈਨੂੰ ਕਦੇ ਕਦੇ ਫੂਨ ਜਰੂਰ ਕਰ ਲਿਆ ਕਰ!...ਹੁਣ ਮੈਂ ਬਹੁਤਾ ਚਿਰ ਨੀਂ ਜੀਣਾ..ਨਦੀ ਕਿਨਾਰੇ ਰੁੱਖੜਾ ਹਾਂ!!...ਨਾਲੇ ਸੱਚ...ਸਿਹੁੰ ਦੇ ਭੋਗ ਵੇਲੇ ਬਾਬਿਆਂ ਨੇ ਜਿਹੜਾ ਸਿਰੋਪਾ ਮੈਨੂੰ ਦਿੱਤਾ ਸੀਗਾ, ਉਹ ਤੇਰੀ ਅਮਾਨਤ ਐ। ਜਦ ਕਦੇ ਦੇਸ ਆਵੇਂ, ਇਹ ਨਿਕਰਮਣ ਦੇ ਘਰੋਂ ਲੈ ਜੀਂ...ਰੱਬ ਤੇਰੀਆਂ ਕਮਾਈਆਂ 'ਚ ਬਰਕਤਾਂ ਪਾਵੇ...ਤੇਰਾ ਬਾਲ ਪਰਿਵਾਰ ਹਰਿਆ ਭਰਿਆ ਰਹੇ!!!''

ਅੱਖਾਂ ਪੂੰਝਦਿਆਂ ਹੋਇਆਂ ਆਖਰ ਵਿਚ ਪੱਤਰਕਾਰ ਬੋਲਿਆ- ''ਜਿੰਨਾ ਵੀ ਮੈਥੋਂ ਸਰਦਾ-ਬਣਦਾ ਰਿਹਾ, ਹੁਣ ਤੱਕ ਮੈਂ ਟੂਰਨਾਮੈਂਟਾਂ, ਸੱਭਿਆਚਾਰਕ ਮੇਲਿਆਂ, ਚੋਣ-ਫੰਡਾਂ ਜਾਂ ਹੋਰ ਕਈ ਤਰ੍ਹਾਂ ਦੇ ਭਾਈਚਾਰਕ ਸਮਾਗਮਾਂ ਲਈ ਹਿੱਸਾ ਦਿੰਦਾ ਰਿਹਾ ਹਾਂ। ਪਰ ਜਿਹੋ ਜਿਹਾ ਸਕੂਨ ਮੈਨੂੰ ਇਸ ਮਾਈ ਦੀ ਭੋਰਾ ਕੁ ਜਿੰਨੀ ਮਦਦ ਕਰਕੇ ਮਿਲਿਆ, ਉਹ ਮੈਂ ਬਿਆਨ ਹੀ ਨਹੀਂ ਕਰ ਸਕਦਾ। ਇੱਥੋਂ ਤੱਕ ਕਿ ਧਰਮ-ਅਰਥ ਦੇ ਕੰਮਾਂ ਵਿਚ ਹਿੱਸਾ ਪਾ ਕੇ ਵੀ ਐਨੀ ਸੰਤੁਸ਼ਟੀ ਕਦੇ ਨਹੀਂ ਮਿਲੀ ਹੋਣੀ।..ਅਹਿ ਜਿਹੜੇ ਪ੍ਰਵਾਸੀ ਭਰਾ ਪੰਜਾਬ ਜਾ ਕੇ ਮੈਰਿਜ-ਪੈਲਸਾਂ 'ਚ ਹੁੜਦੰਗ ਮਚਾਉਂਦੇ ਐ, ਅਖੌਤੀ ਮਨੋਰੰਜਨਾਂ ਅਤੇ ਸ਼ਰਾਬ-ਕਬਾਬ 'ਤੇ ਅੰਨ੍ਹੇ ਵਾਹ ਖਰਚ ਕਰਦੇ ਐ, ਉਨ੍ਹਾਂ ਨੂੰ ਕਾਹਦੀ ਪ੍ਰਾਪਤੀ ਹੁੰਦੀ ਹੋਵੇਗੀ? ਜਦ ਕਿ ਮੇਰੀ ਜਾਚੇ ਹਾਲੇ ਵੀ ਬਹੁਤ ਸਾਰੀਆਂ ਉਪਰੋਕਤ ਮਾਤਾ ਜੈਸੀਆਂ ਅਭਾਗੀਆਂ ਮਾਵਾਂ ਹੈਗੀਆਂ ਨੇ ਜਿਨ੍ਹਾਂ ਦੀਆਂ ਅੱਖੀਆਂ ਦੇ ਤਾਰੇ ਐਸੇ ਅਲੋਪ ਹੋਏ ਕਿ ਉਹ ਬੇਸਹਾਰਾ ਵਿਲਕਦੀਆਂ ਫਿਰਦੀਆਂ ਨੇ। ਕੀ ਇਨਾਂ ਦੇ ਅੱਥਰੂ ਪੂੰਝਣ ਨਾਲੋਂ ਵੀ ਕੋਈ ਹੋਰ ਵੱਡਾ ਪੁੰਨ ਹੋ ਸਕਦਾ ਹੈ?

## ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

## ਸੰਪਾਦਕ ਦੀ ਡਾਕ

### ਇਬਰਾਹੀਮਪੁਰੀਏ ਦਰੜ ਭਰਾਵਾਂ ਦਾ ਸਾਰਥਕ ਉਪਰਾਲਾ

ਮਾਣਯੋਗ ਸੰਪਾਦਕ ਜੀ,

ਛੇ ਮਾਰਚ ਵਾਲੇ 'ਪੰਜਾਬ ਟਾਈਮਜ਼' ਵਿਚ 'ਪ੍ਰੋ. ਦਰਸ਼ਨ ਸਿੰਘ ਦਾ ਸੋਨ ਤਮਗੇ ਨਾਲ ਸਨਮਾਨ' ਵਾਲੀ ਖਬਰ ਪੜ੍ਹ ਕੇ ਪਿੰਡ ਇਬਰਾਹੀਮਪੁਰ (ਗੜ੍ਹਸ਼ੰਕਰ) ਦੇ ਪਰਵਾਸੀ ਭਰਾਵਾਂ ਸ. ਰੇਸ਼ਮ ਸਿੰਘ ਤੇ ਸ. ਦਰਸ਼ਨ ਸਿੰਘ ਦਰੜ ਦੀ ਭਰਪੂਰ ਸ਼ਲਾਘਾ ਕਰਨ ਨੂੰ ਦਿਲ ਕਰ ਆਇਆ। ਇਨ੍ਹਾਂ ਦੋਹਾਂ ਉਦਮੀ ਭਰਾਵਾਂ ਦੇ ਨੇਕ ਉਪਰਾਲੇ ਨਾਲ ਕਰਵਾਏ ਗਏ ਇਸ ਗੁਰਮਤਿ ਸਮਾਗਮ ਦੀ ਰਿਪੋਰਟ ਪੜ੍ਹ ਕੇ ਹਾਰਦਿਕ ਪ੍ਰਸੰਨਤਾ ਹੋਈ ਕਿ ਇਸ ਮੌਕੇ ਪ੍ਰੋ. ਸਾਹਿਬ ਨੇ ਹਮੇਸ਼ਾ ਵਾਂਗ ਸਿੱਖ ਪੰਥ ਦੇ ਚਲੰਤ ਮਾਮਲਿਆਂ ਬਾਰੇ, ਗੁਰ ਸ਼ਬਦ ਦੀ ਓਟ ਨਾਲ ਵਿਆਖਿਆ ਕੀਤੀ। ਬਹੁਤ ਸਾਰੇ ਸੱਜਣਾਂ ਮਿੱਤਰਾਂ ਦੇ ਨਾਲ ਨਾਲ ਮੇਰੇ ਕਈ ਰਿਸ਼ਤੇਦਾਰ ਵੀ ਇਸ ਸਮਾਗਮ ਵਿਚ ਸ਼ਾਮਲ ਹੋਏ ਸਨ ਕਿਉਂਕਿ ਮੇਰਾ ਨਾਨਕ ਪਿੰਡ ਧਮਾਈ, ਇਬਰਾਹੀਮਪੁਰ ਦੇ ਲਾਗੇ ਹੀ ਸਥਿਤ ਹੈ। ਇਨ੍ਹਾਂ ਸਾਰਿਆਂ ਨੇ ਵੀ ਪ੍ਰੋਗਰਾਮ ਦੀ ਸਫਲਤਾ ਬਾਰੇ ਮੇਰੇ ਨਾਲ ਫੋਨ 'ਤੇ ਗੱਲਬਾਤ ਕੀਤੀ ਸੀ।

ਜਿਵੇਂ ਕਿ ਮੈਨੂੰ ਖਬਰਾਂ ਪਹੁੰਚੀਆਂ ਹਨ, ਉਸ ਇਲਾਕੇ ਦੇ ਬਹੁਤ ਸਾਰੇ ਸੂਝਵਾਨ ਲੋਕਾਂ ਨੇ ਦਰੜ ਭਰਾਵਾਂ ਵਲੋਂ ਰਚਾਏ ਗੁਰਮਤਿ ਸਮਾਗਮ ਨੂੰ ਬੇਹੱਦ ਸਲਾਹਿਆ ਹੈ। ਪੰਜਾਬ ਦੀ ਹਾਕਮ ਧਿਰ ਵਲੋਂ ਅੜਿੱਕੇ ਪਾਉਣ ਦੇ ਬਾਵਜੂਦ ਵੀ ਜਿਵੇਂ ਇਹ ਸਮਾਗਮ ਸਫਲਤਾ ਸਹਿਤ ਕਰਵਾਇਆ ਗਿਆ, ਉਸ ਤੋਂ ਸਿੱਧ ਹੋ ਗਿਆ ਕਿ ਪ੍ਰੋ. ਸਾਹਿਬ ਦੀ ਕੀਰਤਨ ਸ਼ੈਲੀ ਪ੍ਰਤੀ ਸ਼ਰਧਾਲੂਆਂ ਦੇ ਮਨਾਂ ਵਿਚ ਕਿਤਨੀ ਖਿੱਚ ਹੈ।

ਇਲਾਕੇ ਭਰ ਵਿਚ ਦਰੜ ਭਰਾਵਾਂ ਦੀ ਇਸ ਪੱਖੋਂ ਵੀ ਭਾਰੀ ਪ੍ਰਸ਼ੰਸਾ ਹੋ ਰਹੀ ਹੈ ਕਿ ਉਨ੍ਹਾਂ ਨੇ ਆਮ ਪਰਵਾਸੀਆਂ ਵਾਂਗ ਆਪਣੇ ਵਤਨ ਪਰਤ ਕੇ ਤਥਾ-ਕਥਿਤ ਸੱਭਿਆਚਾਰਕ ਮੇਲਿਆਂ ਵਿਚ ਪੈਸੇ ਦੀ ਬਰਬਾਦੀ ਕਰਨ ਦੀ ਥਾਂ ਲੋਕਾਂ ਨੂੰ ਗੁਰਮਤਿ ਉਪਦੇਸ਼ ਨਾਲ ਜੁੜਨ ਦਾ ਮੌਕਾ ਬਖ਼ਸ਼ਿਆ। ਜਿਥੇ ਬਹੁਤੇ ਐਨ ਆਰ ਆਈ ਭਰਾ ਪੰਜਾਬ ਜਾ ਕੇ ਬੇਥਵ੍ਹੇ ਸਨਮਾਨ ਸਮਾਰੋਹਾਂ ਦੇ ਸਟੰਟ ਰਚਦੇ ਰਹਿੰਦੇ ਹਨ ਉਥੇ ਇਬਰਾਹੀਮਪੁਰੀਏ ਦਰੜ ਭਰਾਵਾਂ ਨੇ ਸਿਆਸੀ ਭਬਕੀਆਂ ਦੀ ਪਰਵਾਹ ਨਾ ਕਰਦਿਆਂ ਗੁਰੂ ਆਸ਼ੇ ਨੂੰ ਮੁੱਖ ਰੱਖਦਿਆਂ ਗੁਰਬਾਣੀ ਦਾ ਪ੍ਰਵਾਹ ਚਲਾਇਆ। ਸ਼ਰਾਬਾਂ, ਨਾਚ-ਗਾਣਿਆਂ ਦੀ ਜਗ੍ਹਾ ਗੁਰ ਸ਼ਬਦ ਦੇ ਲੰਗਰ ਚਲਾਉਂਦਿਆਂ ਲੋਹ-ਲੰਗਰ ਵੀ ਤਪਾਏ। ਸਮੁੱਚੇ ਰੂਪ ਵਿਚ ਇਹ ਪ੍ਰੋਗਰਾਮ ਸਮੂਹ ਪਰਵਾਸੀ ਵੀਰਾਂ ਲਈ ਇਕ ਪ੍ਰੇਰਨਾ ਛੱਡ ਗਿਆ।

*-ਤਰਲੋਚਨ ਸਿੰਘ ਦੁਪਾਲਪੁਰ*

*e-mail:tdupalpuri@yahoo.com*

## ਮਸ਼ਕਰੀ

### *ਹਰਿਆ ਭਰਿਆ ਪੰਜਾਬ*

ਪੰਜਾਬ ਵਿਚ ਵਗਦੀ ਇਕ ਨਹਿਰ ਦੀ ਪਟੜੀ 'ਤੇ ਪੈਦਲ ਸਫਰ ਕਰ ਰਹੇ ਕਿਸੇ ਮੁਸਾਫਰ ਨੇ ਦੇਖਿਆ ਕਿ ਨਹਿਰ ਦੇ ਕੰਢੇ ਉਪਰ ਦੋ ਬੇਲਦਾਰ ਕੰਮ ਕਰ ਰਹੇ ਹਨ। ਉਨ੍ਹਾਂ ਵਿਚੋਂ ਇਕ ਜਣਾ ਕਹੀ ਨਾਲ ਫੁੱਟ ਕੁ ਚੌੜਾ ਟੋਆ ਪੁੱਟ ਕੇ, ਗਜ਼ ਡੇਢ ਗਜ਼ ਥਾਂ ਛੱਡ ਕੇ ਅਗਲਾ ਟੋਆ ਪੁੱਟਣ ਜਾ ਲੱਗਾ। ਦੂਸਰਾ ਬੇਲਦਾਰ ਪੁੱਟੀ ਹੋਈ ਮਿੱਟੀ ਨੂੰ ਮੁੜ ਟੋਏ ਵਿਚ ਪਾਈ ਜਾ ਰਿਹਾ ਸੀ। ਹੈਰਾਨ ਹੋਏ ਮੁਸਾਫਰ ਨੇ ਉਨ੍ਹਾਂ ਨੂੰ ਪੁੱਛਿਆ ਕਿ ਇਹ ਤੁਸੀਂ ਕੀ ਕਰੀ ਜਾ ਰਹੇ ਹੋ? ਇਕ ਜਣਾ ਬੜੀ ਮਿਹਨਤ ਨਾਲ ਟੋਆ ਪੁੱਟਦਾ ਹੈ ਤਾਂ ਦੂਸਰਾ ਮਗਰੇ ਮਗਰ ਉਸ ਨੂੰ ਪੂਰੀ ਜਾ ਰਿਹਾ ਹੈ। ਇਹ ਕੀ ਮਾਜਰਾ ਹੈ?

''ਅਸੀਂ ਜੰਗਲਾਤ ਮਹਿਕਮੇ ਦੇ ਮੁਲਾਜ਼ਮ ਹਾਂ ਅਤੇ ਪੰਜਾਬ ਨੂੰ ਹਰਿਆ ਭਰਿਆ ਬਣਾਉਣ ਦੇ 'ਪ੍ਰੋਜੈਕਟ' ਉਤੇ ਕੰਮ ਕਰ ਰਹੇ ਹਾਂ।'' ਟੋਏ ਪੁੱਟਣ ਵਾਲਾ ਬੇਲਦਾਰ ਬੋਲਿਆ।

ਜਵਾਬ ਸੁਣ ਕੇ ਮੁਸਾਫਰ ਨੇ ਫਿਰ ਹੈਰਾਨੀ ਨਾਲ ਪੁਛਿਆ ਕਿ ਟੋਏ ਪੁੱਟ ਪੁੱਟ ਕੇ ਪੂਰੀ ਜਾਣ ਨਾਲ 'ਹਰਿਆਲੀ' ਦਾ ਕੀ ਸਬੰਧ ਹੋਇਆ।

''ਦਰਅਸਲ ਮੇਰੀ ਡਿਊਟੀ ਟੋਆ ਪੁੱਟਣ ਦੀ ਹੈ।'' ਪਹਿਲਾ ਬੇਲਦਾਰ ਦੱਸਣ ਲੱਗਾ, ''ਬੂਟਾ ਲਾਉਣ ਬਾਅਦ ਆਲੇ-ਦੁਆਲੇ ਮਿੱਟੀ ਪਾਉਣ ਦਾ ਕੰਮ, ਇਹ ਮੇਰਾ ਸਾਥੀ ਮੁਲਾਜ਼ਮ ਕਰਦਾ ਹੈ।''

''ਪਰ ਜਨਾਬ, ਟੋਇਆਂ ਵਿਚ ਬੂਟੇ ਤਾਂ ਕੋਈ ਲਗਾਏ ਹੀ ਨਹੀਂ ਜਾ ਰਹੇ?'' ਰਾਹੀ ਨੇ ਸਵਾਲ ਕੀਤਾ।

''ਬੂਟੇ ਲਾਉਣ ਵਾਲਾ ਸਾਡਾ ਮੁਲਾਜ਼ਮ ਸਾਥੀ ਅੱਜ ਛੁੱਟੀ 'ਤੇ ਹੈ!'' ਬੇਲਦਾਰਾਂ ਨੇ ਜਵਾਬ ਦਿੱਤਾ।

# ਜੱਸੀ ਖੰਗੂੜਾ ਵਲੋਂ ਕਾਲੀ ਸੂਚੀ ਦੇ ਜਾਇਜ਼ੇ ਲਈ ਪ੍ਰਧਾਨ ਮੰਤਰੀ ਨੂੰ ਪੱਤਰ

**ਲੁਧਿਆਣਾ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਦੇ ਹਲਕਾ ਕਿਲਾ ਰਾਏਪੁਰ ਤੋਂ ਵਿਧਾਇਕ ਸ੍ਰੀ ਜੱਸੀ ਖੰਗੂੜਾ ਨੇ ਪ੍ਰਧਾਨ ਮੰਤਰੀ ਡਾ ਮਨਮੋਹਨ ਸਿੰਘ ਨੂੰ ਇਕ ਪੱਤਰ ਲਿਖ ਕੇ ਕਾਲੀ ਸੂਚੀ ਦਾ ਮੁੜ ਤੋਂ ਜਾਇਜ਼ਾ ਲੈਣ ਅਤੇ ਉਨ੍ਹਾਂ ਲੋਕਾਂ ਨੂੰ ਬਣਦੇ ਮਾਨਵੀ ਅਧਿਕਾਰ ਅਤੇ ਇਨਸਾਫ ਦੇਣ ਦੀ ਮੰਗ ਕੀਤੀ ਹੈ ਜਿਨ੍ਹਾਂ ਦੇ ਨਾਂ ਸਹੀ ਜਾਂ ਗਲਤ ਕਾਰਨਾਂ ਕਰਕੇ ਕਾਲੀ ਸੂਚੀ ਵਿਚ ਦਰਜ ਹਨ।

ਸ੍ਰੀ ਖੰਗੂੜਾ ਜੋ ਕਿ ਖੁਦ ਇਕ ਪਰਵਾਸੀ ਭਾਰਤੀ ਹਨ, ਨੇ ਇਸ ਪੱਤਰ ਵਿਚ ਮੰਗ ਕੀਤੀ ਹੈ ਕਿ ਕਾਲੀ ਸੂਚੀ ਨੂੰ ਸੂਚਨਾ ਅਧਿਕਾਰ ਐਕਟ ਅਧੀਨ ਲਿਆਂਦਾ ਜਾਵੇ ਅਤੇ ਜਿਨ੍ਹਾਂ ਦੇ ਨਾਂ ਇਸ ਸੂਚੀ ਵਿਚ ਦਰਜ ਹਨ ਉਨ੍ਹਾਂ ਨੂੰ ਲਾਏ ਗਏ ਦੋਸ਼ਾਂ ਦੀ ਜਾਣਕਾਰੀ ਦਿੱਤੀ ਜਾਵੇ। ਉਨ੍ਹਾਂ ਇਹ ਵੀ ਮੰਗ ਕੀਤੀ ਹੈ ਕਿ ਇਕ ਸੁਤੰਤਰ ਅਪੀਲ ਅਥਾਰਟੀ ਕਾਇਮ ਕੀਤੀ ਜਾਵੇ ਜਿਥੇ ਕਾਲੀ ਸੂਚੀ ਦਾ ਸ਼ਿਕਾਰ ਲੋਕ ਅਪੀਲ ਕਰਕੇ ਇਨਸਾਫ ਹਾਸਲ ਕਰ ਸਕਣ। ਉਨ੍ਹਾਂ ਇਹ ਵੀ ਕਿਹਾ ਹੈ ਕਿ ਜਿਹੜੇ ਪਰਵਾਸੀ ਸਿੱਖਾਂ ਨੂੰ ਵਿਦੇਸ਼ਾਂ ਵਿਚਲੇ ਭਾਰਤੀ ਮਿਸ਼ਨਾਂ ਤੋਂ ਵੀਜ਼ਾ ਲੈ ਕੇ ਭਾਰਤ ਜਾਣ ਉਤੇ ਵਾਪਸ ਮੋੜਿਆ ਜਾਂਦਾ ਹੈ, ਉਨ੍ਹਾਂ ਨੂੰ ਵਾਜ਼ਬ ਮੁਆਵਜ਼ਾ ਦਿੱਤਾ ਜਾਵੇ।



*ਸ੍ਰੀ ਜੱਸੀ ਖੰਗੂੜਾ*

ਪਰਵਾਸੀ ਪੰਜਾਬੀਆਂ ਦੇ ਹੱਕ ਵਿਚ ਹਮੇਸ਼ਾਂ ਜੋਰਦਾਰ ਆਵਾਜ਼ ਉਠਾਉਂਦੇ ਆਏ ਸ੍ਰੀ ਖੰਗੂੜਾ ਜੋ ਕਿ ਹਾਲ ਹੀ ਵਿਚ ਅਮਰੀਕਾ ਕੈਨੇਡਾ ਹੋ ਕੇ ਗਏ ਹਨ, ਨੇ ਆਖਿਆ ਹੈ ਕਿ ਕਾਲੀ ਸੂਚੀ ਵਿਚ ਬਹੁਤ ਸਾਰੇ ਅਜਿਹੇ ਨਾਂ ਵੀ ਸ਼ਾਮਲ ਹਨ ਜਿਹੜੇ ਪੰਜਾਬ ਪੁਲਿਸ ਦੀ ਮਿਲੀਭੁਗਤ ਨਾਲ ਚਲ ਰਹੇ ਭੂ-ਮਾਫੀਏ ਵਲੋਂ ਪਰਵਾਸੀਆਂ ਦੀ ਹਜਾਰਾਂ ਕਰੋੜ ਰੁਪਏ ਦੀ ਜਾਇਦਾਦ ਹੜੱਪਣ ਦੇ ਮਨੋਰਥ ਨਾਲ ਜਾਂ ਫਿਰ ਈਰਖਾ ਦਾ ਸ਼ਿਕਾਰ ਲੋਕਾਂ ਵਲੋਂ ਸ਼ਿਕਾਇਤਾਂ ਕੀਤੇ ਜਾਣ ਕਰ ਕੇ ਦਰਜ ਕਰਾਏ ਗਏ ਹਨ। ਉਨ੍ਹਾਂ ਇਹ ਵੀ ਕਿਹਾ ਕਿ ਖਾੜਕੂ ਲਹਿਰ ਦੇ ਸਮੇਂ ਤੋਂ ਬਾਅਦ ਹੁਣ ਤਕ ਹਾਲਾਤ ਬਹੁਤ ਬਦਲ ਚੁਕੇ ਹਨ ਇਸ ਲਈ ਜਿਹੜੇ ਪਰਵਾਸੀ ਸਿੱਖ ਭਾਰਤ ਦੇ ਸੰਵਿਧਾਨ ਪ੍ਰਤੀ ਆਸਥਾ ਪ੍ਰਗਟ ਕਰਦੇ ਹਨ, ਉਨ੍ਹਾਂ ਨੂੰ ਵਾਪਸ ਆਉਣ ਦਾ ਮੌਕਾ ਦਿੱਤਾ ਜਾਣਾ ਚਾਹੀਦਾ ਹੈ।

ਹੇਠਾਂ ਸ੍ਰੀ ਖੰਗੂੜਾ ਦੀ ਇਹ ਚਿੱਠੀ ਸਮੁਚੇ ਰੂਪ ਵਿਚ ਛਾਪੀ ਗਈ ਹੈ:

## ਪ੍ਰਧਾਨ ਮੰਤਰੀ ਨੂੰ ਲਿਖੇ ਪੱਤਰ ਦਾ ਮੂਲ ਪਾਠ

ਸਤਿਕਾਰਯੋਗ ਡਾ. ਮਨਮੋਹਨ ਸਿੰਘ,
ਪ੍ਰਧਾਨ ਮੰਤਰੀ, ਭਾਰਤ ਸਰਕਾਰ
ਨਵੀਂ ਦਿੱਲੀ।
2 ਮਾਰਚ, 2010

ਪਿਆਰੇ ਸਤਿਕਾਰਯੋਗ ਪ੍ਰਧਾਨ ਮੰਤਰੀ ਜੀ,

ਕੇਂਦਰੀ ਦਾਖਲਾ ਕਾਲੀ ਸੂਚੀ: ਯਕੀਨੀ ਬਣਾਓ ਕਿ ਕਿਸੇ ਨਾਲ ਅਨਿਆਂ ਨਾ ਹੋਵੇ ਜਾਂ ਕਿਸੇ ਦੇ ਬੁਨਿਆਦੀ ਮਾਨਵੀ ਹੱਕਾਂ ਨੂੰ ਠੇਸ ਨਾ ਪਹੁੰਚੇ।

ਹਾਲ ਵਿਚ ਆਏ ਇਨ੍ਹਾਂ ਬਿਆਨਾਂ ਕਰਕੇ ਸਾਡੇ ਸਭਨਾਂ ਲਈ ਚਿੰਤਾ ਪੈਦਾ ਹੋਈ ਹੈ ਕਿ ਭਾਵੇਂ ਛੋਟੀ ਗਿਣਤੀ ਵਿਚ ਹੀ ਪਰ ਦੇਸ ਦੇ ਅੰਦਰ ਤੇ ਬਾਹਰ ਸਿੱਖ ਮੂਲਵਾਦੀ ਮੁੜ ਜਥੇਬੰਦ ਹੋ ਰਹੇ ਹਨ। ਪੰਜਾਬ ਅਤੇ ਭਾਰਤ 1980ਵਿਆਂ ਅਤੇ 1990ਵਿਆਂ ਦੇ ਖਾੜਕੂਵਾਦ ਦੇ ਕਾਲੇ ਦਿਨਾਂ ਦੀ ਵਾਪਸੀ ਮੁੜ ਨਹੀਂ ਸਹਾਰ ਸਕਦੇ।

ਇਸ ਮੌਕੇ ਇਹ ਗੱਲ ਬਹੁਤ ਅਹਿਮ ਹੈ ਕਿ ਇਸ ਕੇਂਦਰ ਸਰਕਾਰ ਵਲੋਂ ਸਿੱਖਾਂ ਨਾਲ ਕੋਈ ਅਜਿਹੀ ਬੇਇਨਸਾਫੀ ਵਾਲੀ ਗੱਲ ਨਾ ਕੀਤੀ ਜਾਵੇ ਜਿਸ ਨਾਲ ਕਿ ਉਨ੍ਹਾਂ ਨੂੰ ਉਹ ਸਿਆਸੀ ਮਸਾਲਾ ਮਿਲ ਜਾਵੇ ਜਿਸ ਦੀ ਕਿ ਉਨ੍ਹਾਂ ਨੂੰ ਪਿਛਲੇ ਦੋ ਦਹਾਕਿਆਂ ਤੋਂ ਕਮੀ ਚਲੀ ਆ ਰਹੀ ਹੈ।

ਅਮਰੀਕਾ, ਕੈਨੇਡਾ ਅਤੇ ਇੰਗਲੈਂਡ ਦੇ ਦੌਰੇ ਤੋਂ ਮੈਂ ਹਾਲ ਹੀ ਵਿਚ ਪਰਤਿਆ ਹਾਂ ਅਤੇ ਮੈਨੂੰ ਇਸ ਮਸਲੇ ਉਤੇ ਉਥੇ ਅਨੇਕਾਂ ਸ਼ਿਕਾਇਤਾਂ ਮਿਲੀਆਂ ਹਨ ਕਿ ਇਸ ਗੱਲ ਦਾ ਖਦਸ਼ਾ ਹੈ ਕਿ ਸਿੱਖਾਂ ਵਿਚ ਲਗਾਤਾਰ ਵੱਧ ਰਿਹਾ ਰੋਸ ਕਿਧਰੇ ਭਾਂਬੜ ਨਾ ਬਣ ਜਾਵੇ ਅਤੇ ਇਸ ਕਰਕੇ ਇਹ ਗੱਲ ਬਹੁਤ ਅਹਿਮ ਹੈ ਇਨ੍ਹਾਂ ਮਸਲਿਆਂ ਨੂੰ ਸਹੀ ਤਰੀਕੇ ਨਾਲ ਹੱਲ ਕੀਤਾ ਜਾਏ ਤਾਂ ਜੋ ਭਾਰਤ ਤੋਂ ਬਾਹਰ ਰਹਿੰਦੇ ਲੋਕਾਂ ਨੂੰ ਪੰਜਾਬ ਵਿਚ ਕੋਈ ਗੜਬੜ ਕਰਨ ਦਾ ਬਹਾਨਾ ਨਾ ਮਿਲ ਸਕੇ।

ਜਿਹੜੇ ਵੇਲਿਆਂ ਵਿਚ ਇਸ ਕਾਲੀ ਸੂਚੀ ਵਿਚ ਨਾਂ ਦਰਜ ਕੀਤੇ ਗਏ ਸਨ, ਉਹ ਹੁਣ ਤੱਕ ਕਾਫੀ ਬਦਲ ਗਏ ਹੋ ਸਕਦੇ ਹਨ। ਇਸ ਲਈ ਇਹ ਜ਼ਰੂਰੀ ਹੈ ਕਿ ਸੂਚੀ ਵਿਚਲੇ ਹਰ ਸਿੱਖ ਨਾਂ ਤੋਂ ਖਤਰੇ ਦੀ ਮੁੜ ਤੋਂ ਨਜ਼ਰਸਾਨੀ ਕੀਤੀ ਜਾਵੇ।

ਇਹ ਗੱਲ ਵੀ ਬੁਨਿਆਦੀ ਤੌਰ 'ਤੇ ਬੇਇਨਾਂਈ ਹੈ ਕਿ ਜਿਨ੍ਹਾਂ ਲੋਕਾਂ ਦਾ ਨਾਂ ਕਾਲੀ ਸੂਚੀ ਵਿਚ ਦਰਜ ਹੈ, ਉਨ੍ਹਾਂ ਨੂੰ ਨਾ ਤੇ ਇਹ ਦੱਸਿਆ ਜਾਂਦਾ ਹੈ ਕਿ ਕਿਹੜੇ ਕਾਰਨਾਂ ਕਰਕੇ ਉਨ੍ਹਾਂ ਦਾ ਨਾਂ ਕਾਲੀ ਸੂਚੀ ਵਿਚ ਪਾਇਆ ਗਿਆ ਹੈ ਅਤੇ ਨਾ ਹੀ ਉਨ੍ਹਾਂ ਨੂੰ ਆਪਣੇ ਕੇਸ ਦੀ ਸਹੀ ਤਰੀਕੇ ਨਾਲ ਪੈਰਵੀ ਕਰਨ ਦਾ ਹੀ ਮੌਕਾ ਦਿੱਤਾ ਜਾਂਦਾ ਹੈ। ਇਹ ਸਭ ਕੁਝ ਬਦਲਿਆ ਜਾਣਾ ਚਾਹੀਦਾ ਹੈ। ਸ਼ੁਰੂਆਤ ਵਜੋਂ ਹੇਠਾਂ ਲਿਖੇ ਕਦਮ ਉਠਾਏ ਜਾਣ:

1. ਕਾਲੀ ਸੂਚੀ ਸੂਚਨਾ ਅਧਿਕਾਰ ਕਾਨੂੰਨ ਤਹਿਤ ਉਪਲਬਧ ਕਰਵਾਈ ਜਾਵੇ। ਜੇ ਪੂਰੀ ਦੀ ਪੂਰੀ ਨਹੀਂ ਤਾਂ ਘੱਟੋ ਘੱਟ ਇੰਨੀ ਤਾਂ ਜ਼ਰੂਰ ਹੀ ਕਿ ਸੂਚੀ ਵਿਚ ਸ਼ਾਮਲ ਵਿਅਕਤੀ ਆਪਣੇ ਨਾਂ ਬਾਰੇ ਸਪਸ਼ਟੀਕਰਨ ਦੇ/ਲੈ ਸਕਣ। ਇਸ ਤਰ੍ਹਾਂ ਕਰਨ ਨਾਲ ਉਨ੍ਹਾਂ ਵਿਅਕਤੀਆਂ ਨਾਲ ਹੋ ਰਿਹਾ ਸੁੱਧਾ ਅਨਿਆਂ ਦੂਰ ਹੋ ਜਾਵੇਗਾ, ਜਿਨ੍ਹਾਂ ਨੂੰ ਸਾਡੇ ਵਿਦੇਸ਼ੀ ਮਿਸ਼ਨਾਂ ਵਲੋਂ ਵੀਜ਼ੇ ਜਾਰੀ ਕੀਤੇ ਜਾਂਦੇ ਹਨ ਪਰ ਭਾਰਤ ਵਿਚ ਪਹੁੰਚਣ 'ਤੇ ਉਨ੍ਹਾਂ ਨੂੰ ਵਾਪਸ ਮੋੜ ਦਿੱਤਾ ਜਾਂਦਾ ਹੈ।

2. ਉਨ੍ਹਾਂ ਸਾਰੇ ਵਿਅਕਤੀਆਂ, ਜਿਨ੍ਹਾਂ ਨੂੰ ਵਿਦੇਸ਼ੀ ਮਿਸ਼ਨਾਂ ਵਲੋਂ ਵੀਜ਼ੇ ਜਾਰੀ ਕੀਤੇ ਜਾਂਦੇ ਹਨ ਪਰ ਭਾਰਤ ਪਹੁੰਚਣ 'ਤੇ ਦੇਸ਼ ਅੰਦਰ ਦਾਖਲ ਨਹੀਂ ਹੋਣ ਦਿੱਤਾ ਜਾਂਦਾ, ਨੂੰ ਮੁਆਵਜ਼ਾ ਦਿੱਤਾ ਜਾਵੇ। ਕਿਉਂਕਿ ਉਹ ਉਸ ਨਾਲਾਇਕੀ ਅਤੇ ਅਯੋਗਤਾ ਲਈ ਜ਼ਿੰਮੇਵਾਰ ਨਹੀਂ ਹਨ ਜਿਸ ਕਰਕੇ ਕੇਂਦਰੀ ਗ੍ਰਹਿ ਮੰਤਰਾਲੇ ਅਤੇ ਵਿਦੇਸ਼ ਮੰਤਰਾਲੇ ਵਿਚਾਲੇ ਕਾਰਗਰ ਸੰਚਾਰ ਨਹੀਂ ਹੋ ਪਾਉਂਦਾ।

3. ਜਿਹੜੇ ਲੋਕਾਂ ਦਾ ਨਾਂ ਕਾਲੀ ਸੂਚੀ ਵਿਚ ਦਰਜ ਹੈ ਉਨ੍ਹਾਂ ਨੂੰ ਇਸ ਦਾ ਮੁੱਖ ਕਾਰਨ ਜ਼ਰੂਰ ਦੱਸਿਆ ਜਾਵੇ। ਵੇਰਵੇ ਭਾਵੇਂ ਨਾ ਦੱਸੇ ਜਾਣ ਪਰ ਘੱਟੋ ਘੱਟ ਕੀਤੇ ਗਏ ਜੁਰਮ ਦੀ ਕਿਸਮ ਜਾਂ ਲਾਏ ਗਏ ਦੋਸ਼ ਦੀ ਜਾਣਕਾਰੀ ਲਾਜ਼ਮੀ ਮੁਹੱਈਆ ਕੀਤੀ ਜਾਏ। ਜਿਨ੍ਹਾਂ ਮਾਮਲਿਆਂ ਵਿਚ ਕੌਮੀ ਸੁਰੱਖਿਆ ਨੂੰ ਕੋਈ ਨੁਕਸਾਨ ਪਹੁੰਚਾਏ ਬਿਨਾ ਜੋ ਵੀ ਹੋਰ ਵੇਰਵੇ ਦਿੱਤੇ ਜਾ ਸਕਦੇ ਹਨ ਪ੍ਰਭਾਵਿਤ ਵਿਅਕਤੀਆਂ ਨੂੰ ਲਾਜ਼ਮੀ ਮੁਹੱਈਆ ਕੀਤੇ ਜਾਣੇ ਚਾਹੀਦੇ ਹਨ।

4. ਪ੍ਰਭਾਵਿਤ ਵਿਅਕਤੀਆਂ ਨੂੰ ਸਹੀ ਤਰੀਕੇ ਨਾਲ ਨਿਆਂ ਦੇਣ ਲਈ ਅਪੀਲ ਦੀ ਪ੍ਰਕਿਰਿਆ ਤਰਜੀਹੀ ਤੌਰ 'ਤੇ ਇਕ ਸੁਤੰਤਰ ਅਪੀਲ ਅਥਾਰਟੀ ਦੇ ਰੂਪ ਵਿਚ ਅਰੰਭ ਕੀਤੀ ਜਾਣੀ ਚਾਹੀਦੀ ਹੈ। ਅਪੀਲ ਦਾ ਅਧਿਕਾਰ ਇਕ ਬੁਨਿਆਦੀ ਮਨੁੱਖੀ ਅਧਿਕਾਰ ਹੈ ਅਤੇ ਭਾਰਤੀ ਮੂਲ ਦੇ ਕਿਸੇ ਵੀ ਵਿਅਕਤੀ ਨੂੰ ਇਸ ਤੋਂ ਵਿਰਵੇ ਨਹੀਂ ਰੱਖਿਆ ਜਾਣਾ ਚਾਹੀਦਾ। ਅੰਦਰੂਨੀ ਵਿਭਾਗੀ ਅਪੀਲਾਂ ਰਾਹੀਂ ਘੱਟ ਹੀ ਕਦੇ ਸਹੀ ਇਨਸਾਫ ਮਿਲ ਸਕਿਆ ਹੈ ਪਰ ਇਕ ਸੁਤੰਤਰ ਅਪੀਲ ਅਥਾਰਟੀ ਦੀ ਪ੍ਰਕਿਰਿਆ ਰਾਹੀਂ ਇਸ ਵੇਲੇ ਮੌਜੂਦ ਬੇਇਨਸਾਫੀਆਂ ਨੂੰ ਕਰੀਬ ਕਰੀਬ ਦੂਰ ਕੀਤਾ ਜਾ ਸਕਦਾ ਹੈ।

5. ਅਜਿਹੇ ਕਾਨੂੰਨ ਬਣਾਏ ਜਾਣ ਜਿਨ੍ਹਾਂ ਨਾਲ ਕਿ ਅਪੀਲ ਦਾ ਆਖਰੀ ਅਧਿਕਾਰ ਅਦਾਲਤਾਂ ਪਾਸ ਹੋਵੇ। ਮੌਜੂਦਾ ਹਾਲਾਤ ਵਿਚ ਗ੍ਰਹਿ ਮੰਤਰਾਲੇ ਦੀ ਕਾਰਕਰਦਗੀ ਅਤੇ ਖੁਫੀਆ ਏਜੰਸੀਆਂ ਦੇ ਅਧਿਕਾਰੀਆਂ ਬਾਰੇ ਅਜਿਹਾ ਨਹੀਂ ਕਿਹਾ ਜਾ ਸਕਦਾ ਕਿ ਉਹ ਬਿਨਾ ਕਿਸੇ ਸ਼ੱਕ-ਸੁਬਹੇ ਦੇ ਕਾਬਲ ਲੋਕ ਹਨ। ਉਹ ਵੀ ਸਭ ਹੋਰਨਾਂ ਇਨਸਾਨਾਂ ਵਾਂਗ ਗਲਤੀਆਂ ਕਰ ਸਕਦੇ ਹਨ। ਜਿਦਾਂ ਦੇ ਹਾਲਾਤ ਅੱਜ ਦੇ ਭਾਰਤ ਵਿਚ ਹਨ, ਉਸ ਨੂੰ ਵੇਖਦਿਆਂ, ਖਾਸ ਕਰਕੇ ਪੰਜਾਬ ਪੁਲਿਸ ਬਾਰੇ ਇਹ ਆਖਿਆ ਜਾ ਸਕਦਾ ਹੈ ਕਿ ਸਵਾਰਥੀ ਲੋਕ ਭਾਰਤ ਵਿਚ ਮੌਜੂਦ ਜ਼ਮੀਨ ਜਾਇਦਾਦ 'ਤੇ ਕਬਜ਼ੇ ਕਰਨ ਲਈ ਬਾਹਰ ਵੱਸਦੇ ਲੋਕਾਂ ਦੇ ਨਾਂ ਕਾਲੀ ਸੂਚੀ ਵਿਚ ਪੁਆ ਸਕਦੇ ਹਨ। ਇਸ ਕਰਕੇ ਅੰਤਿਮ ਅਦਾਲਤੀ ਅਪੀਲ ਦਾ ਅਧਿਕਾਰ ਕਾਲੀ ਸੂਚੀ ਵਿਚ ਸ਼ਾਮਲ ਹਰ ਇਕ ਵਿਅਕਤੀ ਨੂੰ ਲਾਜ਼ਮੀ ਤੌਰ 'ਤੇ ਮੁਹੱਈਆ ਕੀਤਾ ਜਾਣਾ ਚਾਹੀਦਾ ਹੈ।

6. ਕਾਲੀ ਸੂਚੀ ਵਿਚ ਬਹੁਤੇ ਸਾਰੇ ਅਜਿਹੇ ਪਰਵਾਸੀ ਭਾਰਤੀ ਸਿੱਖ ਵੀ ਸ਼ਾਮਲ ਹਨ ਜੋ ਕਿ ਪੰਜਾਬ ਵਿਚ ਪੁਲਿਸ ਦੀ ਅਗਵਾਈ ਹੇਠ ਚੱਲ ਰਹੇ ਭੂਮੀ ਮਾਫੀਏ ਦਾ ਸ਼ਿਕਾਰ ਹਨ। ਪੰਜਾਬ ਵਿਚ ਪਰਵਾਸੀ ਭਾਰਤੀਆਂ ਦੀ ਮਾਲਕੀ ਵਾਲੀ ਹਜ਼ਾਰਾਂ ਕਰੋੜ ਰੁਪਏ ਦੀ ਸ਼ਹਿਰੀ ਤੇ ਪੇਂਡੂ ਜਾਇਦਾਦ ਪੰਜਾਬ ਪੁਲਿਸ ਵਲੋਂ ਜਾਅਲੀ ਸਬੂਤਾਂ ਅਤੇ ਬਿਆਨਾਂ ਦੇ ਆਧਾਰ ਉਤੇ ਲੋਕਾਂ ਦੇ ਨਾਂ ਕਾਲੀ ਸੂਚੀ ਵਿਚ ਸ਼ਾਮਲ ਕਰਵਾ ਕੇ ਹੜੱਪੀ ਜਾ ਚੁੱਕੀ ਹੈ।

7. ਵਿਦੇਸ਼ਾਂ ਵਿਚ ਰਹਿੰਦੇ ਉਨ੍ਹਾਂ ਸਿੱਖਾਂ ਜਿਨ੍ਹਾਂ ਨੇ ਪਹਿਲਾਂ ਕਿਤੇ ਵੱਖਵਾਦੀ ਮੰਗਾਂ ਕੀਤੀਆਂ ਸਨ, ਨੂੰ ਇਹ ਮੌਕਾ ਦਿੱਤਾ ਜਾਣਾ ਚਾਹੀਦਾ ਹੈ ਕਿ ਉਹ ਆਪਣੇ ਪਹਿਲੇ ਵਿਚਾਰਾਂ ਤੋਂ ਤੌਬਾ ਕਰ ਸਕਣ ਅਤੇ ਭਾਰਤ ਦੇ ਸੰਵਿਧਾਨ ਪ੍ਰਤੀ ਆਸਥਾ ਸਬੰਧੀ ਹਲਫੀਆ ਬਿਆਨ ਦਾਇਰ ਕਰ ਸਕਣ। ਜੇ ਇਹ ਮੁਲਕ ਸ੍ਰੀ ਪ੍ਰਕਾਸ਼ ਸਿੰਘ ਬਾਦਲ ਵਰਗੇ ਲੋਕਾਂ, ਜਿਨ੍ਹਾਂ ਨੇ ਕਿ ਸੰਸਦ ਭਵਨ ਦੇ ਬਾਹਰ ਭਾਰਤੀ ਸੰਵਿਧਾਨ ਦਾ ਨਿਰਾਦਰ ਕੀਤਾ ਸੀ, ਨੂੰ ਆਪਣੇ ਕਾਰਿਆਂ ਲਈ ਬਿਨਾ ਕੋਈ ਮਾਫੀ ਮੰਗਿਆਂ ਉਚੇ ਅਹੁਦਿਆਂ ਉਤੇ ਬੈਠੇ ਸਹਿਣ ਕਰ ਸਕਦਾ ਹੈ ਤਾਂ ਉਨ੍ਹਾਂ ਲੋਕਾਂ ਨੂੰ ਭਾਰਤ ਤੋਂ ਬਾਹਰ ਰੱਖੇ ਜਾਣਾ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਜੋ ਆਪਣੇ ਪਹਿਲੇ ਵਿਚਾਰਾਂ ਨੂੰ ਤਜਣ ਲਈ ਤਿਆਰ ਹਨ।

8. ਕਾਲੀ ਸੂਚੀ ਵਿਚ ਕਈ ਪਰਵਾਸੀ ਭਾਰਤੀ ਸਿੱਖ ਪੱਤਰਕਾਰਾਂ ਦਾ ਨਾਂ ਉਨ੍ਹਾਂ ਵਲੋਂ ਕਈ ਸਾਲ ਪਹਿਲਾਂ ਪ੍ਰਗਟਾਏ ਗਏ ਵਿਚਾਰਾਂ ਕਰਕੇ ਦਰਜ ਕੀਤਾ ਗਿਆ। 1980ਵਿਆਂ ਅਤੇ 1990ਵਿਆਂ ਦੌਰਾਨ ਪੰਜਾਬ ਵਿਚੋਂ ਬਾਹਰ ਗਏ ਹਜ਼ਾਰਾਂ ਸਿੱਖਾਂ ਨੇ ਇਹ ਦਾਅਵਾ ਕੀਤਾ ਹੈ ਕਿ ਉਹ ਪੁਲਿਸ ਦੀਆਂ ਜ਼ਿਆਦਤੀਆਂ ਦਾ ਸ਼ਿਕਾਰ ਹੋਏ ਸਨ, ਜਦੋਂਕਿ ਹਕੀਕਤ ਇਹ ਹੈ ਕਿ ਉਹ ਆਰਥਿਕ ਕਾਰਨਾਂ ਕਰਕੇ ਪਰਵਾਸ ਕਰਕੇ ਗਏ। ਦੂਜੇ ਪਾਸੇ ਅਜਿਹੇ ਲੋਕਾਂ ਦੀ ਵੀ ਕਮੀ ਨਹੀਂ ਹੈ ਜਿਨ੍ਹਾਂ ਨੂੰ ਵਾਕਿਆ ਹੀ ਪੁਲਿਸ ਦੇ ਤਸ਼ੱਦਦ ਦਾ ਸ਼ਿਕਾਰ ਹੋਣਾ ਪਿਆ ਅਤੇ ਉਨ੍ਹਾਂ ਦੀਆਂ ਸ਼ਿਕਾਇਤਾਂ ਬਿਲਕੁਲ ਜਾਇਜ਼ ਹਨ। ਪਰਵਾਸੀ ਪੰਜਾਬੀ ਮੀਡੀਏ ਕੋਲ ਇਨ੍ਹਾਂ ਲੋਕਾਂ ਦੇ ਸ਼ਿਕਵੇ ਸ਼ਿਕਾਇਤਾਂ ਨੂੰ ਪੇਸ਼ ਕਰਨ ਤੋਂ ਇਲਾਵਾ ਕੋਈ ਚਾਰਾ ਹੀ ਨਹੀਂ ਸੀ। ਇਸ ਸਰਕਾਰ ਤੋਂ ਪਰਵਾਸੀ ਪੰਜਾਬੀ ਮੀਡੀਏ ਨੂੰ ਹੋਰ ਬੇਗਾਨਗੀ ਨਹੀਂ ਮਿਲਣੀ ਚਾਹੀਦੀ।

9. ਭਾਰਤ ਤੋਂ ਬਾਹਰ ਕੁਝ ਅਜਿਹੇ ਲੋਕ ਵੀ ਹਨ ਜੋ ਕਿ ਭਾਰਤ ਵਿਰੁਧ ਜਥੇਬੰਦਕ ਢੰਗ ਨਾਲ ਕਾਰਵਾਈਆਂ ਕਰ ਰਹੇ ਹਨ। ਅਜਿਹੇ ਲੋਕਾਂ ਨੂੰ ਭਾਰਤ ਤੋਂ ਬਾਹਰ ਹੀ ਰੱਖਿਆ ਜਾਣਾ ਚਾਹੀਦਾ ਹੈ।

10. ਜਿਹੜੇ ਲੋਕਾਂ ਨੂੰ ਕਿਸੇ ਵੀ ਕਾਰਨ ਕਰਕੇ ਖਾੜਕੂ ਕਾਰਵਾਈਆਂ ਕਰਨ ਲਈ ਮਜਬੂਰ ਹੋਣਾ ਪਿਆ ਜਾਂ ਵੱਖਵਾਦੀ ਬਿਆਨ ਦੇਣੇ ਪਏ ਪਰ ਜਿਹੜੇ ਅੱਜ ਆਪਣੇ ਪੁਰਾਣੇ ਵਿਚਾਰ ਅਤੇ ਵਿਹਾਰ ਛੱਡ ਚੁਕੇ ਹਨ, ਸਾਨੂੰ ਉਨ੍ਹਾਂ ਨੂੰ ਦੂਜਾ ਮੌਕਾ ਦੇਣ ਲਈ ਲਾਜ਼ਮੀ ਤੌਰ 'ਤੇ ਤਿਆਰ ਰਹਿਣਾ ਚਾਹੀਦਾ ਹੈ।

11. ਅਜਿਹੇ ਲੋਕ ਜਿਹੜੇ ਕਦੇ ਵੀ ਸਿੱਧੇ ਜਾਂ ਅਸਿੱਧੇ ਤੌਰ 'ਤੇ ਅਤਿਵਾਦ ਜਾਂ ਵੱਖਵਾਦ ਵਿਚ ਸ਼ਾਮਲ ਨਹੀਂ ਰਹੇ ਪਰ ਅੱਜ ਅਕਸਰ ਈਰਖਾਲੂ ਗਵਾਂਢੀਆਂ ਵਲੋਂ ਲਾਏ ਗਏ ਅਤੇ ਸਾਡੇ ਵਿਦੇਸ਼ੀ ਮਿਸ਼ਨਾਂ ਵਿਚਲੇ ਸੂਝਹੀਣ ਅਧਿਕਾਰੀਆਂ ਵਲੋਂ ਰਿਕਾਰਡ ਕੀਤੇ ਗਏ ਬੇਬੁਨਿਆਦ ਦੋਸ਼ਾਂ ਦਾ ਸਾਹਮਣਾ ਕਰ ਰਹੇ ਹਨ, ਉਨ੍ਹਾਂ ਨੂੰ ਬੇਇਨਸਾਫੀ ਤੋਂ ਬਚਾਇਆ ਜਾਣਾ ਚਾਹੀਦਾ ਹੈ।

12. ਅਸੀਂ ਭਾਰਤ ਵਿਚ ਕਿਸੇ ਵੀ ਥਾਂ ਅਮਨ ਅਤੇ ਸੁਰੱਖਿਆ ਵਿਰੁਧ ਖਤਰਾ ਬਰਦਾਸ਼ਤ ਨਹੀਂ ਕਰ ਸਕਦੇ। ਇਹੋ ਵਜ੍ਹਾ ਹੈ ਕਿ ਦੇਸ਼ ਦੇ ਅੰਦਰ ਅਤੇ ਬਾਹਰ ਸਿੱਖ ਖਾੜਕੂ ਕਾਰਵਾਈਆਂ ਵਿਚ ਵਾਧੇ ਦੀਆਂ ਖਬਰਾਂ ਅਤੇ ਪੰਜਾਬ ਵਿਚ ਅਸਲੇ ਅਤੇ ਧਮਾਕਾਖੇਜ ਸਮਗਰੀ ਬਰਾਮਦ ਹੋਣ ਦੀਆਂ ਖਬਰਾਂ ਨੂੰ ਮੁੱਖ ਰੱਖਦਿਆਂ ਅਸੀਂ ਦੇਸ਼ ਤੋਂ ਬਾਹਰ ਵੱਸਦੇ ਸਿੱਖਾਂ ਨੂੰ ਹੋਰ ਬੇਗਾਨਗੀ ਦੀ ਭਾਵਨਾ ਨਹੀਂ ਦੇ ਸਕਦੇ।

13. ਆਪਣਾ ਬਹੁਤਾ ਜੀਵਨ ਪੰਜਾਬ ਅਤੇ ਦੇਸ਼ ਤੋਂ ਬਾਹਰ ਬਿਤਾਉਣ ਕਰਕੇ ਮੈਨੂੰ ਸਿੱਖ ਪਰਵਾਸੀ ਭਾਰਤੀਆਂ ਦੀਆਂ ਭਾਵਨਾਵਾਂ ਦੀ ਕਾਲੀ ਸੂਚੀ ਤਿਆਰ ਕਰਨ ਅਤੇ ਇਸਦੀ ਪੁਣ-ਛਾਣ ਕਰਨ ਵਾਲੀ ਸਾਡੀ ਨੌਕਰਸ਼ਾਹੀ ਦੇ ਵਰਤਾਰੇ ਨਾਲੋਂ ਵੱਧ ਸਮਝ ਹੈ। ਸਿੱਖ ਪਰਵਾਸੀ ਭਾਰਤੀਆਂ ਵਿਚ 1990ਵਿਆਂ ਦੇ ਸਮਿਆਂ ਨਾਲੋਂ ਵੱਖਵਾਦੀ ਪ੍ਰਵਿਰਤੀਆਂ ਬਹੁਤ ਘਟ ਗਈਆਂ ਹਨ। ਇਸ ਮੌਕੇ ਸਿੱਖ ਪਰਵਾਸੀਆਂ ਦੀਆਂ ਜਾਇਜ਼ ਸ਼ਿਕਾਇਤਾਂ ਦੂਰ ਕਰਕੇ ਇਹ ਯਕੀਨੀ ਬਣਾਇਆ ਜਾ ਸਕਦਾ ਹੈ ਕਿ ਉਨ੍ਹਾਂ ਵਿਚ ਉਹੋ ਜਿਹੀਆਂ ਹੀ ਭਾਵਨਾਵਾਂ ਮੁੜ ਉਜਾਗਰ ਨਾ ਹੋਣ।

14. ਕਾਲੀ ਸੂਚੀ ਵਿਚ ਅਨੇਕਾਂ ਬੇਇਨਸਾਫੀਆਂ ਹਨ। ਸਾਨੂੰ ਇਸ ਦੇ ਮੁੜ ਜਾਇਜ਼ੇ ਦੀ ਪ੍ਰਕਿਰਿਆ ਫੌਰੀ ਤੌਰ 'ਤੇ ਅਰੰਭ ਕਰਨੀ ਚਾਹੀਦੀ ਹੈ ਅਤੇ ਨਾਲ ਹੀ ਇਸ ਨਾਲ ਸਬੰਧਤ ਕਾਨੂੰਨਾਂ, ਨੀਤੀਆਂ ਅਤੇ ਅਮਲਾਂ ਦਾ ਜਾਇਜ਼ਾ ਲੈਣਾ ਚਾਹੀਦਾ ਹੈ।

ਤੁਹਾਡਾ ਵਿਸ਼ਵਾਸਪਾਤਰ
ਜੱਸੀ ਖੰਗੂੜਾ, ਐਮ ਐਲ ਏ
ਹਲਕਾ ਕਿਲਾ ਰਾਏਪੁਰ, ਪੰਜਾਬ।

# ਪਾਕਿ ਵਲੋਂ ਲਾਹੌਰ ਧਮਾਕਿਆਂ ਲਈ ਭਾਰਤ 'ਤੇ ਦੋਸ਼

**ਲਾਹੌਰ:** ਪਾਕਿਸਤਾਨ ਦੇ ਲਾਹੌਰ ਸ਼ਹਿਰ ਦੇ ਭੀੜ-ਭੜੱਕੇ ਵਾਲੇ ਆਰ ਏ ਬਾਜ਼ਾਰ 'ਚ ਬੀਤੀ 12 ਮਾਰਚ ਨੂੰ ਹੋਏ ਦੋ ਆਤਮਘਾਤੀ ਧਮਾਕਿਆਂ 'ਚ ਕਰੀਬ 45 ਲੋਕ ਮਾਰੇ ਗਏ, ਜਦਕਿ 100 ਹੋਰ ਜ਼ਖ਼ਮੀ ਹੋ ਗਏ। ਪੁਲਿਸ ਨੇ ਦੱਸਿਆ ਕਿ ਧਮਾਕੇ ਆਰ ਏ ਬਾਜ਼ਾਰ 'ਚ ਇਕ ਬੱਸ ਸਟੈਂਡ ਨੇੜੇ ਜੁੰਮੇ ਦੀ ਨਮਾਜ਼ ਤੋਂ ਕੁਝ ਦੇਰ ਪਹਿਲਾਂ ਹੋਏ। ਪੁਲਿਸ ਅਧਿਕਾਰੀ ਮੁਹੰਮਦ ਸ਼ਫ਼ੀਕ ਨੇ ਦੱਸਿਆ ਕਿ ਘਟਨਾ ਸਮੇਂ ਵੱਡੀ ਗਿਣਤੀ 'ਚ ਲੋਕ ਮੌਜੂਦ ਸਨ। ਦੂਜੇ ਪਾਸੇ ਹਸਪਤਾਲ ਦੇ ਅਧਿਕਾਰੀਆਂ ਨੇ ਦੱਸਿਆ ਕਿ ਇਨ੍ਹਾਂ ਧਮਾਕਿਆਂ 'ਚ 100 ਲੋਕ ਜ਼ਖ਼ਮੀ ਵੀ ਹੋ ਗਏ ਹਨ। ਜ਼ਖ਼ਮੀਆਂ ਨੂੰ ਫ਼ੌਜ ਦੇ ਅਤੇ ਪ੍ਰਾਈਵੇਟ ਹਸਪਤਾਲਾਂ 'ਚ ਦਾਖ਼ਲ ਕਰਵਾਇਆ ਗਿਆ ਹੈ। ਧਮਾਕਿਆਂ ਤੋਂ ਬਾਅਦ ਗੋਲੀਬਾਰੀ ਹੋਣ ਦੀ ਵੀ ਖ਼ਬਰ ਹੈ। ਪੁਲਿਸ ਅਧਿਕਾਰੀ ਅਨੁਸਾਰ ਇਹ ਆਤਮਘਾਤੀ ਹਮਲੇ 15 ਤੋਂ 20 ਸੈਕਿੰਡ ਦੇ ਵਿਚਕਾਰ ਹੋਏ ਅਤੇ ਫੌਜ ਦੇ ਵਾਹਨਾਂ ਨੂੰ ਨਿਸ਼ਾਨਾ ਬਣਾਇਆ ਗਿਆ। ਉਨ੍ਹਾਂ ਦੱਸਿਆ ਕਿ ਦੋਨੋਂ ਹਮਲਾਵਰਾਂ ਦੇ ਸਿਰ ਮਿਲ ਚੁੱਕੇ ਹਨ ਇਕ ਟੀ ਵੀ ਚੈਨਲ ਅਨੁਸਾਰ ਇਨ੍ਹਾਂ ਧਮਾਕਿਆਂ 'ਚ 45 ਲੋਕਾਂ ਦੀ ਮੌਤ ਹੋ ਗਈ, ਜਦਕਿ 95 ਜ਼ਖ਼ਮੀ ਹੋ ਗਏ ਹਨ। ਜ਼ਿਕਰਯੋਗ ਹੈ ਕਿ 4 ਦਿਨ ਪਹਿਲਾਂ ਹੀ ਲਾਹੌਰ 'ਚ ਸਥਿਤ ਪੁਲਿਸ ਦੀ ਖ਼ੁਫ਼ੀਆ ਸ਼ਾਖਾ ਦੇ ਦਫ਼ਤਰ 'ਚ ਇਕ ਆਤਮਘਾਤੀ ਹਮਲਾਵਰ ਵਲੋਂ ਕਾਰ ਨਾਲ ਧਮਾਕਾ ਕੀਤਾ ਗਿਆ ਸੀ, ਜਿਸ ਵਿਚ 13 ਲੋਕ ਮਾਰੇ ਗਏ ਸਨ।

ਅੱਤਵਾਦੀਆਂ ਨੇ ਉੱਤਰ-ਪੱਛਮੀ ਪਾਕਿਸਤਾਨ ਦੇ ਮਾਨਸ਼ਹਿਰਾ ਜ਼ਿਲ੍ਹੇ 'ਚ ਅਮਰੀਕਾ ਦੀ ਇੱਕ ਗ਼ੈਰ-ਸਰਕਾਰੀ ਸੰਸਥਾ 'ਤੇ ਧਾਵਾ ਬੋਲ ਕੇ 6 ਵਿਅਕਤੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਅਤੇ 6 ਹੋਰਨਾਂ ਨੂੰ ਜ਼ਖ਼ਮੀ ਕਰ ਦਿੱਤਾ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਅੱਤਵਾਦੀਆਂ ਨੇ ਤੜਕੇ ਮਾਨਸ਼ਹਿਰਾ ਜ਼ਿਲ੍ਹੇ ਵਿਚ ਸਥਿਤ ਅਮਰੀਕਾ ਦੀ ਇਕ ਗੈਰ ਸਰਕਾਰੀ ਸੰਸਥਾ ਦੇ ਦਫਤਰ 'ਤੇ ਪਹਿਲਾਂ ਹੱਥਗੋਲੇ ਸੁੱਟੇ ਅਤੇ ਬਾਅਦ 'ਚ ਸਵੈ ਚਾਲਕ ਹਥਿਆਰਾਂ ਨਾਲ ਅੰਧਾ-ਧੁੰਦ ਫਾਇਰਿੰਗ ਕਰ ਦਿੱਤੀ, ਜਿਸ ਵਿਚ ਸੰਸਥਾ ਦੇ 6 ਮੁਲਾਜ਼ਮ ਮਾਰੇ ਗਏ। ਮਰਨ ਵਾਲਿਆਂ 'ਚ 2 ਔਰਤਾਂ ਵੀ ਸ਼ਾਮਲ ਹਨ।

ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਇਸ ਹਮਲੇ 'ਚ 8 ਤੋਂ 10 ਅੱਤਵਾਦੀ ਸ਼ਾਮਲ ਸਨ। ਉਨ੍ਹਾਂ ਦੱਸਿਆ ਕਿ ਜ਼ਖ਼ਮੀਆਂ 'ਚ 2 ਔਰਤਾਂ ਵੀ ਸ਼ਾਮਲ ਹਨ, ਜਿਨ੍ਹਾਂ ਨੂੰ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ ਹੈ। ਸੁਰਖਿਆ ਬਲਾਂ ਨੇ ਸਮੁੱਚੇ ਇਲਾਕੇ ਨੂੰ ਸੀਲ ਕਰਕੇ ਅੱਤਵਾਦੀਆਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਉੱਤਰ-ਪੱਛਮੀ ਸਰਹੱਦੀ ਸੂਬੇ ਦੇ ਮੁੱਖ ਮੰਤਰੀ ਅਮੀਰ ਹੈਦਰਖਾਨ ਹੋਤੀ ਨੇ ਇਸ ਹਮਲੇ ਦੀ ਨਿਖੇਧੀ ਕਰਦਿਆਂ ਪੀੜਤ ਪਰਵਾਰਾਂ ਨਾਲ ਹਮਦਰਦੀ ਪ੍ਰਗਟ ਕੀਤੀ ਹੈ। ਉਨ੍ਹਾਂ ਕਿਹਾ ਕਿ ਪ੍ਰਭਾਵਿਤ ਲੋਕਾਂ ਨੂੰ ਮੁਆਵਜ਼ਾ ਦਿੱਤਾ ਜਾਵੇਗਾ। ਹੋਤੀ ਨੇ ਕਿਹਾ ਕਿ ਅੱਤਵਾਦ ਦੇ ਖ਼ਾਤਮੇ ਤੱਕ ਇਸ ਬੁਰਾਈ ਵਿਰੁਧ ਲੜਾਈ ਜਾਰੀ ਰੱਖੀ ਜਾਵੇਗੀ।

ਇਸ ਦੌਰਾਨ ਭਾਰਤ ਨੇ ਲਾਹੌਰ ਵਿਚ ਹੋਏ ਬੰਬ ਧਮਾਕਿਆਂ 'ਚ ਆਪਣਾ ਹੱਥ ਹੋਣ ਤੋਂ ਇਨਕਾਰ ਕਰਦੇ ਹੋਏ ਪਾਕਿਸਤਾਨ ਵਲੋਂ ਲਾਏ ਦੋਸ਼ਾਂ 'ਤੇ ਡੂੰਘੀ ਨਿਰਾਸ਼ਾ ਪ੍ਰਗਟਾਈ ਹੈ। ਵਿਦੇਸ਼ ਮੰਤਰਾਲੇ ਵਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਕਿ ਗੁਆਂਢੀ ਮੁਲਕ ਵਲੋਂ ਵਾਰ-ਵਾਰ ਬੇਬੁਨਿਆਦ ਦੋਸ਼ ਲਗਾਉਣ ਨਾਲ ਦੁਵੱਲੇ ਸਬੰਧਾਂ ਵਿਚ ਤਣਾਅ ਪੈਦਾ ਹੋਵੇਗਾ। ਲਾਹੌਰ ਵਿਖੇ ਬੀਤੀ 12 ਮਾਰਚ ਨੂੰ ਹੋਏ ਧਮਾਕਿਆਂ ਦੀ ਸਖ਼ਤ ਨੁਕਤਾਚੀਨੀ ਕਰਦਿਆਂ ਭਾਰਤ ਨੇ ਅਜਿਹੀ ਕਿਸੇ ਵੀ ਹਰਕਤ ਜਾਂ ਗਤੀਵਿਧੀ ਵਿਚ ਸ਼ਾਮਲ ਹੋਣ ਦੇ ਦੋਸ਼ਾਂ ਨੂੰ ਖ਼ਾਰਜ ਕਰਦੇ ਹੋਏ ਕਿਹਾ ਕਿ ਪਾਕਿਸਤਾਨ ਨੂੰ ਭਾਰਤ ਵਿਰੁਧ ਗਤੀਵਿਧੀਆਂ ਚਲਾਉਣ ਵਾਲੇ ਅਤਿਵਾਦੀਆਂ ਦੇ ਖ਼ਾਤਮੇ ਵਲ ਧਿਆਨ ਦੇਣਾ ਚਾਹੀਦਾ ਹੈ ਜਿਸ ਦਾ ਅਸਰ ਖ਼ੁਦ ਉਸ ਉਪਰ ਪੈ ਰਿਹਾ ਹੈ। ਬਿਆਨ ਵਿਚ ਕਿਹਾ ਗਿਆ, "ਇਹ ਬਹੁਤ ਮੰਦਭਾਗਾ ਹੈ ਕਿ ਪਾਕਿਸਤਾਨ ਦੇ ਜ਼ੁੰਮੇਵਾਰ ਲੋਕ ਅਪਣੇ ਮੁਲਕ ਵਿਚ ਵਧ ਫੁਲ ਰਹੇ ਅਤਿਵਾਦੀ ਢਾਂਚੇ ਨੂੰ ਖ਼ਤਮ ਕਰਨ ਵਲ ਧਿਆਨ ਦੇਣ ਦੀ ਥਾਂ ਬੇਬੁਨਿਆਦ ਦੋਸ਼ ਲਗਾ ਕੇ ਦੁਵੱਲੇ ਰਿਸ਼ਤਿਆਂ ਵਿਚ ਕੁੜੱਤਣ ਪੈਦਾ ਕਰ ਰਹੇ ਹਨ।" ਇਸ ਦੌਰਾਨ ਧਮਾਕਿਆਂ 'ਚ ਮਰਨ ਵਾਲਿਆਂ ਦੀ ਗਿਣਤੀ ਵਧ ਕੇ 59 ਹੋ ਗਈ।

**ਅਗਲੀ ਵਿਦੇਸ਼ ਸਕੱਤਰ ਪੱਧਰੀ ਗੱਲਬਾਤ:** ਕੇਂਦਰ ਸਰਕਾਰ ਨੇ ਸੰਕੇਤ ਦਿੱਤਾ ਹੈ ਕਿ ਦੁਵੱਲੀ ਗੱਲਬਾਤ ਦੀ ਪ੍ਰਕਿਰਿਆ ਨੂੰ ਅੱਗੇ ਵਧਾਉਣ ਲਈ ਭਾਰਤ ਅਤੇ ਪਾਕਿਸਤਾਨ ਦਰਮਿਆਨ ਵਿਦੇਸ਼ ਸਕੱਤਰ ਪੱਧਰ ਦੀ ਅਗਲੀ ਗੱਲਬਾਤ ਇਸਲਾਮਾਬਾਦ 'ਚ ਹੋਵੇਗੀ।

ਭਾਰਤ-ਅਫ਼ਰੀਕਾ ਸਿਖ਼ਰ ਮੀਟਿੰਗ ਤੋਂ ਬਾਅਦ ਵਿਦੇਸ਼ ਮੰਤਰੀ ਐਸ ਐਮ ਕ੍ਰਿਸ਼ਨਾ ਨੇ ਕਿਹਾ ਕਿ ਪਾਕਿਸਤਾਨ ਦੇ ਵਿਦੇਸ਼ ਸਕੱਤਰ ਗੱਲਬਾਤ ਵਿਚ ਸ਼ਿਰਕਤ ਕਰਨ ਲਈ ਪਹਿਲਾਂ ਇੱਥੇ ਆਏ ਸਨ, ਇਸ ਲਈ ਹੁਣ ਦੁਵੱਲੀ ਗੱਲਬਾਤ ਲਈ ਭਾਰਤ ਦੇ ਵਿਦੇਸ਼ ਸਕੱਤਰ ਦੀ ਪਾਕਿਸਤਾਨ ਜਾਣ ਦੀ ਵਾਰੀ ਹੈ। ਉਨ੍ਹਾਂ ਕਿਹਾ ਕਿ ਦੋਵੇਂ ਦੇਸ਼ਾਂ ਦਰਮਿਆਨ ਅਹਿਮ ਮੁੱਦਿਆਂ ਦੇ ਹੱਲ ਲਈ ਪੜਾਅ ਦਰ ਪੜਾਅ ਅੱਗੇ ਵਧਣ ਦੀ ਲੋੜ ਹੈ।

# ਕਿਰਾਏਦਾਰਾਂ ਦੇ ਕਬਜ਼ੇ ਖਾਲੀ ਕਰਵਾਉਣ ਲਈ ਪੰਜਾਬ ਸਰਕਾਰ ਛੇਤੀ ਕਾਨੂੰਨ ਬਣਾਏਗੀ-ਸੇਖਵਾਂ

**ਬੇਕਰਜ਼ਫੀਲਡ (ਮਨਦੀਪ ਮਾਨ):** ਪੰਜਾਬ ਸਰਕਾਰ ਦਿੱਲੀ ਸਰਕਾਰ ਦੀ ਤਰਜ਼ 'ਤੇ ਜਲਦੀ ਹੀ ਇਕ ਅਜਿਹਾ ਕਾਨੂੰਨ ਬਣਾਏਗੀ ਜਿਸ ਰਾਹੀਂ ਘਰਾਂ ਅਤੇ ਬਿਜਨਸਾਂ ਉਤੇ ਕਿਰਾਏਦਾਰਾਂ ਦਾ ਕਬਜ਼ਾ ਛੁਡਾਇਆ ਜਾ ਸਕੇਗਾ। ਇਸ ਕਾਨੂੰਨ ਦਾ ਪਰਵਾਸੀ ਪੰਜਾਬੀਆਂ ਨੂੰ ਖਾਸ ਲਾਭ ਹੋਵੇਗਾ ਕਿਉਂਕਿ ਅਕਸਰ ਉਨ੍ਹਾਂ ਦੀ ਜ਼ਮੀਨ-ਜਾਇਦਾਦ ਉਤੇ ਕਿਰਾਏਦਾਰਾਂ ਅਤੇ ਠੇਕੇਦਾਰਾਂ ਵਲੋਂ ਕਬਜ਼ੇ ਕਰ ਲਏ ਜਾਂਦੇ ਹਨ। ਇਹ ਐਲਾਨ ਇਥੇ ਗੁਰਦੁਆਰਾ ਵਿਲਸਨ ਰੋਡ ਵਿਖੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਅਮਰੀਕਾ ਦੌਰੇ 'ਤੇ ਆਏ ਪੰਜਾਬ ਦੇ ਲੋਕ ਸੰਪਰਕ ਅਤੇ ਪਰਵਾਸੀ ਮਾਮਲਿਆਂ ਬਾਰੇ ਮੰਤਰੀ ਜਥੇਦਾਰ ਸੇਵਾ ਸਿੰਘ ਸੇਖਵਾਂ ਨੇ ਕੀਤਾ। ਉਨ੍ਹਾਂ ਕਿਹਾ ਕਿ ਨਾਜਾਇਜ਼ ਕਬਜ਼ਿਆਂ ਦੇ ਬਹੁਤੇ ਕੇਸ ਪਰਵਾਸੀਆਂ ਨਾਲ ਹੀ ਸਬੰਧਤ ਹੁੰਦੇ ਹਨ ਕਿਉਂਕਿ ਉਨ੍ਹਾਂ ਦੀ ਗੈਰ ਹਾਜ਼ਰੀ ਵਿਚ ਅਕਸਰ ਸਮਾਜ ਵਿਰੋਧੀ ਅਨਸਰ ਅਤੇ ਕੁਝ ਸਵਾਰਥੀ ਲੋਕ ਕਬਜ਼ਾ ਕਰ ਲੈਂਦੇ ਹਨ।

ਜਥੇਦਾਰ ਸੇਖਵਾਂ ਨੇ ਪੰਜਾਬੀਆਂ ਨੂੰ ਸੱਦਾ ਦਿਤਾ ਕਿ ਉਹ ਪੰਜਾਬ ਵਿਚ ਵੱਡੇ ਪੱਧਰ ਉਤੇ ਪੈਸੇ ਦਾ ਨਿਵੇਸ਼ ਕਰਨ ਕਿਉਂਕਿ ਇਸ ਸਮੇਂ ਸਰਮਾਇਆ ਲਾਉਣ ਦਾ ਬੜਾ ਢੁਕਵਾਂ ਸਮਾਂ ਹੈ। ਸਰਕਾਰ ਪੂਰੀ ਇਮਾਨਦਾਰੀ ਨਾਲ ਸਰਮਾਏਕਾਰੀ ਲਈ ਹਰ ਸੰਭਵ ਸਹਿਯੋਗ ਦੇਵੇਗੀ। ਉਨ੍ਹਾਂ ਹਲਕੇ ਰਉਂ ਵਿਚ ਆਖਿਆ ਕਿ ਜਿੰਨਾ ਪੰਜਾਬ ਸਰਕਾਰ ਦਾ ਕੁਲ ਬਜਟ ਹੁੰਦਾ ਹੈ ਉਨਾ ਕੁ ਪੈਸਾ ਤਾਂ ਇਥੋਂ ਦੇ ਕੁਝ ਹੀ ਧਨਾਢ ਪੰਜਾਬੀ ਸਹਿਜੇ ਹੀ ਪੰਜਾਬ ਵਿਚ ਨਿਵੇਸ਼ ਕਰ ਸਕਦੇ ਹਨ। ਉਨ੍ਹਾਂ ਆਖਿਆ ਕਿ ਬਾਦਲ ਸਰਕਾਰ ਪਰਵਾਸੀ ਭਾਰਤੀਆਂ ਦੀਆਂ ਸਮੱਸਿਆਵਾਂ ਹੱਲ ਕਰਨ ਪ੍ਰਤੀ ਗੰਭੀਰ ਹੈ ਅਤੇ ਇਸੇ ਮਨੋਰਥ ਨਾਲ ਪਰਵਾਸੀਆਂ ਲਈ ਵੱਖਰੇ ਥਾਣੇ ਅਤੇ ਫਾਸਟ ਟਰੈਕ ਅਦਾਲਤਾਂ ਬਣਾਈਆਂ ਗਈਆਂ ਹਨ ਜਿਨ੍ਹਾਂ ਵਿਚ ਪਰਵਾਸੀਆਂ ਦੀਆਂ ਸਮੱਸਿਆਵਾਂ ਦਾ ਬੜੀ ਤੇਜ਼ੀ ਨਾਲ ਹੱਲ ਕੀਤਾ ਜਾਂਦਾ ਹੈ। ਮੰਤਰੀ ਨੇ ਇਹ ਵੀ ਆਖਿਆ ਕਿ ਪਰਵਾਸੀ ਭਾਰਤੀਆਂ ਦੀਆਂ ਸਮੱਸਿਆਵਾਂ ਦਾ ਹੱਲ ਐਸ ਪੀ ਰੈਂਕ ਦਾ ਅਫਸਰ ਕਰਦਾ ਹੈ, ਉਸ ਤੋਂ ਘੱਟ ਰੈਂਕ ਦਾ ਨਹੀਂ।

ਵਿਦੇਸ਼ਾਂ ਵਿਚ ਪੜ੍ਹਾਈ ਲਈ ਜਾਂਦੇ ਵਿਦਿਆਰਥੀਆਂ ਨੂੰ ਆਉਂਦੀਆਂ ਮੁਸ਼ਕਲਾਂ ਦਾ ਜ਼ਿਕਰ ਕਰਦਿਆਂ ਜਥੇਦਾਰ ਸੇਖਵਾਂ ਨੇ ਆਖਿਆ ਕਿ ਉਨ੍ਹਾਂ ਦਾ ਮਹਿਕਮਾ ਬਹੁਤ ਜਲਦ ਹੀ ਵਿਦੇਸ਼ਾਂ ਦੀਆਂ ਸਾਰੀਆਂ ਮਾਨਤਾਪ੍ਰਾਪਤ ਯੂਨੀਵਰਸਿਟੀਆਂ ਦੀ ਇਕ ਸੂਚੀ ਆਪਣੀ ਵੈਬਸਾਈਟ ਉਪਰ ਪਾਏਗਾ ਤਾਂ ਜੋ ਪੜ੍ਹਾਈ ਲਈ ਵਿਦੇਸ਼ ਜਾਣ ਵਾਲੇ ਮੁੰਡੇ-ਕੁੜੀਆਂ ਨੂੰ ਪਤਾ ਲੱਗ ਸਕੇ ਕਿ ਜਿਸ ਸੰਸਥਾ ਵਿਚ ਉਹ ਪੜ੍ਹਾਈ ਲਈ ਜਾ ਰਹੇ ਹਨ ਉਹ ਮਾਨਤਾਪ੍ਰਾਪਤ ਵੀ ਹੈ ਜਾਂ ਨਹੀਂ। ਇਸ ਉਪਰਾਲੇ ਦਾ ਮਨੋਰਥ ਉਨ੍ਹਾਂ ਨੂੰ ਠੱਗ ਕਿਸਮ ਦੇ ਏਜੰਟਾਂ ਦੇ ਹੱਥ ਚੜ੍ਹਨ ਤੋਂ ਬਚਾਉਣਾ ਹੈ।







ਆਪਣੀ ਗੱਲ ਜਾਰੀ ਰੱਖਦਿਆਂ ਮੰਤਰੀ ਨੇ ਕਿਹਾ ਕਿ ਜਲਦੀ ਹੀ ਅੰਮ੍ਰਿਤਸਰ ਅਤੇ ਦਿੱਲੀ ਦੇ ਹਵਾਈ ਅੱਡੇ ਉਪਰ ਸੁਵਿਧਾ ਕੇਂਦਰ ਬਣਾਏ ਜਾਣਗੇ ਤਾਂ ਜੋ ਪਰਵਾਸੀ ਪੰਜਾਬੀਆਂ ਨੂੰ ਹਵਾਈ ਅੱਡੇ ਉਪਰ ਕਿਸੇ ਤਰ੍ਹਾਂ ਦੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ। ਜਥੇਦਾਰ ਸੇਖਵਾਂ ਨੇ ਪੰਜਾਬੀ ਮੀਡੀਏ ਵਲੋਂ ਪੰਜਾਬੀ ਭਾਈਚਾਰੇ ਦੀ ਕੀਤੀ ਜਾ ਰਹੀ ਵਿਸ਼ੇਸ਼ ਸ਼ਲਾਘਾ ਕੀਤੀ।

ਇਸ ਮੌਕੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵਲੋਂ ਜਥੇਦਾਰ ਸੇਖਵਾਂ ਦਾ ਸਿਰੋਪਾਓ ਅਤੇ ਸ੍ਰੀ ਸਾਹਿਬ ਦੇ ਕੇ ਆਦਰ-ਮਾਣ ਕੀਤਾ ਗਿਆ। ਬਾਅਦ ਵਿਚ ਜਥੇਦਾਰ ਸੇਖਵਾਂ ਦਾ ਗੁਰਦੁਆਰਾ ਅੰਗਦ ਦਰਬਾਰ ਵਿਚ ਵੀ ਅਜਿਹਾ ਹੀ ਮਾਣ ਸਨਮਾਨ ਕੀਤਾ ਗਿਆ। ਇਕ ਵੱਖਰੇ ਸਮਾਗਮ ਵਿਚ ਬੇਕਰਜ਼ਫੀਲਡ ਦੇ ਮੇਅਰ ਹਾਰਵੀ ਹਾਲ ਨੇ ਵੀ ਇਕ ਸਨਮਾਨ ਚਿੰਨ੍ਹ ਦੇ ਕੇ ਜਥੇਦਾਰ ਸੇਖਵਾਂ ਦਾ ਮਾਣ-ਸਤਿਕਾਰ ਕੀਤਾ।

ਇਥੇ ਜ਼ਿਕਰਯੋਗ ਹੈ ਕਿ ਜਥੇਦਾਰ ਸੇਖਵਾਂ ਆਪਣੇ ਇਸ ਕੈਲੀਫੋਰਨੀਆ ਦੌਰੇ ਦੌਰਾਨ ਬਹੁਤ ਸਾਰੇ ਅਜਿਹੇ ਲੋਕਾਂ ਨੂੰ ਮਿਲੇ ਜਿਨ੍ਹਾਂ ਨੂੰ ਮਿਲਣ ਤੋਂ ਅਕਸਰ ਪੰਜਾਬ ਤੋਂ ਆਏ ਮੰਤਰੀ ਤੇ ਅਫਸਰ ਕਤਰਾਉਂਦੇ ਹਨ। ਜਥੇਦਾਰ ਸੇਖਵਾਂ ਸਥਾਨਕ ਸੀਨੀਅਰ ਸਿਟੀਜ਼ਨ ਸੈਂਟਰ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਨੂੰ ਵੀ ਮਿਲੇ ਅਤੇ ਉਨ੍ਹਾਂ ਨੂੰ ਹਰ ਤਰ੍ਹਾਂ ਦੇ ਸਹਿਯੋਗ ਦਾ ਭਰੋਸਾ ਦਿੱਤਾ। ਉਨ੍ਹਾਂ ਇਸ ਸੰਸਥਾ ਵਲੋਂ ਬਜ਼ੁਰਗਾਂ ਦੇ ਭਲੇ ਅਤੇ ਸਮਾਜ ਸੇਵਾ ਲਈ ਕੀਤੇ ਜਾ ਰਹੇ ਕੰਮਾਂ ਦੀ ਵੀ ਭਰਵੀਂ ਪ੍ਰਸ਼ੰਸਾ ਕੀਤੀ। ਇਸ ਮੌਕੇ ਜਥੇਦਾਰ ਸੇਖਵਾਂ ਨੂੰ ਮਿਲਣ ਵਾਲਿਆਂ ਵਿਚ ਹੋਰਨਾਂ ਤੋਂ ਇਲਾਵਾ ਸੀਨੀਅਰ ਸਿਟੀਜ਼ਨ ਸੈਂਟਰ ਦੇ ਚੇਅਰਮੈਨ ਜਥੇਦਾਰ ਮਲਕੀਤ ਸਿੰਘ ਮਾਨ, ਨਵੇਂ ਚੁਣੇ ਗਏ ਪ੍ਰਧਾਨ ਜਗਜੀਤ ਸਿੰਘ ਕੂਨਰ, ਮਾਸਟਰ ਗੁਰਪ੍ਰਤਾਪ ਸਿੰਘ, ਦਲਬੀਰ ਸਿੰਘ ਲੌਂਗੀਆ, ਸਕੱਤਰ ਗਿਆਨੀ ਗੁਰਚਰਨ ਸਿੰਘ, ਸੁਖਦੇਵ ਸਿੰਘ ਸਾਹਨੇਵਾਲ, ਕਰਤਾਰ ਸਿੰਘ, ਗੁਰਚਰਨ ਸਿੰਘ ਦੀਨਾ, ਮੇਜਰ ਸਿੰਘ ਚੌਹਾਨ, ਜਸਵੰਤ ਸਿੰਘ ਗਿੱਲ, ਭਰਪੂਰ ਸਿੰਘ ਬਰਾੜ, ਮਨਜੀਤ ਸਿੰਘ ਸੈਕਟਰੀ, ਛਿੰਦਾ ਉਪਲ, ਰਾਜਿੰਦਰ ਸਿੰਘ ਗਿੱਲ (ਵਿਲਸਨ ਗੁਰੂਘਰ), ਤਲਵਿੰਦਰ ਸਿੰਘ ਢੁੱਡੀਕੇ, ਜਗਦੀਸ਼ ਸਿੰਘ ਢਿੱਲੋਂ ਸ਼ਾਮਲ ਸਨ। ਜਥੇਦਾਰ ਸੇਖਵਾਂ ਦੇ ਭਤੀਜੇ ਜੋਬਨਜੀਤ ਸਿੰਘ ਬੌਬੀ ਨੇ ਉਨ੍ਹਾਂ ਨੂੰ ਸਥਾਨਕ ਆਗੂਆਂ ਅਤੇ ਸੰਸਥਾਵਾਂ ਦੇ ਅਹੁਦੇਦਾਰਾਂ ਨਾਲ ਮਿਲਾਉਣ ਵਿਚ ਉਘੀ ਭੂਮਿਕਾ ਨਿਭਾਈ। ਜਥੇਦਾਰ ਸੇਖਵਾਂ ਆਪਣੇ ਇਸ ਦੌਰੇ ਦੌਰਾਨ ਕੈਲੀਫੋਰਨੀਆ ਦੇ ਬਹੁਤ ਸਾਰੇ ਅਕਾਲੀ ਆਗੂਆਂ ਅਤੇ ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਦੇ ਅਹੁਦੇਦਾਰਾਂ ਨੂੰ ਮਿਲੇ। ਜ਼ਿਕਰਯੋਗ ਹੈ ਕਿ ਜਥੇਦਾਰ ਸੇਖਵਾਂ ਬੇਕਰਜ਼ਫੀਲਡ ਆਪਣੇ ਭਤੀਜੇ ਅਤੇ ਬੌਬੀ ਦੇ ਭਰਾ ਸਰਪੰਚ ਮਨਿੰਦਰ ਸਿੰਘ ਦੇ ਭੋਗ ਵਿਚ ਸ਼ਾਮਲ ਹੋਣ ਲਈ ਆਏ ਸਨ।


ੴ ਵਾਹਿਗੁਰੂ ਜੀ ਕੀ ਫ਼ਤਹਿ

## ਗੁਰਦਵਾਰਾ ਫਰੀਮਾਂਟ ਸੁਪਰੀਮ ਕੌਂਸਲ ਚੋਣਾਂ

**ਭਾਈ ਗੁਰਮੀਤ ਸਿੰਘ ਖਾਲਸਾ ਦੀ ਪੰਥਕ ਸਲੇਟ ਵਲੋਂ ਗੁਰੂ ਰੂਪ ਸਾਧ ਸੰਗਤ ਦਾ ਕੋਟਾਨਿ ਕੋਟਿ ਧੰਨਵਾਦ**

ਗੁਰੂ ਪਿਆਰੀ ਸਾਧ ਸੰਗਤ ਜੀ,
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥
ਅਸੀਂ ਉਨ੍ਹਾਂ ਸਭ ਭੈਣਾਂ-ਭਰਾਵਾਂ ਦੇ ਤਨੋ-ਮਨੋ ਸ਼ੁਕਰਗੁਜ਼ਾਰ ਹਾਂ ਜਿਨ੍ਹਾਂ ਨੇ ਇਨ੍ਹਾਂ ਚੋਣਾਂ ਵਿਚ ਸਾਡੀ ਹਰ ਤਰ੍ਹਾਂ ਨਾਲ ਮਦਦ ਕੀਤੀ। ਬੇਸ਼ਕ ਨਤੀਜੇ ਸਾਡੀ ਇਛਾ ਅਨੁਸਾਰ ਨਹੀਂ ਨਿਕਲੇ। ਹੋ ਸਕਦਾ ਹੈ ਸੇਵਾ ਕਰਦਿਆਂ ਸਾਡੇ ਕੋਲੋਂ ਕੋਈ ਕਮੀ-ਬੇਸ਼ੀ ਰਹਿ ਗਈ ਹੋਵੇ। ਵਾਹਿਗੁਰੂ ਨੇ ਇਸੇ ਤਰ੍ਹਾਂ ਹੀ ਚਾਹਿਆ ਹੋਵੇਗਾ। ਅਸੀਂ ਸਮੁੱਚੀ ਸੰਗਤ ਦੇ ਬਹੁਤ ਬਹੁਤ ਧੰਨਵਾਦੀ ਹਾਂ।

*ਭਾਈ ਗੁਰਮੀਤ ਸਿੰਘ ਖਾਲਸਾ, ਭਾਈ ਤਾਰਾ ਸਿੰਘ ਗਿੱਲ, ਭਾਈ ਗੁਰਚਰਨ ਸਿੰਘ ਮਾਨ,*
*ਭਾਈ ਤਰਸੇਮ ਸਿੰਘ ਅਤੇ ਭਾਈ ਗੁਰਮੇਲ ਸਿੰਘ ਬਾਠ*


ਭਾਈ ਗੁਰਮੀਤ ਸਿੰਘ ਖਾਲਸਾ


ਭਾਈ ਗੁਰਮੇਲ ਸਿੰਘ ਬਾਠ


ਭਾਈ ਗੁਰਚਰਨ ਸਿੰਘ ਮਾਨ


ਭਾਈ ਤਰਸੇਮ ਸਿੰਘ


ਭਾਈ ਤਾਰਾ ਸਿੰਘ ਗਿੱਲ

**ਜਾਰੀ ਕਰਤਾ:ਪੰਥਕ ਸਲੇਟ**

# ਕਮਲ ਨਾਥ ਦੀ ਕੈਨੇਡਾ ਫੇਰੀ ਦਾ ਸਿੱਖ ਭਾਈਚਾਰੇ ਵਲੋਂ ਵਿਰੋਧ

**ਟੋਰਾਂਟੋ:** ਭਾਰਤ ਦੇ ਕੇਂਦਰੀ ਮੰਤਰੀ ਸ੍ਰੀ ਕਮਲ ਨਾਥ ਦੀ 23 ਮਾਰਚ ਦੀ ਪ੍ਰਸਤਾਵਿਤ ਫੇਰੀ ਦਾ ਸਿੱਖ ਭਾਈਚਾਰੇ ਵਲੋਂ ਇਸ ਬਿਨਾ ਉਤੇ ਜ਼ੋਰਦਾਰ ਵਿਰੋਧ ਕੀਤਾ ਜਾ ਰਿਹਾ ਹੈ ਕਿ ਸ੍ਰੀ ਕਮਲ ਨਾਥ ਉਪਰ ਨਵੰਬਰ 1984 ਦੀ ਸਿੱਖ ਨਸਲਕੁਸ਼ੀ ਦੌਰਾਨ ਸਿੱਖਾਂ 'ਤੇ ਹਮਲੇ ਕਰਵਾਉਣ ਵਿਚ ਕਥਿਤ ਤੌਰ 'ਤੇ ਅਹਿਮ ਭੂਮਿਕਾ ਰਹੀ ਹੈ। ਅਮਰੀਕਾ ਦੀ ਮਨੁੱਖੀ ਅਧਿਕਾਰ ਸੰਸਥਾ ਅਤੇ ਨਵੰਬਰ 1984 ਦੀ ਸਿੱਖ ਨਸਲਕੁਸ਼ੀ ਦੇ ਪੀੜਤਾਂ ਨੂੰ ਇਨਸਾਫ ਦਿਵਾਉਣ ਲਈ ਲੰਮੇ ਸਮੇਂ ਤੋਂ ਜਦੋਜਹਿਦ ਕਰ ਰਹੀ ਜਥੇਬੰਦੀ ਸਿੱਖਸ ਫਾਰ ਜਸਟਿਸ, ਓਂਟਾਰੀਓ ਗੁਰਦੁਆਰਾ ਕਮੇਟੀ, ਓਂਟਾਰੀਓ ਸਿੱਖ ਐਂਡ ਗੁਰਦੁਆਰਾ ਕੌਂਸਲ, ਯੂਨਾਇਟਿਡ ਫਰੰਟ ਆਫ ਸਿੱਖਸ ਅਤੇ ਵਰਲਡ ਸਿੱਖ ਆਰਗਨਾਈਜੇਸ਼ਨ ਆਫ ਕੈਨੇਡਾ ਨੇ ਇਕ ਸਾਂਝੇ ਪ੍ਰੈਸ ਬਿਆਨ ਵਿਚ ਕਿਹਾ ਹੈ ਕਿ ਕਮਲ ਨਾਥ ਦੀ ਕੈਨੇਡਾ ਫੇਰੀ ਦੀ ਜ਼ਬਰਦਸਤ ਮੁਖਾਲਫਤ ਕੀਤੀ ਜਾਏਗੀ।

ਓਂਟਾਰੀਓ ਗੁਰਦੁਆਰਾ ਕਮੇਟੀ ਦੇ ਬੁਲਾਰੇ ਅਮਰਜੀਤ ਸਿੰਘ ਮਾਨ ਨੇ ਭਾਰਤ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਜਮਹੂਰੀ ਹੋਣ ਦੇ ਨਾਤੇ ਇਹੋ ਜਿਹੇ ਬੰਦੇ ਨੂੰ ਭਾਰਤ ਦੀ ਪ੍ਰਤੀਨਿਧਤਾ ਕਰਨ ਲਈ ਵਿਦੇਸ਼ ਨਾ ਭੇਜਿਆ ਜਾਵੇ ਤੇ ਨਾ ਹੀ ਇਹੋ ਜਿਹੇ ਬੰਦੇ ਨੂੰ ਭਾਰਤ ਵਿਚ ਕਿਸੇ ਅਹੁਦੇ 'ਤੇ ਬਿਠਾਇਆ ਜਾਵੇ।

ਸਿੱਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਆਟਰਨੀ ਗੁਰਪਤਵੰਤ ਸਿੰਘ ਪੰਨੂੰ ਨੇ ਕਿਹਾ ਕਿ ਇਸ ਬਾਰੇ ਸਿੱਖਾਂ ਦਾ ਇਕ ਵਫਦ ਕੈਨੇਡਾ ਦੇ ਪ੍ਰਧਾਨ ਮੰਤਰੀ ਸਟੀਫਨ ਹਾਰਪਰ, ਇਮੀਗਰੇਸ਼ਨ ਮੰਤਰੀ ਕੈਨੀ ਅਤੇ ਓਂਟਾਰੀਓ ਸਰਕਾਰ ਦੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਮਿਲ ਕੇ ਸਿੱਖਾਂ ਦੇ ਕਥਿਤ ਕਾਤਲ ਕਮਲ ਨਾਥ ਬਾਰੇ ਜਾਗਰੂਕ ਕਰੇਗਾ। ਆਟਰਨੀ ਪੰਨੂੰ ਨੇ ਦੋਸ਼ ਲਾਇਆ ਕਿ ਕਮਲ ਨਾਥ ਨੇ 84 ਦੀ ਸਿੱਖ ਨਸਲਕੁਸ਼ੀ ਵਿਚ ਅਹਿਮ ਭੂਮਿਕਾ ਨਿਭਾਈ ਸੀ ਤੇ ਪਹਿਲੀ ਨਵੰਬਰ 1984 ਨੂੰ ਗੁਰਦੁਆਰਾ ਰਕਾਬ ਗੰਜ ਵਿਖੇ ਪੁਲਿਸ ਨਾਲ ਮਿਲ ਕੇ ਗੁਰਦੁਆਰਾ ਸਾਹਿਬ 'ਤੇ ਹਮਲਾ ਕਰਵਾਇਆ ਸੀ। ਉਨ੍ਹਾਂ ਦੱਸਿਆ ਕਿ ਨਾਨਾਵਤੀ ਕਮਿਸ਼ਨ ਨੂੰ ਵੀ ਕਮਲ ਨਾਥ ਤਸੱਲੀਬਖਸ਼ ਜਵਾਬ ਨਹੀਂ ਦੇ ਸਕਿਆ ਸੀ ਤੇ ਮੁਖਤਿਆਰ ਸਿੰਘ, ਸਤਨਾਮ ਸਿੰਘ ਤੇ ਅਜੀਤ ਸਿੰਘ ਵਰਗੇ ਕਈ ਗਵਾਹ ਕਮਲ ਨਾਥ ਖਿਲਾਫ ਨਾਨਵਤੀ ਕਮਿਸ਼ਨ ਅੱਗੇ ਪੇਸ਼ ਹੋਏ ਸਨ। ਉਨ੍ਹਾਂ ਕਿਹਾ ਕਿ ਇੰਡੀਅਨ ਐਕਸਪ੍ਰੈਸ ਅਖਬਾਰ ਦੇ ਪੱਤਰਕਾਰ ਸੰਜੇ ਸੂਰੀ ਨੇ ਕਮਲ ਨਾਥ ਦੇ ਖਿਲਾਫ ਲਿਖਿਆ ਸੀ ਜਿਸ ਦੀ ਕਾਫੀ ਚਰਚਾ ਹੋਈ ਸੀ। ਅਟਾਰਨੀ ਪੰਨੂੰ ਨੇ ਕਿਹਾ ਕਿ ਅਜਿਹੇ ਕਿਰਦਾਰ ਵਾਲੇ ਵਿਅਕਤੀ ਨੂੰ ਮਨੁੱਖੀ ਅਧਿਕਾਰਾਂ ਦੀ ਪਾਲਣਾ ਕਰਨ ਵਾਲੇ ਕੈਨੇਡਾ ਵਰਗੇ ਦੇਸ਼ ਵਿਚ ਵੜਨ ਨਹੀਂ ਦਿੱਤਾ ਜਾਣਾ ਚਾਹੀਦਾ।

ਓਂਟਾਰੀਓ ਸਿੱਖ ਐਂਡ ਗੁਰਦੁਆਰਾ ਕੌਂਸਲ ਦੇ ਬੁਲਾਰੇ ਹਰਬੰਸ ਸਿੰਘ ਜੜਿਆਲੀ ਨੇ ਦੱਸਿਆ ਕਿ ਕੈਨੇਡਾ ਵਿਚ ਸਮੂਹ ਗੁਰਦੁਆਰਾ ਸਭਾਵਾਂ ਦੀਆਂ ਕਮੇਟੀਆਂ ਵਲੋਂ ਕਮਲ ਨਾਥ ਦੇ ਕੈਨੇਡਾ ਦੌਰੇ ਦਾ ਵਿਰੋਧ ਕੀਤਾ ਜਾ ਰਿਹਾ ਹੈ।


START THE NEW YEAR WITH A NEW CAREER

Graduate in less than 1 month and start earning 2K-3K/month!

Why pay thousands of $$$ for classes with NO Jobs available?



- Certified Nursing Assistant (CNA)
- Home Health Aide (HHA)
- Restorative Nursing Assistant (RNA)
- Blood Borne Pathogen
- CEU's

CPR AED BLS/First Aid Training

ONLY $99 to start

NOW ENROLLING
CALL US NOW to make an appointment!

IN-DEMAND WE OFFER:

- Full-Time & Part-Time program
- Tutoring Available
- No High School Diploma or GED required
- Job Placement Assistance
- Bilingual Classes
- Morning, Evening & Weekend Classes

ST. JUDE NURSING SCHOOL
8741 Van Nuys Bl. Suite 201 Panorama City, CA 91402
www.stjudenursingschool.com
818-892-6141 • 818-334-8943 • 818-647-1649



APNACOM™
CONNECT GLOBALLY

CALL INDIA



Talk 111 hrs.
for only $100 USD
(LANDLINE & CELL) BEST DEAL

100 ਡਾਲਰ 'ਚ 111 ਘੰਟੇ
6660 ਮਿਨਟ (LANDLINE & CELL)

Talk 1 minute Pay 1 minute

*RESTRICTIONS APPLY

5 ਘੰਟੇ ਮੁਫ਼ਤ
ਨਵੇਂ ਸਾਲ ਦਾ ਧਮਾਕਾ
ਆਪਣੇ ਦੋਸਤਾਂ, ਸਨੇਹੀਆਂ ਤੇ ਰਿਸ਼ਤੇਦਾਰਾਂ ਨੂੰ ਰੈਫਰ ਕਰੋ ਅਤੇ ਆਪ ਪਾਓ 5 ਘੰਟੇ ਦਾ ਸਮਾਂ ਮੁਫ਼ਤ।

- ਇਸ ਕਾਰਡ ਦੀ ਕੋਈ ਐਕਸਪਾਇਰੀ ਡੇਟ ਨਹੀਂ।
- ਕੋਈ ਵਾਧੂ Hidden Charges ਅਤੇ Tax ਨਹੀਂ।

Pinless dialing

No Expiration!
No Hidden Charges!
No Connection Fees!
No Monthly fee!

ਹੁਣ ਅਮਰੀਕਾ, ਕੈਨੇਡਾ ਗੱਲਾਂ ਕਰੋ ਸਿਰਫ਼
1/2 ਸੈਂਟ ਪਰ ਮਿਨਟ
ਦੇ ਹਿਸਾਬ ਨਾਲ

Special promotional Rate to Call USA, Canada at 1/2 Cent/per minute

We Accept all major Credit Card

Looking for Distributers, Dealers & Agents

Call now :718 926 6177, 646 443 7979,Fax:718 441 4114
112-22 Suite # 3F 3rd Floor, 101 Ave. S.Richmond Hill, NewYork-11419
ਗੁਰੂਘਰ ਦੇ ਬਿਲਕੁਲ ਨਾਲ
Email: apnacomdial@gmail.com
Open 7 Days



G.M. Lawrence Insurance Brokerage ਅਤੇ Valley Truck Services

ਟਰੱਕ ਇੰਸ਼ੋਰੈਂਸ ਸੇਵਾਵਾਂ

- 28 Years of Experience in Truck Insurance Industry
- Appointed by 24 Top Rated US Insurance Companies
- All type of Trucking Coverage for Trucks, Container and Cargo
- Flexible Down Payment and Monthly Payment Options
- Quick Certificates & Excellent Services Guaranted!

ਸਾਡੀਆਂ ਟਰੱਕਿੰਗ ਸੇਵਾਵਾਂ

- California DMV Services
  - » New License Plates & Renewals
- Interstate & Intrastate Permits
  - » DOT #, MC #, CA #
  - » IFTA, UCR, MCP
  - » NM, KY, NY, OR Permits
  - » Highway Use Tax(2290)
- Truck Financing
- Corporation Setup
- Document Typing



ਸਾਨੂੰ ਅੱਜ ਹੀ ਕਾਲ ਕਰੋ

ਟਰੱਕ ਇੰਸ਼ੋਰੈਂਸ ਵਾਸਤੇ
Daljit Singh Khehra,
License No: 0522491
Tel: 209-474-2771
Fax: 209-474-0215
Daljit@gmlawernceins.com

ਟਰਕਿੰਗ ਸੇਵਾਵਾਂ ਵਾਸਤੇ
Rajwinder Khehra and Daljit Kaur
Tel: 209-390-8800
Fax: 209-594-1380
Raj@valleytruckservices.com
www.valleytruckservices.com




ਟਰੱਕਿੰਗ ਬਿਜ਼ਨੈਸ ਨਾਲ ਸਬੰਧਿਤ ਹਰ ਤਰਾਂ ਦੀਆਂ ਸੇਵਾਵਾ ਇਕੋ ਜਗਾ ਤੇ
2403 Gilberte Street, Tracy, CA 95304


ਟਰੱਕਿੰਗ ਬਿਜ਼ਨੈਸ ਨਾਲ ਸਬੰਧਿਤ ਹਰ ਤਰਾਂ ਦੀਆਂ ਸੇਵਾਵਾ ਇਕੋ ਜਗਾ ਤੇ



# ਇੰਡੋ ਅਮੈਰਿਕਨ ਹੈਰੀਟੇਜ ਫੋਰਮ ਵਲੋਂ ਗਦਰੀ ਬਾਬਿਆਂ ਦੀ ਯਾਦ ਵਿਚ



# 10ਵਾਂ ਸਾਲਾਨਾ ਸਭਿਆਚਾਰਕ ਸਮਾਗਮ

**On March 28th, 2010**

**Regency Palace, 1600 Willow Ave, Clovis, CA 93612. (Praise Event Center)**



ਭਾਈ ਬਾਲ ਮੁਕੰਦ



ਸ਼ੇਰ ਅਲੀ ਪਠਾਣ



ਭਾਬਾ ਭਗਤ ਸਿੰਘ ਬਿਲਗਾ



ਬਾਬਾ ਭਾਗ ਸਿੰਘ ਕਨੇਡੀਅਨ



ਕਰਤਾਰ ਸਿੰਘ ਦੁੱਕੀ



ਨਾਮਧਾਰੀ ਹੀਰਾ ਸਿੰਘ

**ਮੁਖ ਮਹਿਮਾਨ**

**ਸ. ਦਰਬਾਰਾ ਸਿੰਘ ਢਿੱਲੋਂ, ਪ੍ਰਧਾਨ ਦੇਸ਼ ਭਗਤ ਯਾਦਗਾਰ ਹਾਲ ਕਮੇਟੀ, ਜਲੰਧਰ।**

## ਪ੍ਰੋਗਰਾਮ

*ਮਸ਼ਹੂਰ ਲੋਕ ਗਾਇਕ ਗੋਗੀ ਸੰਧੂ (ਸੈਕਰਾਮੈਂਟੋ), ਰਾਜ ਬਰਾੜ, ਸੁਖਦੇਵ ਸਾਹਿਲ, ਸੁਲਤਾਨ ਅਖਤਰ, ਸੰਨੀ ਬੱਬਰ, ਧਰਮਵੀਰ ਥਾਂਦੀ ਅਤੇ ਮਿੱਕੀ ਸਰਾਂ ਗੀਤ ਪੇਸ਼ ਕਰਨਗੇ। *ਕੂਲ ਪੰਜਾਬੀ ਵਿਰਸਾ ਦੇ ਪਰਮਜੀਤ ਅਤੇ ਰੇਨੂੰ ਸਿੰਘ ਆਪਣਾ ਪ੍ਰੋਗਰਾਮ ਪੇਸ਼ ਕਰਨਗੇ। *ਭੰਗੜਾ, ਗਿੱਧਾ ਅਤੇ ਹੋਰ ਦਿਲਚਸਪ ਆਈਟਮਾਂ। *ਸ਼ਹੀਦਾਂ ਦੇ ਜੀਵਨ ਸਬੰਧੀ ਫੋਟੋ ਪਰਦਰਸ਼ਨੀ। *ਸ਼ਾਮਲ ਹੋਣ ਵਾਲੇ ਸਮੂਹ ਲੋਕਾਂ ਲਈ ਖਾਣੇ ਦਾ ਪ੍ਰਬੰਧ।

***Directions***

**From Sacramento/San Jose: Take 99 South to Fresno, Exit on Shaw and take right. Go about 7 miles and turn left on Willow. Hall is on left side (behind Home Depot). From Bakersfield/LA: Take 99 North. Take 41 North, Exit on Shaw Ave. Take right on Shaw**

***ਆਓ ਸਭ ਪਰਿਵਾਰਾਂ ਸਮੇਤ ਇਕੱਤਰ ਹੋ ਕੇ ਸ਼ਹੀਦਾਂ ਨੂੰ ਸਰਧਾਂਜਲੀ ਭੇਟ ਕਰੀਏ ਅਤੇ ਬੱਚਿਆਂ ਨੂੰ ਉਸ ਸ਼ਾਨਾਂਮੱਤੇ ਇਤਿਹਾਸ ਤੋਂ ਜਾਣੂ ਕਰਵਾਈਏ।***

**(ਪ੍ਰਧਾਨ)**
**ਗੁਰਦੀਪ ਸਿੰਘ ਗਿੱਲ (ਘੋਲੀਆਂ)**
(559-360-4248)

**(ਖਜ਼ਾਨਚੀ)**
**ਜਸਵੰਤ ਸਿੰਘ ਮਾਨ**
(559-486-4138)

**(ਸੈਕਟਰੀ)**
**ਸੁਰਿੰਦਰ ਸਿੰਘ ਮੰਢਾਲੀ**
(559-473-9269)

## ਹੋਰ ਜਾਣਕਾਰੀ ਲਈ

**ਬਲਦੇਵ ਧਾਲੀਵਾਲ** 559-240-3868

**ਗੁਰਪ੍ਰੀਤ ਖਾਨਖਾਨਾ** 559-846-6389

**ਮਹਿੰਦਰ ਢਾਅ** 559-430-7902

**ਗੁਰਮੀਤ ਗਾਜੀਆਣ** 559 801-8200

**ਗੁਰਦੀਪ ਸਿੰਘ ਅਣਖੀ**
**ਨਵਦੀਪ ਧਾਲੀਵਾਲ**
559-287-0822

**ਇਸਤਰੀ ਵਿੰਗ:** ਸ਼ਰਨਜੀਤ ਧਾਲੀਵਾਲ, ਕੁਲਵੀਰ ਕੌਰ ਸੇਖੋਂ, ਹਰਿੰਦਰ ਕੌਰ ਮੰਢਾਲੀ, ਸਿਮਰਨ ਕੌਰ ਹੇਅਰ, ਰੂਬੀ ਸੰਘਾ, ਅਮਨਦੀਪ ਕੌਰ।

**ਮੇਲਾ ਕਮੇਟੀ:** ਹਰਵਿੰਦਰ ਕੌਰ ਜੌਹਲ, ਸਬੀਨਾ ਜੌਹਲ, ਪੁਸ਼ਪਿੰਦਰ ਨਾਗੀ, ਬਲਵਿੰਦਰ ਧਾਲੀਵਾਲ, ਬਲਵੀਰ ਧਾਲੀਵਾਲ, ਬਲਜਿੰਦਰ ਰਾਏ, ਰਾਜ ਅਲੀ, ਮਨਜੀਤ ਕੌਰ, ਬਲਜੀਤ ਸਿੰਘ ਗਿੱਲ, ਉਦੇਦੀਪ ਸਿੱਧੂ, ਸਰਦੂਲ ਸਿੰਘ, ਸੌਕਤ ਅਲੀ, ਮੇਜਰ ਢਾਹ, ਹਰਜਿੰਦਰ ਢੇਸੀ, ਦਲਜੀਤ ਰਿਆੜ,ਪਰਮਜੀਤ ਢਿਲੋਂ, ਤਰਲੋਕ ਸਿੰਘ ਸੰਘੂ, ਸੁਰਿੰਦਰ ਸਿੰਘ ਧਿੰਦ, ਪ੍ਰੀਤਮ ਗਿੱਲ, ਗੁਰਦੀਪ ਸਿੰਘ, ਜਰਨੈਲ ਸਿਧੂ, ਬਲਜਿੰਦਰ ਸਿੰਘ, ਨਵਦੀਪ ਧਾਲੀਵਾਲ, ਦਵਿੰਦਰ ਢਿਲੋਂ, ਦਵਿੰਦਰ ਗਰੇਵਾਲ, ਮਿੱਕੀ ਸਰਾਂ, ਕੁਲਵੀਰ ਸਿੰਘ ਹੇਅਰ, ਡਾ. ਸੁਦਰਸ਼ਨ ਕਪੂਰ, ਕੇਵਲ ਗਰਗ, ਕਿੰਗ ਧਾਲੀਵਾਲ, ਬਲਵੰਤ ਸਿੰਘ ਸੈਲਮਾ, ਪੰਮਾ ਸੈਦੋਕੇ, ਹਰਨੇਕ ਸਿੰਘ ਸੰਘੇੜਾ, ਪਾਲ ਮਾਹਲ, ਸੁੱਖੀ ਧਾਲੀਵਾਲ, ਮੋਹਿੰਦਰ ਸਿੰਘ ਗਰੇਵਾਲ, ਬਾਬਾ ਕਰਤਾਰ ਸਿੰਘ, ਬਲਰਾਜ ਢਿਲੋਂ, ਪਰਮਜੀਤ ਢਿਲੋਂ, ਜੋਗਾ ਸਿੰਘ ਮੰਢਾਲੀ, ਤਲਵਿੰਦਰ ਸਿੰਘ ਜੌਹਲ, ਰਾਜ ਬਰਾੜ, ਸੁੱਚਾ ਸਿੰਘ ਦਿਅਲ, ਜੁਗਰਾਜ ਸਿੰਘ, ਕਰਨਲ ਹਰਦੇਵ ਸਿੰਘ ਗਿੱਲ, ਬੂਟਾ ਸਿੰਘ ਸਹੋਤਾ, ਮੇਜਰ ਸੇਖੋਂ, ਪਰਮਜੀਤ ਧਾਲੀਵਾਲ, ਪਰਮਜੀਤ ਬਾਸੀ (ਚੌਚਿਲਾ), ਰਾਮਾ ਕਾਂਤ ਡਾਵਰ, ਜਗਰੂਪ ਸਿੰਘ ਧਾਲੀਵਾਲ, ਰਣਧੀਰ ਲਤਾਲਾ, ਸੁਖਦੇਵ ਸਿੰਘ (ਸ਼ਾਨੇ ਪੰਜਾਬ), ਗੁਰਦੀਪ ਸਿੰਘ (ਪਾਲਾਕਾ ਬਾਜਾਰ), ਮਨਮੋਹਣ ਸਿੰਘ ਸੰਧੂ (ਅਸ਼ੋਕਾ ਰੈਸਟੋਰੈਂਟ)।

**ਸਪਾਂਸਰ:** ਦਵਿੰਦਰ ਸਿੰਘ ਢਿਲੋਂ, ਪਾਲ ਸਹੋਤਾ, ਗਿੱਲ ਇੰਸ਼ੋਰੈਂਸ, ਪਾਲ ਕੈਲੇ, ਨਿੱਜਰ ਬ੍ਰਦਰਜ਼ (ਮਡੇਰਾ), ਦੀਵਾਨ ਸਿੰਘ ਸੇਖੋਂ, ਜਸਵਿੰਦਰ ਸਿੰਘ ਰਾਏ, ਮੇਜਰ ਪੁਆਰੀ, ਮੇਜਰ ਐਕਸਪ੍ਰੈਸ (ਟਰੱਕ ਡਰਾਵਿੰਗ ਸਕੂਲ), ਯੁਨਾਈਟਡ ਟਰੱਕ ਡਰਾਵਿੰਗ ਸਕੂਲ, ਫਾਈਵ ਰਿਵਰ ਟਰੱਕ ਡਰਾਵਿੰਗ ਸਕੂਲ, ਗੁਰਚਰਨ ਸਿੰਘ ਰੱਕਰ, ਨੀਟੂ ਬਡਿਆਲ, ਇਨਟਰੇਡ ਇੰਡਸਟਰੀਜ਼, ਲਖਵੀਰ ਸਿੰਘ ਗਿੱਲ, ਟਹਿਲ ਸਿੰਘ ਥਾਂਦੀ, ਅਟਵਾਲ ਬ੍ਰਦਰਜ਼ (ਮਰਸੈਡ), ਸੰਧੂ ਬਰਦਰਜ਼ (ਸਵਰਗਵਾਸੀ ਸੁਰਜੀਤ ਸਿੰਘ ਸੰਧੂ), ਗਿੱਲ ਬ੍ਰਦਰਜ਼ (ਫਰਿਜ਼ਨੋ), ਮੋਗਾ ਟਾਇਰਜ਼, ਮੋਗਾ ਵੀਡਿਓ, ਰੌਇਲ ਫੈਬਰਿਕ, ਐਸਲਿਨ ਡੈਨਟਲ, ਡਾ. ਕਾਲੇਕੇ, ਬਲਿਹਾਰ ਨਾਗਰਾ, ਏ-ਵਨ ਰਿਐਲਟੀ, ਬਲਦੇਵ ਸਿੰਘ ਸੰਘਾ, ਜਿੱਫੀ ਮਾਰਟ (ਚੌਚਿਲਾ), ਸੁੱਖੀ ਆਟੋ ਵਰਕਸ, ਪ੍ਰੀਤਮ ਸਿੰਘ ਪਾਸਲਾ। ਪਿਛਲੇ 10 ਸਾਲਾਂ ਤੋਂ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਦਾ ਸਾਥ ਨਿਭਾਉਣ ਲਈ ਅਤੇ ਮੇਲੇ ਦੇ ਪ੍ਰਚਾਰ ਲਈ ਅਸੀਂ ਸਮੂਹ ਰੇਡੀਓ ਹੋਸਟ ਅਤੇ ਪੱਤਰਕਾਰਾਂ ਦੇ ਧੰਨਵਾਦੀ ਹਾਂ।

**ਰੇਡੀਓ ਹੋਸਟ:** ਕੁਲਵੀਰ ਸਿੰਘ ਹੇਅਰ, ਸੁਖੀ ਹੇਅਰ, ਰਾਜਵਿੰਦਰ ਧਾਲੀਵਾਲ, ਪਾਲ ਧਾਲੀਵਾਲ, ਹਰਪ੍ਰੀਤ ਮਾਨ, ਗੁੱਡੀ ਸਿੱਧੂ, ਗੁਰਪ੍ਰੀਤ ਧਾਲੀਵਾਲ, ਹਰਜਿੰਦਰ ਕੰਗ, ਡਾ. ਟੈਗੋਰ, ਬਲਵੀਰ ਢਿਲੋਂ, ਜਸਵੰਤ ਮਹਿਮੀ, ਦਿਲਬਾਗ ਬੰਗੜ, ਗੁਰਦੀਪ ਸ਼ੇਰਗਿੱਲ, ਪਸ਼ੌਰਾ ਸਿੰਘ ਢਿਲੋਂ, ਡਾ. ਮਹਿੰਦਰ ਸਿੰਘ ਪੂਨੀਆ, ਪ੍ਰੋ. ਅਰਜਨ ਸਿੰਘ ਜੋਸਨ, ਬਲਰਾਜ ਬਰਾੜ, ਰੇਡੀਅ ਗੀਤ ਸੰਗੀਤ (ਵਾਟਸਨਵਿਲ), ਆਵਾਜੇ ਵਤਨ ਟੀ.ਵੀ., ਰਾਜਿੰਦਰ ਸਿੰਘ ਢਿਲੋਂ, ਆਸ਼ਾ ਸ਼ਰਮਾ, ਗੁਰਪ੍ਰੀਤ ਮਾਨ।

**ਪੱਤਰਕਾਰ:** ਸ. ਜਗਜੀਤ ਸਿੰਘ ਥਿੰਦ, ਬੂਟਾ ਰਾਮ ਜੋਸ਼ੀ, ਦੇਸ ਰਾਜ ਬੰਗੜ, ਨੀਟਾ ਮਾਛੀਕੇ।

**ਨੋਟ:** ਚਾਹ ਅਤੇ ਪਕੌੜਿਆ ਦੀ ਸੇਵਾ ਨਿਊ ਇੰਡੀਆ ਸਵੀਟਸ ਐਂਡ ਸਪਾਈਸ ਦੇ ਜਸਵਿੰਦਰ ਹੋਰਾਂ ਵਲੋਂ ਹੋਵੇਗੀ ਅਤੇ ਲੰਗਰ ਦੀ ਸੇਵਾ ਪਿੰਡ ਲਤਾਲਾ ਵਾਸੀਆ ਵਲੋਂ ਕੀਤੀ ਜਾਵੇਗੀ।

# ਗਦਰੀ ਬਾਬਿਆਂ ਦਾ ਇਤਿਹਾਸਕ ਅਸਥਾਨ

# ਗੁਰਦੁਆਰਾ ਸਾਹਿਬ ਸਟਾਕਟਨ (ਕੈਲੀਫੋਰਨੀਆ)

1930 South Grant Street, Stockton CA 95206 (A Historical Land Mark of CA)

# 12ਵਾਂ ਮਹਾਨ ਨਗਰ ਕੀਰਤਨ

## 18 ਅਪਰੈਲ 2010

(ਦਿਨ ਐਤਵਾਰ)

## ਵਿਸਾਖੀ ਪੁਰਬ




ਖ਼ਾਲਸਾ ਅਕਾਲ ਪੁਰਖ ਕੀ ਫ਼ੌਜ॥ ਪ੍ਰਗਟਿਓ ਖ਼ਾਲਸਾ ਪ੍ਰਮਾਤਮ ਕੀ ਮੌਜ॥

ਗੁਰੂ ਪਿਆਰੀ ਸਾਧ ਸੰਗਤ ਜੀਓ, ਸਨਿਮਰ ਬੇਨਤੀ ਹੈ ਕਿ 18 ਅਪਰੈਲ 2010 ਦਿਨ ਐਤਵਾਰ ਨੂੰ ਗ਼ਦਰੀ ਬਾਬਿਆਂ ਦੇ ਇਤਿਹਾਸਕ ਅਸਥਾਨ ਗੁਰੂ-ਘਰ ਸਟਾਕਟਨ ਦੀਆਂ ਸਮੂਹ ਸਿੱਖ ਸੰਗਤਾਂ ਵਲੋਂ ਮਹਾਨ ਨਗਰ ਕੀਰਤਨ, ਖ਼ਾਲਸੇ ਦਾ 311ਵਾਂ ਸਾਜਨਾ ਦਿਵਸ, ਵਿਸਾਖੀ ਪੁਰਬ ਮਨਾਇਆ ਜਾਵੇਗਾ। ਐਤਵਾਰ 12 ਵਜੇ ਦੁਪਹਿਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ, ਪੰਜਾਂ ਪਿਆਰਿਆਂ ਦੀ ਅਗਵਾਈ ਵਿਚ ਨਗਰ ਕੀਰਤਨ ਅਰੰਭ ਹੋਵੇਗਾ ਤੇ 4 ਘੰਟੇ ਦੀ ਨਗਰ ਯਾਤਰਾ ਪਿੱਛੋ ਗੁਰੂ-ਘਰ ਵਾਪਸ ਪਰਤੇਗਾ। ਸਮੂਹ ਇਲਾਕਾ ਨਿਵਾਸੀ ਤੇ ਦੇਸ-ਪਰਦੇਸ ਦੀਆਂ ਸੰਗਤਾਂ, ਧਾਰਮਿਕ ਸੰਸਥਾਵਾਂ ਅਤੇ ਸਮੂਹ ਗੁਰੂ-ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਨੂੰ ਸਨਿਮਰ ਬੇਨਤੀ ਹੈ ਕਿ ਇਸ ਸ਼ਾਨਦਾਰ ਤੇ ਮਹਾਨ ਅਵਸਰ 'ਤੇ ਫ਼ਲੋਟਾਂ ਸਮੇਤ ਪਹੁੰਚ ਕੇ ਨਗਰ ਕੀਰਤਨ ਦੀਆਂ ਰੌਣਕਾਂ ਵਧਾਓ ਅਤੇ ਕਲਗੀਧਰ ਪਾਤਸ਼ਾਹ, ਅੰਮ੍ਰਿਤ ਦੇ ਦਾਤੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

## ਪ੍ਰੋਗਰਾਮ

□ 26 ਫ਼ਰਵਰੀ ਦਿਨ ਸ਼ੁਕਰਵਾਰ ਤੋਂ ਅਖੰਡ ਪਾਠਾਂ ਦੀ ਲੜੀ ਪ੍ਰਾਰੰਭ ਹੈ ਜੀ। □ 15 ਮਾਰਚ ਦਿਨ ਸੋਮਵਾਰ ਤੋਂ ਹਰ ਰੋਜ਼ ਸ਼ਾਮਾਂ ਦੇ ਦੀਵਾਨ ਸਜਿਆ ਕਰਨਗੇ। ਜਿਸ ਵਿੱਚ ਭਾਈ ਲਖਵਿੰਦਰ ਸਿੰਘ ਜੀ ਸੰਗਤਾਂ ਨੂੰ ਕਥਾ ਨਾ਼ਲ ਨਿਹਾਲ ਕਰਿਆ ਕਰਨਗੇ। □ 2 ਅਪਰੈਲ ਤੋਂ ਪ੍ਰਸਿੱਧ ਰਾਗੀ ਜਥੇ (ੳ) ਭਾਈ ਸੁਰਿੰਦਰ ਸਿੰਘ ਜੀ ਜੋਧਪੁਰੀ, ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਾ਼ਲੇ ਤੇ (ਅ) ਭਾਈ ਸੁਖਜੀਵਨ ਸਿੰਘ ਜੀ ਹਜ਼ੂਰੀ ਰਾਗੀ ਜਥਾ ਕੀਰਤਨ ਕਰਿਆ ਕਰਨਗੇ। □ 2 ਅਪਰੈਲ ਤੋਂ ਪੰਥ ਦੇ ਪ੍ਰਸਿੱਧ ਢਾਡੀ ਭਾਈ ਬਲਵੰਤ ਸਿੰਘ ਜੀ ਪ੍ਰੇਮੀ ਦਾ ਜਥਾ ਢਾਡੀ-ਵਾਰਾਂ ਨਾ਼ਲ ਨਿਹਾਲ ਕਰਿਆ ਕਰਨਗੇ। □ 4 ਅਪਰੈਲ ਤੋਂ ਪੰਥ ਦੇ ਪ੍ਰਸਿੱਧ ਕਥਾਕਾਰ ਭਾਈ ਪਿੰਦਰਪਾਲ ਸਿੰਘ ਜੀ (ਲੁਧਿਆਣੇ ਵਾ਼ਲੇ) ਅਤੇ ਬਾਬਾ ਬਖਸ਼ੀਸ਼ ਸਿੰਘ ਜੀ ਦਮਦਮੀ ਟਕਸਾਲ ਵਾ਼ਲੇ (ਹਜ਼ੂਰੀ ਕਥਾਕਾਰ) ਸੰਗਤਾਂ ਨੂੰ ਕਥਾ ਸਰਵਣ ਕਰਾਇਆ ਕਰਨਗੇ। □ ਅੰਮ੍ਰਿਤ ਸੰਚਾਰ: 17 ਅਪਰੈਲ ਦਿਨ ਸਨਿਚਰਵਾਰ ਨੂੰ ਸਵੇਰੇ 8 ਵਜੇ ਅੰਮ੍ਰਿਤ ਸੰਚਾਰ ਹੋਵੇਗਾ ਜੀ। ਅੰਮ੍ਰਿਤ ਅਭਿਲਾਖੀ ਸੱਜਣਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਨਾਮ ਬਾਬਾ ਬਖਸ਼ੀਸ਼ ਸਿੰਘ ਜੀ (209-625-7500) ਜਾਂ ਭਾਈ ਕੁਲਦੀਪ ਸਿੰਘ ਜੀ (209-423-7982) ਨੂੰ ਲਿਖਾਵਾਓ ਜੀ। ਕਕਾਰਾਂ ਦੀ ਸੇਵਾ ਗੁਰੂਘਰ ਵਲੋਂ ਕੀਤੀ ਜਾਵੇਗੀ। □ 11 ਅਪਰੈਲ ਦਿਨ ਐਤਵਾਰ ਨੂੰ ਦਸਤਾਰ ਦਿਵਸ ਮਨਾਉਂਦੇ ਹੋਏ ਦਸਤਾਰਾਂ ਮੁ਼ਫਤ ਵੰਡੀਆਂ ਜਾਣਗੀਆਂ। □ ਨਿਸ਼ਾਨ ਸਾਹਿਬ ਦੇ ਚੋ਼ਲੇ ਦੀ ਸੇਵਾ 17 ਅਪਰੈਲ ਦਿਨ ਸਨਿਚਰਵਾਰ ਸਵੇਰੇ 9 ਵਜੇ ਭਾਈ ਪਾਲ ਸਿੰਘ ਦੇ ਪਰਿਵਾਰ ਵਲੋਂ ਕੀਤੀ ਜਾਵੇਗੀ। □ 17 ਅਪਰੈਲ ਨੂੰ ਸ਼ਾਮ ਦੇ ਦੀਵਾਨ 6 ਵਜੇ ਤੋਂ 11:30 ਵਜੇ ਤੱਕ ਸਜਣਗੇ ਜਿਸ ਵਿਚ ਪੰਥਕ ਵਿਚਾਰਾਂ ਕਰਨ ਲਈ ਸਮੂਹ ਪੰਥਕ ਜਥੇਬੰਦੀਆਂ ਨੂੰ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ। □ ਨਗਰ ਕੀਰਤਨ ਵਾ਼ਲੇ ਦਿਨ (18 ਅਪਰੈਲ) ਸੰਗਤਾਂ ਦੀਆਂ ਗੱਡੀਆਂ ਦੀ ਪਾਰਕਿੰਗ ਦਾ ਪ੍ਰਬੰਧ San Joaquin Fairgrounds. (1658 S. Airport Way, Stockton,CA) ਵਿਖੇ ਕੀਤਾ ਗਿਆ ਹੈ। ਉਥੋਂ ਸੰਗਤਾਂ ਦੇ ਗੁਰਦੁਆਰਾ ਸਾਹਿਬ ਪਹੁੰਚਣ ਲਈ ਬੱਸਾਂ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ। □ ਸਿਕਿਓਰਿਟੀ ਦੇ ਖਾਸ ਪ੍ਰਬੰਧ ਕੀਤੇ ਗਏ ਹਨ। □ 3 ਅਪਰੈਲ ਤੋਂ ਸ਼ਾਮ ਦੇ ਦੀਵਾਨਾਂ ਦਾ ਸਿੱਧਾ ਪ੍ਰਸਾਰਣ ਰੇਡੀਓ ਗੀਤ-ਸੰਗੀਤ ਤੋਂ ਕੀਤਾ ਜਾਵੇਗਾ।

- ਫਲੋਟਾਂ ਬਾਰੇ ਭਾਈ ਗੁਲਵਿੰਦਰ ਸਿੰਘ (ਭਿੰਦਾ) (209-487-3699) ਤੇ ਭਾਈ ਹਰਨੇਕ ਸਿੰਘ ਅਟਵਾ਼ਲ (209-351-5965) ਨਾ਼ਲ ਸੰਪਰਕ ਕਰੋ ਜੀ।
- ਦੁਕਾਨਾਂ ਤੇ ਸਟਾਲਾਂ ਲਈ ਜਸਵੀਰ ਸਿੰਘ ਗੁਰਾਇਆ (209-649-6053) ਤੇ ਰਾਮ ਸਿੰਘ ਮੰਡੇਰ (209-423-5977) ਨਾ਼ਲ ਸੰਪਰਕ ਕਰੋ ਜੀ।
- ਸੰਗਤ ਆਪਣੀ ਸੁਰੱਖਿਆ ਦੀ ਆਪ ਜਿੰਮੇਵਾਰ ਹੋਵੇਗੀ।

ਦਾਸ: ਪ੍ਰਬੰਧਕ ਕਮੇਟੀ ਅਤੇ ਸਮੂਹ ਸੰਗਤਾਂ (ਗੁਰੂ-ਘਰ ਸਟਾਕਟਨ)

ਭਾਈ ਮਨਜੀਤ ਸਿੰਘ ਉਪ਼ਲ (ਪ੍ਰਧਾਨ)
(209) 649-2767
ਭਾਈ ਮੱਖਣ ਸਿੰਘ (ਮੀਤ ਪ੍ਰਧਾਨ)
(209) 642-5757

ਭਾਈ ਜਤਿੰਦਰ ਸਿੰਘ ਪੰਮਾ (ਸਕੱਤਰ)
(209) 993-7954
ਭਾਈ ਅਮਰਜੀਤ ਸਿੰਘ ਤੁੰਗ (ਮੀਤ ਸਕੱਤਰ)
(209) 954-2881

ਭਾਈ ਗੁਰਬਖ਼ਸ਼ ਸਿੰਘ (ਖ਼ਜਾਨਚੀ)
(209) 470-7006
ਭਾਈ ਰਣਜੀਤ ਸਿੰਘ ਚੰਦੋਵਾ਼ਲੀਆ (ਮੀਤ ਖ਼ਜਾਨਚੀ)
(209) 649-3993

# ਸੈਕਰਾਮੈਂਟੋ 'ਚ ਗੁਰੂ ਰਵਿਦਾਸ ਸਭਾ ਵਲੋਂ ਵਿਸ਼ਾਲ ਨਗਰ ਕੀਰਤਨ

**ਸੈਕਰਾਮੈਂਟੋ:** ਸ੍ਰੀ ਗੁਰੂ ਰਵਿਦਾਸ ਜੀ ਦੇ 633ਵੇਂ ਪ੍ਰਕਾਸ਼ ਉਤਸਵ ਸਬੰਧੀ ਸ੍ਰੀ ਗੁਰੂ ਰਵਿਦਾਸ ਸਭਾ, ਰਿਉਲਿੰਡਾ, ਸੈਕਰਾਮੈਂਟੋ ਵਲੋਂ ਕੀਤੇ ਗਏ 10ਵੇਂ ਸਾਲਾਨਾ ਨਗਰ ਕੀਰਤਨ ਵਿਚ ਦੂਰੋਂ ਨੇੜਿਉਂ ਆਈਆਂ ਸੰਗਤਾਂ ਨੇ ਭਰਵੀ ਹਾਜ਼ਰੀ ਦੇ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਪ੍ਰਬੰਧਕ ਕਮੇਟੀ ਦੀ ਸੁਚੱਜੀ ਅਗਵਾਈ ਵਿਚ ਹਰ ਕੰਮ ਸਿੱਖ ਰਹਿਤ ਮਰਯਾਦਾ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ 'ਚ ਨੇਪਰੇ ਚਾੜ੍ਹਿਆ। ਇਸ ਨਗਰ ਕੀਰਤਨ ਤੋਂ ਪਹਿਲਾਂ ਸ੍ਰੀ ਅਖੰਡ ਪਾਠਾਂ ਦੀ ਲੜੀ ਦੇ ਭੋਗ ਪਾਏ ਗਏ ਤੇ ਦੀਵਾਨ ਸਜਾਏ ਗਏ।

ਪ੍ਰਕਾਸ਼ ਉਤਸਵ ਸਬੰਧੀ 3 ਦਿਨ ਚੱਲੇ ਇਨ੍ਹਾਂ ਸਮਾਗਮਾਂ ਵਿਚ ਪਹਿਲੇ ਦਿਨ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤਾ ਗਿਆ। ਦੂਜੇ ਦਿਨ ਸਵੇਰੇ ਸ੍ਰੀ ਨਿਸ਼ਾਨ ਸਾਹਿਬ ਦੀ ਸੇਵਾ ਕੀਤੀ ਗਈ ਤੇ ਨਵੇਂ ਜਾਮੇ ਪਹਿਨਾਏ ਗਏ। ਇਹ ਸੇਵਾ ਰਾਮ ਪ੍ਰਕਾਸ਼ ਰਾਜੂ (ਪਿਟਸਬਰਗ) ਅਤੇ ਪਰਿਵਾਰ ਵਲੋਂ ਕੀਤੀ ਗਈ) ਸ਼ਾਮਾਂ ਨੂੰ ਰੈਣ ਸੁਬਾਈ ਕੀਰਤਨ ਹੋਇਆ। ਇਸ ਦੌਰਾਨ ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਸੀਤਲ ਸਿੰਘ ਅਤੇ ਉਨ੍ਹਾਂ ਦੇ ਜਥੇ ਨੇ ਆਰਤੀ ਕੀਤੀ। ਭਾਈ ਮਨਜੀਤ ਸਿੰਘ ਰੋਜ਼ਵਿਲ, ਭਾਈ ਮਨਜੀਤ ਸਿੰਘ ਯੂਬਾ ਸਿਟੀ, ਸ੍ਰੀ ਸੇਵਕ ਰਾਮ, ਭਾਈ ਮਨਜੀਤ ਸਿੰਘ ਬਰਾਡਸ਼ਾਹ ਵਾਲੇ, ਸ੍ਰੀ ਬਲਬੀਰ ਚੰਦ ਤੇ ਭਾਈ ਜਸਵਿੰਦਰ ਸਿੰਘ ਹਜ਼ੂਰ ਰਾਗੀ ਅਤੇ ਭਾਈ ਅਮਰਜੀਤ ਸਿੰਘ ਦੇ ਜਥਿਆਂ ਨੇ ਗੁਰਬਾਣੀ ਕੀਰਤਨ ਰਾਹੀਂ ਆਈਆਂ ਸੰਗਤਾਂ ਨੂੰ ਨਿਹਾਲ ਕੀਤਾ। ਸੰਤੋਖ ਬੱਧਣ ਨੇ ਕਵਿਤਾ ਪੜ੍ਹੀ, ਸ੍ਰੀ ਜੀਵਨ ਰੱਤੂ ਨੇ ਧਾਰਮਿਕ ਸ਼ਬਦ ਗਾਇਨ ਕੀਤਾ।

ਇਸ ਮੌਕੇ ਐਲਕ ਗਰੋਵ ਅਤੇ ਨਾਲ ਲੱਗਦੇ ਇਲਾਕਿਆਂ ਤੋਂ ਡੈਮੋਕਰੇਟਿਕ ਪਾਰਟੀ ਦੇ ਭਾਰਤੀ ਮੂਲ ਦੇ ਉਮੀਦਵਾਰ ਡਾਕਟਰ ਅਮਰੀਸ਼ (ਏਮੀ ਬੈਗ) ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਵੇਂ ਬਣੇ ਪੈਟਰਨ ਬਹਾਦੁਰ ਸਿੱਧੂ, ਹਰਬੰਸ ਰੱਲ੍ਹ ਤੇ ਗਿਆਨ ਚੰਦ ਕਾਂਜਲਾ ਨੂੰ ਕਮੇਟੀ ਵਲੋਂ ਸਿਰੋਪਾਓ ਦੇ ਕੇ ਸਨਮਾਨਤ ਕੀਤਾ। ਸਟੇਜ ਸੰਚਾਲਨ ਸ੍ਰੀ ਸਤੀਸ਼ ਕੁਮਾਰ ਰੱਲ੍ਹ ਅਤੇ ਸ੍ਰੀ ਜੀਵਨ ਰੱਤੂ ਨੇ ਕੀਤਾ।

ਤੀਜੇ ਦਿਨ ਸਵੇਰੇ ਸ੍ਰੀ ਅਖੰਡ ਪਾਠ ਦੇ ਭੋਗ ਉਪਰੰਤ ਗੁਰੂ ਘਰ ਦੇ ਹਜ਼ੂਰੀ ਰਾਗੀ ਭਾਈ ਜਸਵਿੰਦਰ ਸਿੰਘ ਅਤੇ ਭਾਈ ਅਮਰਜੀਤ ਸਿੰਘ ਨੇ ਸ਼ਬਦ ਕੀਰਤਨ ਕੀਤਾ। ਸ੍ਰੀ ਗੁਰਬਚਨ ਚੋਪੜਾ ਨੇ ਕਵਿਤਾ ਪੜ੍ਹੀ। ਹੋਰਨਾਂ ਤੋਂ ਇਲਾਵਾ ਸਰਵ ਸ੍ਰੀ ਕੇਵਲ ਕ੍ਰਿਸ਼ਨ ਬੋਲੀਨਾ, ਰਾਜ ਸੂਦ, ਤਵਿੰਦਰ ਕਾਂਜਲਾ (ਚੇਅਰਮੈਨ), ਅਜੀਤ ਰਾਮ ਬੰਗੜ, ਜੀਵਨ ਰੱਤੂ, ਹੰਸ ਰਾਜ ਕਾਜਲ, ਪਲਵਿੰਦਰ ਮਾਹੀ, ਜਸਵਿੰਦਰ ਬੰਗਾ, ਸਤਨਾਮ ਬਸਰਾ (ਪ੍ਰਧਾਨ) ਰਾਮ ਪ੍ਰਕਾਸ਼ (ਪ੍ਰਧਾਨ ਪਿਟਸਬਰਗ), ਮੋਹਨ ਰਾਮ ਗਿੱਲ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਸ੍ਰੀ ਗੁਰੂ ਰਵਿਦਾਸ ਦੇ ਜੀਵਨ ਬਾਰੇ ਚਾਨਣਾ ਪਾਇਆ ਤੇ ਸਮੂਹ ਸੰਗਤ ਨੂੰ ਵਧਾਈ ਦਿੱਤੀ।





ਇਸ ਮੌਕੇ ਕਾਂਗਰਸਮੈਨ ਡੈਨ ਲੈਂਗਰੇਲ ਵਿਸੇਸ਼ ਤੌਰ 'ਤੇ ਪਧਾਰੇ। ਕਮੇਟੀ ਵਲੋਂ ਉਨ੍ਹਾਂ ਦਾ ਸਨਮਾਨ ਕੀਤਾ ਗਿਆ। ਸ੍ਰੀ ਗੁਰੂ ਰਵਿਦਾਸ ਸਭਾ, ਰਿਉਲਿੰਡਾ ਵਲੋਂ ਹਰ ਸਾਲ ਵਾਂਗ ਤਿਆਰ ਕੀਤਾ ਗਿਆ ਸੋਵੀਨਾਰ ਰਿਲੀਜ਼ ਕੀਤਾ ਗਿਆ। ਸ੍ਰੀ ਪ੍ਰੇਮ ਚੁੰਬਰ ਦੀ ਅਖਬਾਰ ਅੰਬੇਡਕਰ ਟਾਈਮਜ਼ ਦਾ ਵਿਸ਼ੇਸ਼ ਅੰਕ ਰਿਲੀਜ਼ ਕੀਤਾ ਗਿਆ। ਨਗਰ ਕੀਰਤਨ ਵਿਚ ਸ਼ਿਰਕਤ ਕਰਨ ਲਈ ਦੂਰੋਂ ਨੇੜਿਓਂ ਬਹੁਤ ਸਾਰੇ ਪਤਵੰਤੇ ਸੱਜਣ ਵੀ ਪਹੁੰਚੇ ਹੋਏ ਸਨ ਜਿਨ੍ਹਾਂ ਵਿਚ ਜੱਸੀ ਅਵਤਾਰ, ਬਲਦੇਵ ਸੁਮਨ, ਅਵਤਾਰ ਸਿੱਧੂ, ਬਲਬੀਰ ਸ਼ੀਮਾਰ, ਚੰਦਰ ਮੋਹਨ, ਵਿਨੋਦ ਕੁਮਾਰ ਚੁੰਬਰ, ਸੰਤੋਖ ਸਰੋਆ, ਕੇਵਲ ਸਿੰਘ, ਧਰਮਪਾਲ ਝੱਮਟ, ਸ਼ਿੰਗਾਰਾ ਰੱਲ੍ਹ, ਲਖਬੀਰ ਸਿੰਘ ਸੰਘਾ, ਹਰਜੀਤ ਸਿੰਘ ਸਵੈਚ, ਮੱਖਣ ਸਿੰਘ, ਪਰਸ਼ੋਤਮ ਸੂਦ, ਸੁੱਚਾ ਰਾਮ ਭਾਰਟਾ, ਮਨਜੀਤ ਸਿੰਘ, ਕਸ਼ਮੀਰ ਸਿੰਘ, ਬਰਿੰਦਰ ਬੰਗੜ ਪਰਮਜੀਤ ਭੁੱਟਾ, ਜੋਗਿੰਦਰ ਚੁੰਬਰ, ਕੇਵਲ ਬੋਲੀਨਾ, ਗੁਰਦਿਆਲ ਮੱਲ, ਸਤੀਸ਼ ਰੱਲ੍ਹ, ਕਸ਼ਮੀਰ ਸਿੰਘ ਹੀਰਾ, ਦਿਲਬਾਗ ਸਿੰਘ ਸ਼ਾਮਲ ਸਨ।

ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਮੂਹ ਮੈਂਬਰਾਂ ਨੇ ਦਿਨ ਰਾਤ ਇਕ ਕਰਕੇ ਇਸ ਨਗਰ ਕੀਰਤਨ ਨੂੰ ਕਾਮਯਾਬ ਕੀਤਾ। ਪ੍ਰਬੰਧਕਾਂ ਵਿਚ ਸ਼ਾਮਲ ਸਨ ਸਰਵ ਸ੍ਰੀ ਤਵਿੰਦਰ ਕਾਜ਼ਲਾ (ਚੇਅਰਮੈਨ), ਸਤਨਾਮ ਬਸਰਾ (ਪ੍ਰਧਾਨ), ਅਜੀਤ ਰਾਮ ਬੰਗੜ (ਵਾਈਸ ਚੇਅਰਮੈਨ), ਹਰਬੰਸ ਰੱਲ੍ਹ (ਮੀਤ ਪ੍ਰਧਾਨ), ਰਾਜ ਸਿੰਘ ਬੱਧਣ (ਜਨਰਲ ਸਕੱਤਰ), ਦਲਜੀਤ ਜੱਸਲ (ਕੈਸ਼ੀਅਰ), ਦਿਲਬਾਗ ਸਿੰਘ ਕੈਸ਼ੀਅਰ, ਕੁਲਵਿੰਦਰ ਸਿੰਘ ਕੈਸ਼ੀਅਰ, ਸਤੀਸ਼ ਰੱਲ੍ਹ (ਸਟੇਜ ਸੈਕਟਰੀ), ਜੀਵਨ ਰੱਤੂ (ਸਟੇਜ ਸੈਕਟਰੀ) ਤੇ ਗੁਰਦੁਆਰਾ ਸਾਹਿਬ ਦੇ ਹੈਡ ਗ੍ਰੰਥੀ ਭਾਈ ਸ਼ੀਤਲ ਸਿੰਘ।

ਨਗਰ ਕੀਰਤਨ ਦੌਰਾਨ ਸੰਗਤ ਵਲੋਂ ਥਾਂ-ਥਾਂ 'ਤੇ ਲੰਗਰ ਲਾਏ ਗਏ, ਲੱਛਰ ਭਰਾਵਾਂ ਨੇ ਗੰਨੇ ਦੇ ਰਸ ਦਾ ਲੰਗਰ ਲਾਇਆ। ਨਗਰ ਕੀਰਤਨ ਵਿਚ 10 ਹਜ਼ਾਰ ਤੋਂ ਵੱਧ ਸੰਗਤਾਂ ਸ਼ਾਮਲ ਹੋਈਆਂ। ਗੁਰਦੁਆਰਾ ਦਸਮੇਸ਼ ਦਰਬਾਰ ਸੈਕਰਾਮੈਂਟੋ, ਬਰਾਡਸ਼ਾਅ ਰੋਡ ਗੁਰਦੁਆਰ ਸੈਕਰਾਮੈਂਟੋ ਤੋਂ ਬਿਨਾ ਸੈਕਰਾਮੈਂਟੋ ਦੇ ਨੇੜੇ ਤੇੜੇ ਦੇ ਸ਼ਹਿਰਾਂ ਦੇ ਗੁਰੂ ਘਰਾਂ ਤੋਂ ਇਲਾਵਾ ਕੈਲੀਫੋਰਨੀਆ ਦੀਆਂ ਸਮੂਹ ਗੁਰੂ ਰਵਿਦਾਸ ਸਭਾਵਾਂ ਅਤੇ ਸਾਰੀਆਂ ਵਾਲਮੀਕ ਸਭਾਵਾਂ ਹੁਮਹੁਮਾ ਕੇ ਸ਼ਾਮਲ ਹੋਈਆਂ। ਨਗਰ ਕੀਰਤਨ ਵਿਚ ਸ਼ਾਮਲ ਹੋਣ ਲਈ ਸਿਆਟਲ ਅਤੇ ਵੈਨਕੂਵਰ, ਕੈਨੇਡਾ ਤੋਂ ਵੀ ਸੰਗਤ ਪਹੁੰਚੀ ਹੋਈ ਸੀ।


ੴ ਵਾਹਿਗੁਰੂ ਜੀ ਕੀ ਫ਼ਤਹਿ

## ਗੁਰਦਵਾਰਾ ਫਰੀਮਾਂਟ ਸੁਪਰੀਮ ਕੌਂਸਲ ਚੋਣਾਂ

ਗੁਰੂ ਪਿਆਰੀ ਸਾਧ ਸੰਗਤ ਜੀ,

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਕੈਲੀਫੋਰਨੀਆ ਸਿੱਖ ਆਗੇਨਾਈਜੇਸ਼ਨ ਆਪ ਸਭ ਸੰਗਤਾਂ ਦਾ ਤਹਿ ਦਿਲੋਂ ਧੰਨਵਾਦ ਕਰਦੀ ਹੈ ਜਿਨ੍ਹਾਂ ਨੇ ਗੁਰਦਵਾਰਾ ਸੁਪਰੀਮ ਕੌਂਸਲ ਦੀ ਚੋਣ ਵਿਚ ਆਪਣੀ ਕੀਮਤੀ ਵੋਟ ਪਾ ਕੇ ਅਗਲੇ ਦੋ ਸਾਲਾਂ ਲਈ ਪ੍ਰਬੰਧਕ ਚੁਣੇ। ਅਸੀਂ ਆਪ ਜੀ ਦੇ ਫੈਸਲੇ ਨੂੰ ਬੜੇ ਸਤਿਕਾਰ ਸਹਿਤ ਕਬੂਲ ਕਰਦੇ ਹਾਂ। ਜਿਥੇ ਅਸੀਂ ਨਵੀਂ ਚੁਣੀ ਗਈ ਸੁਪਰੀਮ ਕੌਂਸਲ ਨੂੰ ਵਧਾਈ ਦਿੰਦੇ ਹਾਂ, ਉਥੇ ਅਸੀਂ ਉਨ੍ਹਾਂ ਦੇ ਹਰ ਉਸਾਰੂ ਕੰਮਾਂ ਵਿਚ ਮੋਢੇ ਨਾਲ ਮੋਢਾ ਜੋੜ ਕੇ ਚਲਣ ਨੂੰ ਤਿਆਰ ਹਾਂ ਤਾਂਕਿ ਸਿੱਖ ਭਾਈਚਾਰੇ ਦੀਆਂ ਲੋੜਾਂ ਨੂੰ ਪੂਰਾ ਕੀਤਾ ਜਾ ਸਕੇ।

ਚੋਣਾਂ ਦੌਰਾਨ ਅਗਰ ਕਿਸੇ ਵੀ ਮਾਈ-ਭਾਈ ਦੇ ਖਿਲਾਫ ਜਾਣੇ-ਅਣਜਾਣੇ ਕੋਈ ਗਲਤ ਸ਼ਬਦ ਵਰਤੇ ਗਏ ਹੋਣ ਤਾਂ ਆਪ ਸੰਗਤ ਤੋਂ ਮੁਆਫੀ ਦੇ ਜਾਚਕ ਹਾਂ। ਆਪ ਸਾਧ-ਸੰਗਤ ਬਖਸ਼ਣਹਾਰ ਹੋ। ਕਿਰਪਾ ਕਰਨੀ ਜੀ। ਧੰਨਵਾਦ।



*ਭਾਈ ਗੁਰਚਰਨ ਸਿੰਘ ਮਾਨ*

ਗੁਰਚਰਨ ਸਿੰਘ ਮਾਨ, ਫੋਨ: 510-557-0061

ਉਮੀਦਵਾਰ ਅਦਾਰਾ:

**California Sikh Organization**

# ਯੂ. ਐਸ. ਮਰਦਮਸ਼ੁਮਾਰੀ 2010

## ਸਿੱਖ ਚੇਤਨਾ ਲਹਿਰ




## ਅਮਰੀਕਾ ਦੀਆਂ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ

2010 ਮਰਦਮਸ਼ੁਮਾਰੀ ਨੂੰ ਸਫਲ ਕਰਨਾ, ਸਿੱਖ ਕੌਮ ਲਈ ਇੱਕ ਵਰਦਾਨ ਸਾਬਤ ਹੋਵੇਗਾ। ਸਿੱਖਾਂ ਦੇ ਪਹਿਰਾਵੇ ਨੂੰ ਵੇਖ ਕੇ ਹਰ ਕੋਈ ਭੁਲੇਖਾ ਖਾ ਜਾਂਦਾ ਹੈ ਕਿ ਇਹ ਕੌਣ ਹਨ ? ਬਾਹਰ ਜਾਂ ਮੁਲਕ ਦੇ ਅੰਦਰ ਕੋਈ ਘਟਨਾ ਵਾਪਰਦੀ ਹੈ ਤਾਂ ਹਰ ਸਿੱਖ ਨੂੰ ਧੁੜਕੂ ਲੱਗ ਜਾਂਦਾ ਹੈ। ਇਸ ਭੁਲੇਖੇ ਕਾਰਣ ਹੀ ਸਿੱਖਾਂ ਦਾ ਜਾਨੀ ਅਤੇ ਮਾਲੀ ਨੁਕਸਾਨ ਬਿਨਾ ਕਸੂਰ ਹੀ ਹੋ ਜਾਂਦਾ ਹੈ। ਜੇਕਰ ਅਸੀਂ ਇਨ੍ਹਾਂ ਭੁਲੇਖਿਆਂ ਕਾਰਨ ਪਬਲਿਕ ਥਾਵਾਂ, ਲਾਇਬਰੇਰੀਆਂ, ਸਟੋਰਾਂ, ਸੜਕਾਂ ਜਾਂ ਗਲੀਆਂ ਆਦਿਕ ਥਾਵਾਂ 'ਤੇ ਜ਼ਲੀਲ ਹੋਣ ਜਾਂ ਬੇਇੱਜ਼ਤ ਹੋਣ ਤੋਂ ਬਚਣਾ ਚਾਹੁੰਦੇ ਹਾਂ ਤਾਂ ਇਸ ਵਾਰ ਮਰਦਮਸ਼ੁਮਾਰੀ ਵਿੱਚ ਹਿੱਸਾ ਲੈਣ ਲਈ ਆਪਣੇ ਦੋਸਤਾਂ-ਮਿੱਤਰਾਂ, ਰਿਸ਼ਤੇਦਾਰਾਂ ਨੂੰ ਜਾਗਰੂਕ ਕਰਨਾ ਆਪਣਾ ਇਖਲਾਕੀ ਫਰਜ਼ ਸਮਝੋ।

ਮਰਦਮਸ਼ੁਮਾਰੀ ਦੀ ਵਰਤੋਂ ਸਾਰੇ ਸਰਕਾਰੀ ਮਹਿਕਮਿਆਂ ਵਲੋਂ ਕੌਮੀ ਤਰੱਕੀ, ਸਿੱਖਿਆ ਪਸਾਰ ਅਤੇ ਹਰ ਪ੍ਰਕਾਰ ਦੇ ਸੁੱਖ ਸਾਧਨ ਦੇਣ ਲਈ ਕੀਤੀ ਜਾਂਦੀ ਹੈ।

ਜ਼ਰੂਰੀ ਗੱਲ ਇਹ ਹੈ ਕਿ ਇਸ ਵਿੱਚ ਹਰ ਕੋਈ ਹਿੱਸਾ ਲੈ ਸਕਦਾ ਹੈ ਭਾਵੇਂ ਉਹ ਅਮਰੀਕਨ ਨਾਗਰਿਕ ਹੈ ਜਾਂ ਨਹੀਂ। ਗਰੀਨ ਕਾਰਡ ਹੋਲਡਰ ਹੈ ਜਾਂ ਨਹੀਂ, ਵਰਕ ਪਰਮਿਟ ਹੈ ਜਾਂ ਨਹੀਂ। ਇਸ ਬਾਬਤ ਕੋਈ ਵੀ ਸਵਾਲ ਨਹੀਂ ਪੁੱਛਿਆ ਜਾਵੇਗਾ, ਬੇਝਿਜਕ ਹੋ ਕੇ ਆਪਣਾ ਫਾਰਮ ਭਰੋ (ਹੇਠਾਂ ਖੱਬੇ ਹੱਥ ਵਿਖਾਏ ਗਏ ਤਰੀਕੇ ਅਨੁਸਾਰ)। ਗੈਰਕਾਨੂੰਨੀ ਢੰਗ ਨਾਲ ਅਮਰੀਕਾ ਵਿੱਚ ਰਹਿ ਰਹੇ ਲੋਕ ਬਿਨਾਂ ਕਿਸੇ ਡਰ-ਭੈਅ ਦੇ ਇਸ ਮਰਦਮਸ਼ੁਮਾਰੀ 'ਚ ਭਾਗ ਲੈ ਸਕਦੇ ਹਨ।

ਜੇ ਸਿੱਖ ਵੱਡੀ ਗਿਣਤੀ ਅੰਦਰ ਇਸ ਮਰਦਮਸ਼ੁਮਾਰੀ ਵਿੱਚ ਆਪਣਾ ਨਾਂ ਸਿੱਖ ਦੇ ਤੌਰ 'ਤੇ ਦਰਜ ਕਰਦੇ ਹਨ ਤਦ ਸਿੱਖ ਕੌਮ ਘੱਟ-ਗਿਣਤੀਆਂ 'ਚ ਸ਼ੁਮਾਰ ਹੋ ਜਾਵੇਗੀ। ਘੱਟ-ਗਿਣਤੀਆਂ ਦੇ ਵਿਕਾਸ ਲਈ ਸਰਕਾਰ ਪਾਸੋਂ ਲੱਖਾਂ ਡਾਲਰ ਸਹਾਇਤਾ ਵਜੋਂ ਮਿਲ ਸਕਦੇ ਹਨ।

**ਅਸਾਡਾ ਸਭ ਦਾ ਫਰਜ਼ ਬਣਦਾ ਹੈ ਕਿ ਮਰਦਮਸ਼ੁਮਾਰੀ ਦੀ ਅਹਿਮੀਅਤ ਨੂੰ ਸਮਝਦਿਆਂ ਹੋਇਆਂ ਇਸ ਵਿੱਚ ਵੱਧ ਚੜ੍ਹ ਕੇ ਹਿੱਸਾ ਲਈਏ ਅਤੇ ਹੋਰਨਾਂ ਨੂੰ ਵੀ ਪ੍ਰੇਰੀਏ।**












**9. What is Person 1's race?** *Mark* ☒ *one or more boxes.*

- ☐ White
- ☐ Black, African Am., or Negro
- ☐ American Indian or Alaska Native — *Print name of enrolled or principal tribe.*
- ☐ Asian Indian
- ☐ Chinese
- ☐ Filipino
- ☐ Other Asian — *Print race, for example, Hmong, Laotian, Thai, Pakistani, Cambodian, and so on.*
- ☐ Japanese
- ☐ Korean
- ☐ Vietnamese
- ☐ Native Hawaiian
- ☐ Guamanian or Chamorro
- ☐ Samoan
- ☐ Other Pacific Islander — *Print race, for example, Fijian, Tongan, and so on.*
- ☒ Some other race — *Print race.*

S I K H

ਫਾਰਮ ਦੇ ਸਵਾਲ ਨੰਬਰ 9 ਵਾਲੇ ਖਾਨੇ 'ਚ ਉੱਪਰ ਦਿਖਾਏ ਗਏ ਤਰੀਕੇ ਨਾਲ Sikh ਲਫਜ਼ ਭਰੋ।

**ਬੇਨਤੀ ਕਰਤਾ-**

Gurdwara Prabandhak Committees
of Tri State Area (NY, NJ, PA)
& all Sadh Sangat

**ਜਾਰੀ ਕਰਤਾ-**

UNITED SIKHS
*Recognize the Human Race as One*

**ਵਧੇਰੇ ਜਾਣਕਾਰੀ ਲਈ ਇਥੇ ਜਾਓ**

**www.sikhamericancensus.org**

**or call: 1-888-243-1690**

# ਅਸਟਰੇਲੀਆ ਨੇ ਜਿੱਤਿਆ ਹਾਕੀ ਦਾ ਵਿਸ਼ਵ ਕੱਪ

**ਨਵੀਂ ਦਿੱਲੀ :** ਸਥਾਨਕ ਧਿਆਨ ਚੰਦ ਨੈਸ਼ਨਲ ਸਟੇਡੀਅਮ ਵਿਖੇ ਲੰਘੀ 13 ਮਾਰਚ ਦੇ ਦਿਨ ਜਰਮਨੀ ਅਤੇ ਆਸਟਰੇਲੀਆ ਦੀਆਂ ਟੀਮਾਂ ਵਿਚਾਲੇ ਹੀਰੋ ਹਾਂਡਾ ਐਫ ਆਈ ਐਚ ਵਿਸ਼ਵ ਕੱਪ ਹਾਕੀ ਟੂਰਨਾਮੈਂਟ ਦਾ ਫਾਈਨਲ ਮੁਕਾਬਲਾ ਖੇਡਿਆ ਗਿਆ। ਇਸ ਮੈਚ ਵਿਚ ਦੋਵਾਂ ਟੀਮਾਂ ਦਰਮਿਆਨ ਬੇਹੱਦ ਫਸਵਾਂ ਭੇੜ ਵੇਖਣ ਨੂੰ ਮਿਲਿਆ। ਖ਼ਾਸ ਗੱਲ ਇਹ ਰਹੀ ਕਿ ਆਸਟਰੇਲੀਆ ਦੀ ਟੀਮ ਨੇ ਜਰਮਨੀ ਦੇ ਮੁਕਾਬਲੇ ਕਾਫ਼ੀ ਤੇਜ਼ ਤਰਾਰ ਖੇਡ ਵਿਖਾਈ। ਜਰਮਨੀ ਦੇ ਖਿਡਾਰੀਆਂ ਨੇ ਵੀ ਆਸਟਰੇਲੀਆ ਨੂੰ ਹਾਲਾਂ ਕਿ ਟੱਕਰ ਦੇਣ ਦੀ ਕੋਸ਼ਿਸ਼ ਤਾਂ ਕੀਤੀ, ਪਰ ਪਹਿਲਾਂ ਵਾਲੀ ਗੱਲ ਨਾ ਬਣ ਸਕੀ।

ਇਹ ਮੈਚ ਆਸਟਰੇਲੀਆ ਨੇ 2-1 ਨਾਲ ਜਿੱਤ ਕੇ ਆਪਣਾ ਦੂਜਾ ਵਿਸ਼ਵ ਕੱਪ ਖ਼ਿਤਾਬ ਆਪਣੀ ਝੋਲੀ ਪਾ ਲਿਆ। ਇਸ ਤੋਂ ਪਹਿਲਾਂ ਆਸਟਰੇਲੀਆ ਨੇ 1986 ਵਿਚ ਲੰਡਨ ਵਿਖੇ ਇੰਗਲੈਂਡ ਨੂੰ ਹਰਾ ਕੇ ਵਿਸ਼ਵ ਕੱਪ ਜਿੱਤਿਆ ਸੀ। ਅੱਜ ਦੇ ਮੈਚ ਦੌਰਾਨ ਪਹਿਲੇ ਅੱਧ ਦੇ 6ਵੇਂ ਮਿੰਟ ਵਿਚ ਆਸਟਰੇਲੀਆ ਦੇ ਖਿਡਾਰੀ ਐਡਵਰਡ ਓਕਨੇਡਨ ਨੇ ਮੈਦਾਨੀ ਗੋਲ ਦਾਗ ਕੇ ਆਪਣੀ ਟੀਮ ਨੂੰ 1-0 ਨਾਲ ਅੱਗੇ ਕਰ ਦਿੱਤਾ। ਇਸ ਤੋਂ ਬਾਅਦ ਪਹਿਲੇ ਅੱਧ ਦੀ ਸਮਾਪਤੀ ਤੱਕ ਇਹੀ ਸਕੋਰ ਕਾਇਮ ਰਿਹਾ। ਇਸ ਤੋਂ ਬਾਅਦ ਦੂਜੇ ਅੱਧ ਦੌਰਾਨ 48ਵੇਂ ਮਿੰਟ ਵਿਚ ਜਰਮਨੀ ਦੇ ਖਿਡਾਰੀ ਮੋਰਿਟਜ਼ ਫਰਸਟੀ ਨੇ ਗੋਲ ਦਾਗ ਕੇ ਸਕੋਰ 1-1 ਦੀ ਬਰਾਬਰੀ 'ਤੇ ਲਿਆ ਕੇ ਖੜ੍ਹਾ ਕਰ ਦਿੱਤਾ। ਫਿਰ ਕੀ ਸੀ, ਦੋਵਾਂ ਟੀਮਾਂ ਨੇ ਖ਼ਿਤਾਬੀ ਜਿੱਤ ਦਰਜ ਕਰਨ ਲਈ ਲੋੜੀਂਦਾ ਗੋਲ ਦਾਗਣ ਲਈ ਕੋਸ਼ਿਸ਼ਾਂ ਹੋਰ ਤੇਜ਼ ਕਰ ਦਿੱਤੀਆਂ। ਸਫਲਤਾ ਆਸਟਰੇਲੀਆ ਨੂੰ ਨਸੀਬ ਹੋਈ। ਮੈਚ ਖ਼ਤਮ ਹੋਣ ਤੋਂ 11 ਮਿੰਟ ਪਹਿਲਾਂ ਆਸਟਰੇਲੀਆ ਦੇ ਖਿਡਾਰੀ ਲਿਊਕ ਡੋਏਰਨਰ ਨੇ ਪੈਨੇਲਟੀ ਕਾਰਨਰ ਨੂੰ ਗੋਲ ਵਿਚ ਤਬਦੀਲ ਕਰਕੇ ਆਪਣੀ ਟੀਮ ਨੂੰ 2-1 ਦੀ



ਲੀਡ ਦੁਆ ਦਿੱਤੀ, ਜੋ ਕਿ ਮੈਚ ਦੇ ਅੰਤ ਤੱਕ ਕਾਇਮ ਰਹੀ। ਇਸ ਤਰ੍ਹਾਂ ਵਿਸ਼ਵ ਕੱਪ ਖ਼ਿਤਾਬ ਜਿੱਤਣ ਦੀ ਹੈਟ੍ਰਿਕ ਬਣਾਉਣ ਦਾ ਜਰਮਨੀ ਦਾ ਸੁਪਨਾ ਟੁੱਟ ਕੇ ਚਕਨਾਚੂਰ ਹੋ ਗਿਆ। ਇਸ ਤੋਂ ਪਹਿਲਾਂ ਜਰਮਨੀ ਨੇ ਸਾਲ 2002 ਵਿਚ ਮਲੇਸ਼ੀਆ ਦੀ ਰਾਜਧਾਨੀ ਕੁਆਲਾਲੰਪੁਰ ਅਤੇ 2006 ਵਿਚ ਆਪਣੇ ਹੀ ਦੇਸ਼ ਦੇ ਸ਼ਹਿਰ ਮੋਨਸ਼ੈਗਲਾਰਡਬੈਚ ਵਿਖੇ ਵਿਸ਼ਵ ਕੱਪ ਖ਼ਿਤਾਬ ਜਿੱਤੇ ਸਨ। ਧਿਆਨ ਦੇਣਯੋਗ ਤੱਥ ਇਹ ਹੈ ਕਿ ਦੋਵੇਂ ਵਾਰ ਆਸਟਰੇਲੀਆ ਹੀ ਜਰਮਨੀ ਹਥੋਂ ਫਾਈਨਲ ਵਿਚ ਹਾਰਿਆ ਸੀ। ਇਸ ਤਰ੍ਹਾਂ ਆਸਟਰੇਲੀਆ ਨੇ ਜਰਮਨੀ ਤੋਂ ਆਪਣਾ ਬਦਲਾ ਲੈ ਲਿਆ ਹੈ।

**ਕਾਂਸੀ ਤਮਗਾ ਹਾਲੈਂਡ ਦੇ ਨਾਂ:** ਹੀਰੋ ਹਾਂਡਾ ਐਫ ਆਈ ਐਚ ਵਿਸ਼ਵ ਕੱਪ ਹਾਕੀ ਟੂਰਨਾਮੈਂਟ ਦੌਰਾਨ ਕਾਂਸੀ ਦੇ ਤਮਗੇ ਲਈ ਇੰਗਲੈਂਡ ਅਤੇ ਹਾਲੈਂਡ ਦੀਆਂ ਟੀਮਾਂ ਦਰਮਿਆਨ ਮੁਕਾਬਲਾ ਹੋਇਆ। ਇਸ ਮੈਚ ਵਿਚ ਹਾਲੈਂਡ ਦੀ ਟੀਮ ਨੇ 4-3 ਨਾਲ ਜਿੱਤ ਦਰਜ ਕਰਕੇ ਕਾਂਸੀ ਦੇ ਤਮਗੇ 'ਤੇ ਕਬਜ਼ਾ ਜਮਾ ਲਿਆ। ਦੱਸਣਯੋਗ ਹੈ ਕਿ ਇਸ ਮੈਚ ਵਿਚ ਹਾਲੈਂਡ ਦੀ ਕਪਤਾਨੀ ਟਿਊਨ ਡੀ ਨੂਈਜਰ ਦੀ ਥਾਂ 'ਤੇ ਗੋਲਕੀਪਰ ਗਸ ਵੋਂਗਲਜ਼ ਨੂੰ ਸੌਂਪੀ ਗਈ ਸੀ। ਇਸ ਦਾ ਕਾਰਨ ਇਹ ਸੀ ਕਿ ਇਹ ਵੋਂਗਲਜ਼ ਦੇ ਕੌਮਾਂਤਰੀ ਕੈਰੀਅਰ ਦਾ ਆਖ਼ਰੀ ਮੈਚ ਸੀ। ਇਸ ਮੈਚ ਨੂੰ ਮਿਲਾ ਕੇ ਉਨ੍ਹਾਂ ਨੇ ਕੁੱਲ 259 ਮੈਚ ਖੇਡੇ। ਇਸ ਮੈਚ ਵਿਚ ਪਹਿਲਾ ਗੋਲ 22ਵੇਂ ਮਿੰਟ 'ਚ ਨੂਈਜਰ ਨੇ ਕੀਤਾ। ਫਿਰ ਇੰਗਲੈਂਡ ਵਲੋਂ ਐਸ਼ਲੇ ਜੈਕਸਨ ਨੇ 2 ਅਤੇ ਐਲਸਟੇਅਰ ਬਰੌਗਡਨ ਨੇ ਇਕ ਗੋਲ ਦਾਗ਼ ਕੇ ਆਪਣੀ ਟੀਮ ਨੂੰ 3-1 ਨਾਲ ਅੱਗੇ ਕਰ ਦਿੱਤਾ। ਦੂਜੇ ਅੱਧ ਦੌਰਾਨ 48ਵੇਂ ਮਿੰਟ 'ਚ ਹਾਲੈਂਡ ਵਲੋਂ ਤਾਈਕੇ ਤਾਈਕੇਮਾ ਨੇ ਗੋਲ ਕਰਕੇ ਸਕੋਰ 2-3 ਕਰ ਦਿੱਤਾ। 54ਵੇਂ ਮਿੰਟ 'ਚ ਹਾਲੈਂਡ ਦੇ ਕਲਾਸ ਵਰਮਿਊਲੇਨ ਨੇ ਗੋਲ ਕਰਕੇ ਸਕੋਰ 3-3 ਨਾਲ ਬਰਾਬਰ ਕਰ ਦਿੱਤਾ। ਫ਼ਿਰ 67ਵੇਂ ਮਿੰਟ 'ਚ ਹਾਲੈਂਡ ਦੇ ਰੋਜੀਅਰ ਹੌਫਮੈਨ ਨੇ ਗੋਲ ਕਰਕੇ ਆਪਣੀ ਟੀਮ ਨੂੰ ਜਿਤਾ ਦਿੱਤਾ। ਦੱਸਣਯੋਗ ਹੈ ਕਿ 13ਵੇਂ ਮਿੰਟ 'ਚ ਹੌਫਮੈਨ ਦਾ ਇਕ ਗੋਲ ਵੀਡੀਓ ਅੰਪਾਇਰ ਨੇ ਨਕਾਰ ਦਿੱਤਾ ਸੀ। ਇਸ ਤੋਂ ਪਹਿਲਾਂ ਹਾਲੈਂਡ ਟੀਮ 2002 ਵਿਸ਼ਵ ਕੱਪ 'ਚ ਵੀ ਕਾਂਸੀ ਤਮਗਾ ਜਿੱਤ ਚੁੱਕੀ ਹੈ।

**ਭਾਰਤ ਨੂੰ 8ਵਾਂ ਸਥਾਨ :** ਵਿਸ਼ਵ ਕੱਪ ਹਾਕੀ ਟੂਰਨਾਮੈਂਟ 'ਚ ਭਾਰਤ ਦਾ ਖ਼ਰਾਬ ਪ੍ਰਦਰਸ਼ਨ ਜਾਰੀ ਰਿਹਾ ਅਤੇ ਅਰਜਨਟੀਨਾ ਤੋਂ 2 ਦੇ ਮੁਕਾਬਲੇ 4 ਗੋਲਾਂ ਨਾਲ ਹਾਰਨ ਮਗਰੋਂ ਉਸ ਨੂੰ 8ਵੇਂ ਨੰਬਰ 'ਤੇ ਸਬਰ ਕਰਨਾ ਪਿਆ। ਅਰਜਨਟੀਨਾ ਦੂਜੀ ਵਾਰ ਟੂਰਨਾਮੈਂਟ 'ਚ ਸਤਵੇਂ ਨੰਬਰ 'ਤੇ ਰਿਹਾ। ਅਰਜਨਟੀਨਾ ਨੇ ਇਥੇ ਵਿਸ਼ਵ ਕੱਪ ਦੀ ਸ਼ੁਰੂਆਤ 'ਚ ਤਿੰਨ ਮੈਚ ਹਾਰੇ ਸਨ ਪਰ ਬਾਅਦ 'ਚ ਉਨ੍ਹਾਂ ਲਗਾਤਾਰ 3 ਜਿੱਤਾਂ ਹਾਸਲ ਕੀਤੀਆਂ। ਭਾਰਤ ਦੇ 8ਵੇਂ ਸਥਾਨ ਨੂੰ ਵੇਖਦਿਆਂ ਇਹ ਕਿਹਾ ਜਾ ਸਕਦਾ ਹੈ ਕਿ ਕੁੱਝ ਸੁਧਾਰ ਹੋਇਆ ਹੈ ਕਿਉਂਕਿ ਜਰਮਨੀ 'ਚ ਹੋਏ ਪਿਛਲੇ ਵਿਸ਼ਵ ਕੱਪ 'ਚ ਭਾਰਤ 11ਵੇਂ ਸਥਾਨ 'ਤੇ ਰਿਹਾ ਸੀ। ਭਾਰਤ ਨੇ ਪਹਿਲੇ ਮੈਚ ਵਿਚ ਪਾਕਿਸਤਾਨ ਨੂੰ ਹਰਾਇਆ ਸੀ ਅਤੇ ਉਸ ਤੋਂ ਬਾਅਦ ਉਹ ਚਾਰ ਮੈਚ ਹਾਰਿਆ ਅਤੇ ਇਕ ਡਰਾਅ ਖੇਡਿਆ।

## ਭਾਰਤੀ ਹਾਕੀ ਟੀਮ ਨੂੰ ਨਸੀਹਤ

**ਨਵੀਂ ਦਿੱਲੀ :** ਇਥੋਂ ਦੇ ਮੇਜਰ ਧਿਆਨ ਚੰਦ ਨੈਸ਼ਨਲ ਸਟੇਡੀਅਮ ਵਿਖੇ ਬੀਤੇ ਦਿਨੀਂ ਜਰਮਨੀ ਨੂੰ 2-1 ਨਾਲ ਹਰਾ ਕੇ ਵਿਸ਼ਵ ਕੱਪ ਹਾਕੀ ਜਿੱਤਣ ਵਾਲੀ ਆਸਟਰੇਲੀਆਈ ਟੀਮ ਦੇ ਕੋਚ ਰਿਕ ਚਾਰਲਜ਼ਵਰਥ ਨੇ ਭਾਰਤੀ ਟੀਮ ਨੂੰ 3 ਗੱਲਾਂ ਦਾ ਖ਼ਾਸ ਧਿਆਨ ਰੱਖਣ ਦੀ ਨਸੀਹਤ ਦਿੱਤੀ ਹੈ।

ਭਾਰਤੀ ਟੀਮ ਨਾਲ ਤਕਨੀਕੀ ਨਿਰਦੇਸ਼ਕ ਵਜੋਂ ਜੁੜੇ ਰਹੇ ਚਾਰਲਜ਼ਵਰਥ ਦਾ ਇਹ ਕਹਿਣਾ ਹੈ ਕਿ ਭਾਰਤੀ ਟੀਮ ਨੇ ਕੋਚ ਜੋਸ ਬਰਾਸਾ ਤਹਿਤ ਆਪਣੇ ਖੇਡਣ ਦੇ ਅੰਦਾਜ਼ ਨੂੰ ਸੁਧਾਰਿਆ ਤਾਂ ਜ਼ਰੂਰ ਹੈ, ਪਰ ਜੇਕਰ ਉਸ ਨੇ ਆਪਣਾ ਗੁਆਚਿਆ ਵੱਕਾਰ ਦੁਬਾਰਾ ਹਾਸਿਲ ਕਰਨਾ ਹੈ ਤਾਂ ਉਸ ਨੂੰ ਕੁਝ ਖ਼ਾਸ ਕਦਮ ਪੁੱਟਣੇ ਪੈਣਗੇ।

ਚਾਰਲਜ਼ਵਰਥ ਅਨੁਸਾਰ ਪਹਿਲੀ ਗੱਲ ਤਾਂ ਇਹ ਹੈ ਕਿ ਭਾਰਤੀ ਟੀਮ ਨੂੰ ਦੂਰ ਦੇ ਟੀਚੇ ਨੂੰ ਧਿਆਨ ਵਿਚ ਰੱਖਦੇ ਹੋਏ ਰਣਨੀਤੀ ਬਣਾਉਣੀ ਪਵੇਗੀ। ਦੂਜੀ ਗੱਲ ਇਹ ਕਿ ਇਸ ਟੀਮ ਨੂੰ ਵਧ ਤੋਂ ਵੱਧ ਕੌਮਾਂਤਰੀ ਮੈਚ ਖੇਡਣੇ ਪੈਣਗੇ, ਤਾਂ ਜੋ ਇਸ ਨੂੰ ਬਾਕੀ ਟੀਮਾਂ ਦੇ ਖੇਡਣ ਦਾ ਢੰਗ ਅਤੇ ਅੰਦਾਜ਼ ਪਤਾ ਚੱਲ ਸਕੇ।

ਤੀਸਰੀ ਗੱਲ ਇਹ ਹੈ ਕਿ ਚਾਰਲਜ਼ਵਰਥ ਮੁਤਾਬਿਕ ਭਾਰਤ ਕੋਲ ਵਸੀਲਿਆਂ ਦੀ ਕੋਈ ਕਮੀ ਨਹੀਂ ਹੈ, ਇਸ ਲਈ ਹਾਕੀ ਦੀ ਖੇਡ ਨੂੰ ਨਿੱਜੀ ਹੱਥਾਂ ਵਿਚ ਦੇ ਦਿੱਤਾ ਜਾਣਾ ਚਾਹੀਦਾ ਹੈ। ਚਾਰਲਜ਼ਵਰਥ ਨੇ ਇਹ ਵੀ ਕਿਹਾ ਹੈ ਕਿ ਭਾਰਤੀ ਟੀਮ ਵਿਚ ਕੁਝ ਬਹੁਤ ਚੰਗੇ ਖਿਡਾਰੀ ਹਨ ਪਰ ਉਨ੍ਹਾਂ ਨੂੰ ਆਪਣੀ ਰੱਖਿਆ ਰੇਖਾ ਮਜ਼ਬੂਤ ਬਣਾਉਣ ਦੀ ਲੋੜ ਹੈ। ਉਨ੍ਹਾਂ ਅਨੁਸਾਰ ਭਾਰਤੀ ਟੀਮ ਦੀ ਖੇਡ ਆਸਟਰੇਲੀਆ ਦੀ ਖੇਡ ਨਾਲ ਕਾਫੀ ਹੱਦ ਤੱਕ ਮਿਲਦੀ ਹੈ ਪਰ ਭਾਰਤੀ ਟੀਮ ਨੂੰ ਆਪਣਾ ਢਾਂਚਾ ਪੁਨਰ ਸੰਗਠਿਤ ਕਰਨ ਦੀ ਬੇਹੱਦ ਲੋੜ ਹੈ।

ਦੱਸਣਯੋਗ ਹੈ ਕਿ ਚਾਰਲਜ਼ਵਰਥ ਵਿਸ਼ਵ ਦੇ ਪਹਿਲੇ ਅਜਿਹੇ ਹਾਕੀ ਖਿਡਾਰੀ ਬਣ ਗਏ ਹਨ ਜਿਨ੍ਹਾਂ ਨੇ ਬਤੌਰ ਖਿਡਾਰੀ ਅਤੇ ਕੋਚ ਵਿਸ਼ਵ ਕੱਪ ਜਿੱਤਿਆ ਹੋਵੇ। ਇਸ ਤੋਂ ਪਹਿਲਾਂ 1986 ਵਿਚ ਲੰਡਨ ਵਿਖੇ ਖੇਡਿਆ ਗਿਆ ਵਿਸ਼ਵ ਕੱਪ ਆਸਟਰੇਲੀਆ ਨੇ ਉਨ੍ਹਾਂ ਦੀ ਹੀ ਕਪਤਾਨੀ ਵਿਚ ਆਪਣੇ ਨਾਂ ਕੀਤਾ ਸੀ।

# ਹੁਣ ਸਾਈਕਲਾਂ 'ਤੇ ਆਇਆ ਕਰਨਗੇ ਸੰਸਦ ਮੈਂਬਰ!

**ਨਵੀਂ ਦਿੱਲੀ :** ਗਲੋਬਲ ਵਾਰਮਿੰਗ ਨੂੰ ਘੱਟ ਕਰਨ ਅਤੇ ਤੇਲ ਦੀ ਬੱਚਤ 'ਚ ਆਪਣਾ ਯੋਗਦਾਨ ਪਾਉਣ ਅਧੀਨ ਕੁਝ ਸੰਸਦ ਮੈਂਬਰਾਂ ਨੇ ਸਾਈਕਲਾਂ 'ਤੇ ਸੰਸਦ ਭਵਨ ਤਕ ਆਉਣ ਲਈ ਲੋਕ ਸਭਾ ਦੀ ਸਪੀਕਰ ਮੀਰਾ ਕੁਮਾਰੀ ਕੋਲੋਂ ਆਗਿਆ ਮੰਗੀ ਹੈ ਜਿਸ 'ਤੇ ਗੰਭੀਰਤਾ ਨਾਲ ਵਿਚਾਰ ਹੋ ਰਿਹਾ ਹੈ। ਸੰਸਦ 'ਤੇ ਅੱਤਵਾਦੀ ਹਮਲੇ ਤੋਂ ਬਾਅਦ ਸੁਰੱਖਿਆ ਕਾਰਨਾਂ ਕਰਕੇ ਸੰਸਦ ਮੈਂਬਰਾਂ 'ਤੇ ਸਾਈਕਲਾਂ 'ਤੇ ਸੰਸਦ ਭਵਨ ਤਕ ਆਉਣ 'ਤੇ ਰੋਕ ਲਗਾ ਦਿੱਤੀ ਗਈ ਸੀ। ਪਿਛਲੇ ਦਿਨੀਂ ਮੀਰਾ ਕੁਮਾਰੀ ਦੀ ਪ੍ਰਧਾਨਗੀ ਹੇਠ ਹੋਈ ਸੰਸਦ ਦੀ ਪੌਣਪਾਣੀ ਦੀ ਤਬਦੀਲੀ ਅਤੇ ਚੌਗਿਰਦੇ ਦੀ ਸੁਰੱਖਿਆ ਦੀ ਫੋਰਮ ਦੀ ਇਕ ਅਹਿਮ ਬੈਠਕ 'ਚ ਉੜੀਸਾ ਦੇ ਕਟਕ ਤੋਂ ਬੀਜੂ ਜਨਤਾ ਦਲ ਦੇ ਐਮ. ਪੀ. ਸ੍ਰੀ ਭਿਰਤੂਹਰੀ ਨੇ ਪੌਣ-ਪਾਣੀ ਦੀ ਤਬਦੀਲੀ ਕਰਨ ਬਾਰੇ ਆਪਣੀ ਚਿੰਤਾ ਦਾ ਜ਼ਿਕਰ ਕਰਦੇ ਹੋਏ ਸਾਈਕਲ ਰਾਹੀਂ ਸੰਸਦ ਭਵਨ ਆਉਣ ਦੀ ਆਗਿਆ ਮੰਗੀ ਸੀ। ਉਨ੍ਹਾਂ ਸੰਸਦ ਭਵਨ 'ਚ ਸਾਈਕਲ ਸਟੈਂਡ ਬਣਾਉਣ ਦਾ ਵੀ ਸੁਝਾਅ ਦਿੱਤਾ ਹੈ। ਮੀਰਾ ਕੁਮਾਰੀ ਨੇ ਇਸ ਸੁਝਾਅ ਦੀ ਸ਼ਲਾਘਾ ਕੀਤੀ ਅਤੇ ਇਸ ਉਪਰ ਗੰਭੀਰਤਾ ਨਾਲ ਵਿਚਾਰ ਦਾ ਭਰੋਸਾ ਦਿਵਾਇਆ।

ਸੰਸਦ ਮੈਂਬਰਾਂ ਦੀ ਸੁਰੱਖਿਆ ਨੂੰ ਮੁੱਖ ਰੱਖਦਿਆਂ ਇਹ ਨਵੀਂ ਯੋਜਨਾ ਕਿੰਨੇ ਕੁ ਅਮਲੀ ਸਾਬਤ ਹੋਵੇਗੀ, ਇਸ ਬਾਰੇ ਸਵਾਲ ਕੀਤੇ ਜਾਣ 'ਤੇ ਸੰਸਦ ਭਵਨ ਦੀ ਸੁਰੱਖਿਆ ਨਾਲ ਜੁੜੇ ਹੋਏ ਸੂਤਰਾਂ ਨੇ ਕਿਹਾ ਕਿ ਤਜਰਬੇ ਦੇ ਆਧਾਰ 'ਤੇ ਇਸ ਨੂੰ ਪ੍ਰਵਾਨਗੀ ਦਿੱਤੀ ਜਾ ਸਕਦੀ ਹੈ। ਇਕ ਚੋਟੀ ਦੇ ਸੁਰੱਖਿਆ ਅਧਿਕਾਰੀ ਨੇ ਕਿਹਾ ਕਿ ਸੰਸਦ ਮੈਂਬਰਾਂ ਦੀ ਸੁਰੱਖਿਆ ਸਭ ਤੋਂ ਉਪਰ ਹੈ। ਸ਼ੁਰੂ 'ਚ ਕੁਝ ਇਕ ਇੱਛੁਕ ਸੰਸਦ ਮੈਂਬਰਾਂ ਨੂੰ ਹੀ ਸਾਈਕਲ 'ਤੇ ਸੰਸਦ ਭਵਨ ਆਉਣ ਦੀ ਆਗਿਆ ਦਿੱਤੀ ਜਾ ਸਕਦੀ ਹੈ ਪਰ ਪ੍ਰਵਾਨਗੀ ਦੇਣ ਤੋਂ ਪਹਿਲਾਂ ਕਾਰ ਜਾਂ ਮੋਟਰ ਗੱਡੀ ਦੀ ਰੇਡੀਓ ਫ੍ਰੀਕਿਊਐਂਸੀ ਵਰਗੀ ਲੇਬਲਿੰਗ ਵਾਂਗ ਸਾਈਕਲ ਦੀ ਲੇਬਲਿੰਗ ਕਰਨ ਵਰਗੀਆਂ ਗੱਲਾਂ ਵਲ ਵੀ ਧਿਆਨ ਦੇਣਾ ਹੋਵੇਗਾ।

ਇਹ ਪੁੱਛੇ ਜਾਣ 'ਤੇ ਕਿ ਉਨ੍ਹਾਂ ਦੇ ਦਿਮਾਗ 'ਚ ਇਹ ਗੱਲ ਕਿਉਂ ਆਈ ਹੈ ਤਾਂ ਉਕਤ ਐਮ. ਪੀ. ਨੇ ਕਿਹਾ ਕਿ ਮੇਰਾ ਇਹ ਸੁਝਾਅ ਸੀ ਕਿ ਪੌਣ-ਪਾਣੀ ਦੀ ਤਬਦੀਲੀ ਬਾਰੇ ਦੂਜਿਆਂ ਨੂੰ ਸਿੱਖਿਆ ਦੇਣ ਤੋਂ ਪਹਿਲਾਂ ਜ਼ਰੂਰੀ ਹੈ ਕਿ ਅਸੀਂ ਖੁਦ ਉਸ 'ਤੇ ਅਮਲ ਕਰੀਏ। ਜੇ. ਐਮ. ਪੀ. ਸਾਈਕਲ 'ਤੇ ਆਉਣਗੇ ਤਾਂ ਲੋਕਾਂ 'ਚ ਚੰਗਾ ਸੰਦੇਸ਼ ਜਾਏਗਾ। ਇਕ ਜ਼ਮਾਨਾ ਸੀ ਜਦੋਂ ਸ੍ਰੀ ਅਟਲ ਬਿਹਾਰੀ ਵਾਜਪਾਈ ਵੀ ਸਾਈਕਲ 'ਤੇ ਸੰਸਦ ਭਵਨ ਆਉਂਦੇ ਸਨ। ਅੱਤਵਾਦੀ ਹਮਲੇ ਤੋਂ ਪਹਿਲਾਂ ਕਈ ਸੰਸਦ ਮੈਂਬਰ ਸਾਈਕਲਾਂ 'ਤੇ ਆਉਂਦੇ ਸਨ। ਉਨ੍ਹਾਂ ਕਿਹਾ ਕਿ ਮੇਰੇ ਘਰ 'ਚ ਸਾਈਕਲ ਹੈ ਅਤੇ ਮੈਂ ਅਕਸਰ ਉਸ ਨੂੰ ਚਲਾਉਂਦਾ ਰਹਿੰਦਾ ਹਾਂ। ਜਦੋਂ ਵੀ ਮੈਨੂੰ ਛੋਟਾ-ਮੋਟਾ ਸਾਮਾਨ ਲੈਣ ਲਈ ਕਿਸੇ ਦੁਕਾਨ 'ਤੇ ਜਾਣਾ ਪੈਂਦਾ ਹੈ ਤਾਂ ਮੈਂ ਸਾਈਕਲ 'ਤੇ ਜਾਂਦਾ ਹਾਂ।

## ਸਪਾ ਦੇ 4 ਮੈਂਬਰਾਂ ਦੀ ਰਾਜ ਸਭਾ ਤੋਂ ਮੁਅੱਤਲੀ ਵਾਪਸ

**ਨਵੀਂ ਦਿੱਲੀ:** ਰਾਜ ਸਭਾ ਵਿਚ ਬੀਤੇ ਹਫਤੇ ਮਹਿਲਾ ਰਿਜ਼ਰਵੇਸ਼ਨ ਬਿੱਲ ਦੇ ਵਿਰੋਧ ਦੌਰਾਨ ਹਾਉਸ ਵਿਚ ਹੰਗਾਮਾ ਕਰਨ ਅਤੇ ਕਾਰਵਾਈ 'ਚ ਰੁਕਾਵਟ ਪਾਉਣ ਦੇ ਦੋਸ਼ ਹੇਠ ਮੁਅੱਤਲ ਸਪਾ ਦੇ 4 ਮੈਂਬਰਾਂ ਦੀ ਮੁਅੱਤਲੀ 15 ਮਾਰਚ ਨੂੰ ਵਾਪਸ ਲੈ ਲਈ ਗਈ। ਸੰਸਦੀ ਮਾਮਲਿਆਂ ਬਾਰੇ ਮੰਤਰੀ ਪਵਨ ਕੁਮਾਰ ਬਾਂਸਲ ਨੇ ਪ੍ਰਸ਼ਨਕਾਲ ਖ਼ਤਮ ਹੋਣ ਪਿਛੋਂ ਸਪਾ ਦੇ ਕਮਾਲ ਅਖ਼ਤਰ, ਵੀਰਪਾਲ ਸਿੰਘ, ਨੰਦ ਕਿਸ਼ੋਰ ਯਾਦਵ ਅਤੇ ਆਮਿਰ ਆਲਮ ਖਾਨ ਦੀ ਮੁਅੱਤਲੀ ਵਾਪਸ ਲੈਣ ਦਾ ਇਕ ਪ੍ਰਸਤਾਵ ਪੇਸ਼ ਕੀਤਾ, ਜਿਸ ਨੂੰ ਹਾਉਸ ਨੇ ਸਰਬਸੰਮਤੀ ਨਾਲ ਪ੍ਰਵਾਨ ਕਰ ਲਿਆ। 9 ਮਾਰਚ ਨੂੰ ਇਨ੍ਹਾਂ 4 ਮੈਂਬਰਾਂ ਸਮੇਤ 7 ਮੈਂਬਰਾਂ ਨੂੰ ਹਾਊਸ ਦੀ ਕਾਰਵਾਈ ਵਿਚ ਰੁਕਾਵਟ ਪਾਉਣ ਦੇ ਦੋਸ਼ ਹੇਠ ਬਜਟ ਸਮਾਗਮ ਦੇ ਬਾਕੀ ਰਹਿੰਦੇ ਹਿੱਸੇ ਲਈ ਮੁਅੱਤਲ ਕਰ ਦਿੱਤਾ ਗਿਆ ਸੀ। ਹਾਊਸ ਤੋਂ ਮੁਅੱਤਲੀ ਪਿਛੋਂ ਉਕਤ ਮੈਂਬਰ ਹਾਉਸ ਦੀ ਕਾਰਵਾਈ ਵਿਚ ਹਿੱਸਾ ਨਹੀਂ ਲੈ ਰਹੇ ਸਨ। ਅਜੇ ਵੀ 3 ਮੈਂਬਰ ਮੁਅੱਤਲ ਹਨ, ਇਨ੍ਹਾਂ ਵਿਚ ਜਨਤਾ ਦਲ ਯੂ ਤੋਂ ਮੁਅੱਤਲ ਇਜਾਜ਼ ਅਲੀ, ਲੋਜਪਾ ਦੇ ਸਾਬਰ ਅਲੀ ਅਤੇ ਰਾਜਦ ਦੇ ਸੁਭਾਸ਼ ਯਾਦਵ ਸ਼ਾਮਲ ਹਨ।

# ਮਾਇਆ ਤੇ ਮੁਲਾਇਮ ਰਾਖਵਾਂਕਰਨ ਦੇ ਵਿਰੋਧ ਵਿਚ

**ਲਖਨਊ:** ਬਹੁਜਨ ਸਮਾਜ ਪਾਰਟੀ ਦੀ ਸੁਪਰੀਮੋ ਅਤੇ ਉੱਤਰ ਪ੍ਰਦੇਸ਼ ਦੀ ਮੁੱਖ ਮੰਤਰੀ ਨੇ ਕਾਂਗਰਸ ਨੂੰ ਦਲਿਤ ਵਿਰੋਧੀ ਕਰਾਰ ਦਿੰਦੇ ਹੋਏ ਬੀਤੀ 15 ਮਾਰਚ ਨੂੰ ਇਥੇ ਐਲਾਨ ਕੀਤਾ ਕਿ ਮਹਿਲਾ ਰਾਖਵਾਂਕਰਨ ਬਿਲ ਦੇ ਵਿਰੋਧ ਵਿਚ ਡਾ. ਭੀਮ ਰਾਓ ਅੰਬੇਦਕਰ ਦੀ ਬਰਸੀ ਮੌਕੇ 14 ਅਪ੍ਰੈਲ ਨੂੰ ਬਸਪਾ ਪੂਰੇ ਦੇਸ਼ ਵਿਚ ਮੁਜ਼ਾਹਰੇ ਕਰੇਗੀ। ਬਸਪਾ ਦੇ ਸੰਸਥਾਪਕ ਕਾਂਸ਼ੀ ਰਾਮ ਦੇ ਜਨਮ ਦਿਨ ਅਤੇ ਬਸਪਾ ਦੀ 25ਵੀਂ ਵਰ੍ਹੇਗੰਢ ਮੌਕੇ ਆਯੋਜਤ ਮਹਾ ਰੈਲੀ ਨੂੰ ਸੰਬੋਧਨ ਕਰਦੇ ਹੋਏ ਮਾਇਆਵਤੀ ਨੇ ਕਾਂਗਰਸ ਅਤੇ ਭਾਜਪਾ ਸਣੇ ਸਾਰੀਆਂ ਵਿਰੋਧੀ ਪਾਰਟੀਆਂ ਨੂੰ ਕਰੜੇ ਹੱਥੀਂ ਲੈਂਦਿਆਂ ਕਿਹਾ ਕਿ ਇਨ੍ਹਾਂ ਨੇ ਦਲਿਤਾਂ ਨੂੰ ਬਰਾਬਰ ਦੇ ਹੱਕ ਦਿਤੇ ਜਾਣ ਦਾ ਵਿਰੋਧ ਹੀ ਨਹੀਂ ਕੀਤਾ ਸਗੋਂ ਕਈ ਤਰ੍ਹਾਂ ਦੇ ਅੜਿੱਕੇ ਖੜੇ ਕਰਦੇ ਰਹੇ ਜੋ ਅੱਜ ਤਕ ਜਾਰੀ ਹਨ।

ਵਿਰੋਧੀ ਪਾਰਟੀਆਂ ਦੇ ਨਾਲ ਹੀ ਮਾਇਆਵਤੀ ਨੇ ਬਾਬਾ ਰਾਮਦੇਵ ਸਣੇ ਕਈ ਹੋਰਨਾਂ ਸਾਧਾਂ ਨੂੰ ਵੀ ਨਿਸ਼ਾਨਾ ਬਣਾਇਆ। ਉਨ੍ਹਾਂ ਅਪਣੇ ਪਾਰਟੀ ਵਰਕਰਾਂ ਨੂੰ ਚੌਕਸ ਕੀਤਾ ਕਿ ਉਹ ਅਜਿਹੇ ਅਖੌਤੀ ਬਾਬਿਆਂ ਦੇ ਚੁੰਗਲ ਵਿਚ ਨਾ ਫਸਣ। ਬਾਬਾ ਰਾਮਦੇਵ ਵਲੋਂ ਸਿਆਸੀ ਪਾਰਟੀ ਬਣਾਉਣ 'ਤੇ ਤਿੱਖਾ ਵਿਅੰਗ ਕਰਦਿਆਂ ਉਨ੍ਹਾਂ ਕਿਹਾ, ''ਕੁੱਝ ਬਾਬੇ ਅਪਣੇ ਚੇਲਿਆਂ ਦੀ ਮਦਦ ਨਾਲ ਪਾਰਟੀਆਂ ਬਣਾਉਣ ਅਤੇ ਚੋਣਾਂ ਲੜਨ ਬਾਰੇ ਵਿਚਾਰ ਕਰ ਰਹੇ ਹਨ। ਲੋਕਾਂ ਨੂੰ ਯੋਗਾ ਅਤੇ ਹੋਰ ਗੱਲਾਂ ਦੱਸ ਕੇ ਉਹ ਸਿਰਫ਼ ਪੈਸੇ ਕਮਾਉਣ ਵਿਚ ਲੱਗੇ ਹੋਏ ਹਨ। ਰਾਜ ਸਭਾ ਵਿਚ ਪਾਸ ਕੀਤੇ ਗਏ ਮਹਿਲਾ ਰਾਖਵਾਂਕਰਨ ਬਿਲ ਦਾ ਵਿਰੋਧ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਵਿਚੋਂ ਵੀ ਦਲਿਤ, ਗਰੀਬ ਅਤੇ ਪਛੜੇ ਲੋਕਾਂ ਦੇ ਵਿਰੋਧ ਦੀ ਦੁਰਗੰਧ ਆ ਰਹੀ ਹੈ। ਪ੍ਰਸਤਾਵਤ 33ਵੀਂ ਫ਼ੀ ਸਦੀ ਰਾਖਵੇਂਕਰਨ ਵਿਚ ਅਨੁਸੂਚਿਤ ਜਾਤਾਂ ਅਤੇ ਜਨ ਜਾਤਾਂ ਦੀਆਂ ਔਰਤਾਂ ਲਈ ਵਖਰਾ ਕੋਟਾ ਨਿਰਧਾਰਤ ਨਹੀਂ ਕੀਤਾ ਗਿਆ। ਬਸਪਾ ਇਸ ਬਿਲ



ਦਾ ਖੁਲ੍ਹ ਕੇ ਵਿਰੋਧ ਕਰੇਗੀ। ਕਾਂਗਰਸ ਦੇ ਮਹਿਲਾ ਅਤੇ ਦਲਿਤਾਂ ਪ੍ਰਤੀ ਪਿਆਰ ਦਾ ਮਜ਼ਾਕ ਉਡਾਉਂਦਿਆਂ ਮਾਇਆਵਤੀ ਨੇ ਕਿਹਾ ਕਿ ਅਸੀਂ ਦਲਿਤਾਂ ਤੋਂ ਇਲਾਵਾ ਪਛੜੇ ਵਰਗਾਂ ਅਤੇ ਉਚ ਜਾਤੀ ਦੀਆਂ ਗ਼ਰੀਬ ਔਰਤਾਂ ਲਈ ਵੀ ਰਾਖਵੇਂਕਰਨ ਦੀ ਮੰਗ ਕੀਤੀ ਸੀ ਪਰ ਕੇਂਦਰ ਨੇ ਇਸ ਨੂੰ ਬਿਲ ਵਿਚ ਸ਼ਾਮਲ ਨਹੀਂ ਕੀਤਾ। ਅਸਲੀਅਤ ਇਹ ਹੈ ਕਿ ਸਮਾਜ ਦੇ ਦਬੇ ਕੁਚਲੇ ਵਰਗਾਂ ਨੂੰ ਜਿਹੜੇ ਅਧਿਕਾਰ ਮਿਲੇ ਹਨ, ਉਹ ਕਾਂਗਰਸ, ਰਾਜੀਵ ਗਾਂਧੀ, ਸੋਨੀਆ ਗਾਂਧੀ ਜਾਂ ਕਿਸੇ ਹੋਰ ਪਾਰਟੀ ਨੇ ਨਹੀਂ ਦਿਤੇ ਸਗੋਂ ਇਨ੍ਹਾਂ ਦਾ ਸਿਹਰਾ ਡਾ. ਭੀਮ ਰਾਓ ਅੰਬੇਦਕਰ ਨੂੰ ਜਾਂਦਾ ਹੈ ਜਿਨ੍ਹਾਂ ਨੇ ਵਿਧਾਨ ਵਿਚ ਸਾਰੇ ਵਰਗਾਂ ਦੇ ਅਧਿਕਾਰਾਂ ਨੂੰ ਸੁਰੱਖਿਅਤ ਕੀਤਾ। ਮਾਇਆਵਤੀ ਨੇ ਰਾਹੁਲ ਗਾਂਧੀ ਦਾ ਨਾਂ ਲਏ ਬਗ਼ੈਰ ਕਿਹਾ ਕਿ ਕਾਂਗਰਸੀ ਅਤੇ ਚਾਚੇ-ਭਤੀਜੇ ਦਲਿਤਾਂ ਦੇ ਘਰ ਜਾ ਕੇ ਰੋਟੀ ਖਾਣ ਦਾ ਢੌਂਗ ਰਚਦੇ ਹਨ ਪਰ ਇਨ੍ਹਾਂ ਦੇ ਹੱਕਾਂ ਦੀ ਕਾਂਗਰਸ ਨੂੰ ਕਦੇ ਚਿੰਤਾ ਨਹੀਂ ਰਹੀ। ਮਹਿਲਾ ਰਾਖਵਾਂਕਰਨ ਬਿਲ ਤੋਂ ਕਾਂਗਰਸ ਦਾ ਪਰਦਾਫਾਸ਼ ਹੋ ਗਿਆ ਹੈ। ਬਸਪਾ ਦੇ ਚੋਣ ਨਿਸ਼ਾਨ ਹਾਥੀ ਨੂੰ ਜ਼ਬਤ ਕਰਨ ਦੀ ਮੰਗ ਕਰਨ ਵਾਲੀਆਂ ਪਟੀਸ਼ਨਾਂ ਲਈ ਵਿਰੋਧੀ ਪਾਰਟੀਆਂ ਨੂੰ ਕਰੜੇ ਹੱਥੀਂ ਲੈਂਦਿਆਂ ਮਾਇਆਵਤੀ ਨੇ ਆਖਿਆ ਕਿ ਸਪਾ ਦੇ ਚੋਣ ਨਿਸ਼ਾਨ ਸਾਈਕਲ ਅਤੇ ਕਾਂਗਰਸ ਦੇ ਹੱਥ ਨੂੰ ਵੀ ਜ਼ਬਤ ਕੀਤਾ ਜਾਣਾ ਚਾਹੀਦਾ ਹੈ। ਲਖਨਊ ਦੇ ਪਾਰਕਾਂ ਵਿਚ ਹਾਥੀਆਂ ਦੀਆਂ ਮੂਰਤੀਆਂ ਨੂੰ ਬਸਪਾ ਦਾ ਚੋਣ ਨਿਸ਼ਾਨ ਦੱਸ ਕੇ ਇਨ੍ਹਾਂ ਨੂੰ ਜ਼ਬਤ ਕੀਤੇ ਜਾਣ ਦੀ ਵਿਰੋਧੀ ਪਾਰਟੀਆਂ ਦੀ ਮੰਗ ਨੂੰ ਬਚਕਾਨੀ ਹਰਕਤ ਕਰਾਰ ਦਿੰਦਿਆਂ ਉਨ੍ਹਾਂ ਕਿਹਾ ਕਿ ਪਾਰਕਾਂ ਵਿਚ ਲੱਗੇ ਹਾਥੀ ਦੀ ਸੁੰਡ ਸਵਾਗਤ ਕਰਨ ਲਈ ਉਪਰ ਵਲ ਹੈ ਜਦਕਿ ਚੋਣ ਨਿਸ਼ਾਨ ਵਿਚ ਸੁੰਡ ਹੇਠਾਂ ਵਲ ਹੈ।

ਇਸ ਦੌਰਾਨ ਮਹਿਲਾ ਰਾਖਵਾਂਕਰਨ ਬਿਲ ਨੂੰ ਇਕ ਕੌਮਾਂਤਰੀ ਸਾਜ਼ਸ਼ ਕਰਾਰ ਦਿੰਦਿਆਂ ਸਮਾਜਵਾਦੀ ਪਾਰਟੀ ਦੇ ਪ੍ਰਧਾਨ ਮੁਲਾਇਮ ਸਿੰਘ ਯਾਦਵ ਨੇ ਲੰਘੀ 14 ਮਾਰਚ ਨੂੰ ਕਿਹਾ ਕਿ ਇਹ ਭਾਰਤੀ ਲੋਕਤੰਤਰ ਨੂੰ ਤਬਾਹ ਕਰਨ ਦੀ ਸੋਚੀ ਸਮਝੀ ਸਾਜ਼ਸ਼ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਯੂ.ਪੀ.ਏ. ਸਰਕਾਰ ਇਸ ਕੌਮਾਂਤਰੀ ਸਾਜ਼ਸ਼ ਦਾ ਇਕ ਹਿੱਸਾ ਹੈ। ਮੁਲਾਇਮ ਸਿੰਘ ਨੇ ਖ਼ਦਸ਼ਾ ਪ੍ਰਗਟਾਇਆ ਕਿ ਪੁਰਸ਼ਾਂ ਖ਼ਾਸ ਤੌਰ 'ਤੇ ਮੁਸਲਮਾਨਾਂ ਨੂੰ ਚੋਣ ਪ੍ਰਕਿਰਿਆ ਤੋਂ ਦੂਰ ਰਖਣ ਦਾ ਯਤਨ ਕਾਂਗਰਸ ਦੀ ਅਗਵਾਈ ਵਾਲੀ ਯੂ.ਪੀ.ਏ. ਸਰਕਾਰ ਦੀ ਸਾਜ਼ਸ਼ ਦਾ ਹਿੱਸਾ ਹੈ। ਅਸੀਂ ਬਿਲ ਦੀਆਂ ਵਿਵਸਥਾਵਾਂ ਦਾ ਤਿੱਖਾ ਵਿਰੋਧ ਕਰਦੇ ਹਾਂ। ਜੇ ਇਹ ਬਿਲ ਪਾਸ ਹੋ ਗਿਆ ਤਾਂ ਤਿੰਨ ਆਮ ਚੋਣਾਂ ਤੋਂ ਬਾਅਦ ਸੰਸਦ ਜਾਂ ਵਿਧਾਨ ਸਭਾਵਾਂ 'ਚ ਪੁਰਸ਼ ਗਾਇਬ ਹੋ ਜਾਣਗੇ।

ਕਿਉਂਕਿ ਔਰਤਾਂ ਲਈ ਰਿਜ਼ਰਵੇਸ਼ਨ ਬਿਲ ਦਾ ਲਾਹਾ ਕਾਂਗਰਸ ਪਾਰਟੀ ਖੱਟ ਰਹੀ ਹੈ ਇਸ ਲਈ ਭਾਜਪਾ ਬਿਲ ਦੇ ਹੱਕ ਵਿਚ ਹੋਣ ਦੇ ਬਾਵਜੂਦ ਕਈ ਖੇਖਨ ਕਰ ਰਹੀ ਹੈ। ਭਾਜਪਾ ਦਾ ਆਖਣਾ ਹੈ ਕਿ ਇਹ ਬਿਲ ਉਸ ਨੂੰ ਮੌਜੂਦਾ ਰੂਪ ਵਿਚ ਮਨਜ਼ੂਰ ਨਹੀਂ ਹੈ।

## 84 ਮਾਮਲੇ 'ਚ ਸੱਜਣ ਕੁਮਾਰ ਨੂੰ ਜ਼ਮਾਨਤ



**ਨਵੀਂ ਦਿੱਲੀ :** ਸਿੱਖ ਵਿਰੋਧੀ ਦੰਗਿਆਂ 'ਚ ਕਥਿਤ ਭੂਮਿਕਾ ਨਿਭਾਉਣ ਦੇ ਮਾਮਲੇ 'ਚ ਕਾਂਗਰਸੀ ਆਗੂ ਸੱਜਣ ਕੁਮਾਰ 10 ਮਾਰਚ ਨੂੰ ਦਿੱਲੀ ਦੀ ਇੱਕ ਅਦਾਲਤ ਸਾਹਮਣੇ ਪੇਸ਼ ਹੋਏ, ਜਿੱਥੇ ਉਨ੍ਹਾਂ ਨੂੰ ਜ਼ਮਾਨਤ ਮਿਲ ਗਈ। ਵਧੀਕ ਮੈਟਰੋਪੋਲੀਟਨ ਮੈਜਿਸਟਰੇਟ ਲੋਕੇਸ਼ ਕੁਮਾਰ ਸ਼ਰਮਾ ਨੇ ਬਾਹਰੀ ਦਿੱਲੀ ਸੰਸਦੀ ਖੇਤਰ ਤੋਂ ਸਾਂਸਦ ਰਹਿ ਚੁੱਕੇ ਸੱਜਣ ਕੁਮਾਰ ਨੂੰ 50 ਹਜ਼ਾਰ ਰੁਪਏ ਦੇ ਨਿੱਜੀ ਮੁਚੱਲਕੇ ਅਤੇ ਇੰਨੀ ਜ਼ਮਾਨਤ ਰਾਸ਼ੀ ਜਮ੍ਹਾਂ ਕਰਵਾਉਣ 'ਤੇ ਜ਼ਮਾਨਤ ਦੇ ਦਿੱਤੀ। ਜ਼ਿਕਰਯੋਗ ਹੈ ਕਿ ਸੱਜਣ ਕੁਮਾਰ ਤੋਂ ਇਲਾਵਾ ਸਿੱਖ ਵਿਰੋਧੀ ਦੰਗਿਆਂ 'ਚ ਕਥਿਤ ਭੂਮਿਕਾ ਨਿਭਾਉਣ ਦੇ ਮਾਮਲੇ 'ਚ ਸੱਤ ਹੋਰ ਦੋਸ਼ੀ ਵੀ ਜ਼ਮਾਨਤ ਲਈ ਅਦਾਲਤ ਦੇ ਸਾਹਮਣੇ ਪੇਸ਼ ਹੋਏ ਅਤੇ ਉਨ੍ਹਾਂ ਨੂੰ ਵੀ ਜ਼ਮਾਨਤ ਦੇ ਦਿੱਤੀ ਗਈ। ਦੱਸਣਾ ਬਣਦਾ ਹੈ ਕਿ ਸੱਜਣ ਕੁਮਾਰ ਨੇ ਗੈਰ-ਜ਼ਮਾਨਤੀ ਵਾਰੰਟ ਜਾਰੀ ਹੋਣ ਤੋਂ ਬਾਅਦ ਬੀਤੀ 26 ਫਰਵਰੀ ਨੂੰ ਦਿੱਲੀ ਹਾਈਕੋਰਟ ਤੋਂ ਅਗਾਊਂ ਜ਼ਮਾਨਤ ਲੈ ਲਈ ਸੀ। ਅਦਾਲਤ ਨੇ ਇਸ ਮਾਮਲੇ ਦੀ ਅਗਲੀ ਸੁਣਵਾਈ ਲਈ 20 ਮਾਰਚ 'ਤੇ ਪਾਈ ਹੈ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਸਿੱਖ ਵਿਰੋਧੀ ਦੰਗਿਆਂ ਦਾ ਸਹਿ ਦੋਸ਼ੀ ਗਿਰਧਾਰੀ ਲਾਲ ਇਸ ਸਮੇਂ ਨਿਆਂਇਕ ਹਿਰਾਸਤ 'ਚ ਹੈ, ਜਦਕਿ ਕੁਸ਼ਲ ਸਿੰਘ ਅਦਾਲਤ 'ਚ ਹਾਜ਼ਰ ਨਹੀਂ ਹੋਏ।ਇਸੇ ਦੌਰਾਨ ਸੈਂਕੜੇ ਸਿੱਖ ਭਾਈਚਾਰੇ ਦੇ ਲੋਕਾਂ ਨੇ ਕੜਕੜਡੂਮਾ ਦੀ ਅਦਾਲਤ ਦੇ ਬਾਹਰ ਇਕੱਠੇ ਹੋ ਕੇ ਰੋਸ ਪ੍ਰਦਰਸ਼ਨ ਕਰਦਿਆਂ ਦੰਗਿਆਂ ਦੇ ਦੋਸ਼ੀਆਂ ਖਿਲਾਫ਼ ਕਾਰਵਾਈ ਕਰਨ ਦੀ ਮੰਗ ਕੀਤੀ। ਜ਼ਿਕਰਯੋਗ ਹੈ ਕਿ ਅਦਾਲਤ ਨੇ ਸੱਜਣ ਕੁਮਾਰ ਅਤੇ 11 ਹੋਰ ਦੋਸ਼ੀਆਂ ਵਲੋਂ ਅਦਾਲਤ 'ਚ ਪੇਸ਼ ਨਾ ਹੋਣ ਤੋਂ ਬਾਅਦ 23 ਫਰਵਰੀ ਨੂੰ ਉਨ੍ਹਾਂ ਖਿਲਾਫ ਗੈਰ-ਜ਼ਮਾਨਤੀ ਵਾਰੰਟ ਜਾਰੀ ਕਰ ਦਿੱਤੇ ਸਨ। ਇਨ੍ਹਾਂ 12 ਦੋਸ਼ੀਆਂ 'ਚੋਂ ਗਿਰਧਾਰੀ ਲਾਲ ਸੀ ਬੀ ਆਈ ਵਲੋਂ ਗ੍ਰਿਫ਼ਤਾਰ ਕਰ ਲਏ ਜਾਣ ਤੋਂ ਬਾਅਦ ਅਦਾਲਤ ਨੇ ਉਸ ਨੂੰ 9 ਮਾਰਚ ਤੱਕ ਨਿਆਂਇਕ ਹਿਰਾਸਤ 'ਚ ਭੇਜ ਦਿੱਤਾ ਸੀ। ਦੱਸਣਾ ਬਣਦਾ ਹੈ ਕਿ ਸੀਬੀਆਈ ਨੇ 13 ਜਨਵਰੀ ਨੂੰ ਦੋ ਵੱਖ-ਵੱਖ ਮਾਮਲਿਆਂ 'ਚ ਸੱਜਣ ਕੁਮਾਰ 'ਤੇ ਕਥਿਤ ਤੌਰ 'ਤੇ ਭੜਕਾਊ ਭਾਸ਼ਣ ਦੇਣ ਲਈ ਦਿੱਲੀ ਦੀ ਇੱਕ ਅਦਾਲਤ 'ਚ ਦੋਸ਼ ਪੱਤਰ ਦਾਖ਼ਲ ਕੀਤਾ ਸੀ। ਭੜਕਾਊ ਭਾਸ਼ਣ ਕਾਰਨ ਦੰਗਾਕਾਰੀਆਂ ਨੇ ਕਥਿਤ ਰੂਪ 'ਚ 12 ਵਿਅਕਤੀਆਂ ਦੀ ਹੱਤਿਆ ਕਰ ਦਿੱਤੀ ਸੀ। ਇਸ ਮਾਮਲੇ 'ਚ ਨਾਨਾਵਤੀ ਕਮਿਸ਼ਨ ਦੀਆਂ ਸਿਫਾਰਸ਼ਾਂ ਤੋਂ ਬਾਅਦ ਸੀਬੀਆਈ ਨੇ ਜਾਂਚ ਕਰਕੇ ਦੋ ਦੋਸ਼ ਪੱਤਰ ਦਾਖਲ ਕੀਤੇ ਸਨ। ਸੁਲਤਾਨਪੁਰੀ ਅਤੇ ਦਿੱਲੀ ਕੈਂਟ ਪੁਲਿਸ ਥਾਣੇ 'ਚ ਸੱਜਣ ਕੁਮਾਰ ਤੇ ਹੋਰ ਲੋਕਾਂ ਖਿਲਾਫ਼ 1984 'ਚ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਹੋਏ ਦੰਗਿਆਂ ਦੌਰਾਨ 12 ਵਿਅਕਤੀਆਂ ਦੀ ਹੱਤਿਆ ਦਾ ਮਾਮਲਾ ਦਰਜ ਕੀਤਾ ਗਿਆ ਸੀ।

## ਐਸ ਪੀ ਐਸ ਰਾਠੌਰ ਮਾਮਲੇ ਦੀ ਸੁਣਵਾਈ 15 ਨੂੰ

**ਚੰਡੀਗੜ੍ਹ :** ਰੁਚਿਕਾ ਛੇੜਛਾੜ ਮਾਮਲੇ 'ਚ ਹਰਿਆਣਾ ਦੇ ਸਾਬਕਾ ਡੀਜੀਪੀ ਐਸ ਪੀ ਐਸ ਰਾਠੌਰ ਦੇ ਮਾਮਲੇ ਦੀ ਸੁਣਵਾਈ ਜੋ ਕਿ10 ਮਾਰਚ ਨੂੰ ਹੋਣੀ ਸੀ ਜ਼ਿਲ੍ਹਾ ਅਦਾਲਤ ਨੇ 15 ਅਪ੍ਰੈਲ ਤੱਕ ਟਾਲ ਦਿੱਤੀ ਹੈ। ਰਾਠੌਰ ਆਪਣੀ ਵਕੀਲ ਪਤਨੀ ਆਭਾ ਰਾਠੌਰ ਤੇ ਇਕ ਹੋਰ ਵਕੀਲ ਹਰਿਆਣਾ ਪੁਲਿਸ ਦੀ ਸੁਰੱਖਿਆ ਹੇਠ ਐਡੀਸ਼ਨਲ ਜ਼ਿਲ੍ਹਾ ਅਤੇ ਸੈਸ਼ਨ ਜੱਜ ਰਾਜ ਸ਼ੇਖਰ ਅੱਤਰੀ ਦੀ ਅਦਾਲਤ ਵਿਚ ਪੇਸ਼ ਹੋਏ। ਰਾਠੌਰ ਨੇ ਅਦਾਲਤ ਵਿਚ ਅਰਜ਼ੀ ਦਿੱਤੀ ਕਿ ਉਨ੍ਹਾਂ ਦੇ ਵਕੀਲ ਨਰਾਇਣ ਦੱਤ ਸ਼ਰਮਾ, ਜਿਹੜੇ ਅਦਾਲਤ ਦੇ ਬਾਹਰ ਰਾਠੌਰ 'ਤੇ ਹੋਏ ਹਮਲੇ ਦੌਰਾਨ ਜ਼ਖਮੀ ਹੋ ਗਏ ਸਨ ਅਤੇ ਅਜੇ ਪੂਰੀ ਤਰ੍ਹਾਂ ਠੀਕ ਨਹੀਂ। ਇਸ 'ਤੇ ਜੱਜ ਰਾਜ ਸ਼ੇਖਰ ਅੱਤਰੀ ਨੇ ਸੁਣਵਾਈ 15 ਅਪ੍ਰੈਲ ਤੱਕ ਟਾਲ ਦਿੱਤੀ।

## ਗੁਜਰਾਤ ਦੰਗਿਆਂ ਦੇ ਮਾਮਲੇ 'ਚ ਮੋਦੀ ਤੇ ਨਲਿਨ ਤਲਬ



**ਅਹਿਮਦਾਬਾਦ:** ਸਾਲ-2002 'ਚ ਗੋਧਰਾ ਕਾਂਡ ਤੋਂ ਬਾਅਦ ਵਾਪਰੇ ਅਹਿਮਦਾਬਾਦ ਗੁਲਬਰਗ ਕਾਂਡ ਵਿਚ ਪੁੱਛਗਿੱਛ ਕਰਨ ਲਈ ਸੁਪਰੀਮ ਕੋਰਟ ਵਲੋਂ ਨਿਯੁਕਤ ਵਿਸ਼ੇਸ਼ ਜਾਂਚ ਟੀਮ ਨੇ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਨੂੰ ਸੰਮਨ ਜਾਰੀ ਕੀਤਾ ਹੈ। ਇਸ ਕੇਸ ਦੀ ਜਾਂਚ ਕਰ ਰਹੀ ਐਸ ਆਈ ਟੀ (ਵਿਸ਼ੇਸ਼ ਜਾਂਚ ਟੀਮ) ਨੇ ਨਰਿੰਦਰ ਮੋਦੀ ਨੂੰ ਸੰਮਨ ਭੇਜਦਿਆਂ 21 ਮਾਰਚ ਨੂੰ ਅਦਾਲਤ 'ਚ ਹਾਜ਼ਰ ਹੋਣ ਲਈ ਕਿਹਾ ਹੈ। ਵਿਸ਼ੇਸ਼ ਜਾਂਚ ਟੀਮ ਨੇ ਨਰਿੰਦਰ ਮੋਦੀ ਸਾਹਮਣੇ ਦੋ ਸ਼ਰਤਾਂ ਰੱਖੀਆਂ ਹਨ, ਕਿ ਜਾਂ ਤਾਂ ਉਹ 21 ਮਾਰਚ ਨੂੰ ਅਦਾਲਤ ਵਿਚ ਹਾਜ਼ਰ ਹੋ ਜਾਣ ਜਾਂ ਫ਼ਿਰ ਚਿੱਠੀ ਰਾਹੀਂ ਜਵਾਬ ਦੇਣ। ਦੱਸਣਾ ਬਣਦਾ ਹੈ ਕਿ ਅਹਿਸਾਨ ਜਾਫ਼ਰੀ ਦੀ ਪਤਨੀ ਜਾਕੀਆ ਨੇ ਅਦਾਲਤ 'ਚ ਇਕ ਅਰਜ਼ੀ ਦਾਇਰ ਕਰਦਿਆਂ ਇਸ ਮਾਮਲੇ ਦੀ ਉੱਚ ਪੱਧਰੀ ਜਾਂਚ ਕਰਵਾਉਣ ਦੀ ਮੰਗ ਕੀਤੀ ਸੀ। ਜਕੀਆ ਨੇ ਨਰਿੰਦਰ ਮੋਦੀ ਅਤੇ ਹੋਰ 62 ਲੋਕਾਂ ਖ਼ਿਲਾਫ 100 ਪੰਨਿਆਂ ਦੀ ਸ਼ਿਕਾਇਤ ਕੀਤੀ ਸੀ।ਸੀ ਬੀ ਆਈ ਦੇ ਸਾਬਕਾ ਡਾਇਰੈਕਟਰ ਆਰ ਕੇ ਰਾਘਵਨ ਦੀ ਅਗਵਾਈ ਵਿਚ ਗਠਿਤ ਕੀਤੀ ਗਈ ਵਿਸ਼ੇਸ਼ ਜਾਂਚ ਟੀਮ ਨਰਿੰਦਰ ਮੋਦੀ ਦੇ ਗੁਜਰਾਤ ਦੰਗਿਆਂ ਵਿਚ ਸ਼ਾਮਲ ਹੋਣ ਸਬੰਧੀ ਸ਼ਿਕਾਇਤਾਂ ਦੀ ਜਾਂਚ ਕਰ ਰਹੀ ਹੈ। ਇਸ ਵਿਸ਼ੇਸ਼ ਜਾਂਚ ਟੀਮ ਨੇ 30 ਅਪ੍ਰੈਲ ਤੱਕ ਸੁਪਰੀਮ ਕੋਰਟ ਵਿਚ ਆਪਣੀ ਰਿਪੋਰਟ ਪੇਸ਼ ਕਰਨੀ ਹੈ। ਜ਼ਿਕਰਯੋਗ ਹੈ ਕਿ 2002 ਵਿਚ ਹੋਏ ਦੰਗਿਆਂ ਵਿਚ ਅਹਿਮਦਾਬਾਦ ਦੇ ਗੁਲਬਰਗ ਸੁਸਾਇਟੀ ਵਿਚ ਕਾਂਗਰਸ ਦੇ ਸਾਬਕਾ ਸਾਂਸਦ ਅਹਿਸਾਨ ਜਾਫ਼ਰੀ (ਆਜ਼ਾਦੀ ਘੁਲਾਟੀਏ) ਦਾ ਬੇਰਹਿਮੀ ਨਾਲ ਕਤਲ ਕਰਕੇ ਉਨ੍ਹਾਂ ਦੇ ਘਰ ਨੂੰ ਅੱਗ ਲਗਾ ਦਿੱਤੀ ਗਈ ਸੀ। ਦੱਸਣਾ ਬਣਦਾ ਹੈ ਕਿ ਜਨਾਬ ਜਾਫ਼ਰੀ ਨੇ ਗੁਜਰਾਤ ਦੰਗਿਆਂ ਨੂੰ ਰੋਕਣ ਲਈ ਰਾਜ ਦੇ ਮੁੱਖ ਮੰਤਰੀ ਨਰਿੰਦਰ ਮੋਦੀ, ਅਹਿਮਦਾਬਾਦ ਦੇ ਉਸ ਸਮੇਂ ਦੇ ਕਮਿਸ਼ਨਰ ਅਸ਼ੋਕ ਪੰਡਚਾ ਤੋਂ ਲੈ ਕੇ ਕਾਂਗਰਸ ਚੇਅਰਪਰਸਨ ਸੋਨੀਆ ਗਾਂਧੀ ਆਦਿ ਨੂੰ ਗੁਹਾਰ ਲਗਾਈ ਸੀ, ਪਰ ਬੇਕਾਬੂ ਹੋਈ ਭੀੜ ਨੇ ਉਨ੍ਹਾਂ ਨੂੰ ਘਰ 'ਚੋਂ ਕੱਢ ਕੇ ਸਰ੍ਹੇਆਮ ਉਨ੍ਹਾਂ ਦਾ ਕਤਲ ਕਰ ਦਿੱਤਾ ਸੀ। ਉਸ ਸਮੇਂ ਉਨ੍ਹਾਂ ਦੀ ਪਤਨੀ ਜਾਕੀਆ ਘਰ ਵਿਚ ਹੀ ਮੌਜੂਦ ਸੀ। ਜ਼ਿਕਰਯੋਗ ਹੈ ਕਿ ਗੁਜਰਾਤ ਦੰਗਿਆਂ ਵਿਚ ਕਰੀਬ 3 ਹਜ਼ਾਰ ਲੋਕਾਂ ਦੀ ਮੌਤ ਹੋ ਗਈ ਸੀ, ਜਦਕਿ ਕਈ ਹਜ਼ਾਰ ਲੋਕ ਜ਼ਖ਼ਮੀ ਹੋ ਗਏ ਸਨ।

ਮੁੱਖ ਮੰਤਰੀ ਨਰਿੰਦਰ ਮੋਦੀ ਤੋਂ ਬਾਅਦ ਸੁਪਰੀਮ ਕੋਰਟ ਵਲੋਂ ਬਣਾਈ ਗਈ ਵਿਸ਼ੇਸ਼ ਜਾਂਚ ਟੀਮ ਨੇ ਭਾਜਪਾ ਦੇ ਸਾਬਕਾ ਜਨਰਲ ਸਕੱਤਰ ਨਲਿਨ ਭੱਟ ਨੂੰ ਵੀ 2002 ਦੇ ਗੁਲਬਰਗ ਸੁਸਾਇਟੀ ਦੰਗਿਆਂ ਦੇ ਸੰਬੰਧ 'ਚ ਤਲਬ ਕਰ ਲਿਆ ਗਿਆ ਹੈ। ਭੱਟ ਨੇ ਦਸਿਆ ਕਿ 2002 ਦੇ ਦੰਗਿਆਂ ਦੌਰਾਨ ਭਾਜਪਾ ਦਾ ਜਨਰਲ ਸਕੱਤਰ ਹੋਣ ਨਾਤੇ ਉਨ੍ਹਾਂ ਨੂੰ ਐੱਸ ਆਈ ਟੀ ਦੇ ਸਾਹਮਣੇ ਪੇਸ਼ ਹੋਣ ਲਈ ਆਖਿਆ ਗਿਆ ਹੈ। ਜ਼ਕੀਆ, ਜਿਨ੍ਹਾਂ ਦਾ ਪਤੀ ਸਾਬਕਾ ਐੱਮ.ਪੀ. ਅਹਿਸਾਨ ਜਾਫ਼ਰੀ 69 ਹੋਰ ਲੋਕਾਂ ਨਾਲ 2002 ਦੇ ਗੁਲਬਰਗ ਸੁਸਾਇਟੀ ਦੰਗਿਆਂ 'ਚ ਮਾਰਿਆ ਗਿਆ ਸੀ, ਨੇ ਦੋਸ਼ ਲਾਇਆ ਹੈ ਕਿ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ, ਉਸਦੇ ਕੈਬਨਿਟ ਸਾਥੀਆਂ, ਪੁਲਸ ਅਧਿਕਾਰੀਆਂ ਤੇ ਸੀਨੀਅਰ ਨੌਕਰਸ਼ਾਹਾਂ ਨੇ ਦੰਗਿਆਂ ਨੂੰ ਭੜਕਾਇਆ ਸੀ। ਜ਼ਕੀਆ ਨੇ ਆਪਣੀ ਸ਼ਿਕਾਇਤ 'ਚ ਮੋਦੀ ਸਮੇਤ 63 ਵਿਅਕਤੀਆਂ ਦੇ ਨਾਂਅ ਲਏ ਹਨ ਕਿ ਉਹ ਗੁਜਰਾਤ ਦੰਗਿਆਂ ਲਈ ਜ਼ਿੰਮੇਵਾਰ ਹਨ। ਉਸ ਵਲੋਂ ਐਸ.ਆਈ ਵੀ ਨੂੰ ਦਿੱਤੀ ਸੂਚੀ ਵਿਚ ਭੱਟ ਦਾ ਨਾਂਅ ਵੀ ਹੈ। ਭੱਟ ਨੇ ਕਿਹਾ 2002 'ਚ ਭਾਜਪਾ ਦਾ ਜਨਰਲ ਸਕੱਤਰ ਹੋਣ ਕਰਕੇ ਉਨ੍ਹਾਂ ਨਾਨਾਵਤੀ ਕਮਿਸ਼ਨ ਅੱਗੇ ਇਕ ਹਲਫ਼ਨਾਮਾ ਦਾਇਰ ਕੀਤਾ ਸੀ। ਕਮਿਸ਼ਨ ਨੇ ਇਨ੍ਹਾਂ ਦੰਗਿਆਂ ਦੇ ਸੰਬੰਧ 'ਚ ਚਾਰ ਘੰਟੇ ਤੋਂ ਵਧ ਸਮਾਂ ਉਨ੍ਹਾਂ ਤੋਂ ਪੁੱਛਗਿੱਛ ਕੀਤੀ ਸੀ। ਐਸ.ਆਈ.ਟੀ. ਨੇ ਮੋਦੀ ਨੂੰ ਵੀ ਪੁੱਛਗਿੱਛ ਲਈ 21 ਮਾਰਚ ਨੂੰ ਪੇਸ਼ ਹੋਣ ਦਾ ਸੰਮਨ ਜਾਰੀ ਕੀਤਾ ਹੈ। ਮੋਦੀ ਨੂੰ ਤਲਬ ਕੀਤੇ ਜਾਣ ਦੇ ਮੱਦੇਨਜ਼ਰ ਆਪੋਜ਼ੀਸ਼ਨ ਕਾਂਗਰਸ ਅਤੇ ਸੱਤਾਧਾਰੀ ਭਾਜਪਾ ਨੇ ਇਕ ਦੂਸਰੇ ਵਿਰੁਧ ਤੀਰ ਦਾਗਣੇ ਸ਼ੁਰੂ ਕਰ ਦਿੱਤੇ ਹਨ।

ਕਾਂਗਰਸ ਨੇ ਇਹ ਕਹਿੰਦਿਆਂ ਮੋਦੀ ਦੇ ਅਸਤੀਫੇ ਦੀ ਮੰਗ 'ਤੇ ਜ਼ੋਰ ਦਿੱਤਾ ਹੈ ਕਿ ਐਸ ਆਈ ਟੀ ਦੇ ਸੰਮਨ ਜਾਰੀ ਹੋਣ ਤੋਂ ਬਾਅਦ ਉਨ੍ਹਾਂ ਨੂੰ ਇਖਲਾਕੀ ਅਧਾਰ 'ਤੇ ਅਸਤੀਫਾ ਦੇ ਦੇਣਾ ਚਾਹੀਦਾ ਹੈ। ਗੁਜਰਾਤ ਕਾਂਗਰਸ ਦੇ ਇੰਚਾਰਜ ਪੀ ਸੁਧਾਕਰ ਰੈਡੀ ਨੇ ਕਿਹਾ ਹੈ ਕਿ ਐਸ ਆਈ ਟੀ ਦੇ ਸੰਮਨ ਜਾਰੀ ਹੋਣ ਤੋਂ ਬਾਅਦ ਮੋਦੀ ਨੂੰ ਮੁੱਖ ਮੰਤਰੀ ਬਣੇ ਰਹਿਣ ਦਾ ਕੋਈ ਅਧਿਕਾਰ ਨਹੀਂ ਹੈ, ਉਸਨੂੰ ਇਖਲਾਕੀ ਅਧਾਰ 'ਤੇ ਅਸਤੀਫਾ ਦੇ ਦੇਣਾ ਚਾਹੀਦਾ ਹੈ।

## ਗੈਰ-ਕਾਨੂੰਨੀ ਢੰਗ ਨਾਲ ਦੁਬਈ ਪਹੁੰਚਣ ਦੀ ਕੋਸ਼ਿਸ਼ ਕਰਦੇ 54 ਪਾਕਿਸਤਾਨੀ ਡੁੱਬੇ

**ਲਾਹੌਰ :** ਗੈਰਕਾਨੂੰਨੀ ਢੰਗ ਨਾਲ ਦੁਬਈ ਜਾਣ ਦੀ ਕੋਸ਼ਿਸ਼ ਕਰ ਰਹੇ 54 ਪਾਕਿਸਤਾਨੀਆਂ ਦੀ ਈਰਾਨ ਦੀ ਸਮੁੰਦਰੀ ਪਾਣੀ ਹੱਦ ਨੇੜੇ ਕਿਸ਼ਤੀਆਂ ਡੁੱਬਣ ਨਾਲ ਮੌਤ ਹੋ ਗਈ। ਇਕ ਨਿੱਜੀ ਟੀ. ਵੀ. ਚੈਨਲ ਨੇ 10 ਮਾਰਚ ਨੂੰ ਇਹ ਜਾਣਕਾਰੀ ਦਿੱਤੀ। ਮਾਰੇ ਗਏ ਵਧੇਰੇ ਵਿਅਕਤੀ ਪਾਕਿਸਤਾਨੀ ਪੰਜਾਬ ਦੇ ਵਾਸੀ ਸਨ। ਘਟਨਾ ਦੇ ਇਕ ਗਵਾਹ ਯਾਕੂਬ ਖਾਨ ਨੇ ਡੇਰਾ ਗਾਜ਼ੀ ਖਾਨ ਵਿਚ ਦੱਸਿਆ ਕਿ ਉਹ ਆਪਣੇ ਪਰਿਵਾਰਕ ਮੈਂਬਰਾਂ ਨਾਲ ਈਰਾਨ ਦੀ ਹੱਦ ਦੇ ਕੰਢੇ-ਕੰਢੇ 3 ਕਿਸ਼ਤੀਆਂ ਵਿਚ ਜਾ ਰਹੇ ਸਨ ਕਿ ਅਚਾਨਕ ਹੀ ਦੋ ਕਿਸ਼ਤੀਆਂ ਡੁੱਬ ਗਈਆਂ। ਜਿਸ ਕਿਸ਼ਤੀ ਵਿਚ ਉਹ ਸਵਾਰ ਸਨ, ਉਹ ਬਚ ਗਈ ਤੇ ਉਹ ਕਿਸੇ ਤਰ੍ਹਾਂ ਸੁਰੱਖਿਅਤ ਕੰਢੇ 'ਤੇ ਪਹੁੰਚ ਗਏ। ਉਨ੍ਹਾਂ ਦੱਸਿਆ ਕਿ ਉਹ ਆਪਣੀ ਯਾਤਰਾ 'ਤੇ 5 ਫਰਵਰੀ ਨੂੰ ਕਰਾਚੀ ਤੋਂ ਰਵਾਨਾ ਹੋਏ ਸਨ। ਡੁੱਬੇ ਪਾਕਿਸਤਾਨੀਆਂ ਦੀਆਂ ਲਾਸ਼ਾਂ ਬਾਰੇ ਕੁਝ ਪਤਾ ਨਹੀਂ ਲੱਗ ਸਕਿਆ।


# ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗ਼ਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।

ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ

ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖ਼ਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।



ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

**Surajvanshi Pharmacy (R)**

*MANUFACTURE & EXPORTER OF HERBAL PRODUCTS*

25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627






ਆਪਣੇ ਅਤੇ ਆਪਣੇ ਪਰਿਵਾਰ ਲਈ ਵਧੀਆ ਕੁਲਿਟੀ ਅਤੇ ਸਸਤੀਆਂ ਦਰਾਂ ਤੇ

# ਮੈਡੀਕਲ ਇੰਸ਼ੋਰੈਂਸ

## ਅਤੇ ਲਾਈਫ ਇੰਸ਼ੋਰੈਂਸ

ਲੈਣ ਲਈ ਇਕੋ ਭਰੋਸੇਮੰਦ ਨਾਮ ਹਮੇਸ਼ਾ ਯਾਦ ਰੱਖੋ

# ਮੇਜਰ ਸਿੰਘ ਚੌਹਾਨ

**Sacramento Office**
2377 Gold Meadow Way,
Suite 157, Gold River CA 95670

**Bakersfield Office**
PO Box 40728
Bakersfield CA 93384

**Fremont Office**
39650 Liberty St. #200
Fremont CA 94538



**Cell : 916-337-1683**
**Off : 661-369-4865**
**Off : 916-983-4890**
**Fax : 916-984-0110**
**Fax : 888-327-6115**

NEW YORK LIFE

**Major Singh Chauhan**
**AGENT**
CA Ins. Lic #0D36632
New York Life Insurance Company

**mc101048@gmail.com**

THE COMPANY YOU KEEP

# ਪਾਕਿਸਤਾਨ, ਪਰਜਾ, ਹਾਕਮ ਤੇ ਅਤਿਵਾਦ

**ਪ੍ਰੋ. ਕੁਲਵੰਤ ਸਿੰਘ ਰੋਮਾਣਾ**



ਪ੍ਰੋ. ਰੋਮਾਣਾ

ਕਿਸੇ ਵੀ ਸਮਾਜ ਜਾਂ ਮੁਲਕ ਦੇ ਮੁਖ ਰੁਝਾਨ ਉਥੋਂ ਦੇ ਤਮਾਮ ਸਮਾਜਿਕ ਤਾਣੇ-ਬਾਣੇ ਨੂੰ ਪੂਰੀ ਤਰ੍ਹਾਂ ਪ੍ਰਭਾਵਤ ਕਰਦੇ ਹਨ। ਜ਼ਿਆਦਾ ਤੀਬਰ ਰੁਝਾਨ ਸਿਸਟਮ ਨੂੰ ਜ਼ਿਆਦਾ ਸ਼ਿੱਦਤ ਨਾਲ ਪ੍ਰਭਾਵਤ ਕਰਦੇ ਹਨ। ਇਸ ਨਜ਼ਰੀਏ ਤੋਂ ਵੇਖਿਆਂ ਪਾਕਿਸਤਾਨ 'ਚ ਹਿੰਸਾ ਜਾਂ ਅਤਿਵਾਦ ਹੀ ਪਿਛਲੇ ਕਾਫੀ ਸਮੇਂ ਤੋਂ ਉਥੋਂ ਦੇ ਸਮਾਜ ਤੇ ਸਿਸਟਮ ਨੂੰ ਪ੍ਰਭਾਵਤ ਕਰਦਾ ਆ ਰਿਹਾ ਹੈ। ਇਸ ਦੇਸ਼ ਦੇ ਹੋਂਦ 'ਚ ਆਉਣ ਤੋਂ ਲੈ ਕੇ ਹੀ ਇਥੋਂ ਦੇ ਸਮਾਜ 'ਚ ਧਰਮ ਅਤੇ ਭਾਰਤ ਵਿਰੋਧੀ ਪ੍ਰਚਾਰ ਦਾ ਬੋਲਬਾਲਾ ਰਿਹਾ ਹੈ ਅਤੇ ਹਾਕਮਾਂ ਨੇ ਪਰਜਾ ਦੀਆਂ ਇਨ੍ਹਾਂ ਦੋਵਾਂ ਭਾਵਨਾਵਾਂ ਨੂੰ ਸ਼ੁਰੂ ਤੋਂ ਹੀ ਆਪਣੇ ਸਵਾਰਥੀ ਹਿਤਾਂ ਲਈ ਵਰਤਣਾ ਜਾਰੀ ਰੱਖਿਆ ਹੈ। ਫੌਜ ਤੇ ਆਈ. ਐਸ. ਆਈ. ਨੂੰ ਕਿਸੇ ਵੇਲੇ ਹਾਕਮਾਂ ਨੇ ਇਸ ਕੰਮ ਲਈ ਸੰਦ ਵਜੋਂ ਵਰਤਣਾ ਸ਼ੁਰੂ ਕੀਤਾ ਸੀ, ਹੌਲੀ-ਹੌਲੀ ਹਾਕਮ ਖੁਦ ਇਨ੍ਹਾਂ ਅਦਾਰਿਆਂ ਲਈ ਸੰਦ ਬਣ ਗਏ। ਦਹਿਸ਼ਤਪਸੰਦ ਤਨਜ਼ੀਮਾਂ ਖੁੰਬਾਂ ਵਾਂਗ ਉਭਰ ਆਈਆਂ ਤੇ ਥਾਂ-ਥਾਂ 'ਤੇ ਉਨ੍ਹਾਂ ਦੇ ਮਰਜੀਵੜਿਆਂ ਲਈ ਸਿਖਲਾਈ ਕੈਂਪ ਹੋਂਦ 'ਚ ਆ ਗਏ। ਉਧਰ ਅਮਰੀਕਾ ਦੀ ਸੀ. ਆਈ. ਏ. ਨਾਲ ਮਿਲੀਭੁਗਤ ਕਰਕੇ ਆਈ.ਐਸ.ਆਈ. ਨੇ ਅਫਗਾਨਿਸਤਾਨ 'ਚੋਂ ਰੂਸ ਪੱਖੀ ਸਰਕਾਰ ਦੀ ਸਫ਼ ਲਪੇਟਣ ਲਈ ਤਾਲਿਬਾਨ ਅਤੇ ਅਲਕਾਇਦਾ ਨੂੰ ਹਰ ਕਿਸਮ ਦੀ ਮਦਦ ਮੁਹੱਈਆ ਕੀਤੀ। ਨਤੀਜਾ ਸਾਹਮਣੇ ਹੈ। ਅਫਗਾਨਿਸਤਾਨ 'ਚੋਂ ਰੂਸ ਦੀ ਸਫ਼ ਤਾਂ ਲਪੇਟੀ ਗਈ ਪਰ ਤਾਲਿਬਾਨ ਤੇ ਅਲਕਾਇਦਾ ਖੁਦ ਪਾਕਿਸਤਾਨ ਦੇ ਗਲ ਦੀ ਹੱਡੀ ਬਣ ਗਏ। ਇਸੇ ਤਰ੍ਹਾਂ ਆਈ.ਐਸ.ਆਈ. ਰਾਹੀਂ ਸਰਕਾਰ ਨੇ ਅਤਿਵਾਦ ਦਰਾਮਦ ਕਰਕੇ ਭਾਰਤ ਲਈ ਤਾਂ ਇਕ ਵੱਡੀ ਸਿਰਦਰਦੀ ਪੈਦਾ ਕਰ ਦਿੱਤੀ ਪਰ ਬੋਤਲ 'ਚੋਂ ਨਿਕਲਿਆ ਇਹ ਭੂਤ ਖੁਦ ਪਾਕਿ ਲਈ ਵੀ ਦੈਂਤ ਬਣਿਆ ਖਲੋਤਾ ਹੈ। ਸੋ ਆਪਣੇ ਹੱਥੀਂ ਬੁਣੇ ਇਸ ਅਤਿਵਾਦ ਦੇ ਤਾਣੇ-ਬਾਣੇ ਨੇ ਇਸ ਦੇਸ਼ ਦੇ ਹਰ ਖੇਤਰ ਨੂੰ ਬੁਰੀ ਤਰ੍ਹਾਂ ਪ੍ਰਭਾਵਤ ਕਰ ਰੱਖਿਆ ਹੈ।

ਇਸ ਅਲਾਮਤ ਕਾਰਨ ਜਿਥੇ ਬਾਹਰੀ ਤੌਰ 'ਤੇ ਇਸ ਦੇਸ਼ ਦੀ ਸਾਖ ਨੂੰ ਬੁਰੀ ਤਰ੍ਹਾਂ ਆਂਚ ਆਈ ਹੈ, ਉਥੇ ਅੰਦਰੂਨੀ ਤੌਰ 'ਤੇ ਇਸ ਨੇ ਮੁਲਕ ਦੇ ਸਿਸਟਮ ਤੇ ਸਮਾਜ ਨੂੰ ਖੋਖਲਾ ਕਰਕੇ ਰੱਖ ਦਿੱਤਾ ਹੈ। ਇਹ ਅੰਤਰਰਾਸ਼ਟਰੀ ਆਰਥਿਕ ਅਦਾਰਿਆਂ ਅਤੇ ਅਮਰੀਕਾ ਵਰਗੇ ਦੇਸ਼ਾਂ ਦਾ ਬੁਰੀ ਤਰ੍ਹਾਂ ਕਰਜ਼ਈ ਹੋ ਚੁੱਕਿਆ ਹੈ। ਸੰਸਾਰ ਅਤਿਵਾਦ ਦੇ ਕੇਂਦਰ ਵਜੋਂ ਜਾਣਿਆ ਜਾਣ ਲੱਗਾ ਹੈ। ਉਹ ਹੀ ਦੇਸ਼, ਜੋ ਇਸ ਦੀ ਧਰਤੀ ਨੂੰ ਆਪਣੇ ਮੁਫਾਦ ਲਈ ਵਰਤਦੇ ਹਨ, ਉਹ ਹੀ ਇਸਨੂੰ ਭੰਡਦੇ ਵੀ ਹਨ। ਅੰਦਰੂਨੀ ਤੌਰ 'ਤੇ ਰਿਸ਼ਵਤ ਤੇ ਮਹਿੰਗਾਈ ਨੇ ਆਮ ਲੋਕਾਂ ਦੇ ਨੱਕ 'ਚ ਦਮ ਕਰ ਰੱਖਿਆ ਹੈ। ਸਧਾਰਨ ਮੁਲਾਜ਼ਮਾਂ ਤੇ ਹੋਰ ਕੰਮ ਕਰਨ ਵਾਲਿਆਂ ਦੀ ਉਜਰਤ ਤਾਂ ਪਹਿਲਾਂ ਵਾਲੀ ਹੈ ਪਰ ਮਹਿੰਗਾਈ ਕਈ ਗੁਣਾਂ ਵਧ ਗਈ ਹੈ। ਆਟਾ 35 ਰੁਪਏ ਕਿਲੋ ਹੈ, ਖੰਡ 80 ਰੁਪਏ ਅਤੇ ਦਾਲਾਂ 140 ਰੁਪਏ। ਦਫ਼ਤਰਾਂ ਦੇ ਕੰਮਾਂ 'ਚ ਅਜੇ ਹੋਰ ਸਰਕਾਰੀ ਰਾਹਤਾਂ ਜਾਂ ਨੌਕਰੀਆਂ ਲਈ ਲਿਆਕਤ ਜਾਂ ਮੈਰਿਟ ਨੂੰ ਕੋਈ ਨਹੀਂ ਪੁੱਛਦਾ। ਹਰ ਰੋਜ਼ ਲਾਹੌਰ ਤੇ ਕਰਾਚੀ ਵਰਗੇ ਸ਼ਹਿਰਾਂ 'ਚ ਆਮ ਲੋਕ ਦਹਿਸ਼ਤਗਰਦੀ ਦੀ ਭੇਟ ਚੜ੍ਹ ਰਹੇ ਹਨ ਤੇ ਸਿਆਸੀ ਲੋਕ ਇਕ-ਦੂਜੇ ਸਿਰ ਜਾਂ ਭਾਰਤ ਜਿੰਮੇ ਦੋਸ਼ ਮੜ੍ਹ ਕੇ ਆਪ ਦੁੱਧ ਧੋਤੇ ਹੋ ਜਾਂਦੇ ਹਨ। ਸਿਆਸੀ ਦੀਵਾਲੀਆਪਨ ਦੀਆਂ ਨਿਸ਼ਾਨੀਆਂ ਸਾਫ ਵੇਖੀਆਂ ਜਾ ਸਕਦੀਆਂ ਹਨ। ਪੀਪਲਜ਼ ਪਾਰਟੀ ਤੇ ਮੁਸਲਿਮ ਲੀਗ (ਨਵਾਜ਼) ਲੋਕਤੰਤਰ ਦੀ ਬਹਾਲੀ ਦੇ ਮੁੱਦੇ ਤੇ ਕੁਰਸੀ ਤੇ ਬਿਰਾਜਮਾਨ ਹੋਈਆਂ ਸਨ ਪਰ ਪ੍ਰੈਜ਼ੀਡੈਂਟ ਜ਼ਰਦਾਰੀ ਕੁਰਪਟ ਤਾਂ ਪਹਿਲਾਂ ਹੀ ਸੀ ਹੁਣ ਉਹ ਜ਼ਿੱਦੀ, ਨਾਅਹਿਲ ਤੇ ਅਨਾੜੀ ਵੀ ਸਾਬਤ ਹੋਇਆ ਹੈ। ਜੱਜਾਂ ਦੀ ਬਹਾਲੀ ਅਤੇ ਨਿਯੁਕਤੀ ਦੇ ਮਾਮਲੇ 'ਤੇ ਉਸਨੇ ਮੁਸ਼ੱਰਫ ਦੀ ਰੀਸ ਕਰਨ ਦੀ ਕੋਸ਼ਿਸ਼ ਕੀਤੀ ਪਰ ਉਸਨੂੰ ਅਤੇ ਉਸਦੀ ਪਾਰਟੀ ਨੂੰ ਮੂੰਹ ਦੀ ਖਾਣੀ ਪਈ। ਵਾਅਦੇ ਮੁਤਾਬਕ ਹੁਣ ਤਕ ਉਸਨੇ ਪ੍ਰਧਾਨਗੀ ਦੀਆਂ ਸਾਰੀਆਂ ਸ਼ਕਤੀਆਂ ਪ੍ਰਧਾਨ ਮੰਤਰੀ ਨੂੰ ਸੌਂਪ ਦੇਣੀਆਂ ਸਨ ਅਤੇ ਪਾਕਿਸਤਾਨ 'ਚੋਂ ਬੇਨਜ਼ੀਰ ਦੇ ਕਾਰਜਕਾਲ ਵੇਲੇ ਲੁੱਟੇ ਤੇ ਸਵਿਟਜ਼ਰਲੈਂਡ 'ਚ ਜਮ੍ਹਾਂ 60 ਬਿਲੀਅਨ ਰੁਪਏ ਦੇਸ਼ ਦੇ ਸਪੁਰਦ ਕਰ ਦੇਣੇ ਸਨ ਪਰ ਉਹ ਆਨੀ ਬਹਾਨੀ ਪੈਰਾਂ 'ਤੇ ਪਾਣੀ ਨਹੀਂ ਪੈਣ ਦਿੰਦਾ। ਇਨ੍ਹਾਂ ਗੱਲਾਂ ਕਰਕੇ ਭਾਵੇਂ ਨਵਾਜ਼ ਸ਼ਰੀਫ ਦੀ ਪਾਰਟੀ ਤਾਂ ਸਰਕਾਰ ਤੋਂ ਵੱਖ ਹੋ ਗਈ ਪਰ ਪੀਪਲਜ਼ ਪਾਰਟੀ ਜ਼ਰਦਾਰੀ ਦਾ ਪੱਖ ਡਟ ਕੇ ਪੂਰਦੀ ਵਿਖਾਈ ਦਿੰਦੀ ਹੈ।

ਜਦੋਂ ਲੋਕ ਬੇਰੁਜ਼ਗਾਰੀ ਅਤੇ ਬਿਜਲੀ, ਪਾਣੀ ਦੀ ਭਾਰੀ ਕਿੱਲਤ ਕਾਰਨ ਸਰਕਾਰ ਦੇ ਸਿਆਪੇ ਕਰਦੇ ਹਨ ਤਾਂ ਨੇਤਾ ਲੋਕ ਮੁਸ਼ੱਰਫ ਦੀਆਂ ਗਲਤ ਨੀਤੀਆਂ ਤੇ ਭਾਰਤ ਵਲੋਂ ਪਾਣੀ ਦੀ ਰੋਕ ਵਰਗੇ ਬਹਾਨੇ ਬਣਾ ਕੇ ਲੋਕਾਂ ਨੂੰ ਖੰਡ ਤੇ ਬਿਜਲੀ ਘੱਟ ਵਰਤਣ ਅਤੇ ਸਬਰ ਅਤੇ ਸੰਜਮ ਤੋਂ ਕੰਮ ਲੈਣ ਲਈ ਕਹਿੰਦੇ ਹਨ। ਪਰ ਦੂਜੇ ਪਾਸੇ ਖ਼ਬਰ ਹੈ ਕਿ ਪਾਰਲੀਮੈਂਟ ਦੀ ਸਪੀਕਰ ਸਾਹਿਬਾ ਦੀ ਬੁਲਟ ਪਰੂਫ ਸਰਕਾਰੀ ਮਰਸਿਡੀ ਕਾਰ ਦੇ ਸਿਰਫ ਟਾਇਰਾਂ 'ਤੇ 10 ਲੱਖ ਰੁਪਿਆ ਖਰਚ ਆਇਆ ਹੈ ਅਤੇ ਇਕ ਕੇਂਦਰੀ ਮਨਿਸਟਰ ਸਾਹਿਬ ਦੇ ਬੰਗਲੇ ਦੇ ਗੁਸਲਖਾਨਿਆਂ ਨੂੰ ਲੱਗੀਆਂ ਟਾਈਲਾਂ ਦਾ ਬਿੱਲ 28 ਲੱਖ ਰੁਪਏ ਬਣਿਆ ਜੋ ਮਨਿਸਟਰ ਸਾਹਿਬ ਦੇ ਮਹਿਕਮੇ ਦੇ ਐਕਸੀਅਨ ਨੇ ਬੇਗਮ ਸਾਹਿਬਾ ਦੇ ਨਾਂਹ-ਨਾਂਹ ਕਰਦਿਆਂ ਮੱਲੋਮੱਲੀ ਦੇ ਦਿੱਤਾ। ਫੌਜ ਦੇ ਇਕ ਰਿਟਾਇਰਡ ਜਨਰਲ ਨੇ ਆਪਣੇ ਨਵੇਂ ਬੰਗਲੇ 'ਚ ਸੰਗੀਤਕ ਸਵਿਮਿੰਗ ਪੂਲ ਬਣਵਾਇਆ ਹੈ, ਜਿਸ 'ਚ ਪਾਣੀ ਦਾ ਪੱਧਰ ਬਦਲਣ ਨਾਲ ਧੁਨ ਵੀ ਬਦਲ ਜਾਂਦੀ ਹੈ।

ਅਸੀਂ ਇਥੇ ਕਦਾਚਿਤ ਇਹ ਦਾਅਵਾ ਕਰਨ ਦੀ ਕੋਸ਼ਿਸ਼ ਨਹੀਂ ਕਰ ਰਹੇ ਕਿ ਵੇਖੋ ਭਾਰਤ ਅੰਦਰੋਂ ਬਾਹਰੋਂ ਪਾਕਿਸਤਾਨ ਦੇ ਮੁਕਾਬਲੇ ਹਰ ਖੇਤਰ 'ਚ ਜ਼ਿਆਦਾ ਬਿਹਤਰ ਹੈ। ਹਾਂ, ਕੁਝ ਗੱਲਾਂ 'ਚ ਬਿਹਤਰ ਜ਼ਰੂਰ ਹੈ, ਜਿਵੇਂ ਸੰਸਾਰ ਭਾਰਤ ਨੂੰ ਅਤਿਵਾਦ ਦਾ ਸ਼ਿਕਾਰ ਮੰਨਦਾ ਹੈ ਨਾ ਕਿ ਅਤਿਵਾਦ ਦਾ ਸੋਮਾ। ਭਾਰਤ ਸਬੂਤਾਂ ਦੇ ਆਧਾਰ 'ਤੇ ਹੀ ਪਾਕਿਸਤਾਨ ਨੂੰ ਦੋਸ਼ੀ ਠਹਿਰਾਉਂਦਾ ਹੈ। ਮਨਮੋਹਨ ਸਿੰਘ ਤੇ ਸੋਨੀਆ ਦੀ ਅਗਵਾਈ ਕਾਰਨ ਥੋੜ੍ਹਾ ਥੋੜ੍ਹਾ ਲੋਕਤੰਤਰ ਦਾ ਮੂੰਹ ਮੁਹਾਂਦਰਾ ਵੀ ਨਜ਼ਰ ਆਉਣ ਲੱਗਾ ਹੈ। ਸੰਸਾਰ ਪੱਧਰ 'ਤੇ ਕਰੈਡਿਟ ਵੀ ਠੀਕ-ਠਾਕ ਹੈ। ਜੇ ਭਾਰਤ ਕਹਿੰਦਾ ਹੈ ਕਿ ਪ੍ਰਮਾਣੂ ਸ਼ਕਤੀ ਨੂੰ ਦੇਸ਼ ਦੇ ਉਸਾਰੂ ਕੰਮਾਂ ਲਈ ਹੀ ਵਰਤੇਗਾ ਤਾਂ ਦੁਨੀਆਂ ਇਤਬਾਰ ਕਰਦੀ ਹੈ। ਰੂਸ ਅਤੇ ਫਰਾਂਸ ਵਰਗੇ ਦੇਸ਼ਾਂ ਨਾਲ ਪ੍ਰਮਾਣੂ ਸਮਝੌਤੇ ਇਸਦਾ ਸਬੂਤ ਹਨ। ਪਾਕਿਸਤਾਨ ਵਾਂਗ ਭਾਰਤ 'ਚ ਆਪੋਜ਼ਿਸ਼ਨ 'ਤੇ ਫਰੈਂਡਲੀ ਹੋਣ ਦਾ ਦੋਸ਼ ਨਹੀਂ ਲਾਇਆ ਜਾ ਸਕਦਾ।

ਪਾਕਿਸਤਾਨ ਅੰਦਰ ਅਤਿਵਾਦ ਨੇ ਦੇਸ਼ ਅੰਦਰਲੀ ਸਿਆਸਤ ਤੇ ਅਫਸਰਸ਼ਾਹੀ ਨੂੰ ਹੀ ਰੋਗੀ ਨਹੀਂ ਸਗੋਂ ਇਸਦੇ ਦੂਜੇ ਹਿੱਸਿਆਂ ਨੂੰ ਵੀ ਬੁਰੀ ਤਰ੍ਹਾਂ ਪ੍ਰਭਾਵਤ ਕੀਤਾ ਹੈ। ਸਭ ਲਈ ਮਿਆਰੀ ਤੇ ਜ਼ਰੂਰੀ ਵਿੱਦਿਆ ਲਈ ਅਜੇ ਤਕ ਕੋਈ ਸੋਚ ਨਹੀਂ ਬਣੀ। ਅੱਜ ਵੀ 60 ਲੱਖ ਬੱਚੇ ਸਕੂਲਾਂ ਤੋਂ ਬਾਹਰ ਹਨ। ਮਨਿਸਟਰਾਂ ਤੇ ਵੱਡੇ ਅਫ਼ਸਰਾਂ ਦੇ ਜ਼ਿਆਦਾਤਰ ਬੱਚੇ ਬਾਹਰਲੇ ਦੇਸ਼ਾਂ 'ਚ ਪੜ੍ਹਦੇ ਹਨ। ਪਾਕਿਸਤਾਨ 'ਚ ਖੇਡਾਂ ਦਾ ਮਿਆਰ ਕਦੇ ਬਹੁਤ ਵਧੀਆ ਹੁੰਦਾ ਸੀ। ਭਲਵਾਨੀ, ਕਬੱਡੀ, ਹਾਕੀ ਅਤੇ ਕ੍ਰਿਕਟ ਲਈ ਤਾਂ ਇਹ ਦੇਸ਼ ਜਾਣਿਆ ਜਾਂਦਾ ਸੀ, ਹੁਣ ਕ੍ਰਿਕਟ ਤੋਂ ਬਿਨਾ ਸਾਰੀਆਂ ਖੇਡਾਂ ਦਾ ਮਿਆਰ ਬਹੁਤ ਹੇਠਾਂ ਆ ਗਿਆ ਹੈ। ਪਿਛਲੇ ਦਿਨੀਂ 'ਚ ਹਾਕੀ ਨੂੰ ਕ੍ਰਿਕਟ ਦੀਆਂ ਟੀਮਾਂ ਤੇ ਮੈਨੇਜਮੈਂਟਾਂ ਬਾਰੇ ਜੋ ਕੁਝ ਪੜ੍ਹਨ/ਸੁਣਨ ਨੂੰ ਮਿਲਿਆ ਹੈ, ਉਸ ਨੇ ਪਾਕਿਸਤਾਨ ਦੇ ਖੇਡ ਪ੍ਰੇਮੀਆਂ ਨੂੰ ਵੱਡੀ ਨਿਰਾਸ਼ਾ ਦਿੱਤੀ ਹੈ। ਸਭਿਆਚਾਰਕ ਮੁਹਾਜ਼ ਤੋਂ ਵੀ ਹਾਲਾਤ ਨੇ ਇਹੋ ਹਾਲ ਕਰ ਛੱਡਿਆ ਹੈ। ਪਿਛਲੇ ਦਿਨੀਂ ਇਸ ਸਬੰਧ 'ਚ ਇਕ ਟੀ. ਵੀ. ਪ੍ਰੋਗਰਾਮ ਵੇਖਣ ਨੂੰ ਮਿਲਿਆ, ਜਿਸ 'ਚ ਪਾਕਿਸਤਾਨ ਦਾ ਨਾਮੀ ਫਿਲਮ ਡਿਸਟ੍ਰੀਬਿਊਟਰ ਨਦੀਮ ਮਾਂਡਵਾਲਾ ਅਤੇ ਭਾਰਤੀ ਫਿਲਮ ਮੇਕਰ ਮਹੇਸ਼ ਭੱਟ ਵੀ ਸ਼ਾਮਲ ਹੋਏ। ਇਹ ਜਾਣ ਕੇ ਹੈਰਾਨੀ ਹੋਈ ਕਿ ਹੁਣ ਪਾਕਿਸਤਾਨ 'ਚ ਦੋ-ਤਿੰਨ ਹਜ਼ਾਰ ਸਿਨੇਮਾ ਘਰਾਂ ਤੋਂ ਘਟ ਕੇ ਸਿਰਫ 200 ਰਹਿ ਗਏ ਹਨ। ਏਨਾ ਹੀ ਨਹੀਂ, ਪਹਿਲੇ ਹਫਤੇ ਚੰਗੀ ਫਿਲਮ ਸਿਰਫ ਛੇ ਸਿਨੇਮਾ ਘਰਾਂ 'ਚ ਹੀ ਲੱਗਦੀ ਹੈ ਅਤੇ ਦੂਜੇ ਹਫਤੇ ਵੱਧ ਤੋਂ ਵੱਧ 15 'ਚ। ਫਿਲਮ ਨਿਰਮਾਤਾ, ਨਿਰਦੇਸ਼ਕ, ਐਕਟਰ ਤੇ ਹੋਰ ਅਮਲਾ ਹੱਥਾਂ 'ਤੇ ਹੱਥ ਧਰੀ ਵਿਹਲੇ ਬੈਠੇ ਹਨ, ਜਿਨ੍ਹਾਂ ਦੇ ਚੁੱਲ੍ਹੇ ਠੰਡੇ ਹੋ ਚੁੱਕੇ ਹਨ। ਕੇਬਲਾਂ 'ਤੇ ਭਾਰਤੀ ਫਿਲਮਾਂ ਤੇ ਨਾਟਕ ਚਲਦੇ ਹਨ, ਬਾਜ਼ਾਰਾਂ 'ਚ ਭਾਰਤੀ ਗਾਣੇ ਗੂੰਜਦੇ ਹਨ। ਡਿਸਟ੍ਰੀਬਿਊਟਰ ਵੀ ਭਾਰਤੀ ਫਿਲਮਾਂ ਹੀ ਬਰਾਮਦ ਕਰਦੇ ਹਨ ਕਿਉਂਕਿ ਮੁਨਾਫੇ ਦਾ ਸਵਾਲ ਹੈ ਪਰ ਸਰਕਾਰ ਨੂੰ ਆਪਣੇ ਗੋਰਖਧੰਦੇ ਤੋਂ ਹੀ ਵਿਹਲ ਨਹੀਂ ਕਿ ਪਾਕਿਸਤਾਨੀ ਸਿਨੇਮੇ ਤੇ ਥੀਏਟਰ 'ਚ ਨਵੀਂ ਜਾਨ ਪਾਉਣ ਲਈ ਕੋਈ ਚਾਰਾ ਕਰੇ ਜਦੋਂਕਿ ਸਿਨੇਮਾ ਤੇ ਥਿਏਟਰ ਕਿਸੇ ਵੀ ਸਮਾਜ ਦੀ ਪਹਿਚਾਣ ਤੇ ਆਵਾਜ਼ ਹੁੰਦੇ ਹਨ।

ਜਿਹੜੀ ਵੀ ਸਰਕਾਰ ਆਈ, ਉਸਨੇ ਰਾਜ ਭਾਗ ਆਰਾਮ ਨਾਲ ਕਰਨ ਲਈ ਇਕੋ ਗਿੱਦੜਸਿੰਙੀ ਵਰਤੀ ਕਿ ਅਮਰੀਕਾ ਤੇ ਉਸਦੇ ਸਾਥੀਆਂ ਨੂੰ ਖੁਸ਼ ਰੱਖੋ ਤੇ ਕਰਜ਼ੇ ਅਤੇ ਗਰਾਂਟਾਂ ਲਈ ਚੱਲੋ ਤੇ ਦੂਜੇ ਪਾਸੇ ਹਰ ਨਾਕਾਮੀ ਪਿੱਛੇ ਭਾਰਤ ਤੇ ਉਸਦੀ ਏਜੰਸੀ ਰਾਅ ਸਿਰ ਦੋਸ਼ ਧਰੀ ਚੱਲੋ ਤੇ ਅਵਾਮ ਨੂੰ ਪ੍ਰਚਾਰੀ ਚੱਲੋ। ਪਰ ਭਾਰਤ ਦੀ ਅਮਰੀਕਾ ਨਾਲ ਦੋਸਤੀ ਹੋਣ ਨਾਲ ਇਹ ਗਿੱਦੜਸਿੰਙੀ ਵੀ ਪਹਿਲਾਂ ਵਾਂਗ ਕੰਮ ਨਹੀਂ ਕਰਦੀ। ਹੁਣ ਅਮਰੀਕਾ ਤੇ ਸੰਸਾਰ ਦੇ ਹੋਰ ਦੇਸ਼ ਭਾਰਤ ਦੀਆਂ ਇਨ੍ਹਾਂ ਗੱਲਾਂ ਨਾਲ ਸਹਿਮਤ ਹਨ ਕਿ ਬਲੋਚਿਸਤਾਨ ਵਿਚ ਉਸਦੀ ਦਖਲਅੰਦਾਜ਼ੀ ਦਾ ਪਾਕਿਸਤਾਨ ਕੋਲ ਕੋਈ ਸਬੂਤ ਨਹੀਂ ਹੈ। ਪਾਣੀ ਅਤੇ ਕਸ਼ਮੀਰ ਦੇ ਮਸਲੇ 'ਤੇ ਭਾਰਤ ਗੱਲਬਾਤ ਲਈ ਤਿਆਰ ਹੈ ਪਰ ਪਹਿਲਾਂ ਸਰਹੱਦ ਪਾਰ ਤੋਂ ਦਰਾਮਦ ਹੋ ਰਹੇ ਅਤਿਵਾਦ ਨੂੰ ਰੋਕਿਆ ਜਾਵੇ ਅਤੇ 26/11 ਦੇ ਸਾਰੇ ਦੋਸ਼ੀਆਂ ਨੂੰ ਸਜ਼ਾ ਦਿੱਤੀ ਜਾਵੇ।

> ***ਪਾਕਿਸਤਾਨ ਅੰਦਰ ਅਤਿਵਾਦ ਨੇ ਦੇਸ਼ ਅੰਦਰਲੀ ਸਿਆਸਤ ਤੇ ਅਫਸਰਸ਼ਾਹੀ ਨੂੰ ਹੀ ਰੋਗੀ ਨਹੀਂ ਸਗੋਂ ਇਸਦੇ ਦੂਜੇ ਹਿੱਸਿਆਂ ਨੂੰ ਵੀ ਬੁਰੀ ਤਰ੍ਹਾਂ ਪ੍ਰਭਾਵਤ ਕੀਤਾ ਹੈ। ਸਭ ਲਈ ਮਿਆਰੀ ਤੇ ਜ਼ਰੂਰੀ ਵਿੱਦਿਆ ਲਈ ਅਜੇ ਤਕ ਕੋਈ ਸੋਚ ਨਹੀਂ ਬਣੀ। ਅੱਜ ਵੀ 60 ਲੱਖ ਬੱਚੇ ਸਕੂਲਾਂ ਤੋਂ ਬਾਹਰ ਹਨ। ਮਨਿਸਟਰਾਂ ਤੇ ਵੱਡੇ ਅਫ਼ਸਰਾਂ ਦੇ ਜ਼ਿਆਦਾਤਰ ਬੱਚੇ ਬਾਹਰਲੇ ਦੇਸ਼ਾਂ 'ਚ ਪੜ੍ਹਦੇ ਹਨ। ਪਾਕਿਸਤਾਨ 'ਚ ਖੇਡਾਂ ਦਾ ਮਿਆਰ ਕਦੇ ਬਹੁਤ ਵਧੀਆ ਹੁੰਦਾ ਸੀ।***

ਅੰਦਰੋਂ ਪਹਿਲਾਂ ਹੀ ਹਾਲਾਤ ਖਰਾਬ ਹਨ ਤੇ ਹੁਣ ਨਵੇਂ ਸੰਸਾਰਕ ਜੋੜ-ਤੋੜਾਂ ਕਾਰਨ ਪਾਕਿਸਤਾਨ ਨੂੰ ਬਾਹਰੋਂ ਵੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਰ ਜੇ ਪਾਕਿਸਤਾਨ ਦੇ ਚਲੰਤ ਮਾਮਲਿਆਂ ਦੇ ਪ੍ਰੋਗਰਾਮ ਤੇ ਟਾਕ ਸ਼ੋਅ, ਜਿਹੜੇ ਕਿ ਬੜੇ ਮਕਬੂਲ ਹਨ, ਵੇਖੀਏ/ਸੁਣੀਏ ਤਾਂ ਪਤਾ ਲੱਗਦਾ ਹੈ ਉਥੋਂ ਦੇ ਆਮ ਲੋਕ ਜਾਗਰੂਕ ਹੋ ਰਹੇ ਹਨ, ਉਹ ਵੀ ਸੁੱਖ-ਆਰਾਮ ਦੀ ਜ਼ਿੰਦਗੀ ਜਿਊਣਾ ਚਾਹੁੰਦੇ ਹਨ, ਬੇਫਿਕਰ ਹੋ ਕੇ ਕੰਮਾਂ 'ਤੇ ਜਾਣਾ ਚਾਹੁੰਦੇ ਹਨ, ਸਵੇਰੇ-ਸ਼ਾਮ ਸੈਰ ਕਰਨਾ ਚਾਹੁੰਦੇ ਹਨ, ਭਾਰਤੀਆਂ ਨਾਲ ਮੇਲ-ਜੋਲ ਚਾਹੁੰਦੇ ਹਨ, ਵਪਾਰ ਚਾਹੁੰਦੇ ਹਨ। ਉਨ੍ਹਾਂ ਨੂੰ ਵੀ ਦੁੱਖ ਹੁੰਦਾ ਹੈ ਜਦੋਂ ਹਵਾਈ ਅੱਡਿਆਂ 'ਤੇ ਉਨ੍ਹਾਂ ਦੀ ਖਾਸ ਤਲਾਸ਼ੀ ਲਈ ਜਾਂਦੀ ਹੈ। ਅਸੀਂ ਸਾਰੇ ਜਲਦੀ ਕੁਝ ਚੰਗਾ ਵਾਪਰਨ ਦੀ ਉਮੀਦ ਕਰਦੇ ਹਾਂ ਬਸ਼ਰਤੇ ਕਿ ਉਨ੍ਹਾਂ ਦੇ ਹਾਕਮ ਇਸ ਸੰਬੰਧ 'ਚ ਨਿਰਸਵਾਰਥ ਹੋ ਕੇ ਆਪਣੀ ਕੌਮ ਦੇ ਭਲੇ ਲਈ ਕੁਝ ਸਖ਼ਤ ਫੈਸਲੇ ਲੈਣ।

## ਕੁਝ ਹਲਕੀਆਂ ਫੁਲਕੀਆਂ ਪਰ ਸੱਚੀਆਂ

ਪਾਕਿਸਤਾਨ 'ਚ 30-35 ਰੈਗੂਲਰ ਟਾਕ ਸ਼ੋਅ ਚਲਦੇ ਹਨ ਜੋ ਬੜੇ ਦਿਲਚਸਪ ਤੇ ਉਥੋਂ ਦੇ ਸਮਾਜ ਅਤੇ ਸਿਆਸਤ ਬਾਰੇ ਬੜੇ ਜਾਣਕਾਰੀ ਭਰਪੂਰ ਹੁੰਦੇ ਹਨ। ਇਨ੍ਹਾਂ ਸ਼ੋਆਂ 'ਚ ਸਿਆਸੀ ਪਾਰਟੀਆਂ ਦੇ ਸਿਰਕੱਢ ਨੇਤਾ ਤੇ ਦੇਸ਼ ਦੇ ਨਾਮੀ ਬੁੱਧੀਜੀਵੀ ਸ਼ਾਮਲ ਹੁੰਦੇ ਹਨ। 'ਹਮ ਸਭ ਉਮੀਦ ਸੇ ਹੈਂ' ਅਤੇ 'ਹਸਬ-ਏ-ਹਾਲ' ਦੋ ਐਸੇ ਕਾਮੇਡੀ ਸ਼ੋਅ ਹਨ, ਜੋ ਸਿਰਫ ਤੇ ਸਿਰਫ ਸਰਕਾਰ ਅਤੇ ਸਮਾਜ ਦੇ ਐਬਾਂ ਅਤੇ ਖਾਮੀਆਂ ਤੇ ਇੰਨੇ ਖੂਬਸੂਰਤ ਤੇ ਸਖ਼ਤ ਵਿਅੰਗ ਕੱਸਦੇ ਹਨ ਕਿ ਸਾਰਾ ਪਾਕਿਸਤਾਨ ਇਨ੍ਹਾਂ ਸ਼ੋਆਂ ਦਾ ਸ਼ੈਦਾਈ ਹੋ ਗਿਆ ਹੈ। ਇਨ੍ਹਾਂ ਟਾਕ ਅਤੇ ਕਾਮੇਡੀ ਸ਼ੋਆਂ 'ਚੋਂ ਕੁਝ ਗੱਲਾਂ ਹਾਜ਼ਰ ਹਨ:

1. ਜਦੋਂ ਜ਼ਰਦਾਰੀ ਸਾਹਿਬ ਨੂੰ ਆਪਣੇ ਕਈ ਗਲਤ ਫੈਸਲੇ, ਜਿਵੇਂ ਜੱਜਾਂ ਦੀ ਬਹਾਲੀ ਤੇ ਫਿਰ ਨਵੇਂ ਜੱਜਾਂ ਦੀ ਨਿਯੁਕਤੀ ਆਦਿ ਵਾਪਸ ਲੈਣੇ ਪਏ ਤਾਂ ਇਕ ਸਾਹਿਬ ਨੇ ਪੀਪਲਜ਼ ਪਾਰਟੀ ਦੇ ਬੁਲਾਰੇ ਨੂੰ ਪੁੱਛਿਆ ਕਿ ਅਜਿਹੇ ਕਿਹੜੇ ਤਿੰਨ ਸਲਾਹਕਾਰ ਨੇ ਜੋ ਜ਼ਰਦਾਰੀ ਸਾਹਿਬ ਨੂੰ ਅਜਿਹੇ ਫੈਸਲੇ ਲੈਣ ਦੀ ਸਲਾਹ ਦਿੰਦੇ ਹਨ। ਪੀਪਲਜ਼ ਪਾਰਟੀ ਦੇ ਬੁਲਾਰੇ ਤੋਂ ਪਹਿਲਾਂ ਹੀ ਮੁਸਲਿਮ ਲੀਗ (ਨਵਾਜ਼) ਦਾ ਬੁਲਾਰਾ ਬੋਲ ਪਿਆ, "ਮੈਨੂੰ ਪਤਾ ਹੈ, ਮੈਂ ਨਾਮ ਤਾਂ ਨਹੀਂ ਲੈ ਸਕਦਾ, ਇਸ਼ਾਰਾ ਜ਼ਰੂਰ ਕਰ ਸਕਦਾ ਹਾਂ। ਉਨ੍ਹਾਂ 'ਤੇ ਭਾਰਤੀ ਐਕਟਰ ਆਮਿਰ ਖ਼ਾਨ ਨੇ ਇਕ ਫ਼ਿਲਮ ਬਣਾਈ ਹੈ, ਜਿਹੜੀ ਲਾਹੌਰ ਦੇ ਦੋ ਸਿਨਮਿਆਂ 'ਚ ਚੱਲ ਰਹੀ ਹੈ।"

2. ਟਾਕ ਸ਼ੋਅ 'ਚ ਹੈਤੀ 'ਚ ਆਏ ਭੂਚਾਲ ਤੇ ਹੋਰ ਕੁਦਰਤੀ ਆਫਤਾਂ ਤੇ ਮਨੁੱਖੀ ਨੁਕਸਾਨ ਬਾਰੇ ਗੱਲਬਾਤ ਹੋ ਰਹੀ ਸੀ ਤਾਂ ਇਕ ਬੁੱਧੀਜੀਵੀ ਕਹਿਣ ਲੱਗਾ ਕਿ ਅਜਿਹੇ ਸਮਿਆਂ 'ਤੇ ਹੋਰ ਦੇਸ਼ਾਂ ਦੇ ਨੇਤਾਵਾਂ ਨੂੰ ਪਰਜਾ ਦੇ ਜਾਨ, ਮਾਲ ਅਤੇ ਮੁੜ ਵਸੇਬੇ ਦਾ ਫਿਕਰ ਹੁੰਦਾ ਹੈ ਪਰ ਸਾਡੇ ਨੇਤਾਵਾਂ ਨੂੰ ਅਜਿਹੇ ਮੌਕਿਆਂ 'ਤੇ ਖੁਸ਼ੀਆਂ ਚੜ੍ਹ ਜਾਂਦੀਆਂ ਹਨ ਕਿ ਕੌਮਾਂਤਰੀ ਸਹਾਇਤਾ ਦੇ ਗੱਫੇ ਆਉਣਗੇ, ਅੱਧੇ ਖਾਵਾਂਗੇ ਤੇ ਅੱਧੇ ਵੰਡਾਂਗੇ।

3. ਜਦੋਂ ਬੀਬੀ ਨਸੀਮ ਖ਼ਾਬਰ ਹਯਾਤ ਐਮ. ਐਲ. ਏ. ਪੰਜਾਬ ਨੇ ਲਾਹੌਰ ਅਸੈਂਬਲੀ 'ਚ ਮਰਦਾਂ ਲਈ ਇਕ ਤੋਂ ਵੱਧ ਵਿਆਹਾਂ ਦੀ ਤਜਵੀਜ਼ ਰੱਖੀ ਤਾਂ ਇਸਦੀ ਗੂੰਜ ਉਥੋਂ ਦੀ ਪਾਰਲੀਮੈਂਟ 'ਚ ਵੀ ਗੂੰਜੀ। ਕੁਝ ਜ਼ਰਾ ਵਡੇਰੀ ਉਮਰ ਦੇ ਪਾਰਲੀਮੈਂਟ ਮੈਂਬਰਾਂ ਨੇ ਬੀਬੀ ਨਸੀਮ ਦੇ ਸੁਝਾਅ ਦੀ ਹਮਾਇਤ ਕੀਤੀ ਤਾਂ ਇਕ ਨੌਜਵਾਨ ਐਮ. ਪੀ. ਖੜ੍ਹਾ ਹੋ ਕੇ ਕਹਿਣ ਲੱਗਾ ਕਿ 80 ਫੀਸਦੀ ਐਮ. ਪੀ. ਤਾਂ ਪਹਿਲਾਂ ਹੀ ਜਾਹਰਾ ਤੌਰ 'ਤੇ ਇਕ ਤੋਂ ਵੱਧ ਵਾਰ ਵਿਆਹੇ ਹੋਏ ਨੇ ਤੇ ਫਿਰ ਇਨ੍ਹਾਂ ਲੋਕਾਂ ਦੇ ਘਰ ਵਿਦੇਸ਼ਾਂ ਵਿਚ ਵੀ ਹਨ। ਇਸ ਤੋਂ ਵੱਧ ਤੁਹਾਨੂੰ ਹੋਰ ਕੀ ਚਾਹੀਦਾ ਹੈ। ਇਸ ਤੋਂ ਐਮ. ਪੀ. ਡਾ. ਫਿਰਦੌਸ ਆਸ਼ਕ ਅਵਾਨ, ਜਿਸਦੀਆਂ ਆਪਣੀਆਂ ਵੀ ਦੋ ਸ਼ਾਦੀਆਂ ਹੋ ਚੁੱਕੀਆਂ ਹਨ ਅਤੇ ਜਿਸਨੂੰ ਕਈ ਵਾਰ ਗੈਰ-ਪਾਰਲੀਮੈਂਟਰੀ ਸ਼ਬਦ ਵਰਤਣ ਕਰਕੇ ਚੇਤਾਵਨੀ ਮਿਲ ਚੁੱਕੀ ਹੈ, ਕਹਿਣ ਲੱਗੀ, "ਚੁੱਪ ਕਰ ਵੇ ਮੁੰਡਿਆ, ਤੂੰ ਆਪ ਮੱਤਾਂ ਜੋਗਾ ਹੋ ਕੇ, ਸਾਨੂੰ ਮੱਤਾਂ ਦੇਣ ਡਿਹੈ। ਹਾਜ਼ਰੀਨ, ਖਾਤੂਨ ਹੋ ਕੇ ਵੀ ਮੈਂ ਇਸ ਸੁਝਾਅ ਦੀ ਪੁਰਜ਼ੋਰ ਹਮਾਇਤ ਕਰਦੀ ਹਾਂ।"

4. ਇਕ ਟਾਕ ਸ਼ੋਅ 'ਚ ਪੀਪਲਜ਼ ਪਾਰਟੀ ਦੀ ਮਨਿਸਟਰ ਡਾ. ਫਿਰਦੌਸ ਆਸ਼ਕ ਅਵਾਨ, ਮੁਸਲਿਮ ਲੀਗ (ਕਿਊ) ਦੀ ਇਨਫਰਮੇਸ਼ਨ ਸਕੱਤਰ ਕੁਸ਼ਮਾਲਾ ਤਾਰਿਕ ਤੇ ਇਕ ਮੁਸਲਿਮ ਲੀਗ (ਨਵਾਜ਼ ਸ਼ਰੀਫ) ਦੀ ਮਹਿਲਾ ਨੇਤਾ ਖਾਸ ਮਹਿਮਾਨ ਸਨ। ਯਾਦ ਰਹੇ ਕਿ ਡਾ. ਫਿਰਦੌਸ ਕਿਸੇ ਵੇਲੇ ਮੁਸਲਿਮ ਲੀਗ (ਕਿਊ) ਦੀ ਵੀ ਸਰਗਰਮ ਮੈਂਬਰ ਰਹੀ ਹੈ ਤੇ ਕੁਸ਼ਮਾਲਾ ਸਭ ਤੋਂ ਨੌਜਵਾਨ ਤੇ ਬਹੁਤ ਹੀ ਸੁੰਦਰ ਸਿਆਸਤਦਾਨ ਕੁੜੀ ਹੈ। ਸਰਕਾਰ ਦੀ ਕਾਰਗੁਜ਼ਾਰੀ ਤੇ ਬਹਿਸ ਗਰਮ ਹੋ ਗਈ ਤਾਂ ਕੁਸ਼ਮਾਲਾ ਨੇ ਡਾ. ਫਿਰਦੌਸ ਦੀ ਦਲਬਦਲੀ ਕਾਰਨ ਉਸ ਨੂੰ 'ਲੋਟਾ' ਕਹਿ ਦਿੱਤਾ। ਬਸ ਫਿਰ ਕੀ ਸੀ। ਡਾ. ਸਾਹਿਬਾ ਨੇ ਜੋ ਮੂੰਹ ਆਇਆ ਬੋਲ ਦਿੱਤਾ। ਉਹ ਕੁਸ਼ਮਾਲਾ ਨੂੰ ਕਹਿਣ ਲੱਗੀ, "ਮੈਂ ਲੋਕਾਂ 'ਚ ਕੰਮ ਕਰਕੇ ਤੇ ਵੋਟਾਂ ਨਾਲ ਸਿਆਸਤ 'ਚ ਆਈ ਹਾਂ। ਤੇਰੇ ਵਾਂਗ ਹੀਰਾ ਮੰਡੀ 'ਚੋਂ ਡਰਾਇੰਗ ਰੂਮ ਰਾਹੀਂ ਨਹੀਂ ਆਈ।" ਇਹ ਗੱਲਾਂ ਡਾ. ਫਿਰਦੌਸ ਨੇ ਟੀ. ਵੀ. ਸ਼ੋਅ 'ਚ ਲਾਈਵ ਕਹੀਆਂ।

ਇਸੇ ਤਰ੍ਹਾਂ ਇਕ ਹੋਰ ਲਾਈਵ ਸ਼ੋਅ 'ਚ ਉਹ ਇਕ ਹੋਰ ਐਮ. ਪੀ. ਸ਼ੈਫ-ਓ-ਰਹਿਮਾਨ ਨਾਲ ਬਹਿਸ ਕਰ ਰਹੀ ਸੀ ਤਾਂ ਗੁੱਸੇ 'ਚ ਆ ਕੇ ਉਸਨੂੰ ਕਹਿਣ ਲੱਗੀ, "ਮੂੰਹ ਬੰਦ ਕਰ ਲੈ, ਬੇਗੈਰਤ ਦੀ ਔਲਾਦ।" ਇਨ੍ਹਾਂ ਗੱਲਾਂ ਦੀ ਸ਼ਿਕਾਇਤ ਪ੍ਰਧਾਨ ਮੰਤਰੀ ਤਕ ਵੀ ਪਹੁੰਚੀ, ਉਸਨੇ ਕਾਰਵਾਈ ਦਾ ਭਰੋਸਾ ਵੀ ਦਿੱਤਾ ਪਰ ਗੱਲ ਆਈ-ਗਈ ਹੋ ਗਈ। ਇਸ ਗੱਲ ਦਾ ਮੀਡੀਏ 'ਚ ਬੜਾ ਰੌਲਾ ਪਿਆ ਕਿ ਇਕ ਐਂਕਰ ਡਾ. ਫਿਰਦੌਸ ਦੇ ਘਰ ਉਸਦੀ ਲਾਈਵ ਇੰਟਰਵਿਊ ਕਰਨ ਚਲਾ ਗਿਆ ਤਾਂ ਉਸਦਾ ਪਹਿਲਾ ਸਵਾਲ ਸੀ, "ਮੈਡਮ, ਤੁਸੀਂ ਇਕ ਡਾਕਟਰ ਹੋ, ਇਕ ਮਨਿਸਟਰ ਹੋ। ਜਦੋਂ ਤੁਸੀਂ ਇਸ ਤਰ੍ਹਾਂ ਬੋਲਦੇ ਹੋ ਤਾਂ ਲੋਕ ਕੀ ਪੁੱਛਦੇ?" ਕਹਿਣ ਲੱਗੀ, "ਲੋਗ ਤਾਂ ਸ਼ਾਬਾਸ਼ ਦੇਤੇ ਹੈਂ ਕਿ ਇਨ ਲੋਗੋਂ ਕੀ ਕਰਤੂਤੇਂ ਬਤਾਤੀ ਹੂੰ। ਬਸ ਮੁਝੇ ਜ਼ਰਾ ਗੁੱਸਾ ਜਲਦੀ ਆਤਾ ਹੈ ਤੋ ਮੈਂ 'ਅਵਾਨ' ਸੇ ਹੈਵਾਨ ਬਨ ਜਾਤੀ ਹੂੰ।"

## ਚੱਲ ਸੋ ਚੱਲ

5. ਪਾਕਿਸਤਾਨ 'ਚ ਸਭ ਨੂੰ ਪਤਾ ਹੈ ਕਿ ਸਦਰ ਜ਼ਰਦਾਰੀ ਹਰ ਮਹੀਨੇ ਇਕ ਕਾਲੇ ਸਿਆਹ ਰੰਗ ਦੇ ਬੱਕਰੇ ਦੀ ਬਲੀ ਦਿੰਦੇ ਹਨ। ਕੋਈ ਖਾਸ ਕਾਰਿੰਦਾ ਹਰ ਮਹੀਨੇ ਗੁਪਤ ਤੌਰ 'ਤੇ ਇਕ ਕਾਲਾ ਬੱਕਰਾ ਪ੍ਰੈਜ਼ੀਡੈਂਟ ਹਾਉਸ 'ਚ ਲਿਆਉਂਦਾ ਹੈ ਤੇ ਜ਼ਰਦਾਰੀ ਸਾਹਿਬ ਉਸ 'ਤੇ ਹੱਥ ਫੇਰਦੇ ਹਨ ਤੇ ਫਿਰ ਉਹ ਕਾਰਿੰਦਾ ਉਸੇ ਤਰ੍ਹਾਂ ਗੁਪਤ ਤਰੀਕੇ ਨਾਲ ਬੱਕਰੇ ਨੂੰ ਵਾਪਸ ਲੈ ਜਾ ਕੇ ਕਿਸੇ ਖਾਸ ਥਾਂ 'ਤੇ ਉਸਦੀ ਬਲੀ ਦੇ ਦਿੰਦਾ ਹੈ। ਇਕ ਸ਼ੋਅ 'ਚ ਵਿਖਾਇਆ ਗਿਆ ਕਿ ਜ਼ਰਦਾਰੀ ਸਾਹਿਬ ਦੇ ਖਾਸ ਤਿੰਨ ਮੰਤਰੀ ਇਕ ਕਾਲਾ ਬੱਕਰਾ ਲੈ ਕੇ ਆਉਂਦੇ ਹਨ ਤੇ ਜਦੋਂ ਜ਼ਰਦਾਰੀ ਸਾਹਿਬ ਉਸ 'ਤੇ ਹੱਥ ਫੇਰਦੇ ਹਨ ਤਾਂ ਉਨ੍ਹਾਂ ਦਾ ਹੱਥ ਰੰਗ ਨਾਲ ਕਾਲਾ ਹੋ ਜਾਂਦਾ ਹੈ। ਇਸ ਤੇ ਮੰਤਰੀ ਦੱਸਦਾ ਹੈ ਕਿ "ਜਨਾਬ ਹੁਣ ਪੂਰੇ ਕਾਲੇ ਸਿਆਹ ਬੱਕਰੇ ਤਾਂ ਖ਼ਤਮ ਹੋ ਗਏ ਹਨ। ਖ਼ਿਜ਼ਾਬ ਲੱਗੇ ਵੀ ਚੱਲ ਜਾਣਗੇ, ਪੀਰਾਂ ਨੇ ਕਿਹੜਾ ਇਸ 'ਤੇ ਸ਼ੈਂਪੂ ਮਲਣਾ ਐ।"

6. ਪਾਕਿਸਤਾਨ ਟੀ. ਵੀ. 'ਤੇ ਬਿਜਲੀ ਚੋਰੀ ਸੰਬੰਧੀ ਦੋ-ਦੋ, ਤਿੰਨ-ਤਿੰਨ ਮਿੰਟਾਂ ਦੇ ਇਸ਼ਤਿਹਾਰ ਆਉਂਦੇ ਹਨ। ਨਵਾਜ਼ ਸ਼ਰੀਫ ਦੇ ਭਰਾ ਸ਼ਾਹਬਾਜ਼ ਸ਼ਰੀਫ ਦੀ ਪੰਜਾਬ ਸਰਕਾਰ ਚੋਰ ਦੱਸਣ ਵਾਲੇ ਨੂੰ ਇਨਾਮ ਦੇਣ ਦੀ ਗੱਲ ਵੀ ਕਰਦੀ ਹੈ। ਪਿਛਲੇ ਦਿਨਾਂ 'ਚ ਪੰਜਾਬ 'ਚ ਤਿੰਨ ਥਾਂਵਾਂ 'ਤੇ ਜਿਮਨੀ ਚੋਣਾਂ ਹੋਈਆਂ ਤਾਂ ਨਵਾਜ਼ ਸ਼ਰੀਫ ਦੇ ਇਕ ਬਹੁਤ ਹੀ ਭਰਵੇਂ ਜਲਸੇ 'ਚ ਬਿਜਲੀ ਦੀ ਚੋਰੀ ਹੁੰਦੀ ਫੜੀ ਗਈ। ਜਲਸੇ ਦੇ ਸਪੀਕਰ ਤੇ ਲਾਈਟਾਂ ਖੰਭਿਆਂ ਤੇ ਕੁੰਡੀਆਂ ਲਾ ਕੇ ਚਲਾਏ ਜਾ ਰਹੇ ਸਨ।

7. ਸਭ ਨੂੰ ਪਤਾ ਹੈ ਕਿ ਪਾਕਿਸਤਾਨ ਦੇ ਵੱਡੇ-ਵੱਡੇ ਤੇ ਅਮੀਰ ਹੋ ਚੁੱਕੇ ਨੇਤਾ ਲੋਕਾਂ ਦਾ ਬਾਲ-ਬੱਚਾ ਘਰ-ਵਾਰ ਅਤੇ ਪੈਸਾ ਧੇਲਾ ਬਾਹਰਲੇ ਮੁਲਕਾਂ ਜਿਵੇਂ ਇੰਗਲੈਂਡ, ਦੁਬਈ, ਅਮਰੀਕਾ ਆਦਿ ਵਿਚ ਹੈ ਤੇ ਜਦੋਂ ਵੀ ਕੁਰਸੀ ਉਨ੍ਹਾਂ ਹੇਠ ਆ ਜਾਂਦੀ ਹੈ ਤਾਂ ਉਹ ਇਕ ਹੱਥ ਨਾਲ ਪਾਕਿਸਤਾਨ 'ਚੋਂ ਕਮਾਈ ਜਾਂਦੇ ਹਨ ਤੇ ਦੂਜੇ ਹੱਥ ਨਾਲ ਮਾਲ ਬਾਹਰਲੇ ਬੈਂਕਾਂ 'ਚ ਜਮ੍ਹਾਂ ਕਰਵਾਈ ਜਾਂਦੇ ਹਨ। ਇਸ ਸੰਬੰਧ 'ਚ ਇਕ ਮਜ਼ਾਹੀਆ ਸ਼ੋਅ 'ਚ ਇਕ ਪਾਤਰ ਦਾ ਡਾਇਲਾਗ ਸੀ, "ਸਾਡੇ ਨੇਤਾ ਤਾਂ ਪਾਕਿਸਤਾਨ 'ਚ ਰੇਲ ਦੇ ਡੱਬੇ 'ਚ ਬੇਟਿਕਟੇ ਮੁਸਾਫਰਾਂ ਵਾਂਗ ਹੁੰਦੇ ਹਨ, ਸਾਮਾਨ ਪਹਿਲਾਂ ਹੀ ਕਿਸੇ ਹੱਥ ਮੰਜ਼ਿਲ 'ਤੇ ਪਹੁੰਚਾ ਦਿੰਦੇ ਨੇ। ਇਥੇ ਤਾਂ ਤੇਤ ਦੇ ਕੱਪੜੇ 'ਤੇ ਬੋਝੇ 'ਚ ਟਿਕਟਾਂ ਰੱਖਦੇ ਹਨ। ਪਤਾ ਨਹੀਂ ਕਦੋਂ ਟੀ. ਟੀ. ਆ ਜਾਵੇ ਤੇ ਇਨ੍ਹਾਂ ਨੂੰ ਟਪੂਸੀ ਮਾਰ ਕੇ ਡੱਬਾ ਬਦਲਣਾ ਪੈ ਜਾਵੇ।" ਇਕ ਰਿਪੋਰਟ ਮੁਤਾਬਕ ਬਾਹਰ ਵਸੇ ਪਾਕਿਸਤਾਨੀ ਹਰ ਸਾਲ ਆਪਣੇ ਦੇਸ਼ ਨੂੰ 8 ਬਿਲੀਅਨ ਡਾਲਰ ਭੇਜਦੇ ਹਨ ਤੇ 6 ਬਿਲੀਅਨ ਡਾਲਰ ਹਰ ਸਾਲ ਇਥੋਂ ਬਾਹਰ ਚਲਾ ਜਾਂਦਾ ਹੈ।"

8. ਇਕ ਵਾਰ ਮੁਸ਼ੱਰਫ ਵੇਲੇ ਦੇ ਇਕ ਘਾਗ ਨੇਤਾ ਤਿੰਨ ਮੇਜ਼ਬਾਨਾਂ ਵਾਲੇ ਇਕ ਸ਼ੋਅ 'ਚ ਗੱਲਬਾਤ ਲਈ ਬੁਲਾਏ ਗਏ। ਉਹ ਜ਼ਰਾ ਬੇਬਾਕ ਵੀ ਹਨ ਤੇ ਹਲਵਾਈਆਂ ਵਾਂਗ ਭਾਰੀ ਆਵਾਜ਼ 'ਚ ਬੋਲਦੇ ਹਨ। ਸ਼ੋਅ ਦੀ ਇਕ ਮੇਜ਼ਬਾਨ ਨਾਜ਼ੀਆ ਨੇ ਸਵਾਲ ਕੀਤਾ, "ਚੌਧਰੀ ਸਾਹਿਬ, ਤੁਹਾਡੀ ਉਮਰ ਕਿੰਨੀ ਏ?" ਚੌਧਰੀ ਸਾਹਿਬ ਕਹਿਣ ਲੱਗੇ, "ਗੱਲ ਸੁਣ ਕੁੜੀਏ, ਸਾਨੂੰ ਲੀਡਰ ਲੋਕਾਂ ਨੂੰ ਉਮਰ ਕਦੀ ਨਹੀਂ ਪੁੱਛੀਦੀ ਹੁੰਦੀ। ਸਾਡੀ ਉਮਰ ਸਾਲਾਂ ਨਾਲ ਨਹੀਂ, ਕੁਰਸੀ ਨਾਲ ਮਿਣੀ ਜਾਂਦੀ ਏ। ਜਿੰਨੀ ਕੁਰਸੀ ਵੱਡੀ, ਉਮਰ ਓਨੀ ਹੀ ਛੋਟੀ ਤੇ ਜਿੰਨੀ ਕੁਰਸੀ ਛੋਟੀ, ਅਸੀਂ ਉਨਾ ਜ਼ਿਆਦਾ ਵਡੇਰੇ ਜਾਪਦੇ ਆਂ। ਜੇ ਕੁਰਸੀ ਖੁੱਸ ਜਾਵੇ ਤਾਂ ਅਸੀਂ ਜਵਾਨੀ 'ਚ ਵੀ ਬੁੱਢੇ ਦਿਸਦੇ ਹਾਂ ਤੇ ਜੇ ਪਹਿਲਾਂ ਹੀ ਬੁੱਢੇ ਹੋ ਜਾਈਏ ਤਾਂ ਤਾਬੂਤ 'ਚ ਪੈ ਕੇ ਕਬਰਾਂ ਦਾ ਰਾਹ ਫੜੀਦੈ।" ਕਿਸੇ ਤਾਬੂਤ 'ਚ ਪਈ ਨੇਤਾ ਦੀ ਲਾਸ਼ ਦੇ ਕੋਲ ਇਹ ਕਹਿ ਕੇ ਤਾਂ ਵੇਖੀਂ, "ਚੌਧਰੀ ਸਾਹਿਬ, ਤੁਹਾਨੂੰ ਵਜ਼ੀਰੇ-ਆਜ਼ਮ ਬਣਾ ਦਿੱਤਾ ਗਿਆ ਏ, ਜੇ ਅਸੀਂ ਤਾਬੂਤ ਪਾੜ ਕੇ ਨਾ ਬਾਹਰ ਆ ਜਾਈਏ ਤਾਂ? ਸਾਨੂੰ ਉਨ੍ਹਾਂ ਗੱਲਾਂ ਬਾਰੇ ਸਵਾਲ ਪੁੱਛਿਆ ਕਰੋ ਜੋ ਅਸੀਂ ਨਹੀਂ ਕਰਦੇ, ਜਿਵੇਂ ਲੋਕ ਭਲਾਈ ਦੇ ਕੰਮਾਂ ਬਾਰੇ, ਗਰੀਬੀ, ਬੇਰੁਜ਼ਗਾਰੀ, ਮਹਿੰਗਾਈ ਦੇ ਖਾਤਮੇ ਬਾਰੇ। ਇਹ ਕੀ ਸਵਾਲ ਹੋਏ ਤੁਹਾਡੀ ਉਮਰ ਕਿੰਨੀ ਏ? ਤੁਹਾਡੀ ਜਾਇਦਾਦ ਕਿੰਨੀ ਏ, ਕਿਹੜੇ ਦੇਸ਼ਾਂ 'ਚ ਏ? ਤੁਹਾਡੇ ਤੇ ਕਿੰਨੇ ਕੇਸ ਨੇ, ਉਨ੍ਹਾਂ ਦਾ ਕੀ ਬਣਿਆ? ਇਹੋ ਜਿਹੇ ਫਜ਼ੂਲ ਸਵਾਲ ਨਾ ਸਾਨੂੰ ਪੁੱਛਿਆ ਕਰੋ। ਮੈਂ ਤਾਂ ਕੁਰਸੀਓਂ ਲੱਥਾ ਹੋਇਆ ਹਾਂ ਤੇ ਤੁਹਾਡੇ ਐਸੇ ਸਵਾਲ ਸੁਣ ਕੇ ਬੈਠਾ ਹਾਂ ਜੇ ਕਿਸੇ ਹੋਰ ਬਾਸਰੋ ਕੁਰਸੀ ਲੀਡਰ ਨੂੰ ਐਸੇ ਸਵਾਲ ਪੁੱਛ ਲਓ ਤਾਂ ਓਹਨੇ ਪ੍ਰੋਗਰਾਮ ਵਿਚੇ ਛੱਡ ਕੇ ਸਟੂਡੀਓ ਤੋਂ ਬਾਹਰ ਚਲੇ ਜਾਣਾ ਜੇ।"

# ਇੰਗਲੈਂਡ ਹਾਕੀ ਦੀ ਸਕੀ ਅੰਮਾਂ, ਭਾਰਤ ਮਤਰੇਈ

## ਖੇਡ-ਜਗਤ

**ਸੁਖਵੀਰ ਸਿੰਘ ਗਰੇਵਾਲ**



ਸੁਖਵੀਰ ਗਰੇਵਾਲ

ਵਿਸ਼ਵ ਹਾਕੀ ਕੱਪ ਦਾ ਪਹਿਲਾ ਵੱਡਾ ਉਲਟਫੇਰ 28 ਫਰਵਰੀ ਨੂੰ ਹੋਇਆ ਜਦੋਂ ਖਿਤਾਬ ਦੀ ਵੱਡੀ ਦਾਅਵੇਦਾਰ ਆਸਟਰੇਲੀਆ ਨੂੰ ਇੰਗਲੈਂਡ ਨੇ ਚਿੱਤ ਕਰ ਦਿੱਤਾ ਸੀ। ਵਿਸ਼ਵ ਦੇ ਬਿਹਤਰੀਨ ਹਾਕੀ ਕੋਚ ਮੰਨੇ ਜਾਂਦੇ ਚਾਰਲਸਵਰਥ ਦੀ ਟੀਮ ਦੀ ਪਹਿਲੇ ਹੀ ਮੈਚ ਵਿਚ ਹੋਈ ਹਾਰ ਨੇ ਕਈ ਨਵੀਆਂ ਸੰਭਾਵਨਾਵਾਂ ਨੂੰ ਜਨਮ ਦਿੱਤਾ ਸੀ। ਇੰਗਲੈਂਡ ਦੀ ਟੀਮ ਭਾਵੇਂ ਸੈਮੀਫਾਈਨਲ ਵਿਚ ਜਰਮਨੀ ਕੋਲੋਂ ਹਾਰ ਗਈ ਪਰ ਇਸ ਹਾਰ ਦਾ ਇੰਗਲੈਂਡ ਨੂੰ ਜ਼ਰਾ ਵੀ ਮਲਾਲ ਨਹੀਂ। ਯੂਰੋ ਹਾਕੀ ਚੈਂਪੀਅਨਸ਼ਿਪ ਦੇ ਫਾਈਨਲ ਵਿਚ ਇੰਗਲੈਂਡ ਦੀ ਟੀਮ ਜਰਮਨੀ ਨੂੰ ਹਰਾ ਚੁੱਕੀ ਹੈ। ਵਿਸ਼ਵ ਹਾਕੀ ਜਗਤ ਵਿਚ ਇੰਗਲੈਂਡ ਅਜਿਹਾ ਨਾਂ ਹੈ ਜਿਸ ਨੂੰ ਕਦੇ ਵੀ ਖਿਤਾਬ ਦੇ ਨੇੜੇ ਨਹੀਂ ਸਮਝਿਆ ਗਿਆ ਪਰ ਇਹ ਮੁਲਕ ਕਈ ਵਾਰ ਛੁਪਿਆ ਰੁਸਤਮ ਸਾਬਿਤ ਹੋਇਆ ਹੈ। 1988 ਦੀ ਸਿਓਲ ਉਲੰਪਿਕ ਵਿਚ ਵੀ ਅਜਿਹਾ ਹੀ ਹੋਇਆ ਸੀ ਜਦੋਂ ਇੰਗਲੈਂਡ ਨੇ ਸਾਰੀਆਂ ਕਿਆਸ ਅਰਾਈਆਂ ਦੇ ਉਲਟ ਸੋਨ ਤਮਗਾ ਚੁੰਮਿਆ ਸੀ। ਇੰਗਲੈਂਡ ਦਾ ਅੱਧੀ ਦੁਨੀਆਂ ਤੋਂ ਵਧ ਉਪਰ ਰਾਜ ਰਿਹਾ ਹੈ ਜਿਸ ਕਰਕੇ ਦੁਨੀਆਂ ਦੇ ਬਹੁਤੇ ਮੁਲਕਾਂ ਵਿਚ ਖੇਡਾਂ ਦਾ ਜਨਮਦਾਤਾ ਇੰਗਲੈਂਡ ਨੂੰ ਮੰਨਿਆ ਜਾਂਦਾ ਹੈ। ਦੁਨੀਆਂ ਦਾ ਪਹਿਲਾ ਹਾਕੀ ਕਲੱਬ ਸਥਾਪਿਤ ਕਰਨ ਦਾ ਸਿਹਰਾ ਵੀ ਇੰਗਲੈਂਡ ਨੂੰ ਜਾਂਦਾ ਹੈ। 1861 ਵਿਚ ਲੰਦਨ ਵਿਚ ਬਲੈਕਹੈਲਥ ਕਲੱਬ ਦੀ ਸਥਾਪਨਾ ਕੀਤੀ ਗਈ। 1871 ਵਿਚ ਲੰਦਨ ਵਿਚ ਹੀ ਟ੍ਰੈਡਿੰਮਟਨ ਹਾਕੀ ਕਲੱਬ ਦੀ ਸਥਾਪਨਾ ਹੋਈ ਜਿਸ ਨੂੰ ਹਾਕੀ ਨੂੰ ਨਿਯਮਬੱਧ ਕਰਨ ਦਾ ਸਿਹਰਾ ਜਾਂਦਾ ਹੈ। ਹਾਕੀ ਦੇ ਇਤਿਹਾਸ ਵਿਚ ਪਹਿਲਾ ਕੌਮਾਂਤਰੀ ਮੈਚ 1895 ਵਿਚ ਇੰਗਲੈਂਡ ਅਤੇ ਆਇਰਲੈਂਡ ਵਿਚਕਾਰ ਖੇਡਿਆ ਜਾਂਦਾ ਹੈ ਪਰ ਉਸ ਤੋਂ ਪਹਿਲਾਂ ਇੰਗਲੈਂਡ ਦੇ ਸਟੈਨਲੀ ਸ਼ੌਵਲਰ ਨੇ ਵੀ ਚੰਗਾ ਨਾਂ ਕਮਾਇਆ। 1908 ਅਤੇ 1920 ਦੀਆਂ ਉਲੰਪਿਕ ਵਿਚ ਇੰਗਲੈਂਡ ਨੂੰ ਸੋਨ ਤਮਗੇ ਜਿਤਾਉਣ ਵਿਚ ਸ਼ੌਲਵਰ ਦਾ ਮੁੱਖ ਯੋਗਦਾਨ ਸੀ। ਦੋਹਾਂ ਉਲੰਪਿਕ ਵਿਚ ਸ਼ੌਲਵਰ ਟੌਪ ਸਕੋਰਰ ਬਣਿਆ। ਇਸ ਤੋਂ ਬਾਅਦ ਇੰਗਲੈਂਡ ਦੀ ਟੀਮ ਨੂੰ ਉਲੰਪਿਕ ਸੋਨ ਤਮਗੇ ਦਾ ਸੋਕਾ ਪੈ ਗਿਆ। 1984 ਦੀ ਲਾਸ ਏਂਜਲਸ ਉਲੰਪਿਕ ਵਿਚ ਸੀਨ ਕੇਰਲੀ ਨੇ ਸੱਤ ਮੈਚਾਂ ਵਿਚ ਸੱਤ ਗੋਲ ਕਰਕੇ ਇੰਗਲੈਂਡ ਨੂੰ ਕਾਸੀ ਦਾ ਤਮਗਾ ਜਿਤਾਉਣ ਵਿਚ ਅਹਿਮ ਭੂਮਿਕਾ ਨਿਭਾਈ। ਉਲੰਪਿਕ ਵਿਚ ਸੋਨ ਤਮਗੇ ਦੀ ਪਿਆਸ ਸਿਓਲ ਵਿਚ ਬੁਝੀ ਜਦੋਂ ਸੀਨ ਕੇਰਲੀ ਨੇ ਖਿਤਾਬ ਦੀ ਦਾਅਵੇਦਾਰ ਆਸਟਰੇਲੀਆ ਵਿਰੁਧ ਸੈਮੀ ਫਾਈਨਲ ਮੈਚ ਦੌਰਾਨ ਹੈਟਟ੍ਰਿਕ ਜੜ ਕੇ ਇਰਾਦੇ ਜਾਹਿਰ ਕਰ ਦਿੱਤੇ। 68 ਸਾਲਾਂ ਬਾਅਦ ਇੰਗਲੈਂਡ ਦੀ ਟੀਮ ਉਲੰਪਿਕ ਦਾ ਸੋਨ ਤਮਗਾ ਲੈ ਕੇ ਵਤਨ ਪਰਤੀ। ਬੇਸ਼ੱਕ ਭਾਰਤ ਵਿਚ ਹਾਕੀ ਲਿਆਉਣ ਦਾ ਸਿਹਰਾ ਇੰਗਲੈਂਡ ਨੂੰ ਜਾਂਦਾ ਹੈ ਪਰ ਭਾਰਤ ਨੂੰ ਹਰਾਉਣ ਲਈ ਇੰਗਲੈਂਡ ਨੂੰ ਲੰਮਾ ਸਮਾਂ ਲਗ ਗਿਆ। 1985 ਵਿਚ ਪਰਥ ਵਿਚ ਹੋਈ ਚੈਂਪੀਅਨਜ਼ ਟਰਾਫੀ ਦੌਰਾਨ ਭਾਰਤ 1-2 ਦੇ ਫਰਕ ਨਾਲ ਹਾਰ ਗਿਆ। ਦੋਵੇਂ ਮੁਲਕਾਂ ਦੇ ਹਾਕੀ ਇਤਿਹਾਸ ਵਿਚ ਇੰਗਲੈਂਡ ਦੀ ਭਾਰਤ ਉਪਰ ਇਹ ਪਹਿਲੀ ਜਿੱਤ ਸੀ। ਇਸ ਤੋਂ ਬਾਅਦ ਇੰਗਲੈਂਡ ਦਾ ਹੌਸਲਾ ਬੁਲੰਦ ਹੋ ਗਿਆ। ਬੀਜਿੰਗ ਉਲੰਪਿਕ ਲਈ ਖੇਡੇ ਗਏ ਕੁਆਲੀਫਾਈਂਗ ਟੂਰਨਾਮੈਂਟ ਦੇ ਫਾਈਨਲ ਵਿਚ ਜੇਤੂ ਰਹਿ ਕੇ ਭਾਰਤੀ ਹਾਕੀ ਦੇ ਇਤਿਹਾਸ ਵਿਚ ਕਾਲਾ ਦਿਨ ਲਿਖਣ ਦਾ ਸਿਹਰਾ ਵੀ ਇੰਗਲੈਂਡ ਨੂੰ ਜਾਂਦਾ ਹੈ। ਇੰਗਲੈਂਡ ਦੀ ਖੇਡ ਸ਼ੈਲੀ ਬਾਰੇ ਹਾਕੀ ਮਾਹਿਰਾਂ ਦਾ ਮੰਨਣਾ ਹੈ ਕਿ ਇਹ ਟੀਮ ਇਕ 'ਗੇਮ ਪਲੈਨ' ਲੈ ਕੇ ਮੈਦਾਨ ਵਿਚ ਨਿੱਤਰਦੀ ਹੈ। ਜੇ ਇਹ ਪਲੈਨ ਸਿਰੇ ਚੜ੍ਹ ਗਿਆ ਤਾਂ ਚੋਟੀ ਦੀਆਂ ਟੀਮਾਂ ਵੀ ਇੰਗਲੈਂਡ ਅੱਗੇ ਢਹਿ ਢੇਰੀ ਹੋ ਜਾਂਦੀਆਂ ਹਨ। ਇਸ ਟੀਮ ਕੋਲ ਕਈ ਤਰ੍ਹਾਂ ਦੇ ਪਲੈਨ ਹਨ ਪਰ ਜੇ ਵਿਰੋਧੀ ਟੀਮ ਨੂੰ ਮੈਚ ਦੇ ਸ਼ੁਰੂ ਵਿਚ ਵੀ ਇੰਗਲੈਂਡ ਦੀ ਗੁੱਝੀ ਰਣਨੀਤੀ ਦੀ ਭਿਣਕ ਪੈ ਗਈ ਤਾਂ ਉਹ ਇੰਗਲੈਂਡ ਉਪਰ ਹਾਵੀ ਹੋਣ ਨੂੰ ਦੇਰ ਨਹੀਂ ਲਾਉਂਦੀ। ਸ਼ਾਇਦ ਇਸੇ ਕਰਕੇ ਗੋਰਿਆਂ ਦੀ ਚੜ੍ਹਤ ਸਥਾਈ ਤੌਰ ਤੇ ਨਹੀਂ ਟਿਕਦੀ। ਜਵਾਰ ਭਾਟੇ ਵਾਂਗ ਚੜ੍ਹਦੀ-ਲਹਿੰਦੀ ਰਹਿੰਦੀ ਹੈ। ਇੰਗਲੈਂਡ ਵਰਗੀਆਂ ਟੀਮਾਂ ਦੀ ਹਰੇਕ ਟੂਰਨਾਮੈਂਟ ਨੂੰ ਲੋੜ ਹੁੰਦੀ ਹੈ। ਦਰਸ਼ਕਾਂ ਵਿਚ ਰੋਚਿਕਤਾ ਪੈਦਾ ਕਰਨ ਲਈ ਵੱਡੇ ਉਲਟਫੇਰਾਂ ਦੀ ਲੋੜ ਹੁੰਦੀ ਹੈ। ਆਸਟਰੇਲੀਆ ਅਤੇ ਜਰਮਨੀ ਵਰਗੀਆਂ ਚੋਟੀ ਦੀਆਂ ਟੀਮਾਂ ਨੂੰ ਹਰਾ ਕੇ ਟੀਸੀ ਦਾ ਬੇਰ ਤੋੜਨ ਦਾ ਜਿਗਰਾ ਸਿਰਫ ਇੰਗਲੈਂਡ ਕੋਲ ਹੈ। ਇਹ ਟੀਮ ਸਟਾਰ ਖਿਡਾਰੀਆਂ ਉਪਰ ਕੁਝ ਜਿਆਦਾ ਹੀ ਨਿਰਭਰ ਰਹਿੰਦੀ ਹੈ। ਸ਼ੌਲਵਰ ਅਤੇ ਕੇਰਲੀ ਵਰਗੇ ਖਿਡਾਰੀਆਂ ਤੋਂ ਬਾਅਦ ਨਵੀਂ ਦਿੱਲੀ ਦੇ ਵਿਸ਼ਵ ਕੱਪ ਵਿਚ ਇੰਗਲੈਂਡ ਵਲੋਂ ਗੋਲ ਦਾਗਣ ਦਾ ਮੋਰਚਾ ਐਸ਼ਲੇ ਜੈਕਸਨ ਨੇ ਸੰਭਾਲਿਆ ਹੋਇਆ ਸੀ। ਐਸ਼ਲੇ ਨੇ ਵਿਸ਼ਵ ਕੱਪ ਵਿਚ ਤਿੰਨ ਗੋਲ ਕੀਤੇ।



ਐਸ਼ਲੈ ਨੂੰ ਸਾਲ 2009 ਦਾ ਵਿਸ਼ਵ ਦਾ ਬਿਹਤਰੀਨ ਜੂਨੀਅਰ ਖਿਡਾਰੀ ਬਣਨ ਦਾ ਮਾਣ ਹਾਸਲ ਹੈ। ਇਸ ਖਿਡਾਰੀ ਕੋਲ ਫੀਲਡ ਗੋਲ ਦੇ ਨਾਲ-ਨਾਲ ਪੈਨਲਟੀ ਕਾਰਨਰ ਦੌਰਾਨ ਡਰੈਗ ਫਲਿਕ ਰਾਹੀਂ ਗੋਲ ਕਰਨ ਦੀ ਵੀ ਮੁਹਾਰਤ ਹਾਸਲ ਹੈ। 2012 ਦੀ ਲੰਦਨ ਉਲੰਪਿਕ ਵਿਚ ਐਸ਼ਲੈ ਵਰਗੇ ਖਿਡਾਰੀ ਇੰਗਲੈਂਡ ਦੇ ਹਮਲਿਆਂ ਦੇ ਮੁੱਖ ਸੂਤਰਦਾਰ ਹੋਣਗੇ।

**ਭਾਰਤ-ਇੰਗਲੈਂਡ ਦੀ ਹਾਕੀ ਦਾ ਸਬੰਧ:** ਭਾਰਤ ਅਤੇ ਇੰਗਲੈਂਡ ਦੀ ਹਾਕੀ ਦੀ ਬੜੀ ਗੂੜ੍ਹੀ ਸਾਂਝ ਹੈ। ਭਾਰਤੀ ਹਾਕੀ ਦੇ ਬੀਜ ਬੀਜਣ ਵਿਚ ਜਿੱਥੇ ਇੰਗਲੈਂਡ ਦਾ ਖਾਸ ਯੋਗਦਾਨ ਹੈ ਉੱਥੇ ਇੰਗਲੈਂਡ ਦੀ ਹਾਕੀ ਦੀ ਗੱਲ ਕਰਦਿਆਂ ਵਾਰ ਵਾਰ ਪੰਜਾਬੀ ਖਿਡਾਰੀਆਂ ਦਾ ਜ਼ਿਕਰ ਆਉਂਦਾ ਹੈ। ਭਾਰਤ ਦੀ ਟੀਮ ਜਦੋਂ 1928 ਵਿਚ ਪਹਿਲੀ ਵਾਰ ਉਲੰਪਿਕ ਖੇਡਾਂ ਵਿਚ ਭਾਗ ਲੈਣ ਲਈ ਐਮਸਟਰਡਰਮ ਗਈ ਸੀ ਤਾਂ ਜੈਪਾਲ ਸਿੰਘ ਨੂੰ ਇਸ ਟੀਮ ਦੀ ਕਪਤਾਨੀ ਕਰਨ ਲਈ ਵਿਸ਼ੇਸ਼ ਤੌਰ ਤੇ ਇੰਗਲੈਂਡ ਤੋਂ ਬੁਲਾਇਆ ਗਿਆ ਸੀ। ਜੈਪਾਲ ਸਿੰਘ ਉਸ ਸਮੇਂ ਐਕਸਫੋਰਡ ਯੂਨੀਵਰਸਿਟੀ ਦਾ ਵਿਦਿਆਰਥੀ ਸੀ। ਇਸ ਟੀਮ ਵਿਚ ਜੈਪਾਲ ਸਿੰਘ ਤੋਂ ਇਲਾਵਾ ਦੋ ਹੋਰ ਭਾਰਤੀ ਖਿਡਾਰੀ ਵੀ ਵਾਇਆ ਲੰਦਨ ਟੀਮ ਵਿਚ ਸ਼ਾਮਲ ਹੋਏ ਸਨ। 1916 ਵਿਚ ਮਿੱਲ ਹਿੱਲ ਵਿਚ ਇੰਡੀਅਨ ਜਿਮਖਾਨਾ ਕਲੱਬ ਦੀ ਨੀਂਹ ਰੱਖੀ ਗਈ ਸੀ। ਜਿਹੜੇ ਵਿਦਿਆਰਥੀ ਉਚ ਸਿੱਖਿਆ ਪ੍ਰਾਪਤ ਕਰਨ ਲਈ ਇੰਗਲੈਂਡ ਜਾਂਦੇ ਸਨ, ਉਨ੍ਹਾਂ ਨੂੰ ਹਾਕੀ ਨਾਲ ਜੋੜੀ ਰੱਖਣ ਲਈ ਜਿਮਖਾਨਾ ਤੋਂ ਬਾਅਦ ਕਈ ਕਲੱਬ ਹੋਂਦ ਵਿਚ ਆਏ। ਭਾਰਤ ਨੂੰ ਅਜ਼ਾਦੀ ਮਿਲਣ ਤੋਂ ਬਾਅਦ ਭਾਰਤ ਤੋਂ ਲੋਕ ਇੰਗਲੈਂਡ, ਆਸਟਰੇਲੀਆ, ਨਿਊਜ਼ੀਲੈਂਡ, ਕੈਨੇਡਾ ਅਤੇ ਅਮਰੀਕਾ ਵਲ ਕੂਚ ਕਰ ਗਏ। ਇਹ ਪ੍ਰਵਾਸ ਭਾਵੇਂ ਜ਼ਿੰਦਗੀ ਦੀਆਂ ਨਵੀਆਂ ਸੰਭਾਵਨਾਵਾਂ ਤਲਾਸ਼ ਕਰਨ ਲਈ ਸੀ ਪਰ ਇਸ ਵਿਚ ਹਾਕੀ ਦੀ ਖੁਸ਼ਬੋ ਵੀ ਛੁਪੀ ਹੋਈ ਸੀ। ਇੰਗਲੈਂਡ ਦੀ ਧਰਤੀ ਉਪਰ ਵੀ ਕਈ ਪ੍ਰਵਾਸੀ ਅਜਿਹੇ ਆਏ ਜਿੰਨ੍ਹਾਂ ਨੇ ਮਿਹਨਤ ਦੇ ਬਲਬੂਤੇ ਇੰਗਲੈਂਡ ਦਾ ਹਾਕੀ ਟੀਮ ਵਿਚ ਦਾਖਲਾ ਪਾ ਲਿਆ। ਇੰਗਲੈਂਡ ਦੀ ਹਾਕੀ ਵਿਚ ਸਨਮਾਨਯੋਗ ਸਥਾਨ ਪਾਉਣ ਵਾਲੇ ਪੰਜਾਬੀਆਂ ਦਾ ਪਿਛੋਕੜ ਭਾਰਤ ਅਤੇ ਕੀਨੀਆਂ ਤੋਂ ਸੀ। ਇੰਗਲੈਂਡ ਦੀ ਜਿਹੜੀ ਟੀਮ ਨੇ 1984 ਦਾ ਉਲੰਪਿਕ ਵਿਚ ਕਾਂਸੀ ਦਾ ਅਤੇ 1988 ਦੀ ਉਲੰਪਿਕ ਵਿਚ ਸੋਨੇ ਦਾ ਤਮਗਾ ਜਿੱਤਿਆ। ਪੰਜਾਬੀ ਖਿਡਾਰੀ ਕੁਲਬੀਰ ਸਿੰਘ ਭੌਰਾ ਇਸ ਟੀਮ ਦਾ ਅਹਿਮ ਮੈਂਬਰ ਸੀ। ਕੁਲਬੀਰ ਸਿੰਘ ਤਖਤ ਅਤੇ ਸੋਮਾ ਸਿੰਘ ਵਲੋਂ ਉਲੰਪਿਕ ਵਿਚ ਹਾਜ਼ਰੀ ਲਵਾਉਣ ਤੋਂ ਇਲਾਵਾ ਸਤਿੰਦਰ ਸਿੰਘ ਖੇਹਰ, ਇਕਬਾਲ ਸਿੰਘ ਕਲਾਮ, ਮਨਪ੍ਰੀਤ ਸਿੰਘ, ਵਿਸ਼ਾਲ ਮਰਵਾਹਾ ਅਤੇ ਕੁਲਬੀਰ ਸਿੰਘ ਤੱਖਰ ਨੇ ਇੰਗਲੈਂਡ ਵਲੋਂ ਖੇਡ ਕੇ ਪ੍ਰਵਾਸੀ ਪੰਜਾਬੀ ਭਾਈਚਾਰੇ ਦਾ ਨਾਂ ਉੱਚਾ ਕੀਤਾ। ਇਸ ਤੋਂ ਇਲਾਵਾ ਸੁਖਦੇਵ ਸਿੰਘ ਰਾਓ, ਬਖਤਾਵਰ ਸਿੰਘ ਕੁਲਾਰ, ਜੋਗਿੰਦਰ ਸਿੰਘ ਢਿੱਲੋਂ, ਜਸਵਿੰਦਰ ਸਿੰਘ, ਰਵਿੰਦਰ ਸਿੰਘ ਲਾਲੀ, ਹਰਵਿੰਦਰ ਸਿੰਘ ਸਿਬੀਆ, ਬਰਜਿੰਦਰ ਡੇਵਡ, ਬਲਵੰਤ ਸਿੰਘ ਸੈਣੀ, ਇਕਬਾਲ ਸਿੰਘ ਕੁਲਾਰ, ਹਰਜਿੰਦਰ ਸਿੰਘ ਪਨੇਸਰ, ਦਰਸ਼ਨ ਸਿੰਘ ਕੁਲਾਰ, ਭਜਨ ਫਲੌਰਾ, ਮਨਜੀਤ ਫਲੌਰਾ, ਪਰਮਿੰਦਰ ਸੈਣੀ ਨੇ ਇੰਗਲੈਂਡ ਦੀ ਕਲੱਬ ਹਾਕੀ ਵਿਚ ਲੰਮਾ ਸਮਾਂ ਹਾਜ਼ਰੀ ਲਵਾਈ।

ਦੂਜੇ ਪਾਸੇ ਭਾਰਤ ਵਿਚ ਹਾਕੀ ਦੇ ਬੀਜ ਬੀਜਣ ਦੇ ਜੋ ਸ਼ੁਰੂਆਤੀ ਉਪਰਾਲੇ ਹੋਏ ਉਸ ਵਿਚ ਇੰਗਲੈਂਡ ਦੀ ਹਕੂਮਤ ਦਾ ਖਾਸ ਯੋਗਦਾਨ ਸੀ। ਭਾਰਤੀ ਫੌਜ ਅਤੇ ਰੇਲਵੇ ਦੀਆਂ ਟੀਮਾਂ ਵਿਚ ਸਭ ਤੋਂ ਪਹਿਲਾਂ ਹਾਕੀ ਨੂੰ ਸ਼ਾਮਲ ਕੀਤਾ ਗਿਆ। ਫੌਜ ਦੀਆਂ ਬੈਰਕਾਂ ਵਿਚ ਹਫਤਾਵਾਰੀ ਮੈਚ ਹੁੰਦੇ। ਭਾਰਤ ਦੇ ਪਹਿਲੇ ਹਾਕੀ ਕਲੱਬਾਂ ਵਿਚੋਂ ਇੱਕ ਕੋਲਕਾਤਾ ਰੇਂਜਰ ਕਲੱਬ ਨੂੰ ਸਥਾਪਿਤ ਕਰਨ ਪਿੱਛੇ ਇੰਗਲੈਂਡ ਦੇ ਹਾਕੀ ਪ੍ਰੇਮੀਆਂ ਦਾ ਖਾਸ ਯੋਗਦਾਨ ਸੀ।


**SUPER TRAVEL**
**847-676-9090**
*E-mail: supertravel2003@yahoo.com*
*Lowest Fares With Excellent Service*
*AMERICAN AIR,* *JET AIRWAYS* *DELTA, AIR INDIA,*



*For Emergency Call anytime at*
India $545
*EARLY BIRD SALE!!!!*

**Homeopathic Systems for Health Treatment**
**When you are tired of all treatments for any disease at any age**
**Try homeopathic, systems of treatment**
ਅਰਥਰਾਈਟਸ, ਦਮਾ, ਸ਼ੁਗਰ, ਬਲਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਂਸੇ, ਵਜਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜੋਰੀ ਦਾ ਪੱਕਾ ਇਲਾਜ
You can get all Homeopathic, Ayurvedic, Biochemic medicines at economical prices.
www.homeomedicine.net
Consultant /Practitioner
**GURDIP SINGH SANDHU**
DHMS, Hons, BAMS, MDEH, 30 Years experience
Working as per ACT.SB-577 State of CA.
CALL: TOLL FREE: 877-OK-HOMEO
(877-654-6636)OFFICE: 408-729-6691
E-mail: Homeomedicine@yahoo.com



ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ

**ਕੈਲੀਫੋਰਨੀਆ ਵਿਚ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ**
ਟਰੱਕਾਂ ਨਾਲ ਸਬੰਧਤ ਹਰ ਤਰ੍ਹਾਂ ਦਾ ਪੇਪਰ ਵਰਕ ਅਤੇ ਇੰਸ਼ੋਰੈਂਸ ਇਕ ਹੀ ਦਫਤਰ ਵਿਖੇ
ਗਲੋਬਲ ਮਲਟੀਸਰਵਿਸ ਲੈਥਰੋਪ ਵਾਲਿਆਂ ਵਲੋਂ ਤੁਹਾਡੀ ਸਹੂਲਤ ਨੂੰ ਧਿਆਨ ਵਿਚ ਰੱਖਦਿਆਂ ਇੰਸ਼ੋਰੈਂਸ ਸੇਵਾਵਾਂ ਸ਼ੁਰੂ
ਮਿੱਟੀ ਵਾਲੇ ਅਤੇ ਲੋਕਲ ਟਰੱਕਾਂ ਲਈ ਖਾਸ ਰਿਆਇਤ
ਪਿਛਲੇ ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



**Global Multi Services**
ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:
*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.



*Rajinder Singh*
Insurance Lic No. 0G73739

**RAM Commercial Insurance**
High Five Plaza #204
19625 Harlan Rd Lathrop CA 95330
Exactly on I-5 and Luise Exit Opposite to Dennis Restaurant
Financing Available For Buying Trucks
**Cell:(510) 557-6988, Ph:209-982-9996**

ਸ਼ਰਧਾਂਜਲੀ

# ਹਾਵਰਡ ਜ਼ਿੰਨ:ਇਕ ਲੋਕਪਖੀ ਬੁਧੀਜੀਵੀ

*ਹਾਵਰਡ ਜ਼ਿੰਨ ਅਮਰੀਕਾ ਦੇ ਉਨ੍ਹਾਂ ਬੁੱਧੀਜੀਵੀਆਂ ਵਿਚੋਂ ਇਕ ਹੈ ਜਿਸ ਨੇ ਅਮਰੀਕੀ ਚਿੰਤਨ ਨੂੰ ਇਕ ਨਵੀਂ ਦਿਸ਼ਾ ਦੇਣ ਦੀ ਕੋਸ਼ਿਸ਼ ਕੀਤੀ ਹੈ। ਉਸ ਦਾ ਨਾਂ ਬਰਟਰਨਡ ਰੱਸਲ ਅਤੇ ਜੀਨ ਪਾਲ ਸਾਰਤਰ ਦੇ ਬਰਾਬਰ ਲਿਆ ਜਾਂਦਾ ਹੈ। ਹੈਨਰੀ ਜੀਰੌਕਸ ਦਾ ਇਹ ਲੇਖ ਹਾਵਰਡ ਜ਼ਿੰਨ ਨੂੰ ਇਕ ਸ਼ਰਧਾਂਜਲੀ ਵਜੋਂ ਛਾਪ ਰਹੇ ਹਾਂ। -ਸੰਪਾਦਕ*

**ਹੈਨਰੀ ਜੀਰੌਕਸ**

ਮੈਂ ਆਪਣੀ ਪਹਿਲੀ ਨੌਕਰੀ ਸੰਨ 1977 ਵਿਚ ਬੋਸਟਨ ਯੂਨੀਵਰਸਿਟੀ ਦੇ ਉਚ ਸਿਖਿਆ ਵਿਭਾਗ 'ਚ ਲਈ। ਇਸ ਦਾ ਇਕ ਮੁਖ ਕਾਰਨ ਇਹ ਸੀ ਕਿ ਉਸ ਸਮੇਂ ਇਸ ਯੂਨੀਵਰਸਿਟੀ ਵਿਚ ਹਾਵਰਡ ਜ਼ਿੰਨ ਪੜਾਉਂਦਾ ਹੁੰਦਾ ਸੀ। ਇਕ ਹਾਈ ਸਕੂਲ ਅਧਿਆਪਕ ਦੇ ਤੌਰ ਤੇ ਜਦੋਂ ਮੈਂ ਹਾਵਰਡ ਦੀ 1968 ਵਿਚ ਛਪੀ ਕਿਤਾਬ "Viet-nam: The Logic of Withdrawal" ਪੜ੍ਹੀ ਤਾਂ ਇਸ ਨੇ ਮੇਰੇ ਉਤੇ ਬਹੁਤ ਗਹਿਰਾ ਪ੍ਰਭਾਵ ਪਾਇਆ। ਇਹ ਕਿਤਾਬ ਨਾ ਸਿਰਫ ਮਨੁਖੀ ਮਨੋਵੇਗ ਅਤੇ ਪ੍ਰਤੀਬਧਤਾ ਦੇ ਅਹਿਸਾਸ ਨਾਲ ਭਰੀ ਹੋਈ ਸੀ ਅਤੇ ਇਸ ਪ੍ਰਤੀਬਧਤਾ ਨੂੰ ਮੈਂ ਆਪਣੇ ਅੰਦਰ ਅਤੇ ਆਪਣੀ ਪੜਾਉਣ ਸ਼ੈਲੀ 'ਚ ਵੀ ਉਤਾਰਨ ਦੀ ਕੋਸ਼ਿਸ਼ ਕੀਤੀ, ਬਲਕਿ ਇਸ ਕਿਤਾਬ ਨੇ ਮੈਨੂੰ ਮਨੁਖੀ ਮਨੋਵੇਗ, ਪ੍ਰਤੀਬਧਤਾ ਦੇ ਅਹਿਸਾਸ ਅਤੇ ਇਕਜੁਟਤਾ ਦਾ ਸਤਿਕਾਰ ਕਰਨ ਬਾਬਤ ਵੀ ਬਹੁਤ ਚੇਤੰਨ ਕੀਤਾ। ਇਹ ਸਭ ਕੁਝ ਸ਼ਾਇਦ ਹਾਵਰਡ ਜ਼ਿੰਨ ਦਾ ਮਜ਼ਦੂਰ ਜਮਾਤ ਦਾ ਪਿਛੋਕੜ ਹੋਣ ਕਾਰਨ ਬਹੁਤ ਤੀਖਣ ਰੂਪ ਵਿਚ ਬਾਹਰ ਆਉਂਦਾ ਸੀ। ਇਸ ਕਿਤਾਬ ਨੇ ਮੈਨੂੰ ਇਕ ਭਾਸ਼ਾ, ਇਤਿਹਾਸ ਅਤੇ ਰਾਜਨੀਤਕ ਸਮਝ ਬਖਸ਼ੀ ਜਿਸ ਨੇ ਮੈਨੂੰ ਉਸ ਸਮੇਂ ਚਲ ਰਹੀ ਜੰਗ ਬਾਰੇ ਆਪਣੇ ਵਿਚਾਰ ਸਪਸ਼ਟ ਕਰਨ ਵਿਚ ਅਤੇ ਉਸ ਨਾਲ ਆਲੋਚਨਾਤਮਕ ਤੌਰ 'ਤੇ ਵਾਬਸਤਾ ਹੋਣ ਲਈ ਮਜ਼ਬੂਰ ਕੀਤਾ।

ਮੈਂ ਰੋਹਨ ਆਈਲੈਂਡ ਵਿਚ ਵੱਡਾ ਹੋਇਆ ਅਤੇ ਕਦੇ ਕਦਾਈਂ ਹੀ ਮੇਰਾ ਮੇਲ ਮਜ਼ਦੂਰ ਜਮਾਤ ਦੇ ਬੁਧੀਜੀਵੀਆਂ ਨਾਲ ਹੋਇਆ ਕਰਦਾ ਸੀ। ਜੇਮਜ਼ ਬਾਲਤਵਿਨ ਨੂੰ ਪੜ੍ਹਨ, ਵਿਲੀਅਮ ਕੁੰਨਸਟਲਰ ਨੂੰ ਸੁਣਨ ਅਤੇ ਸਟੈਨਲੇ ਅਰੋਨੋਵਿਟਸ ਨੂੰ ਗੱਲਬਾਤ ਕਰਦਿਆਂ ਦੇਖ ਕੇ ਮੈਨੂੰ ਪਹਿਲੀ ਵਾਰ ਅਹਿਸਾਸ ਹੋਇਆ ਕਿ ਮਾਇਨੇ ਹੁੰਦੇ ਹਨ ਇਸ ਤਰ੍ਹਾਂ ਦੀ ਕਮਜ਼ੋਰ, ਅੰਤਰਵਿਰੋਧੀ ਅਤੇ ਆਮ ਤੌਰ 'ਤੇ ਘਿਰਣਾਤਮਕ ਜਗ੍ਹਾ ਤੋਂ ਬੋਲਣਾ ਦੇ! ਪਰ ਹਾਵਰਡ ਨੂੰ ਪੜ੍ਹਨ ਨਾਲ ਮੈਨੂੰ ਜੀਵਨ ਸੰਬੰਧੀ, ਸਭਿਆਚਾਰਕ ਪੂੰਜੀ ਅਤੇ ਜਮਾਤੀ ਨਜ਼ਰੀਏ ਤੋਂ ਦੁਨੀਆਂ ਨੂੰ ਦੇਖਣ ਦੀਆਂ ਗੁੰਝਲਾਂ ਨੂੰ ਸਮਝਣ ਵਿਚ ਹੀ ਨਹੀਂ ਬਲਕਿ ਉਨ੍ਹਾਂ 'ਤੇ ਆਧਾਰਤ ਇਕ ਵਿਹਾਰਕ ਅਤੇ ਚੰਗੀ ਜੀਣਯੋਗ ਰਾਜਨੀਤਕ ਸੋਚ ਉਜਾਗਰ ਕਰਨ ਵਿਚ ਵੀ ਬਹੁਤ ਸਹਾਇਤਾ ਮਿਲੀ।

ਫੇਰ ਜੀਵੇ ਜੀਵੇ ਮੈਂ ਹਾਵਰਡ ਨੂੰ ਜਾਤੀ ਤੌਰ 'ਤੇ ਜਾਨਣਾ ਸ਼ੁਰੂ ਕੀਤ। ਮੈਨੂੰ ਉਸਦੇ ਮਜ਼ਦੂਰ ਜਮਾਤ ਦੇ ਪਿਛੋਕੜ ਅਤੇ ਉਸਦੇ ਬੋਧਕ ਵਿਕਾਸ ਬਾਰੇ ਵੀ ਹੋਰ ਜਾਨਣ ਦਾ ਮੌਕਾ ਮਿਲਿਆ। ਅਸੀਂ ਦੋਵੇਂ ਇਕੋ ਤਰ੍ਹਾਂ ਦੇ ਚੁਗਿਰਦੇ ਵਿਚ ਵਡੇ ਹੋਏ ਸਾਂ, ਇਕੋ ਤਰ੍ਹਾਂ ਦੇ ਸਭਿਆਚਾਰਕ ਪਿਛੋਕੜ ਵਿਚ ਵਿਚਰੇ ਅਤੇ ਦੋਵਾਂ ਨੇ ਜੋ ਕੁਝ ਵੀ ਸਿਖਿਆ ਬਹੁਤ ਹਦ ਤਕ ਗਲੀਆਂ ਵਿਚੋਂ ਹੀ ਸਿਖਿਆ ਬਜਾਏ ਰਸਮੀ ਪਾਠਸ਼ਾਲਾਵਾਂ ਤੋਂ! ਹਾਵਰਡ ਦੀ ਨਿਡਰਤਾ, ਦਲੇਰੀ ਅਤੇ ਆਪਣੀ ਵਿਦਿਅਕ ਥਾਂ ਨੂੰ ਖਤਰੇ ਵਿਚ ਪਾਉਣ ਲਈ ਤਿਆਰ ਬਰ ਤਿਆਰ ਰਹਿਣ ਦੀ ਇੱਛਾ ਸ਼ਕਤੀ ਵਿਚ ਕੁਝ ਐਸਾ ਸੀ ਜੋ ਉਸ ਨੂੰ ਲੋਕਾਂ ਨਾਲੋਂ ਇਕ ਵਖ ਸਨਮਾਨਯੋਗ ਥਾਂ ਦਿਵਾਉਂਦਾ ਸੀ। ਇਹ ਸਭ ਖੂਬੀਆਂ ਉਸਦੀ ਜ਼ਿੰਦਗੀ ਵਿਚੋਂ ਵੀ ਝਲਕਦੀਆਂ ਸਨ।

ਬੋਸਟਨ ਯੂਨੀਵਰਸਿਟੀ ਵਿਚ ਪੜ੍ਹਾਉਣਾ ਸ਼ੁਰੂ ਕਰਨ ਤੋਂ ਪਹਿਲਾਂ ਤੋਂ ਹੀ ਹਾਵਰਡ ਮੇਰੇ ਲਈ ਇਕ ਮਿਥਿਹਾਸਕ ਮੂਰਤ ਵਾਂਗੂੰ ਸੀ ਅਤੇ ਮੈਂ ਉਸਨੂੰ ਮਿਲਣ ਲਈ ਬੜਾ ਉਤਸੁਕ ਸੀ। ਮੇਰਾ ਉਸਨੂੰ ਅਸਲੀ ਜ਼ਿੰਦਗੀ ਵਿਚ ਮਿਲਣਾ ਵੀ ਇਕ ਮਿਥ ਦੇ ਸਾਕਾਰ ਹੋਣ ਵਾਂਗੂੰ ਵਾਪਰਿਆ। ਆਪਣੀ ਪਹਿਲੀ ਕਲਾਸ ਨੂੰ ਪੜ੍ਹਾਉਣ ਲਈ ਜਿਵੇਂ ਹੀ ਮੈਂ ਯੂਨੀਵਰਸਿਟੀ ਦੇ ਨੇੜੇ ਪਹੁੰਚ ਰਿਹਾ ਸਾਂ ਵਿਦਿਆਰਥੀਆਂ ਨਾਲ ਭਰੀ ਕਲਾਸ ਨੂੰ ਪੜ੍ਹਾਉਣ ਦੀ ਸੋਚ ਤੋਂ ਬੇਚੈਨ ਅਤੇ ਘਬਰਾਇਆ ਹੋਇਆ, ਮੈਨੂੰ ਇਕ ਦਮ ਹਾਵਰਡ ਦੀ ਇਕ ਝਲਕ ਦਿਖੀ। ਉਹ ਇਕ ਚਬੂਤਰੇ 'ਤੇ ਮਾਰਟਿਨ ਲੂਥਰ ਕਿੰਗ ਸਿੰਮ੍ਰਤੀ ਚਿੰਨ੍ਹ ਦੇ ਸਾਹਮਣੇ ਇਕ ਛੋਟਾ ਲਾਊਡ ਸਪੀਕਰ ਲਈ ਖੜਾ ਵਿਦਿਆਰਥੀਆਂ ਨੂੰ ਸੰਬੋਧਨ ਕਰ ਰਿਹਾ ਸੀ ਕਿ ਉਹ ਸਿਲਬਰ ਦੀ ਯੂਨੀਵਰਸਿਟੀ ਦੇ ਜਮਹੂਰੀ ਅਤੇ ਅਗਾਂਹਵਧੂ ਰੋਲ ਨੂੰ ਨੁਕਸਾਨ ਪਹੁੰਚਾਉਣ ਵਾਲੀਆਂ ਕੋਸ਼ਿਸ਼ਾਂ ਦੇ ਖਿਲਾਫ ਇਕਜੁਟ ਹੋਣ। ਇਹ ਨਜ਼ਾਰਾ ਮੇਰੇ ਮਨ ਅੰਦਰ ਬਣੀ ਹਾਵਰਡ ਦੀ ਤਸਵੀਰ ਦੀ ਹੂਬਹੂ ਕਾਪੀ ਸੀ ਅਤੇ ਮੈਨੂੰ ਯਾਦ ਹੈ ਕਿ ਮੈਂ ਆਪਣੇ ਆਪ ਵਿਚ ਸੋਚਿਆ ਸੀ ਕਿ ਇਸ ਪ੍ਰਭਾਵਪੂਰਨ ਵਿਅਕਤੀ ਦੀ ਸਭ ਤੋਂ ਸੰਪੂਰਨ ਜਾਣ-ਪਛਾਣ ਇਹੋ ਜਿਹੀ ਹੀ ਹੋ ਸਕਦੀ ਸੀ।

ਇਸ ਤੋਂ ਜਲਦੀ ਬਾਅਦ ਮੈਂ ਇਕ ਨੋਟ ਲਿਖਿਆ ਅਤੇ ਦਬੂ ਜਿਹੇ ਢੰਗ ਨਾਲ ਉਸ ਵਿਚ ਹਾਵਰਡ ਨੂੰ ਮਿਲਣ ਬਾਰੇ ਪੁਛਿਆ। ਉਹ ਕੁਝ ਕੁ ਦਿਨਾਂ ਬਾਅਦ ਮੈਨੂੰ ਮਿਲਿਆ, ਅਸੀਂ ਦੁਪਹਿਰ ਦਾ ਭੋਜਨ ਇਕਠੇ ਕੀਤਾ ਅਤੇ ਇਕ ਐਸੀ ਦੋਸਤੀ ਦੀ ਸ਼ੁਰੂਆਤ ਹੋਈ ਜੋ ਕਿ 30 ਸਾਲ ਤਕ ਕਾਇਮ ਰਹੀ। ਬੋਸਟਨ ਯੂਨੀਵਰਸਿਟੀ ਵਿਚ ਪੜ੍ਹਾਉਂਦਿਆਂ ਜਦੋਂ ਹਾਵਰਡ ਨੂੰ ਉਚ ਸਕੂਲਾਂ ਵਿਚ ਭਾਸ਼ਨ ਦੇਣ ਲਈ ਜਾਂ ਉਸ ਦੀਆਂ ਕਿਤਾਬਾਂ ਜਾਂ ਨਾਟਕਾਂ ਬਾਰੇ ਗੱਲਬਾਤ ਕਰਨ ਲਈ ਬੁਲਾਇਆ ਜਾਂਦਾ ਤਾਂ ਆਮ ਤੌਰ 'ਤੇ ਮੈਂ ਉਸ ਨਾਲ ਚਲਾ ਜਾਂਦਾ। ਮੈਂ ਉਸਦੇ ਬਹੁਤ ਸਾਰੇ ਭਾਸ਼ਨਾਂ ਵਿਚ ਬੈਠਾ ਅਤੇ ਉਸਦੇ ਕਈ ਗਰੈਜੂਏਟ ਕੋਰਸ ਵੀ ਮੈਂ ਪੜ੍ਹਾਏ। ਉਸਨੂੰ ਵਿਦਿਆਰਥੀਆਂ ਨਾਲ ਗੱਲਬਾਤ ਕਰਨਾ ਬੜਾ ਚੰਗਾ ਲਗਦਾ ਸੀ ਅਤੇ ਵਿਦਿਆਰਥੀ ਵੀ ਉਸ ਵਲ ਆਕਰਸ਼ਿਤ ਹੁੰਦੇ ਸਨ। ਉਸ ਦੀ ਪੜ੍ਹਾਉਣਸ਼ੈਲੀ ਸੋਧਿਤ, ਪ੍ਰਭਾਵਸ਼ਾਲੀ, ਕੇਂਦਰਤ ਅਤੇ ਵਿਲਾਸ ਨਾਲ ਭਰੀ ਹੁੰਦੀ ਅਤੇ ਇਹ ਵਿਧੀ ਹਰ ਵਕਤ ਸੰਵਾਦ ਰਚਾਉਣ ਅਤੇ ਵਿਆਖਿਆਵਾਂ (ਭਿੰਨ ਭਿੰਨ) ਲਈ ਖੁਲੀ ਰਹਿੰਦੀ। ਉਹ ਇਕ ਅਜਿਹਾ ਸ਼ਾਨਦਾਰ ਅਧਿਆਪਕ ਸੀ ਜੋ ਹਰ ਇਸ ਤਰ੍ਹਾਂ ਦੀ ਸਮਝ ਤੋਂ ਝਿਜਕਦਾ ਸੀ ਜਿਸ ਅਨੁਸਾਰ ਕਲਾਸ ਰੂਮ ਇਕ ਨੀਰਸ ਥਾਂ ਸੀ ਕਿਉਂਕਿ ਇਸ ਦਾ ਸਮਾਜ ਦੇ ਵਡੇ ਸਰੋਕਾਰਾਂ ਨਾਲ ਕੋਈ ਲੈਣ ਦੇਣ ਨਹੀਂ ਹੁੰਦਾ। ਉਹ ਆਪਣੇ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਦਾ ਕਿ ਉਹ ਨਾ ਕੇਵਲ ਇਤਿਹਾਸ ਤੋਂ ਸਿੱਖਣ ਬਲਕਿ ਇਸ ਨੂੰ ਆਪਣੀ ਬੋਧਿਕ ਜਟਿਲਤਾ ਤੇ ਮੁਹਾਰਤ ਲਿਆਉਣ ਵਿਚ ਅਤੇ ਆਪਣੇ ਨਾਗਰਿਕ ਅਧਿਕਾਰਾਂ ਸੰਬੰਧੀ ਜ਼ਿੰਮੇਵਾਰੀਆਂ ਨੂੰ ਤੇਜ਼ ਕਰਨ ਲਈ ਇਕ ਸਰੋਤ ਵਜੋਂ ਵਰਤਣ।

ਹਾਵਰਡ ਨੇ ਸਮਾਜ ਦੇ ਸਾਹਮਣੇ ਆਏ ਮਸਲਿਆਂ ਅਤੇ ਜੋ ਉਹ ਆਪਣੇ ਕਲਾਸ ਰੂਮ ਵਿਚ ਪੜ੍ਹਾਉਂਦਾ ਜਾਂ ਕਿਸੇ ਫੋਰਮ ਤੇ ਜਾ ਕੇ ਬੋਲਦਾ, ਨੂੰ ਨਿਖੇੜ ਕੇ ਦੇਖਣ ਤੋਂ ਸਦਾ ਇਨਕਾਰ ਕੀਤਾ। ਪਰ ਉਹ ਇਹ ਨਹੀਂ ਚਾਹੁੰਦਾ ਸੀ ਕਿ ਵਿਦਿਆਰਥੀ ਉਸਦੀ ਨਕਲ ਕਰਨ। ਉਸਨੇ ਸਿਰਫ ਇਹ ਸਿਧ ਕਰਨ ਦੀ ਕੋਸ਼ਿਸ਼ ਕੀਤੀ ਕਿ ਕਿਸ ਤਰ੍ਹਾਂ ਗਿਆਨ, ਪੜ੍ਹਾਉਣ ਅਤੇ ਸਮਾਜਕ ਪ੍ਰਤੀਬਧਤਾ ਦਾ ਸਮਝਦਾਰ ਮੇਲ-ਜੋਲ ਇਕ ਵਧੀਆ ਇਨਸਾਨ ਦੀ ਰਚਨਾ ਕਰ ਸਕਦਾ ਹੈ। ਹਾਵਰਡ ਦੀ ਪੈਡਾਗੋਜੀ ਦੀ ਸਭ ਤੋਂ ਪਰਮੁਖ ਗੱਲ ਉਸਦਾ ਇਹ ਵਿਸ਼ਵਾਸ ਸੀ ਕਿ ਵਿਦਿਆਰਥੀਆਂ ਨੂੰ ਕਿਸੇ 'ਟੈਕਸਟ' ਜਾਂ ਕਿਸੇ ਵੀ ਪ੍ਰਕਾਰ ਦੇ ਗਿਆਨ ਨੂੰ ਆਲੋਚਨਾਤਮਕ ਢੰਗ ਨਾਲ ਪੜ੍ਹਨਾ ਤੇ ਸਮਝਾਉਣਾ ਕਾਫੀ ਨਹੀਂ। ਉਨ੍ਹਾਂ ਲਈ ਇਹ ਬਹੁਤ ਜ਼ਰੂਰੀ ਹੈ ਕਿ ਉਹ ਇਸ ਸਮਝ ਜਾਂ ਗਿਆਨ ਨੂੰ ਆਪਣੀਆਂ ਸਮਾਜਿਕ ਜ਼ਿੰਮੇਵਾਰੀਆਂ ਅਤੇ ਨਾਗਰਿਕ ਆਧਾਰਿਤ ਏਜੰਸੀ ਨਾਲ ਵਾਬਸਤਾ ਹੋਣ ਵਿਚ ਵਰਤਣ। ਉਹ ਇਹ ਕਿਵੇਂ ਕਰਨ ਇਹ ਉਨ੍ਹਾਂ ਉਪਰ ਸੀ, ਪਰ ਸਭ ਤੋਂ ਜ਼ਰੂਰੀ ਗੱਲ ਇਹ ਸੀ ਕਿ ਉਹ ਇਸ ਸਭ ਨੂੰ ਸਵੈਪੜਚੋਲ ਵਿਚੋਂ ਨਿਕਲੀ ਸਮਝ ਨਾਲ ਜੋੜਨ।

ਉਹ ਆਪਣੇ ਵਿਦਿਆਰਥੀਆਂ ਨੂੰ ਬੜੀਆਂ ਸਾਰੀਆਂ ਚੋਣਾਂ ਦਿੰਦਾ! ਉਹ ਪਿਗਮੈਲਿਅਨ ਦੇ ਢੰਗ ਵਿਚ ਵਿਦਿਆਰਥੀਆਂ ਨੂੰ ਢਾਲਣ ਵਿਚ ਦਿਲਚਸਪੀ ਨਹੀਂ ਸੀ ਰਖਦਾ, ਸਗੋਂ ਉਹ ਉਨ੍ਹਾਂ ਨੂੰ ਹਰ ਸੰਭਵ ਚੋਣ ਅਤੇ ਗਿਆਨ ਦੇਣ ਦੀ ਕੋਸ਼ਿਸ਼ ਕਰਦਾ ਜੋ ਕਿ ਉਨ੍ਹਾਂ ਨੂੰ ਇਹ ਦੇਖਣ ਵਿਚ ਸਹਾਇਕ ਹੋਵੇ ਕਿ ਉਨ੍ਹਾਂ ਨੇ ਇਸ ਆਜ਼ਾਦ ਅਤੇ ਯੋਗ ਬਣਾਉਣ ਵਾਲੀ ਪ੍ਰਕਿਰਿਆ ਵਿਚੋਂ ਗੁਜ਼ਰ ਕੇ ਕੀ ਸਿਖਿਆ। ਉਸਦੀ ਪੜ੍ਹਾਉਣ-ਸ਼ੈਲੀ ਵਿਚ ਇਕ ਕਾਵਿਕ ਸੂਖਮਤਾ ਅਤੇ ਵਿਦਵਤਾ ਸੀ ਅਤੇ ਇਹ ਉਸਦੇ ਉਸ ਵਿਸ਼ਵਾਸ ਵਿਚ ਪ੍ਰਤੀਬਿੰਬਤ ਹੁੰਦੀ ਸੀ ਕਿ ਤੁਸੀਂ ਸਥਿਰ ਅਵਸਥਾ ਵਿਚ ਕੋਈ ਪਖ ਨਹੀਂ ਲੈ ਸਕਦੇ। ਉਸਨੇ ਇਹ ਭਾਵਨਾ ਆਪਣੀ ਜੀਵਨੀ 'You can't be neutral on a moving train' ਵਿਚ ਕੀਤੀ ਇਕ ਟਿਪਣੀ ਵਿਚ ਬਹੁਤ ਖੂਬਸੂਰਤ ਲਫਜ਼ਾਂ ਵਿਚ ਬਿਆਨ ਕੀਤੀ ਹੈ। ਉਸਨੇ ਲਿਖਿਆ:

"ਸ਼ੁਰੂਆਤ ਤੋਂ ਹੀ, ਮੇਰੀ ਪੜਾਉਣ-ਸ਼ੈਲੀ ਮੇਰੇ ਆਪਣੇ ਜੀਵਨ ਦੇ ਇਤਿਹਾਸ ਨਾਲ ਇਕਮਿਕ ਸੀ। ਮੈਂ ਹਮੇਸ਼ਾ ਵਰਤਾਰਿਆਂ ਦੇ ਦੂਜੇ ਪਖ ਨੂੰ ਦੇਖਣ ਦੇ ਢੰਗ ਨੂੰ ਸਨਮਾਨ ਦਿੰਦਾ ਹਾਂ, ਪਰ ਮੈਂ ਹਮੇਸ਼ਾ 'ਵਾਸਤਵਿਕਤਾ' ਤੋਂ ਕੁਝ ਜ਼ਿਆਦਾ ਚਾਹਿਆ। ਮੈਂ ਆਪਣੇ ਵਿਦਿਆਰਥੀਆਂ ਤੋਂ ਹਮੇਸ਼ਾ ਇਹ ਚਾਹਿਆ ਕਿ ਉਹ ਮੇਰੀ ਕਲਾਸ 'ਚੋਂ ਵਧੇਰੇ ਸੂਚਿਤ ਹੋ ਕੇ ਨਹੀਂ ਬਲਕਿ ਵਧੇਰੇ ਸੁਚੇਤ ਹੋ ਕੇ ਨਿਕਲਣ ਜਿਸ ਨਾਲ ਕਿ ਉਹ ਚੁਪ ਰਹਿ ਕੇ ਕਮਾਈ ਸੁਰਖਿਆ ਨੂੰ ਤਿਆਗਣ, ਵਧੇਰੇ ਤਿਆਰ ਹੋਣ ਬੋਲਣ ਲਈ ਅਤੇ ਜਿਥੇ ਵੀ ਕਿਤੇ ਅਨਿਆਂ ਦਿਖੇ ਉਸਦੇ ਖਿਲਾਫ ਕਿਰਿਆਸ਼ੀਲ ਹੋਣ। ਇਹ ਜ਼ਰੂਰੀ ਤੌਰ 'ਤੇ ਆਪਣੇ ਲਈ ਮੁਸੀਬਤ ਤਿਆਰ ਕਰਨ ਦਾ ਨੁਸਖਾ ਸੀ।



*ਹਾਵਰਡ ਜ਼ਿੰਨ*

ਜੌਨ ਸਿਲਬਰ, ਜੋ ਕੇ ਉਸ ਸਮੇਂ ਬੋਸਟਨ ਯੂਨੀਵਰਸਿਟੀ ਦਾ ਪ੍ਰੈਜ਼ੀਡੈਂਟ ਹੁੰਦਾ ਸੀ, ਹਾਵਰਡ ਤੇ ਲਗਾਤਾਰ ਉਸਦੀ ਵਿਦਵਤਾ ਅਤੇ ਪੜਾਉਣ-ਸ਼ੈਲੀ ਕਰਕੇ ਹਮਲਾ ਕਰਦਾ ਰਹਿੰਦਾ ਸੀ। ਇਸਦਾ ਇਕ ਪੁਖਤਾ ਸਬੂਤ ਉਸ ਦੁਆਰਾ ਹਾਵਰਡ ਦੀ ਤਨਖਾਹ ਕਈ ਸਾਲਾਂ ਤਕ ਰੋਕੇ ਰਖਣਾ ਸੀ।

ਹਾਵਰਡ ਨੂੰ ਹਾਲੀਵੁਡ ਅਤੇ ਸੁਤੰਤਰ ਵਿਚਾਰਾਂ ਤੇ ਆਧਾਰਤ ਫਿਲਮਾਂ ਦੇਖਣਾ ਬੜਾ ਪਸੰਦ ਸੀ। ਬੋਸਟਨ ਰਹਿੰਦੇ ਹੋਏ ਮੈਂ, ਹਾਵਰਡ ਅਤੇ ਰੋਜ਼ (ਉਸਦੀ ਪਤਨੀ) ਨੇ ਕਈ ਫਿਲਮਾਂ ਇਕਠੇ ਦੇਖੀਆਂ। ਮੈਨੂੰ ਯਾਦ ਹੈ ਕਿ ਅਸੀਂ ਕਿਵੇਂ "Last Tango in Paris" ਉਪਰ ਲੜੇ ਸੀ। ਮੈਨੂੰ ਫਿਲਮ ਬਹੁਤ ਚੰਗੀ ਲਗੀ ਸੀ, ਪਰ ਹਾਵਰਡ ਨਹੀਂ ਮੰਨਿਆ। ਪਰ ਉਸਦੀ ਅਸਮਹਿਤੀ ਦਾ ਢੰਗ ਵੀ ਬਹੁਤ ਹੀ ਪ੍ਰੇਰਨਾਮਈ ਅਤੇ ਸਿਖਿਆਦਾਇਕ ਸੀ। ਉਹ ਤੁਹਾਨੂੰ ਸੁਣਦਾ, ਆਪਣਾ ਪਖ ਰਖਦਾ ਅਤੇ ਜੇ ਉਸਨੂੰ ਅਹਿਸਾਸ ਹੁੰਦਾ ਕਿ ਉਹ ਗਲਤ ਹੈ ਤਾਂ ਮੁਸਕਰਾ ਕੇ ਕਹਿੰਦਾ, "Ok, you got a point"।

ਹਾਵਰਡ ਦੀ ਸਭ ਤੋਂ ਪ੍ਰਭਾਵਸ਼ਾਲੀ ਅਤੇ ਅਭੁਲ ਗੱਲ ਉਸਦੀ ਨਿਮਰਤਾ, ਉਸਦਾ ਦੂਜਿਆਂ ਨੂੰ ਸੁਣਨ ਲਈ ਤਿਆਰ ਰਹਿਣਾ, ਉਸਦਾ ਹਰ ਢੰਗ ਦੀ ਕਟੜਤਾ ਦਾ ਵਿਰੋਧ ਕਰਨਾ ਅਤੇ ਦੂਜਿਆਂ ਪ੍ਰਤੀ ਸਤਿਕਾਰਯੋਗ ਨਜ਼ਰੀਆ ਸੀ। ਮੈਨੂੰ ਯਾਦ ਹੈ ਇਕ ਵਾਰ ਜਦੋਂ ਉਹ ਬੋਸਟਨ ਯੂਨੀਵਰਸਿਟੀ ਦੀ ਫੈਕਲਟੀ ਦੀ ਹੜਤਾਲ ਦੀ ਅਗਵਾਈ ਕਰ ਰਿਹਾ ਸੀ ਤਾਂ ਮੈਂ ਉਸ ਨੂੰ ਕਿਹਾ ਕਿ ਬਹੁਤ ਥੋੜ੍ਹੇ ਫੈਕਲਟੀ ਮੈਂਬਰ ਆਏ ਹਨ। ਉਸਨੇ ਮੇਰੇ ਵਲ ਦੇਖਿਆ ਅਤੇ ਇਹ ਬਿਲਕੁਲ ਸਾਫ ਕਰ ਦਿਤਾ ਕਿ ਪ੍ਰਸ਼ੰਸਾ ਕਰਨ ਵਾਲੀ ਗੱਲ ਇਹ ਹੈ ਕਿ ਥੋੜੇ ਲੋਕ ਆਏ ਹਨ ਅਤੇ ਇਹ ਸਿਰਫ ਸ਼ੁਰੂਆਤ ਸੀ। ਅਜ ਮੈਨੂੰ ਇਹ ਅਹਿਸਾਸ ਹੁੰਦਾ ਹੈ ਕਿ ਉਸਨੇ ਮੈਨੂੰ ਉਸ ਸਮੇਂ ਬਹੁਤ ਠੀਕ ਰਾਹ 'ਤੇ ਲਿਆ ਕੇ ਖੜਾ ਕੀਤਾ ਸੀ। ਹਾਵਰਡ ਕੋਈ ਭਾਵਨਾਤਮਕ ਆਸ਼ਾਵਾਦੀ ਨਹੀਂ ਸੀ। ਉਸਦਾ ਵਿਸ਼ਵਾਸ ਸੀ ਕਿ ਇਨਸਾਨ ਵਿਚ ਜ਼ਰੂਰੀ ਗਿਆਨ ਹਾਸਲ ਕਰਕੇ ਅਨਿਆਂ ਦੇ ਖਿਲਾਫ ਸਮੂਹਿਕ ਲੜਾਈ ਲੜਨ ਦੀ ਸਮਰਥਾ ਹੈ। ਹਾਵਰਡ ਨੇ ਸਿਲਬਰ ਦੁਆਰਾ ਮੈਨੂੰ ਕੱਢਣ ਦੇ ਰੋਸ ਵਿਚ ਗਠਿਤ ਕਮੇਟੀ ਨੂੰ ਲੀਡ ਕੀਤਾ। ਅਸੀਂ ਉਹ ਲੜਾਈ ਹਾਰੇ, ਪਰ ਹਾਵਰਡ ਮੇਰੇ ਲਈ ਇਕ ਗਹਿਰੀ ਦੋਸਤੀ ਦਾ ਸੋਮਾ ਬਣਿਆ, ਜਦੋਂਕਿ ਮੈਂ ਉਸ ਲੜਾਈ ਵਿਚ ਸਭ ਆਸਾਂ ਛਡ ਚੁਕਿਆ ਸਾਂ। ਮੈਨੂੰ ਬਾਅਦ ਵਿਚ ਪਤਾ ਲਗਿਆ ਸੀ ਕਿ ਸਿਲਬਰ, ਜੋ ਕਿ ਇਕ ਬਦਨਾਮ ਰੂੜੀਵਾਦੀ ਸੋਚ ਵਾਲਾ ਇਨਸਾਨ ਸੀ, ਹਾਵਰਡ ਦਾ ਹੀ ਨਹੀਂ ਬਲਕਿ ਹਰ ਖਬੇ ਪੱਖੀ ਨਾਲ ਸੰਬੰਧ ਰਖਣ ਵਾਲੇ ਦਾ ਦੁਸ਼ਮਣ ਸੀ। ਉਸ ਨੇ ਮੈਨੂੰ ਆਪਣੀ ਟਾਪ-10 ਦੀ ਲਿਸਟ ਵਿਚ ਸ਼ਾਮਿਲ ਕਰ ਲਿਆ ਸੀ। ਪਰ ਜਦੋਂ ਮੈਨੂੰ ਇਹ ਪਤਾ ਲੱਗਾ ਕਿ ਇਸ ਲਿਸਟ ਵਿਚ ਹਾਵਰਡ ਦਾ ਨਾਮ ਵੀ ਹੈ ਤਾਂ ਬੜਾ ਮਾਣ ਮਹਿਸੂਸ ਹੋਇਆ। ਹਾਵਰਡ ਨੇ ਸਿਲਬਰ ਦੀ ਲਿਸਟ ਵਿਚ ਖਾਸ ਜਗ੍ਹਾ ਬਣਾ ਲਈ ਸੀ। ਉਸ ਨੇ ਹਾਵਰਡ ਉਤੇ ਇਕ ਵਾਰ ਝੂਠਾ ਸਾੜਫੂਕ ਦਾ ਇਲਜ਼ਾਮ ਵੀ ਲਾਇਆ ਸੀ ਜੋ ਕਿ ਬਾਅਦ ਵਿਚ ਉਸਨੂੰ ਵਾਪਸ ਲੈਣਾ ਪੈ ਗਿਆ ਸੀ ਕਿਉਂਕਿ ਖਬਰ ਮੀਡੀਆ ਵਿਚ ਪਹੁੰਚੀ।

ਹਾਵਰਡ ਉਨ੍ਹਾਂ ਕੁਝ ਕੁ ਚੋਣਵੇਂ ਬੁਧੀਜੀਵੀਆਂ ਵਿਚੋਂ ਸੀ ਜਿਨ੍ਹਾਂ ਲਈ ਵਿਦਿਆ ਬਹੁਤ ਵਡਾ ਹਥਿਆਰ ਸੀ। ਉਹ ਵਿਦਿਆ ਨੂੰ ਬਹੁਤ ਜ਼ਰੂਰੀ ਸਮਝਦਾ ਸੀ ਤਾਂ ਜੋ ਸੁਚੇਤ ਨਾਗਰਿਕਾਂ ਦਾ ਵਿਕਾਸ ਕੀਤਾ ਜਾ ਸਕੇ ਅਤੇ ਨਾਲ ਹੀ ਨਾਲ ਉਸ ਲਈ ਵਿਦਿਆ ਇਸ ਕਰਕੇ ਵੀ ਜ਼ਰੂਰੀ ਸੀ ਕਿਉਂਕਿ ਇਹ ਸਮਾਜ 'ਚ ਚਲ ਰਹੀ ਰਾਜਨੀਤੀ ਦਾ ਅਨਿਖੜਵਾਂ ਅੰਗ ਹੈ। ਉਹ ਇਕ ਬਹੁਤ ਪ੍ਰਤਿਬਧ ਵਿਦਵਾਨ ਅਤੇ ਬੁਧੀਜੀਵੀ ਸੀ, ਜਿਸ ਲਈ ਰਾਜਨੀਤੀ ਅਤੇ ਜ਼ਿੰਦਗੀ, ਪੜ੍ਹਾਉਣਾ ਅਤੇ ਨਾਗਰਿਕ ਪ੍ਰਤਿਬਧਤਾ ਵਿਚਲੀ ਦੀਵਾਰ ਗਿਰ ਜਾਂਦੀ ਸੀ।

ਹਾਵਰਡ ਕਦੀ ਵੀ ਕਿਸੇ ਤਰ੍ਹਾਂ ਦੀਆਂ ਧਮਕੀਆਂ ਤੋਂ ਨਹੀਂ ਡਰਿਆ, ਨਾ ਹੀ ਉਸਦੀ ਬੋਧਿਕ ਪ੍ਰਤਿਬਧਤਾ ਨੂੰ ਪ੍ਰਸਿਧੀ ਦੇ ਜਲੌਅ ਨੇ ਧੁੰਦਲਾ ਕੀਤਾ ਅਤੇ ਨਾ ਹੀ ਉਸ ਨੇ ਆਪਣੇ ਵਿਚਾਰਾਂ ਨੂੰ ਮੁਖ ਧਾਰਾ ਦੁਆਰਾ ਪੈਦਾ ਕੀਤੇ 'ਨਵੇਂ ਅਨਪੜ੍ਹਾਂ' ਲਈ ਨਰਮ ਢੰਗ ਨਾਲ ਪੇਸ਼ ਕੀਤਾ। ਇਕ ਲੋਕਪੱਖੀ ਬੁਧੀਜੀਵੀ ਦੇ ਤੌਰ 'ਤੇ ਉਹ ਦੁਨੀਆਂ ਦੇ ਸਾਰੇ ਪੜ੍ਹੇ ਲਿਖੇ ਲੋਕਾਂ ਲਈ ਪ੍ਰਤਿਸ਼ਠਾ, ਵਚਨਬਧਤਾ ਅਤੇ ਸਭਿਅਕ ਪ੍ਰਤਿਬਧਤਾ ਦਾ ਮਾਡਲ ਸੀ। ਹਾਵਰਡ ਦਾ ਵਿਸ਼ਵਾਸ ਸੀ ਕਿ ਮਨੁਖੀ ਵੇਦਨਾ ਅਤੇ ਸਮਾਜਿਕ ਮਸਲਿਆਂ ਨੂੰ ਸੰਬੋਧਿਤ ਹੋਣਾ ਬਹੁਤ ਅਹਿਮੀਅਤ ਰਖਦਾ ਹੈ ਅਤੇ ਉਹ ਇਸ ਵਿਸ਼ਵਾਸ ਤੋਂ ਕਦੀ ਨਹੀਂ ਥਿੜਕਿਆ! ਉਸ ਦੀ ਨਿਆਂ ਅਤੇ ਇਤਿਹਾਸ ਦੇ ਰਸਮੀ ਬਿਰਤਾਂਤ ਵਿਚੋਂ ਬਾਹਰ ਕਢੇ ਦਬੇਕੁਚਲੇ ਲੋਕਾਂ ਦੀ ਆਵਾਜ਼ ਬੁਲੰਦ ਕਰਨ ਪ੍ਰਤੀ ਪ੍ਰਤਿਬਧਤਾ ਦਾ ਖੂਬਸੂਰਤ ਨਜ਼ਾਰਾ ਉਸਦੀ ਸ਼ਾਹਕਾਰ ਅਤੇ ਸੰਸਾਰ ਪ੍ਰਸਿਧ ਕਿਤਾਬ 'A People's History of the United States' ਵਿਚ ਬਖੂਬੀ ਮਿਲਦਾ ਹੈ। ਇਹ ਪ੍ਰਤਿਬਧਤਾ ਉਸਦੀ ਹਰ ਕਿਤਾਬ, ਗੱਲਬਾਤ, ਇੰਟਰਵਿਊ ਅਤੇ ਜਿਸ ਕਿਤੇ ਥਾਂ 'ਤੇ ਵੀ ਉਸਨੇ ਆਪਣੀ ਜ਼ਿੰਦਗੀ ਵਿਚ ਲੋਕਾਂ ਦੇ ਹਕਾਂ ਦੇ ਲਈ ਸ਼ਮੂਲੀਅਤ ਕੀਤੀ, ਵਿਚ ਵੀ ਵੇਖੀ ਜਾ ਸਕਦੀ ਹੈ।

ਹਾਵਰਡ ਦੀ ਜ਼ਿੰਦਗੀ ਇਹ ਸਿਧ ਕਰਦੀ ਹੈ ਕਿ ਇਕ ਵਚਨਬਧ ਵਿਦਵਾਨ ਲਈ ਲੋਕਪਖੀ ਕਦਰਾਂ-ਕੀਮਤਾਂ ਅਤੇ ਸਭਿਅਕ ਜ਼ਿੰਦਗੀ ਨੂੰ ਜ਼ਿੰਦਾ ਰਖਣ ਅਤੇ ਸਿਧਾਂਤ, ਇਤਿਹਾਸ ਤੇ ਰਾਜਨੀਤੀ ਨੂੰ ਰੋਜ਼ਮੱਰਾ ਜ਼ਿੰਦਗੀ ਦੀਆਂ ਲੋੜਾਂ ਅਤੇ ਭਾਸ਼ਾ ਨਾਲ ਜੋੜ ਕੇ ਇਕ ਚੇਤਨ ਰੋਜ਼ਮੱਰਾ ਜ਼ਿੰਦਗੀ ਦਾ ਵਿਕਾਸ ਕਰਨ ਦਾ ਕੀ ਮਤਲਬ ਹੁੰਦਾ ਹੈ। ਹਾਵਰਡ ਨੇ ਕਦੇ ਵੀ ਆਪਣੇ ਵਿਸ਼ਵਾਸ ਨੂੰ ਉਲਝਾਉਣ ਵਾਲੀ ਭਾਸ਼ਾ ਪਿਛੇ ਨਹੀਂ ਛੁਪਾਇਆ ਅਤੇ ਉਸਨੇ ਸਭਿਅਕ ਬਹਾਦਰੀ ਨੂੰ ਤਨਜ਼ ਦਾ ਬਦਲਵਾਂ ਰੂਪ ਦੇਣ ਤੋਂ ਸਦਾ ਇਨਕਾਰ ਕੀਤਾ। ਉਹ ਇਸ ਧਾਰਨਾ ਤੋਂ ਬਹੁਤ ਨਫ਼ਰਤ ਕਰਦਾ ਸੀ ਕਿ ਮਜ਼ਦੂਰ ਜਮਾਤ ਅਤੇ ਦਬੇ-ਕੁਚਲੇ ਲੋਕ ਆਪਣੇ ਆਪ ਨੂੰ ਜਥੇਬੰਦ ਕਰਨ ਦੇ ਕਾਬਲ ਨਹੀਂ।

ਬਹੁਤ ਸਾਰੇ ਹੋਰਨਾਂ ਬੁਧੀਜੀਵੀਆਂ ਦੀ ਤਰ੍ਹਾਂ, ਮੈਂ ਕਦੇ ਵੀ ਜ਼ਿੰਨ ਨੂੰ, ਜਦੋਂ ਉਹ ਕਿਸੇ ਦੂਸਰੇ ਨਾਲ ਗੱਲਬਾਤ 'ਚ ਮਸਰੂਫ ਹੁੰਦਾ, ਆਪਣੇ-ਆਪ 'ਚ ਗੱਲਬਾਤ ਕਰਦਿਆਂ ਨਹੀਂ ਦੇਖਿਆ। ਜਦੋਂ ਵੀ ਉਹ ਕਿਸੇ ਸੇਧਤ ਮਸਲੇ 'ਤੇ ਗੱਲਬਾਤ ਕਰਦਾ ਤਾਂ ਉਹ ਹਮੇਸ਼ਾ ਉਸ ਨੂੰ ਵਡੇ ਸਮਾਜਿਕ ਮਸਲਿਆਂ ਅਤੇ ਸਰੋਕਾਰਾਂ ਨਾਲ ਜੋੜਦਾ। ਇਸ ਸਾਰੇ ਸਮੇਂ ਦੌਰਾਨ ਉਸ ਨੇ ਕਦੀ ਵੀ ਆਪਣੇ-ਆਪ 'ਚ ਰਾਜਨੀਤਕ ਅਤੇ ਨੈਤਿਕ ਪਵਿਤਰਤਾ ਦਾ ਦਾਅਵਾ ਨਹੀਂ ਕੀਤਾ। ਉਸਦੀ ਆਪਣੇ ਤੋਂ ਵਖਰੀ ਸੋਚ ਰਖਣ ਵਾਲੇ ਵਿਅਕਤੀਆਂ ਪ੍ਰਤੀ ਸਨੇਹਪੂਰਨਤਾ, ਮਜ਼ਾਕੀਆ ਸੁਭਾਅ ਅਤੇ ਖੁਲ੍ਹਦਿਲੀ ਉਸ ਦੇ ਵਿਰੋਧੀਆਂ ਨੂੰ ਹਿਲਾ ਕੇ ਰਖ ਦਿੰਦੀ, ਖਾਸ ਕਰਕੇ ਉਨ੍ਹਾਂ ਖੱਬੇਪੱਖੀ ਜਾਂ ਸੱਜੇਪੱਖੀ ਲੋਕਾਂ ਨੂੰ ਜੋ ਆਪੋ-ਆਪਣੇ ਢੰਗ ਦੇ ਵੈਰਾਗਵਾਦ ਵਿਚ ਬਹੁਤ ਮਾਣ ਮਹਿਸੂਸ ਕਰਦੇ ਨੇ ਪਰ ਸਾਨੂੰ ਸਾਰਿਆਂ ਨੂੰ ਯਾਦ ਰਖਣਾ ਚਾਹੀਦਾ ਹੈ ਕਿ ਹਾਵਰਡ ਮਜ਼ਦੂਰ ਜਮਾਤ ਵਾਲੀ ਸੰਵੇਦਨਸ਼ੀਲਤਾ ਰਖਦਾ ਸੀ ਜੋ ਕਿ ਹਰ ਤਰ੍ਹਾਂ ਦੇ ਰੋਮਾਂਸਵਾਦ ਤੋਂ ਦੂਰ ਸੀ। ਉਸਦੀ ਦਬੇ-ਕੁਚਲੇ ਲੋਕਾਂ, ਇਤਿਹਾਸ ਦੇ ਰਸਮੀ ਬਿਰਤਾਂਤਾਂ ਤੋਂ ਬਾਹਰ ਰਹਿ ਗਏ ਲੋਕਾਂ ਦੀਆਂ ਆਵਾਜ਼ਾਂ, ਇਕਜੁਟਤਾ, ਨਿਆਂ, ਸੰਵਾਦ ਅਤੇ ਆਸ਼ਾ ਨਾਲ ਇਕ ਗਹਿਰੀ ਪ੍ਰਤਿਬਧਤਾ ਉਸਦੇ ਇਸ ਪਿਛੋਕੜ 'ਚੋਂ ਹੀ ਨਿਕਲਦੀ ਸੀ।

ਉਸ ਦੀ ਇਸੇ ਮਹਾਨ ਮਨੁਖੀ ਪ੍ਰਤਿਸ਼ਠਾ ਤੇ ਉਦਾਰਤਾ ਦੇ ਨਾਲ-ਨਾਲ ਚਲਦੀ ਸਮਝ ਅਤੇ ਅਹਿਸਾਸ ਕਰਕੇ ਹੀ ਲੋਕ ਚਾਹੇ ਉਹ ਉਸਨੂੰ ਜਾਤੀ ਜਾਂ ਸਮਾਜਕ ਤੌਰ 'ਤੇ ਜਾਣਦੇ ਹੋਣ ਉਸਨੂੰ ਬਹੁਤ ਪਿਆਰ ਕਰਦੇ ਸਨ। ਆਪਣੀ ਮੌਤ ਤੋਂ ਕੁਝ ਦਿਨ ਪਹਿਲਾਂ ਉਸਨੇ ਮੈਨੂੰ ਇਕ ਈਮੇਲ ਭੇਜੀ ਜਿਸ ਵਿਚ ਉਸਨੇ ਮੇਰੇ ਇਕ ਭਾਗਵਾਦੀ ਰਾਜਨੀਤੀ ਬਾਰੇ ਲੇਖ ਤੇ ਟਿਪਣੀ ਕੀਤੀ। ਮੈਨੂੰ ਕਦੇ ਨਹੀਂ ਸੀ ਪਤਾ ਕਿ ਉਹ ਸਾਡੇ ਦੋਨਾਂ ਵਿਚ ਆਖਰੀ ਈਮੇਲ ਹੋਵੇਗੀ। ਮੇਰੀ ਉਮਰ ਦੇ ਵਿਅਕਤੀ ਲਈ ਵੀ ਐਸੀ ਮਹਾਨ ਸ਼ਖਸੀਅਤ ਦਾ ਮੇਰੇ ਨਾਲ ਖੜ੍ਹੇ ਹੋਣਾ ਮੇਰੇ ਲਈ ਇਕ ਬਹੁਤ ਵਡਾ ਮਾਣ ਦਾ ਸਬਬ ਬਣਦਾ ਸੀ। ਜੋ ਉਸਨੇ ਇਸ ਈਮੇਲ ਵਿਚ ਲਿਖਿਆ ਉਹ ਹਾਵਰਡ ਦੀ ਜ਼ਿੰਦਗੀ ਦੀ ਰੂਹ ਦੀ ਤਸਵੀਰ ਹੈ। ਉਸਨੇ ਲਿਖਿਆ:

"ਹੈਨਰੀ, ਅਸੀਂ ਐਸੇ ਹਾਲਾਤ 'ਚੋਂ ਗੁਜ਼ਰ ਰਹੇ ਹਾਂ ਜਿਥੇ ਹਲੀਮੀ ਵਰਗੀ ਝਿੜਕ ਜਾਂ ਉਸ ਤਰ੍ਹਾਂ ਦੇ ਆਲੋਚਨਾਤਮਕ ਵਿਸ਼ਲੇਸ਼ਣ ਜਿਸ ਨੂੰ ਅਸੀਂ ਰੈਡੀਕਲ ਕਹਿੰਦੇ ਹਾਂ ਕਾਫੀ ਨਹੀਂ। (ਫਰੈਡਰਿਕ ਡਗਲਸ ਦਾ 4 ਜੁਲਾਈ 1852 ਵਿਚ ਗੁੱਸੇ ਨਾਲ ਭਰਿਆ ਭਾਸ਼ਣ ਸ਼ਾਇਦ ਉਸ ਤਰ੍ਹਾਂ ਦੀ ਚੀਜ਼ ਦੇ ਕੋਲ ਹੈ ਜਿਸਦੀ ਸਾਨੂੰ ਲੋੜ ਹੈ।) ਸਾਨੂੰ ਆਪਣੇ ਭਾਵਨਾਤਮਕ ਗੁੱਸੇ ਤੇ ਨਾਰਾਜ਼ਗੀ ਨੂੰ ਸ਼ਬਦਾਂ ਵਿਚ ਉਤਾਰਨ ਦੀ ਲੋੜ ਹੈ ਅਤੇ ਤੂੰ ਏਹੀ ਕਰ ਰਿਹਾ ਹੈਂ। ਮੈਨੂੰ ਸਾਰਤਰ ਦੀ ਯਾਦ ਆਉਂਦੀ ਹੈ ਜਦੋਂ ਉਸ ਦੀ ਜ਼ਿੰਦਗੀ ਦੇ ਆਖਰੀ ਦਿਨਾਂ ਵਿਚ ਉਸ ਨੂੰ ਕਿਸੇ ਨੇ ਪੁਛਿਆ ਸੀ, "ਕਿ ਤੁਹਾਨੂੰ ਆਪਣੀ ਜ਼ਿੰਦਗੀ ਪ੍ਰਤੀ ਕੋਈ ਪਛਤਾਵਾ ਹੈ?" ਉਸਦਾ ਜਵਾਬ ਸੀ, "ਮੈਂ ਲੋੜ ਤੋਂ ਘਟ ਰੈਡੀਕਲ ਰਿਹਾ।"

ਮੈਨੂੰ ਅੰਦੇਸ਼ਾ ਹੈ ਕਿ ਹਾਵਰਡ ਵੀ ਆਪਣੀ ਜ਼ਿੰਦਗੀ ਤੇ ਆਪਣੇ ਬਾਰੇ ਇਹੀ ਕਹਿੰਦਾ ਤੇ ਹੋ ਸਕਦਾ ਹੈ ਕੋਈ ਵੀ ਉਨਾ ਰੈਡੀਕਲ ਨਹੀਂ ਹੋ ਸਕਦਾ। ਪਰ ਹਾਵਰਡ ਨੇ ਆਪਣੀ ਜ਼ਿੰਦਗੀ, ਕੰਮ ਅਤੇ ਰਾਜਨੀਤੀ ਇਸ ਆਦਰਸ਼ ਦੇ ਕਾਫੀ ਕੋਲ ਕੱਢੀ ਸੀ। ਮੇਰੇ ਲਈ ਹਾਵਰਡ ਦੀ ਮੌਤ ਬਹੁਤ ਤਿਖੀ ਸਟ ਹੈ ਕਿਉਂਕਿ ਹੁਣ ਉਹ ਸਭਿਆਚਾਰਕ ਮਾਹੌਲ ਨਹੀਂ ਰਿਹਾ ਜੋ ਐਸੇ ਬੁਧੀਜੀਵੀਆਂ ਦੀ ਰਚਨਾ ਕਰ ਸਕੇ। ਉਸ ਦੀ ਮੌਤ ਨੇ ਉਨ੍ਹਾਂ ਸਾਰੇ ਲੋਕਾਂ ਦੀ ਜ਼ਿੰਦਗੀ ਵਿਚ ਬਹੁਤ ਵਡਾ ਘਾਟਾ ਪਾਇਆ ਹੈ ਜੋ ਉਸਨੂੰ ਜਾਣਦੇ ਸਨ ਅਤੇ ਜਿਨ੍ਹਾਂ ਨੇ ਉਸ ਤੋਂ ਪ੍ਰੇਰਨਾ ਲਈ ਹੈ। ਮੈਂ ਉਸ ਦੀਆਂ ਈ-ਮੇਲਾਂ, ਉਸਦੇ ਕੰਮ, ਉਸਦੀ ਮੁਸਕਰਾਹਟ ਅਤੇ ਉਸ ਦੀ ਸਨੇਹ ਭਰੀ ਮੌਜੂਦਗੀ ਨੂੰ ਬਹੁਤ ਮਿਸ ਕਰਾਂਗਾ। ਹੋ ਸਕਦਾ ਹੈ ਉਸਨੂੰ ਮੇਰੇ ਇਸ ਜਜ਼ਬਾਤੀਪੁਣੇ 'ਤੇ ਗੁਸਾ ਚੜ੍ਹਦਾ ਅਤੇ ਫੇਰ ਉਹ ਮੁਸਕਰਾ ਕੇ ਕਹਿੰਦਾ, "ਸੋਗ ਮਨਾਉਣ ਤੋਂ ਕੁਝ ਵਧ ਕਰੋ, ਇਕ ਜੁਟ ਹੋਵੋ। ਬਾਕਾਇਦਾ ਉਹ ਠੀਕ ਹੈ, ਪਰ ਅਸੀਂ ਦੋਵੇਂ ਕਰ ਸਕਦੇ ਹਾਂ।"

**ਨੋਟ:** ਵਿਸ਼ਵ ਵਿਖਿਆਤ ਸਮਾਜ ਸ਼ਾਸਤਰੀ, ਜ਼ਿਗਮੰਟ ਬੌਅਸਨ, ਨੇ ਮੇਰੀ ਹਾਵਰਡ ਨੂੰ ਦਿਤੀ ਸ਼ਰਧਾਂਜਲੀ ਦੇ ਜਵਾਬ ਵਿਚ ਮੈਨੂੰ ਉਨ੍ਹਾਂ ਦੁਆਰਾ ਕਾਮੂ ਦੀ ਮੌਤ ਦੀ ਪਿਛਲੀ ਵਰ੍ਹੇਗੰਢ 'ਤੇ ਲਿਖਿਆ ਇਕ ਲੇਖ ਭੇਜਿਆ। ਜ਼ਿਗਮੰਟ ਦਾ ਕਹਿਣਾ ਸੀ ਨੇ ਉਸਨੂੰ ਕਾਮੂ ਅਤੇ ਜ਼ਿੰਨ ਵਿਚ ਕੋਈ ਬਹੁਤ ਗਹਿਰਾ ਸੰਬੰਧ ਲਗਦਾ ਹੈ ਕਿਉਂਕਿ ਦੋਨੋਂ ਹੀ ਵੀਹਵੀਂ ਸਦੀ ਦੇ ਬਹੁਤ ਮਹਾਨ ਲੋਕ ਪਖੀ ਬੁਧੀਜੀਵੀ ਸਨ।

ਹੈਨਰੀ ਜੀਰੌਕਸ ਅੱਜਕਲ੍ਹ ਮੈਕਮੈਸਟਰ ਯੂਨੀਵਰਸਿਟੀ ਦੇ ਅੰਗਰੇਜ਼ੀ ਅਤੇ ਸਭਿਆਚਾਰਕ ਸਟਡੀਜ਼ ਵਿਭਾਗ ਵਿਚ ਗਲੋਬਲ ਟੀ.ਵੀ. ਨੈਟਵਰਕ ਚੇਅਰ ਤੇ ਪ੍ਰੋਫੈਸਰ ਦੀ ਉਪਾਧੀ ਤਹਿਤ ਕੰਮ ਕਰਦੇ ਹਨ। ਉਹ ਬੋਸਟਨ ਯੂਨੀਵਰਸਿਟੀ, ਓਹਾਇਓ, ਮਿਆਮੀ ਯੂਨੀਵਰਸਿਟੀ ਅਤੇ ਪੈਨ ਸਟੇਟ ਯੂਨੀਵਰਸਿਟੀ ਵਿਚ ਪੜ੍ਹਾ ਚੁਕੇ ਹਨ।

*ਅਨੁਵਾਦਕ:ਧਰਮਜੀਤ ਸਿੰਘ*

# ਔਰਤ ਮੁਕਤੀ ਲਈ ਮੱਧ-ਯੁੱਗੀ ਮਾਨਸਿਕਤਾ ਦੀਆਂ ਜੜ੍ਹਾਂ ਵੀ ਪੁੱਟੋ

**-ਜਤਿੰਦਰ ਪੰਨੂ**

ਭਾਰਤੀ ਔਰਤ ਲਈ ਇਕ ਨਵੇਂ ਯੁੱਗ ਦਾ ਆਗਾਜ਼ ਉਸ ਵਕਤ ਹੋ ਗਿਆ, ਜਦੋਂ ਪਿਛਲੇ ਦਿਨੀਂ ਭਾਰਤ ਦੀ ਪਾਰਲੀਮੈਂਟ ਦੇ ਉਪਰਲੇ ਸਦਨ, ਰਾਜ ਸਭਾ ਨੇ ਉਸ ਲਈ ਪਾਰਲੀਮੈਂਟ ਤੇ ਵਿਧਾਨ ਸਭਾਵਾਂ ਵਿਚ ਤੇਤੀ ਫੀਸਦੀ ਸੀਟਾਂ ਰਾਖਵੀਆਂ ਕਰਨ ਦਾ ਬਿੱਲ ਪਾਸ ਕਰ ਦਿੱਤਾ। ਹੁਣ ਇਹ ਬਿੱਲ ਦੂਜੇ ਸਦਨ, ਲੋਕ ਸਭਾ ਵਿਚ ਆਉਣ ਤੇ ਪਾਸ ਕਰਵਾਇਆ ਜਾਣਾ ਹੈ। ਔਰਤਾਂ ਲਈ ਰਾਖਵਾਂਕਰਨ ਮੁਨਾਸਬ ਹੱਦ ਤੱਕ ਸਥਾਨਕ ਅਦਾਰਿਆਂ, ਪੰਚਾਇਤਾਂ, ਨਗਰ ਕੌਂਸਲਾਂ ਆਦਿ ਵਿਚ ਪਹਿਲਾਂ ਹੀ ਸੀ ਪਰ ਹੁਣ ਉਨ੍ਹਾਂ ਨੂੰ ਕਾਨੂੰਨ ਘੜਨ ਵਾਲੇ ਅਦਾਰਿਆਂ ਲਈ ਵੀ ਤੇਤੀ ਫੀਸਦੀ ਸੀਟਾਂ ਦੀ ਰਿਜ਼ਰਵੇਸ਼ਨ ਮਿਲ ਗਈ ਹੈ। ਬੜਾ ਔਖਾ ਕੰਮ ਸੀ ਇਸ ਨੂੰ ਪਹਿਲਾਂ ਪੇਸ਼ ਕਰਨਾ ਤੇ ਫਿਰ ਪਾਸ ਕਰਵਾਉਣ ਦੀ ਸ਼ੁਰੂਆਤ ਵਜੋਂ ਰਾਜ ਸਭਾ ਦੀ ਮੋਹਰ ਲਵਾਉਣਾ। ਓਥੇ ਇਸ ਦੇ ਵਿਰੁਧ ਸਿਰਫ ਇਕ ਵੋਟ ਪਈ, 46 ਮੈਂਬਰਾਂ ਨੇ ਵੋਟ ਹੀ ਨਹੀਂ ਪਾਈ ਅਤੇ ਇਕ ਸੌ ਛਿਆਸੀ ਮੈਂਬਰਾਂ ਦੀ ਹਮਾਇਤ ਨਾਲ ਇਹ ਪਾਸ ਹੋ ਗਿਆ। ਯਕੀਨ ਕਰਨਾ ਚਾਹੀਦਾ ਹੈ ਕਿ ਔਰਤਾਂ ਵਿਚੋਂ ਕੋਈ ਨਾ ਕੋਈ ਰਾਹ ਕੱਢ ਕੇ ਇਹ ਬਿੱਲ ਲੋਕ ਸਭਾ ਦੀ ਪ੍ਰਵਾਨਗੀ ਵੀ ਹਾਸਲ ਕਰ ਲਵੇਗਾ।

ਬੜਾ ਤਿੱਖਾ ਵਿਰੋਧ ਕੀਤਾ ਹੈ ਇਸ ਬਿਲ ਦਾ ਕੁਝ ਧਿਰਾਂ ਨੇ। ਚੰਗੀ ਗੱਲ ਇਹ ਹੈ ਕਿ ਸੁਕਰਾਤ ਵਾਂਗ ਜ਼ਹਿਰ ਪੀਣ ਦੇ ਦਬਕੇ ਮਾਰਨ ਵਾਲਾ ਜਨਤਾ ਦਲ ਆਗੂ ਸ਼ਰਦ ਯਾਦਵ ਅੰਤ ਨੂੰ ਜ਼ਹਿਰ ਦੀ ਥਾਂ ਸਬਰ ਦਾ ਘੁੱਟ ਭਰ ਕੇ ਰਹਿ ਗਿਆ। ਉਸ ਦੀ ਪਾਰਟੀ ਨੇ ਵਿਰੋਧ ਦੀ ਵੋਟ ਵੀ ਨਹੀਂ ਪਾਈ। ਉਂਝ ਪੈਂਤੜਾ ਉਸ ਨੇ ਹਾਲੇ ਵੀ ਆਪਣਾ ਛੱਡਿਆ ਨਹੀਂ।

ਵਿਰੋਧ ਵਿਚ ਇਕਲੌਤੀ ਵੋਟ ਪਾਉਣ ਵਾਲਾ ਅਖੌਤੀ ਕਿਸਾਨ ਆਗੂ, ਅਸਲ ਵਿਚ ਜਗੀਰੂ ਸੋਚ ਵਾਲਾ ਆਗੂ, ਸ਼ਰਦ ਜੋਸ਼ੀ ਇਸ ਬਿੱਲ ਬਾਰੇ ਕੁਝ ਵੀ ਕਹੀ ਜਾਵੇ, ਵਿਚਾਰਨ ਵਾਲੀ ਗੱਲ ਲਾਲੂ ਪ੍ਰਸਾਦ ਯਾਦਵ ਤੇ ਮੁਲਾਇਮ ਸਿੰਘ ਯਾਦਵ ਦਾ ਵਿਰੋਧ ਕਰਨਾ ਸੀ। ਉਹ ਦੋਵੇਂ ਇਸ ਦਾ ਰਾਹ ਰੋਕਣ ਲਈ ਇਸ ਨੂੰ ਵਕਾਰ ਦਾ ਸਵਾਲ ਬਣਾਉਣ ਤੱਕ ਵੀ ਚਲੇ ਗਏ। ਤਸਵੀਰ ਦਾ ਦੂਜਾ ਪਾਸਾ ਇਹ ਹੈ ਕਿ ਲਾਲੂ ਪ੍ਰਸਾਦ ਨੇ ਆਪਣੀ ਰਾਜਸੀ ਪੱਖੋਂ ਅਸਲੋਂ ਨਾਤਜਰਬੇਕਾਰ ਪਤਨੀ ਰਾਬੜੀ ਦੇਵੀ ਨੂੰ ਅੱਗੇ ਲਾ ਕੇ ਕਈ ਸਾਲ ਬਿਹਾਰ ਦੀ ਰਾਜ ਗੱਦੀ ਕਬਜ਼ੇ ਵਿਚ ਕਰੀ ਰੱਖੀ ਤੇ ਮੁਲਾਇਮ ਸਿੰਘ ਆਪਣੀ ਨੂੰਹ ਡਿੰਪਲ ਨੂੰ ਪਾਰਲੀਮੈਂਟ ਵਿਚ ਪਹੁੰਚਾਉਣ ਲਈ ਚੋਣ ਲੜ ਕੇ ਠਿੱਬੀ ਖਾ ਚੁੱਕਾ ਹੈ। ਆਪਣੇ ਘਰ ਦੀਆਂ ਔਰਤਾਂ ਨੂੰ ਪਾਰਲੀਮੈਂਟ ਅੰਦਰ ਲਿਆਉਣ ਜਾਂ ਰਾਜ ਕੁਰਸੀ 'ਤੇ ਬਿਠਾਉਣ ਵਾਲੇ ਲੋਕ ਵੀ ਦੂਜੀਆਂ ਔਰਤਾਂ ਨੂੰ ਹੱਕ ਦੇਣ ਦਾ ਦਲੀਲ ਤੋਂ ਸੱਖਣਾ ਵਿਰੋਧ ਕਰੀ ਜਾਂਦੇ ਹਨ। ਸੋਨੀਆ ਗਾਂਧੀ ਦਾ ਲਾਲੂ ਪ੍ਰਸਾਦ ਨੂੰ ਇਹ ਮਿਹਣਾ ਠੀਕ ਸੀ ਕਿ ਸੱਤਾਂ ਧੀਆਂ ਦਾ ਬਾਪ ਹੁੰਦਿਆਂ ਲਾਲੂ ਪ੍ਰਸਾਦ ਨੂੰ ਤਾਂ ਧੀਆਂ-ਭੈਣਾਂ ਦੇ ਹੱਕ ਦਾ ਵਿਰੋਧ ਕਰਨਾ ਸ਼ੋਭਾ ਹੀ ਨਹੀਂ ਦਿੰਦਾ।

ਵੇਖਣ ਵਾਲੀ ਗੱਲ ਇਹ ਹੈ ਕਿ ਵਿਰੋਧ ਦੀਆਂ ਤਿੱਖੀਆਂ ਸੁਰਾਂ ਸਿਰਫ ਉਤਰ ਪ੍ਰਦੇਸ਼ ਅਤੇ ਬਿਹਾਰ ਤੋਂ ਉਠੀਆਂ ਹਨ। ਸ਼ਰਦ ਜੋਸ਼ੀ ਬਿਹਾਰ-ਯੂ. ਪੀ. ਦਾ ਨਹੀਂ, ਪਰ ਉਹ ਆਪਣੇ ਰਾਜ 'ਚੋਂ ਇਕੱਲਾ ਰਹਿ ਗਿਆ ਹੈ। ਦੱਖਣ, ਪੱਛਮ, ਉੱਤਰ ਜਾਂ ਉਤਰ ਪੂਰਬ ਦੇ ਕਿਸੇ ਰਾਜ ਵਿਚੋਂ ਵੀ ਇਸ ਬਿੱਲ ਦਾ ਤਿੱਖਾ ਵਿਰੋਧ ਨਹੀਂ ਹੋਇਆ, ਹਾਲਾਂਕਿ ਓਥੇ ਸਰਕਾਰਾਂ ਵੱਖੋ-ਵੱਖ ਰਾਜਨੀਤਕ ਰੰਗਾਂ ਦੀਆਂ ਹਨ। ਵਿਰੋਧ ਸਿਰਫ ਇਕੋ ਖਿੱਤੇ ਤੱਕ ਸੀਮਤ ਰਹਿ ਗਿਆ ਹੈ। ਇਸ ਦਾ ਕਾਰਨ ਸਮਝਣਾ ਚਾਹੀਦਾ ਹੈ।

ਜਿਹੜੇ ਰਾਜਾਂ ਵਿਚ ਅੰਤਾਂ ਦੀ ਗਰੀਬੀ ਅਤੇ ਅਨਪੜ੍ਹਤਾ ਹੈ, ਉਨ੍ਹਾਂ ਦੇ ਲੀਡਰ ਹਰ ਗੱਲੋਂ ਹੀ ਅਜੀਬ ਵਿਹਾਰ ਕਰਦੇ ਹਨ। ਬਿਹਾਰ ਤੇ ਉਤਰ ਪ੍ਰਦੇਸ਼ ਦੋਵੇਂ ਰਾਜ ਪਿਛਲੇ ਸਮੇਂ ਵਿਚ ਜਹਾਲਤ ਦੇ ਪ੍ਰਤੀਕ ਬਣੇ ਰਹੇ ਹਨ। ਭਾਰਤ ਦੇ ਛੋਟੇ ਜਿਹੇ ਰਾਜ ਗੋਆ ਦੀ ਜੀਅ ਪ੍ਰਤੀ ਆਮਦਨ 70112 ਰੁਪਏ ਸਾਲਾਨਾ ਹੈ ਤੇ ਪੰਜਾਬ ਵਰਗੇ ਰਾਜ ਦੀ 36759 ਰੁਪਏ ਸਾਲਾਨਾ ਵੀ ਸਾਨੂੰ ਘੱਟ ਜਾਪਦੀ ਹੈ। ਇਸ ਦੀ ਤੁਲਨਾ ਵਿਚ ਉਤਰ ਪ੍ਰਦੇਸ਼ ਵਿਚ ਸਿਰਫ 13262 ਰੁਪਏ ਸਾਲਾਨਾ ਜੀਅ ਪ੍ਰਤੀ ਆਮਦਨ ਹੈ ਤੇ ਬਿਹਾਰ ਵਿਚ 7875 ਰੁਪਏ ਸਾਲਾਨਾ। ਉਤਰ ਪ੍ਰਦੇਸ਼ ਦੀ ਜੀਅ ਪ੍ਰਤੀ ਆਮਦਨ ਬਿਹਾਰ ਤੋਂ ਵਧ ਹੋਣ ਦਾ ਕਾਰਨ ਉਸ ਦੀ ਦਿੱਲੀ ਨਾਲ ਲੱਗਦੀ ਹੱਦ ਹੈ। ਦਿੱਲੀ ਵਿਚ ਰਾਜਧਾਨੀ ਹੋਣ ਕਰਕੇ ਤਰੱਕੀ ਤੇ ਕਮਾਈ ਦੇ ਸੋਮੇ ਵਧ ਹਨ ਤੇ ਜੀਅ ਪ੍ਰਤੀ ਆਮਦਨ 61676 ਰੁਪਏ ਸਾਲਾਨਾ ਹੈ। ਉਸ ਨਾਲ ਲੱਗਦੇ ਯੂ. ਪੀ. ਦੇ ਨੋਇਡਾ ਆਦਿ ਜ਼ਿਲਿਆਂ ਦੀ ਵੀ ਪੰਜਾਹ ਹਜ਼ਾਰ ਰੁਪਏ ਸਾਲਾਨਾ ਤੋਂ ਵਧ ਜੀਅ ਪ੍ਰਤੀ ਆਮਦਨ ਹੋਣ ਕਰਕੇ ਯੂ. ਪੀ. ਦੀ ਸਮੁੱਚੀ ਔਰਤ ਬਿਹਾਰ ਤੋਂ ਵਧ ਜਾਂਦੀ ਹੈ, ਵਰਨਾ ਦੋਵੇਂ ਚਾਚੇ-ਤਾਏ ਦੇ ਪੁੱਤਰ ਹੀ ਜਾਪਦੇ ਹਨ।

ਦੂਜਾ ਪੱਖ ਹੈ ਅਨਪੜ੍ਹਤਾ ਦਾ। ਕੇਰਲਾ ਵਿਚ ਅੱਖਰ ਪੜ੍ਹ ਸਕਣ ਵਾਲੇ ਲੋਕ ਕੁੱਲ ਆਬਾਦੀ ਦਾ 90.86 ਫੀਸਦੀ ਬਣਦੇ ਹਨ, ਪੰਜਾਬ ਵਿਚ 69.65 ਫੀਸਦੀ ਹਨ ਤੇ ਸਾਨੂੰ ਇਹ ਵੀ ਘੱਟ ਜਾਪਦੇ ਹਨ, ਜਦਕਿ ਬਿਹਾਰ ਵਿਚ ਸਿਰਫ 47 ਫੀਸਦੀ ਹਨ, ਯਾਨੀ ਕਿ ਅੱਧੀ ਤੋਂ ਵੱਧ ਆਬਾਦੀ ਅਨਪੜ੍ਹ ਫਿਰਦੀ ਹੈ ਤੇ ਯੂ. ਪੀ. ਵਿਚ ਮਸਾਂ 56.27 ਫੀਸਦੀ ਅੱਖਰ ਪੜ੍ਹਨ ਜੋਗੇ ਹਨ। ਇਸ ਮਾਮਲੇ ਵਿਚ ਵੀ ਨੋਇਡਾ ਨੂੰ ਦਿੱਲੀ ਦੇ ਨੇੜ ਨੇ ਥੋੜ੍ਹਾ ਉਚਾ ਚੁੱਕ ਦਿੱਤਾ ਹੈ ਤੇ ਸਾਂਝੀ ਔਸਤ ਵਿਚ ਬਿਹਾਰ ਨਾਲੋਂ ਯੂ. ਪੀ. ਅੱਗੇ ਨਿਕਲ ਗਿਆ ਹੈ, ਵਰਨਾ ਇਕੋ ਜਿਹੇ ਹੀ ਹੁੰਦੇ।

ਇਹਦੇ ਨਾਲੋਂ ਵੱਖਰਾ ਇਕ ਤੀਜਾ ਪੱਖ ਹੈ ਅਨਪੜ੍ਹਤਾ ਦੇ ਮਾਮਲੇ ਵਿਚ ਵੀ ਇਸਤਰੀ ਮਰਦ ਦੇ ਪਾੜੇ ਦਾ। ਕੇਰਲਾ ਵਿਚ 94.24 ਫੀਸਦੀ ਮਰਦ ਪੜ੍ਹੇ ਲਿਖੇ ਹਨ ਤੇ 87.72 ਫੀਸਦੀ ਔਰਤਾਂ। ਦੋਵਾਂ ਵਿਚ ਫਰਕ 6.52 ਫੀਸਦੀ ਦਾ ਹੈ। ਪੰਜਾਬ ਵਿਚ 75.23 ਫੀਸਦੀ ਮਰਦ ਪੜ੍ਹੇ-ਲਿਖੇ ਹਨ, 63.36 ਫੀਸਦੀ ਔਰਤਾਂ, ਫਰਕ ਸਿਰਫ 11.87 ਫੀਸਦੀ ਹੈ। ਉਤਰ ਪ੍ਰਦੇਸ਼ ਵਿਚ ਮਰਦ 68.82 ਫੀਸਦੀ ਪੜ੍ਹੇ ਹੋਏ ਹਨ, ਔਰਤਾਂ ਸਿਰਫ 42.22 ਫੀਸਦੀ ਤੇ ਪਾੜਾ 26.60 ਫੀਸਦੀ ਦਾ ਹੈ, ਜਦਕਿ ਬਿਹਾਰ ਵਿਚ 59.68 ਫੀਸਦੀ ਮਰਦ ਪੜ੍ਹੇ ਹਨ, 33.12 ਫੀਸਦੀ ਔਰਤਾਂ ਤੇ ਪਾੜਾ 26.56 ਫੀਸਦੀ ਬਣ ਜਾਂਦਾ ਹੈ। ਇਹੋ ਗੱਲ ਦੱਸ ਦੇਂਦੀ ਹੈ ਕਿ ਓਥੋਂ ਦੀ ਔਰਤ ਨੂੰ ਕਿਹੜੇ ਰਹਿਬਰਾਂ ਨੇ ਹੁਣ ਤੱਕ ਪਛੜੀ ਹੋਈ ਰੱਖੀ ਰੱਖਿਆ ਹੈ ਤੇ ਅੱਗੋਂ ਵੀ ਰੱਖਣਾ ਚਾਹੁੰਦੇ ਹਨ।

ਹੁਣ ਜਦੋਂ ਇਸਤਰੀ ਜਾਤੀ ਨੂੰ ਅੱਗੇ ਵਧਣ ਦਾ ਇਕ ਮੌਕਾ ਨਸੀਬ ਹੋਣ ਲੱਗਾ ਹੈ, ਪਾਰਲੀਮੈਂਟ ਦੇ ਇਕ ਪਿੱਛੋਂ ਦੂਜੇ ਸਦਨ ਵਿਚੋਂ ਵੀ ਮਨਜ਼ੂਰੀ ਮਿਲ ਜਾਣੀ ਪੱਕੀ ਜਾਪਦੀ ਹੈ, ਓਦੋਂ ਕਈ ਮੁੱਦੇ ਹੋਰ ਵੀ ਵਿਚਾਰਨੇ ਬਣਦੇ ਹਨ। ਬਹੁਤ ਕਿਹਾ ਜਾ ਰਿਹਾ ਹੈ ਕਿ ਭਾਰਤੀ ਦੀ ਰਾਸ਼ਟਰਪਤੀ ਪ੍ਰਤਿਭਾ ਪਾਟਿਲ ਇਕ ਔਰਤ ਹੈ, ਹਾਕਮ ਧਿਰ ਦੇ ਮੋਰਚੇ ਦੀ ਮੁਖੀ ਬੀਬੀ ਸੋਨੀਆ ਗਾਂਧੀ ਹੈ, ਪਾਰਲੀਮੈਂਟ ਵਿਚ ਸਪੀਕਰ ਦੀ ਕੁਰਸੀ 'ਤੇ ਬੀਬੀ ਮੀਰਾ ਕੁਮਾਰ ਹੈ, ਵਿਰੋਧੀ ਧਿਰ ਦੀ ਆਗੂ ਬੀਬੀ ਸੁਸ਼ਮਾ ਸਵਰਾਜ ਹੈ, ਭਾਰਤ ਦੇ ਸਭ ਤੋਂ ਵੱਡੇ ਰਾਜ ਉਤਰ ਪ੍ਰਦੇਸ਼ ਦੀ ਮੁੱਖ ਮੰਤਰੀ ਮਾਇਆਵਤੀ ਹੈ, ਦੇਸ਼ ਦੀ ਰਾਜਧਾਨੀ ਦਿੱਲੀ ਵਿਚ ਮੁੱਖ ਮੰਤਰੀ ਬੀਬੀ ਸ਼ੀਲਾ ਦੀਕਸ਼ਤ ਹੈ, ਦੋ ਰਾਜਾਂ ਦੀਆਂ ਪੁਲਸ ਮੁਖੀ ਤੇ ਦੋ ਕੁ ਰਾਜਾਂ ਦੀਆਂ ਚੀਫ ਸੈਕਟਰੀ ਵੀ ਔਰਤਾਂ ਹਨ।

ਇਹ ਸਾਰਾ ਕੁਝ ਠੀਕ ਹੈ, ਪਰ ਸਾਨੂੰ ਸਿਰਫ ਉਚੇ ਅਹੁਦਿਆਂ 'ਤੇ ਬਿਰਾਜਮਾਨ ਔਰਤਾਂ ਹੀ ਨਹੀਂ ਵੇਖਣੀਆਂ ਚਾਹੀਦੀਆਂ। ਸੜਕ 'ਤੇ ਸਖ਼ਤ ਗਰਮੀ ਵਿਚ ਲੁੱਕ-ਬੱਜਰੀ ਵਿਛਾਉਂਦੀ ਔਰਤ ਦਾ ਚੇਤਾ ਵੀ ਕਰਨਾ ਚਾਹੀਦਾ ਹੈ, ਰੂੜੀਆਂ ਤੋਂ ਲੋਹਾ ਤੇ ਪਲਾਸਟਿਕ ਦੇ ਲਿਫਾਫੇ ਚੁਣਨ ਵਾਲੀ ਦਾ ਵੀ ਤੇ ਜਿਸ ਔਰਤ ਨੂੰ ਦਿੱਲੀ ਦੀ ਜੀ. ਬੀ. ਰੋਡ, ਮੁੰਬਈ ਦੀ ਗਰਾਂਟ ਰੋਡ ਜਾਂ ਕੋਲਕਾਤਾ ਦੇ ਸੋਨਾ ਗਾਚੀ ਇਲਾਕੇ ਵਿਚ ਬਾਜ਼ਾਰ ਵਿਚ ਬੈਠ ਕੇ 'ਗਾਹਕਾਂ' ਦੀ ਉਡੀਕ ਕਰਨੀ ਪੈਂਦੀ ਹੈ, ਉਹਦਾ ਚੇਤਾ ਵੀ ਕਦੇ ਨਾ ਕਦੇ ਕਰਨਾ ਪਵੇਗਾ। ਇਨ੍ਹਾਂ ਔਰਤਾਂ ਦਾ ਖਿਆਲ ਕਿਸੇ ਨੂੰ ਕਦੇ ਆਉਂਦਾ ਹੀ ਨਹੀਂ।

ਭਾਰਤ ਨੂੰ ਮਾਣ ਕਰਨ ਦਾ ਹੱਕ ਹੈ ਕਿ ਇਥੇ ਇਕ 'ਸਟੀਲ ਲੇਡੀ' ਵਜੋਂ ਜਾਣੀ ਜਾਂਦੀ ਇੰਦਰਾ ਗਾਂਧੀ ਸਤਾਰਾਂ ਸਾਲ ਪ੍ਰਧਾਨ ਮੰਤਰੀ ਵਜੋਂ ਰਾਜ ਕਰਦੀ ਰਹੀ ਹੈ। ਜਦੋਂ ਉਹ ਭਾਰਤ ਦੀ ਕਮਾਨ ਹੱਥਾਂ ਵਿਚ ਲੈ ਕੇ ਬੰਗਲਾਦੇਸ਼ ਦੇ ਲੋਕਾਂ ਨੂੰ ਪਾਕਿਸਤਾਨ ਦੇ ਜ਼ਾਲਮ ਪੰਜੇ 'ਚੋਂ ਆਜ਼ਾਦ ਕਰਵਾਉਂਦੀ ਫਿਰਦੀ ਹੈ, ਓਦੋਂ ਵੀ ਉਸ ਦੀ ਰਾਜਧਾਨੀ ਦਿੱਲੀ ਵਿਚ ਦੇਹ-ਬਾਜ਼ਾਰ ਦੇ ਕੋਠਿਆਂ ਵਿਚ ਸੈਂਕੜੇ ਔਰਤਾਂ ਕੈਦ ਹੋਈਆਂ ਹਉਕੇ ਭਰ ਰਹੀਆਂ ਸਨ। ਭਾਰਤੀ ਰਾਜਨੀਤੀ ਵਿਚ ਬਹੁਤ ਸਾਰੀਆਂ ਔਰਤਾਂ ਆਈਆਂ, ਹੋਰ ਆਉਣ ਦੀ ਸੰਭਾਵਨਾ ਦਾ ਵੀ ਅਸੀਂ ਦਿਲੋਂ ਸਵਾਗਤ ਕਰਦੇ ਹਾਂ ਪਰ ਇਹ ਕਹੇ ਬਿਨਾਂ ਨਹੀਂ ਰਹਿ ਸਕਦੇ ਕਿ ਉਨ੍ਹਾਂ ਨੇ ਰਾਜਨੀਤੀ ਤਾਂ ਕੀਤੀ, ਇਸਤਰੀ ਜਾਤੀ ਲਈ ਉਨ੍ਹਾਂ ਨੇ ਵੀ ਬਹੁਤਾ ਕੁਝ ਨਹੀਂ ਕੀਤਾ।

***ਜਿਹੜੇ ਰਾਜਾਂ ਵਿਚ ਅੰਤਾਂ ਦੀ ਗਰੀਬੀ ਅਤੇ ਅਨਪੜ੍ਹਤਾ ਹੈ, ਉਨ੍ਹਾਂ ਦੇ ਲੀਡਰ ਹਰ ਗੱਲੋਂ ਹੀ ਅਜੀਬ ਵਿਹਾਰ ਕਰਦੇ ਹਨ। ਬਿਹਾਰ ਤੇ ਉਤਰ ਪ੍ਰਦੇਸ਼ ਦੋਵੇਂ ਰਾਜ ਪਿਛਲੇ ਸਮੇਂ ਵਿਚ ਜਹਾਲਤ ਦੇ ਪ੍ਰਤੀਕ ਬਣੇ ਰਹੇ ਹਨ। ਭਾਰਤ ਦੇ ਛੋਟੇ ਜਿਹੇ ਰਾਜ ਗੋਆ ਦੀ ਜੀਅ ਪ੍ਰਤੀ ਆਮਦਨ 70112 ਰੁਪਏ ਸਾਲਾਨਾ ਹੈ ਤੇ ਪੰਜਾਬ ਵਰਗੇ ਰਾਜ ਦੀ 36759 ਰੁਪਏ ਸਾਲਾਨਾ ਵੀ ਸਾਨੂੰ ਘੱਟ ਜਾਪਦੀ ਹੈ।***

ਰਾਜਸਥਾਨ ਸਾਡੇ ਦੇਸ਼ ਦਾ ਇਕ ਪ੍ਰਮੁਖ ਰਾਜ ਹੈ। ਫਰਵਰੀ ਦੇ ਮਹੀਨੇ ਓਥੋਂ ਇਹ ਹੈਰਾਨੀ ਭਰੀ ਖ਼ਬਰ ਆਈ ਹੈ ਕਿ ਉਸ ਦੇ ਇਕ ਪਿੰਡ ਵਿਚ ਇਕ ਸੌ ਬਾਈ ਸਾਲਾਂ ਬਾਅਦ ਬਾਰਾਤ ਆਈ ਹੈ। ਇਸ ਦਾ ਮਤਲਬ ਸਾਫ ਹੈ ਕਿ ਸਵਾ ਸੌ ਸਾਲ ਤੱਕ ਉਸ ਪਿੰਡ ਵਿਚ ਕਿਸੇ ਧੀ ਨੂੰ ਜਵਾਨ ਹੋਣ ਦਾ ਮੌਕਾ ਹੀ ਨਹੀਂ ਮਿਲਿਆ। ਪਹਿਲਾਂ ਉਹ ਜੰਮਦੀਆਂ ਮਾਰ ਦਿੱਤੀਆਂ ਜਾਂਦੀਆਂ ਸਨ, ਫੇਰ ਜੰਮਣ ਤੋਂ ਵੀ ਪਹਿਲਾਂ ਮਾਰ ਦੇਣ ਦਾ ਰੁਝਾਨ ਚੱਲ ਪਿਆ। ਉਸ ਪਿੰਡ ਦੇ ਮੌਜੂਦਾ ਮੁਹਤਬਰਾਂ ਨੂੰ ਸਾਡਾ ਸਲਾਮ ਹੈ ਕਿ ਉਨ੍ਹਾਂ ਨੇ ਕੁਕਰਮ ਦੀ ਇਸ ਪਰੰਪਰਾ ਨੂੰ ਤੋੜਿਆ ਹੈ। ਓਸੇ ਰਾਜਸਥਾਨ ਵਿਚ ਇਕ ਔਰਤ, ਗਵਾਲੀਅਰ ਦੇ ਰਾਜ ਘਰਾਣੇ ਦੀ ਰਾਜਕੁਮਾਰੀ ਤੇ ਜੈਪੁਰ ਦੇ ਰਾਜ ਘਰਾਣੇ ਦੀ ਨੂੰਹ, ਬੀਬੀ ਵਸੁੰਧਰਾ ਰਾਜੇ ਪੰਜ ਸਾਲ ਰਾਜ ਕਰਦੀ ਰਹੀ। ਉਸ ਨੇ ਰਾਜਨੀਤਕ ਤਿਕੜਮਬਾਜ਼ੀ ਵੀ ਖ਼ੂਬ ਕੀਤੀ, ਭ੍ਰਿਸ਼ਟਾਚਾਰ ਦੇ ਨਾਂਅ 'ਤੇ ਬਦਨਾਮੀ ਵੀ ਬਥੇਰੀ ਕਰਵਾਈ, ਪਰ ਇਸਤਰੀ ਜਾਤੀ ਲਈ ਉਹ ਕੁਝ ਵੀ ਨਾ ਕਰ ਸਕੀ। ਜਦੋਂ ਉਹ ਰਾਜ ਕਰਦੀ ਸੀ, ਬਾਲ ਵਿਆਹ ਦੀ ਪ੍ਰਥਾ ਵੀ ਚੱਲਦੀ ਰਹੀ ਅਤੇ ਧੀਆਂ ਨੂੰ ਮਾਰ ਦੇਣ ਦੀ ਵੀ। ਛੋਟੀਆਂ-ਛੋਟੀਆਂ ਕੁੜੀਆਂ ਤੇ ਮੁੰਡਿਆਂ ਨੂੰ ਕੁੱਛੜ ਚੁੱਕ ਕੇ ਰਾਜਸਥਾਨ ਵਿਚ ਉਨ੍ਹਾਂ ਦੇ ਮਾਂ-ਬਾਪ ਵੇਦੀ ਦੇ ਘੇਰੇ ਲਾਵਾਂ ਕਰਵਾਉਂਦੇ, ਅਸਲ ਵਿਚ ਆਪ ਹੀ ਕਰ ਲੈਂਦੇ ਸਨ। ਹੁਣ ਵੀ ਇੰਝ ਹੀ ਹੁੰਦਾ ਹੈ, ਪਰ ਕਾਨੂੰਨ ਨੂੰ ਓਥੇ ਕਦੇ ਲਾਗੂ ਹੀ ਨਹੀਂ ਕੀਤਾ ਗਿਆ।

ਵਿਤਕਰਾ ਸਿਰਫ ਜਹਾਲਤ ਦੇ ਥੋਡੇ ਵਰਗੇ ਰਾਜਾਂ-ਸਮਾਜਾਂ ਵਿਚ ਹੀ ਨਹੀਂ, ਪੜ੍ਹੇ-ਲਿਖਿਆਂ ਦੇ ਖੇਤਰ ਵਿਚ ਵੀ ਹੋਈ ਜਾਂਦਾ ਹੈ। ਜਿਸ ਦਿਨ ਔਰਤਾਂ ਦੀ ਤੇਤੀ ਫੀਸਦੀ ਰਿਜ਼ਰਵੇਸ਼ਨ ਦਾ ਬਿੱਲ ਰਾਜ ਸਭਾ ਵਿਚ ਪਾਸ ਹੋਇਆ, ਉਸ ਤੋਂ ਤਿੰਨ ਦਿਨ ਬਾਅਦ ਇਕ ਅਦਾਲਤੀ ਫੈਸਲਾ ਫੌਜ ਦੀਆਂ ਮਹਿਲਾ ਅਫਸਰਾਂ ਬਾਰੇ ਵੀ ਆਇਆ ਹੈ। ਉਨ੍ਹਾਂ ਅਫਸਰਾਂ ਨੂੰ ਹੁਣ ਤੱਕ ਸਿਰਫ 'ਸ਼ਾਰਟ ਕਮਿਸ਼ਨ' ਲਈ ਰੱਖਿਆ ਜਾਂਦਾ ਸੀ ਤੇ ਮੇਜਰ ਦੇ ਅਹੁਦੇ ਤੱਕ ਜਾ ਕੇ ਬਿਨਾਂ ਪੈਨਸ਼ਨ ਤੋਂ ਛੁੱਟੀ ਕਰ ਦਿੱਤੀ ਜਾਂਦੀ ਸੀ।

ਹੁਣ ਆਏ ਫੈਸਲੇ ਨਾਲ ਉਸ ਨੂੰ ਅੱਗੇ ਵਧ ਕੇ ਕਰਨਲ ਦੇ ਰੈਂਕ ਤੱਕ ਜਾਣ ਦਾ ਹੱਕ ਮਿਲ ਗਿਆ ਹੈ ਤੇ ਅਦਾਲਤ ਨੇ ਹੁਕਮ ਕੀਤਾ ਹੈ ਕਿ ਚੱਲਦੇ ਕੇਸ ਦੌਰਾਨ ਜਿਹੜੀਆਂ ਬੀਬੀਆਂ ਨੂੰ ਰਿਟਾਇਰ ਕਰ ਦਿੱਤਾ ਗਿਆ ਸੀ, ਉਨ੍ਹਾਂ ਨੂੰ ਵੀ ਫੇਰ ਤਰੱਕੀ ਦੇ ਕੇ ਨੌਕਰੀ ਲਈ ਸੱਦਿਆ ਜਾਵੇ। ਭਾਰਤੀ ਫੌਜ ਦੇ ਜ਼ਮੀਨੀ, ਸਮੁੰਦਰੀ ਤੇ ਹਵਾਈ ਤਿੰਨੇ ਪੱਖਾਂ ਦੇ ਸੀਨੀਅਰ ਅਧਿਕਾਰੀ ਇਹ ਹੁਕਮ ਮੰਨਣ ਦੀ ਥਾਂ ਇਹ ਕਹਿ ਰਹੇ ਹਨ ਕਿ ਉਹ ਇਸ ਨੂੰ ਲਾਗੂ ਹੋਣ ਤੋਂ ਰੋਕਣ ਲਈ ਸੁਪਰੀਮ ਕੋਰਟ ਵਿਚ ਅਪੀਲ ਕਰਨਗੇ। ਕਿਉਂ ਅਪੀਲ ਕਰਨਗੇ ਉਹ? ਭਾਰਤ ਦੀ ਰਾਸ਼ਟਰਪਤੀ ਵਜੋਂ ਫੌਜਾਂ ਦੀ ਸੁਪਰੀਮ ਕਮਾਂਡਰ ਦਾ ਦਰਜਾ ਰੱਖਦੀ ਬੀਬੀ ਪ੍ਰਤਿਭਾ ਪਾਟਿਲ ਨੂੰ, ਹਾਕਮ ਗਠਜੋੜ ਦੀ ਚੇਅਪਰਸਨ ਬੀਬੀ ਸੋਨੀਆ ਗਾਂਧੀ ਨੂੰ ਜਾਂ ਵਿਰੋਧੀ ਧਿਰ ਦੀ ਆਗੂ ਬੀਬੀ ਸੁਸ਼ਮਾ ਸਵਰਾਜ ਨੂੰ ਇਸ ਬਾਰੇ ਡਟਵਾਂ ਸਟੈਂਡ ਲੈਣਾ ਚਾਹੀਦਾ ਹੈ ਕਿ ਪਾਰਲੀਮੈਂਟ ਤਾਂ ਔਰਤਾਂ ਨੂੰ ਹੋਰ ਹੱਕ ਦੇਣਾ ਚਾਹੁੰਦੀ ਹੈ, ਫੌਜ ਦੇ ਕਮਾਂਡਰ ਔਰਤ ਅਫਸਰਾਂ ਦਾ ਰਾਹ ਕਿਉਂ ਰੋਕਣਾ ਚਾਹੁੰਦੇ ਹਨ?

ਬਿੱਲ ਪਾਸ ਹੋਣੇ ਤੇ ਕਾਨੂੰਨ ਬਣਨੇ ਹੋਰ ਗੱਲ ਹੁੰਦੀ ਹੈ ਤੇ ਉਨ੍ਹਾਂ ਨੂੰ ਅਮਲ ਵਿਚ ਲਾਗੂ ਕਰਨਾ ਹੋਰ ਗੱਲ। ਇਨ੍ਹਾਂ ਨਾਲੋਂ ਵੀ ਵੱਡੀ ਲੋੜ ਉਸ ਮਾਨਸਿਕਤਾ ਨੂੰ ਬਦਲਣ ਦੀ ਹੈ, ਜਿਹੜੀ ਹਾਲੇ ਤੱਕ ਔਰਤ ਨੂੰ ਅੱਗੇ ਵਧਦੀ ਬਰਦਾਸ਼ਤ ਹੀ ਕਰਨ ਨੂੰ ਤਿਆਰ ਨਹੀਂ। ਇਹ ਮਾਨਸਿਕਤਾ ਸੌਖੀ ਨਹੀਂ ਬਦਲੀ ਜਾਣੀ। ਮਰਦਾਂ ਵਿਚੋਂ ਸਾਵੀਂ ਸੋਚ ਵਾਲੇ ਸਿਰ ਤਾਂ ਉਨ੍ਹਾਂ ਦਾ ਸਾਥ ਦੇਣ ਨੂੰ ਤਿਆਰ ਹੋਣ ਵਿਚ ਖੁਸ਼ੀ ਮਹਿਸੂਸ ਕਰਨਗੇ, ਪਰ ਅਸਲੀ ਸੰਘਰਸ਼, ਆਪਣੀ ਹੋਂਦ ਅਤੇ ਬਰਾਬਰੀ ਵਾਲੀ ਹੋਂਦ ਦਾ ਸੰਘਰਸ਼, ਔਰਤਾਂ ਨੂੰ ਖ਼ੁਦ ਲੜਨਾ ਪਵੇਗਾ। ਇਸ ਮਾਨਸਿਕਤਾ ਦੀਆਂ ਜਿਹੜੀਆਂ ਜੜ੍ਹਾਂ ਹਾਲੇ ਤੱਕ ਵੀ ਮੱਧ ਯੁੱਗ ਵਿਚ ਫਸੀਆਂ ਪਈਆਂ ਹਨ, ਅੱਜ ਨਹੀਂ ਤਾਂ ਕੱਲ ਸਹੀ, ਉਨ੍ਹਾਂ ਜੜ੍ਹਾਂ ਨੂੰ ਕਦੇ ਨਾ ਕਦੇ ਤਾਂ ਧੂਹ ਕੇ ਪੁੱਟਣਾ ਹੀ ਪਵੇਗਾ।

# ਆਪਣੀ ਸੋਚ ਦੇ ਹਾਣੀ ਬਜ਼ੁਰਗਾਂ ਨੂੰ ਬਣਾਈਏ

**ਮੂੰਹ ਆਈ ਬਾਤ**



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856

ਮੈਂ ਅੱਜ ਵੀ ਜਦੋਂ ਪਾਰਕ ਵਿਚ ਬੈਠੇ ਬਜ਼ੁਰਗਾਂ ਨੂੰ ਵੇਖਦਾ ਹਾਂ ਉਨ੍ਹਾਂ ਦੇ ਚਿਹਰਿਆਂ ਵਿਚੋਂ ਮੈਨੂੰ ਆਪਣੇ ਦਾਦਾ ਜੀ ਦਾ ਚਿਹਰਾ ਵਿਖਾਈ ਦਿੰਦਾ ਹੈ। ਇਹੀ ਖਿੱਚ ਮੈਨੂੰ ਬਜ਼ੁਰਗਾਂ ਕੋਲ ਲੈ ਜਾਂਦੀ ਹੈ। ਉਨ੍ਹਾਂ ਨਾਲ ਗੱਲਾਂ ਕਰਕੇ ਲਗਦਾ ਹੈ ਕਿ ਮੈਂ ਦਾਦਾ ਜੀ ਨੂੰ ਮਿਲ ਕੇ ਆਇਆ ਹਾਂ। ਮੈਨੂੰ ਸ਼ਾਇਦ ਇਹ ਗੱਲ ਰਹਿੰਦੀ ਜ਼ਿੰਦਗੀ ਵਿਚ ਕਦੇ ਨਾ ਭੁੱਲੇ ਜਿਹੜੀ ਗੱਲ ਮੈਨੂੰ ਦਾਦਾ ਜੀ ਨੇ ਆਪਣੀ ਜ਼ਿੰਦਗੀ ਦੇ ਆਖਰੀ ਦਿਨਾਂ ਵਿਚ ਸਰਾਂ ਹਸਪਤਾਲ ਵਿਚ ਸੁਣਾਈ ਸੀ। ਦਾਦਾ ਜੀ ਦੱਸਦੇ ਸਨ ਕਿ ਮੈਂ ਮਾਪਿਆ ਦਾ ਇਕੱਲਾ ਪੁੱਤ ਤੇ ਦੋ ਭੈਣਾਂ ਦਾ ਭਰਾ ਸਾਂ। ਮੇਰੇ ਤਾਏ ਦੇ ਪੰਜ ਮੁੰਡੇ ਤੇ ਤਿੰਨ ਕੁੜੀਆਂ ਸਨ। ਸਾਡਾ ਆਪਸ ਵਿਚ ਭਰਾਵਾਂ ਨਾਲੋਂ ਵਧ ਪਿਆਰ ਸੀ। ਜਦੋਂ ਅਸੀਂ ਖੇਤੀਬਾੜੀ ਅੱਡ ਕਰ ਲਈ, ਤਾਂ ਉਦੋਂ ਉਹ ਪੰਜੇ ਜਣੇ ਪਹਿਲਾਂ ਮੇਰਾ ਖੇਤੀ ਦਾ ਕੰਮ ਨਬੇੜਦੇ ਤੇ ਪਿੱਛੋਂ ਆਪਣਾ ਕੰਮ ਕਰਦੇ, ਉਨ੍ਹਾਂ ਨੂੰ ਵੀ ਮੇਰੇ ਨਵੇਂ ਬਣਾਏ ਗੱਡੇ ਤੇ ਬਲਦਾਂ ਦਾ ਬਹੁਤ ਸਹਾਰਾ ਸੀ। ਕਦੇ ਖੂਹ ਦੀ ਵਾਰੀ ਪਿੱਛੇ ਨਹੀਂ ਲੜੇ, ਨਾ ਹੀ ਜ਼ਮੀਨ ਦੀ ਵੰਡ ਪਿੱਛੇ, ਮੇਰੀ ਮਾਂ ਨੇ ਕਹਿਣਾ ਕਿ ਮੇਰਾ ਤਾਂ ਪੁਤ ਬੜਾ ਸੰਗਾਊ ਤੇ ਲਾਡਲਾ ਹੈ।

ਦਾਦਾ ਜੀ ਦੱਸਦੇ ਕਿ ਜਦੋਂ ਮੇਰਾ ਵਿਆਹ ਹੋਇਆ, ਸਾਡੇ ਉਪਰ ਵੀ ਪਾਣੀ ਵਾਰ ਕੇ ਤਾਈ ਜੀ ਨੇ ਪੀਤਾ। ਸਿਆਣੀਆਂ ਮਾਈਆਂ ਦਾ ਇਹ ਪੱਕਾ ਵਿਸ਼ਵਾਸ ਸੀ ਕਿ ਜੇ ਪੰਜ ਪੁੱਤਾਂ ਦੀ ਮਾਂ ਨਵੀਂ ਜੋੜੀ ਤੋਂ ਪਾਣੀ ਵਾਰ ਕੇ ਪੀਵੇਗੀ ਤਾਂ ਅਗੋਂ ਉਨ੍ਹਾਂ ਦੇ ਵੀ ਪੰਜ ਪੁੱਤ ਹੋਣਗੇ। ਹੋਇਆ ਵੀ ਇੰਜ ਹੀ, ਮੇਰੇ ਪਿਤਾ ਜੀ ਪੰਜ ਭਰਾ ਸਨ। ਦਾਦਾ ਜੀ ਨਾਲ ਬਹੁਤ ਸਮਾਂ ਬਿਤਾਇਆ ਪਰ ਆਪਣੀ ਦਾਦੀ ਦੇ ਦਰਸ਼ਨ ਨਾ ਕਰ ਸਕਿਆ, ਉਹ ਵਿਚਾਰੀ ਮੇਰੇ ਪਿਤਾ ਜੀ ਦੇ ਮੰਗਣੇ ਤੋਂ ਬਾਅਦ ਹੀ ਰੱਬ ਨੂੰ ਪਿਆਰੀ ਹੋ ਗਈ ਸੀ। ਪੰਜਾਂ ਪੁੱਤਾਂ ਦੀ ਮਾਂ ਨੇ ਇੱਕ ਵੀ ਪੁੱਤ-ਨੂੰਹ ਦੀ ਜੋੜੀ ਤੋਂ ਪਾਣੀ ਵਾਰ ਕੇ ਨਾ ਪੀਤਾ। ਕਿਸਮਤ ਵਾਲੀਆਂ ਮਾਂਵਾਂ ਨੂੰ ਇਹ ਦਿਨ ਨਸੀਬ ਹੁੰਦਾ ਹੈ। ਦਾਦਾ ਜੀ ਦੇ ਕਹਿਣ ਅਨੁਸਾਰ ਮੇਰੀ ਮਾਤਾ ਜੀ ਨੇ ਤਾਈ ਜੀ ਦਾ ਬਹੁਤ ਵੱਡਾ ਮਾਣ ਕੀਤਾ ਕਿਉਂਕਿ ਤਾਈ ਜੀ ਤੋਂ ਪਾਣੀ ਵਾਰਨੇ ਦੀ ਰਸਮ ਕਰਵਾਈ।

ਦਾਦਾ ਜੀ ਦੇ ਇਕ ਤਾਏ ਦੇ ਪੁੱਤ ਦਾ ਘਰ ਸਾਡੇ ਨਾਲ ਲੱਗਦਾ ਹੈ। ਉਸਦੇ ਅੱਗੋਂ ਵੀ ਇੱਕ ਪੁੱਤ ਹੈ ਤੇ ਅੱਗੇ ਇਕ ਪੋਤਾ। ਦਾਦਾ ਜੀ ਨੇ ਨਸੀਹਤ ਕੀਤੀ ਕਿ ਸ਼ੇਰਾ ਮੇਰੇ ਤਾਏ ਦੇ ਪੋਤੇ ਤੇ ਕਦੇ ਵੀ ਕੋਈ ਮੁਸੀਬਤ ਆਵੇ ਤੁਸੀਂ ਬਰਾਬਰ ਖੜ੍ਹਨਾ। ਇਨ੍ਹਾਂ ਨੇ ਮੈਨੂੰ ਕਦੇ ਇਕੱਲੇ ਹੋਣ ਦਾ ਅਹਿਸਾਸ ਨਹੀਂ ਹੋਣ ਦਿੱਤਾ, ਅਸੀਂ ਭਰਾਵਾਂ ਵਾਂਗ ਜ਼ਿੰਦਗੀ ਕੱਟੀ ਹੈ। ਤੁਸੀਂ ਵੀ ਭਰਾਵਾਂ ਵਾਂਗ ਰਹਿਣਾ, ਜਿਸ ਦਿਨ ਅਸੀਂ ਦਾਦਾ ਜੀ ਦੀ ਅਰਥੀ ਚੁੱਕਣ ਲੱਗੇ। ਉਦੋਂ ਦਾਦਾ ਜੀ ਦੇ ਤਾਏ ਦਾ ਵੱਡਾ ਪੁੱਤ ਦਾਦਾ ਜੀ ਦੇ ਪੈਰ ਫੜ ਕੇ ਕਹਿੰਦਾ, 'ਮੇਰਿਆ ਛੋਟਿਆ ਭਰਾਵਾਂ, ਕੰਮ ਵਿਚ ਵੀ ਸਾਡੇ ਨਾਲੋਂ ਅੱਗੇ ਰਹਿੰਦਾ ਸੀ ਤੇ ਮੌਤ ਕੋਲ ਵੀ ਸਾਡੇ ਨਾਲੋਂ ਪਹਿਲਾਂ ਪਹੁੰਚ ਗਿਆ। ਭਰਾਵਾ ਮੈਂ ਵੀ ਤੇਰੇ ਮਗਰੇ ਹੀ ਆਇਆ।' ਪੂਰੇ ਇਕ ਮਹੀਨੇ ਬਾਅਦ ਦਾਦਾ ਜੀ ਦੇ ਤਾਏ ਦਾ ਪੁੱਤ ਵੀ ਸੁਰਗਵਾਸ ਹੋ ਗਿਆ। ਸਾਰਾ ਪਿੰਡ ਹੈਰਾਨ ਸੀ। ਕਿ ਇੰਨਾ ਪਿਆਰ ਇਕ ਮਹੀਨਾ ਹੀ ਮਸਾਂ ਲੰਘਿਆ। ਦਾਦਾ ਜੀ ਦੇ ਉਹ ਆਖਰੀ ਬੋਲ ਮੈਂ ਨਹੀਂ ਭੁੱਲਦਾ। ਮੈਨੂੰ ਦਾਦਾ ਜੀ ਦੇ ਤਾਏ ਦੇ ਪਰਿਵਾਰ ਨਾਲ ਉਨੀ ਹੀ ਸਾਂਝ ਹੈ ਜਿੰਨੀ ਦਾਦਾ ਜੀ ਦੀ ਹੁੰਦੀ ਸੀ। ਮੈਂ ਹਰ ਦੁੱਖ-ਸੁੱਖ ਵਿਚ ਉਨ੍ਹਾਂ ਦੇ ਨਾਲ ਖੜ੍ਹਦਾ ਹਾਂ।

ਇਹ ਸੀ ਪੁਰਾਣੇ ਬਜ਼ੁਰਗਾਂ ਦਾ ਆਪਸੀ ਪਿਆਰ ਤੇ ਇੱਕ ਦੂਜੇ ਦਾ ਮਾਣ ਸਤਿਕਾਰ ਤੇ ਅੱਜ ਦੇ ਸਕੇ ਭਰਾਵਾਂ ਦਾ ਪਿਆਰ ਸਤਿਕਾਰ ਕਿੰਨਾ ਕੁ ਹੈ, ਮੈਂ ਦਸਦਾ ਹਾਂ। ਮੇਰੇ ਰਿਸ਼ਤੇਦਾਰ ਦੇ ਦੋ ਮੁੰਡੇ ਹਨ। ਦੋਵੇਂ ਜਗਰਾਉਂ ਪੜ੍ਹਦੇ ਹਨ। ਇਕੋ ਸਕੂਲ, ਇਕੋ ਕਲਾਸ ਵਿਚ ਦੋਵਾਂ ਨੂੰ ਇਕ ਮੋਟਰ ਸਾਇਕਲ ਲੈ ਦਿੱਤਾ ਹੈ। ਇਕ ਧਾਰਮਿਕ ਖਿਆਲਾਂ ਵਾਲਾ ਹੈ। ਦੂਜਾ ਅੱਡਿਆਂ 'ਤੇ ਖੜ੍ਹਨ ਵਾਲਾ ਲੋਫਰ, ਦੋਵਾਂ ਦੀ ਆਪਸ ਵਿਚ ਬਣਦੀ ਨਹੀਂ। ਇਕ ਨੂੰ ਦੂਜੇ ਦੀ ਪੱਗ ਪਸੰਦ ਨਹੀਂ, ਦੂਜੇ ਨੂੰ ਪਹਿਲੇ ਦੇ ਹੇਅਰ ਸਟਾਈਲ ਪਸੰਦ ਨਹੀਂ। ਕਮਾਈ ਦਾ ਸਾਧਨ ਖੇਤੀਬਾੜੀ ਹੈ। ਮੁੰਡੇ ਦੋਵੇਂ ਹੀ ਡੱਕਾ ਨਹੀਂ ਤੋੜਦੇ। ਹੁਣ ਲੋਫਰ ਨੇ ਘਰੇ ਕਲੇਸ਼ ਪਾ ਲਿਆ ਕਿ ਮੈਨੂੰ ਵੱਖਰਾ ਮੋਟਰ ਸਾਈਕਲ ਚਾਹੀਦਾ ਹੈ। ਮੈਂ ਗਿਆਨੀ ਨਾਲ ਨਹੀਂ ਜਾਣਾ।

ਦੋਵੇਂ ਭਰਾ ਆਪਸ ਵਿਚ ਲੜ ਪਏ, ਪਿਉ ਨੇ ਛੁਡਾਉਣ ਦੀ ਕੋਸ਼ਿਸ਼ ਕੀਤੀ, ਵਿਚੇ ਉਸ ਦੇ ਸੋਟੀ ਵੱਜ ਗਈ, ਗਿਆਨੀ ਤੇ ਪਿਉ ਨੇ ਲੋਫ਼ਰ ਨੂੰ ਕੁੱਟਿਆ ਉਹ ਕੁੱਟ ਖਾ ਕੇ ਬਾਹਰ ਦੌੜ ਗਿਆ, ਪੂਰੇ ਪੰਜ ਦਿਨ ਲਾਪਤਾ ਰਿਹਾ। ਕੋਈ ਨਹਿਰਾਂ ਉਪਰ ਵੇਖਣ ਜਾਵੇ, ਕੋਈ ਰੇਲ ਦੀ ਲੀਹ 'ਤੇ, ਘਰੇ ਨਾ ਰੋਟੀ ਪੱਕੀ ਨਾ ਕਿਸੇ ਨੇ ਖਾਧੀ। ਪੰਜ ਦਿਨ ਸਾਰਾ ਪਰਿਵਾਰ ਤੇ ਰਿਸ਼ਤੇਦਾਰ ਖਾਮੋਸ਼ ਹੋਏ ਉਸਨੂੰ ਲੱਭਦੇ ਰਹੇ। ਛੇਵੇਂ ਦਿਨ ਆਪਣੇ ਮੋਬਾਈਲ ਤੋਂ ਫੜਿਆ ਗਿਆ। ਫਿਰ ਵੀ ਉਹਦੀ ਮੰਗ ਸੀ ਕਿ ਮੈਂ ਭਰਾ ਨਾਲ ਮੋਟਰਸਾਈਕਲ 'ਤੇ ਬੈਠ ਕੇ ਨਹੀਂ ਜਾਣਾ। ਵੱਖਰਾ ਮੋਟਰ ਸਾਈਕਲ ਲੈਣਾ ਹੈ।

ਮੇਰੇ ਰਿਸ਼ਤੇਦਾਰ ਨੇ ਪਤਾ ਨਹੀਂ ਕਿਵੇਂ ਖੱਬਾ ਸੱਜਾ ਕਰਕੇ ਉਸਨੂੰ ਖੜ੍ਹੇ ਪੈਰ ਮੋਟਰਸਾਈਕਲ ਲਿਆ ਕੇ ਦਿੱਤਾ। ਹੁਣ ਲੋਫਰ ਘਰੇ ਨਹੀਂ ਵੜਦਾ ਸਾਰਾ ਪਰਿਵਾਰ ਉਸਨੂੰ ਲੱਭਣ 'ਤੇ ਰਹਿੰਦਾ ਹੈ। ਦੋ ਸਕੇ ਭਰਾਵਾਂ ਤੋਂ ਇਕ ਮੋਟਰਸਾਈਕਲ ਦੀ ਸਾਂਝ ਨਹੀਂ ਨਿਭਦੀ। ਅੱਜ ਦੀ ਨਵੀਂ ਨੌਜਵਾਨ ਪੀੜ੍ਹੀ ਵਿਚ ਖ਼ੂਨ ਦੀ ਥਾਂ ਨਫਰਤ ਦੌੜਦੀ ਹੈ। ਜੇ ਬਾਪੂ ਦਰੱਖਤਾਂ ਨਾਲ ਫਾਹੇ ਲੈਂਦਾ ਹੈ ਤਾਂ ਵੱਡਾ ਹੱਥ ਔਲਾਦ ਦਾ ਹੁੰਦਾ ਹੈ। ਲੋੜੋਂ-ਵੱਧ ਚੁਕਿਆ ਕਰਜ਼ਾ ਮਾਪਿਆ ਦੀ ਮੌਤ ਦਾ ਕਾਰਨ ਬਣਦਾ ਹੈ।

ਦਾਦਾ ਜੀ ਦੇ ਦੱਸਣ ਅਨੁਸਾਰ ਅਸੀਂ ਇੱਕ ਚਾਦਰੇ, ਕੁੜਤੇ ਤੇ ਪੱਗ ਨਾਲ ਬਦਲ-ਬਦਲ ਕੇ ਸਾਰੇ ਵਿਆਹ-ਸ਼ਾਦੀ, ਮੇਲੇ ਜਾਣਾ, ਜਾਂ ਰੌਸ਼ਨੀ ਵੇਖਣੀ, ਇੱਕੋ ਸੂਟ ਨਾਲ ਸਭ ਕੁਝ ਵੇਖ ਲੈਂਦੇ ਸੀ। ਕੱਪੜਿਆਂ ਦੀ ਸਾਂਝ ਭਾਈਆਂ ਦਾ ਪਿਆਰ ਹੋਰ ਪੱਕਾ ਕਰਦੀ ਸੀ। ਹੁਣ ਤਾਂ ਲੋੜੋਂ ਵਧ ਸਹੇੜੀਆਂ ਸਹੂਲਤਾਂ ਹੀ ਬੰਦੇ ਨੂੰ ਪਾਗਲ ਕਰੀ ਫਿਰਦੀਆਂ ਹਨ।

ਜਿਵੇਂ ਮਰਜ਼ੀ ਸੀ ਉਹ ਬਜ਼ੁਰਗਾਂ ਵਾਲੇ ਦਿਨ ਵਧੀਆ ਸਨ। ਜੇ ਬਜ਼ੁਰਗਾਂ ਦੇ ਪਿਆਰ ਸਤਿਕਾਰ ਦੇ ਕਿੱਸੇ ਸੁਣਨੇ ਹਨ ਤਾਂ ਘਰੇ ਬੈਠ ਕੇ ਬਜ਼ੁਰਗਾਂ ਤੋਂ ਸੁਣੀਏ। ਸ਼ਾਇਦ ਸਾਡੇ ਵਿਚ ਵੀ ਉਹੀ ਪਿਆਰ ਦੀ ਲਹਿਰ ਜਨਮ ਲੈ ਲਵੇ ਤੇ ਅਸੀਂ ਕਦੇ ਕਿਸੇ ਨਾਲ ਨਾ ਲੜੀਏ। ਸਾਡੀ ਵੀ ਹਰ ਇਕ ਚੀਜ਼ ਦੀ ਸਾਂਝ ਬਜ਼ੁਰਗਾਂ ਵਾਂਗ ਉਮਰ ਭਰ ਨਿਭ ਜਾਵੇ, ਜਿਵੇਂ ਮੇਰੇ ਦਾਦਾ ਜੀ ਦੀ ਨਿਭ ਗਈ ਸੀ।



# ਅਣਖੀ ਨਾਲ ਗੁਜ਼ਾਰੇ ਆਖਰੀ 40 ਮਿੰਟ

**ਡਾ. ਵਿਨੋਦ ਹੁਰਾਂ ਤੋਂ ਕੁਝ ਦਿਨ ਹੀ ਪਹਿਲਾਂ ਤੁਰ ਗਏ ਪੰਜਾਬੀ ਲੇਖਕਾਂ ਨੂੰ ਯਾਦ ਕਰਦਿਆਂ ਅਣਖੀ ਨੇ ਕਿਹਾ, 'ਪੰਜਾਬੀ ਲੇਖਕਾਂ ਲਈ 2010 ਤਾਂ ਮਾੜਾ ਈ ਚੜ੍ਹਿਆ ਯਾਰ। ਐਵੇਂ ਜਿਹੇ ਈ ਤੁਰੇ ਜਾਂਦੇ ਐ।'...ਫਿਰ ਉਸਨੂੰ ਯਾਦ ਆਇਆ..'ਪਹਿਲਾਂ ਐਂ ਦੱਸ ਚਾਹ ਪੀਣੀ ਐਂ ਕਿ ਰੋਟੀ ਖਾਈਏ?' ਫਿਰ ਆਪ ਹੀ ਕਿਹਾ..'ਪਹਿਲਾਂ ਰੋਟੀ ਖਾਨੇ ਆਂ ਯਾਰ, ਚਾਹ ਪਿੱਛੋਂ ਪੀਆਂਗੇ..।'**

**ਬਲਦੇਵ ਸਿੰਘ**

ਸ਼ੁੱਕਰਵਾਰ 12 ਫਰਵਰੀ ਨੂੰ ਮੈਂ ਬਰਨਾਲੇ ਡਾ. ਅਮਨਦੀਪ ਟੱਲੇਵਾਲੀਆ ਕੋਲ ਆਪਣੇ ਮੋਢੇ ਦੇ ਇਲਾਜ ਲਈ ਗਿਆ ਹੋਇਆ ਸਾਂ। ਅਣਖੀ ਨੂੰ ਫੋਨ ਕਰਕੇ ਪੁੱਛਿਆ, 'ਕਿੱਥੇ ਓ ਬਾਬਿਓ?'

ਉਨ੍ਹਾਂ ਮੇਰਾ ਨੰਬਰ 'ਸੇਵ' ਕੀਤਾ ਹੋਇਆ ਸੀ। ਸਾਹਮਣਿਓਂ ਗੜ੍ਹਕੇ ਵਾਲੀ ਆਵਾਜ਼ ਆਈ, 'ਓ ਬੱਲੇ, ਘਰ ਈ ਆਂ, ਤੂੰ ਕਿੱਥੇ?'

'ਥੋਡੇ ਸ਼ਹਿਰ 'ਚ ਫਿਰ ਉਹਨੂੰ ਮੈਂ ਆਉਣ ਦਾ ਸਬੱਬ ਦੱਸਿਆ।

'ਦਵਾਈ ਲੈ ਕੇ ਆ ਜੀਂ। ਵਿਹਲਾ ਈ ਆਂ ਮੈਂ' ਅਣਖੀ ਨੇ ਕਿਹਾ।

'ਸਿਹਤ ਕਿਵੇਂ ਐ?' ਮੈਂ ਪੁੱਛਿਆ।

'ਆਹ ਤੇਰੇ ਆਂਗੂ ਮਾੜਾ-ਮੋਟਾ ਕੁਸ਼ ਦੁੱਖਦਾ ਹੋਊ, ਊਂ ਤਾਂ ਜਵਾਂ ਟੱਲ ਅਰਗੇ ਐਂ..' ਮੈਨੂੰ ਉਨ੍ਹਾਂ ਦਾ ਖੜਕਵਾਂ ਹਾਸਾ ਸੁਣਿਆ। ਉਦੋਂ ਮੈਨੂੰ ਕੀ ਪਤਾ ਸੀ, ਮੈਂ ਉਨ੍ਹਾਂ ਦਾ ਇਹ ਆਖਰੀ ਹਾਸਾ ਸੁਣ ਰਿਹਾਂ।

ਵਿਹਲਾ ਹੋਇਆ ਤਾਂ ਡਾ. ਅਮਨਦੀਪ ਸਿੰਘ ਮੈਨੂੰ ਅਣਖੀ ਕੋਲ ਛੱਡ ਗਿਆ। ਉਸ ਵੇਲੇ ਉਸ ਨੇ ਸਿਰ ਉਪਰ ਵੱਡੀ ਸਾਰੀ ਵੱਟਦਾਰ ਪਗੜੀ ਵਲੀ ਹੋਈ ਸੀ। ਪਹਿਲੀ ਨਜ਼ਰੇ ਵੇਖਣ ਨੂੰ ਉਹ ਰਾਜਸਥਾਨੀ ਜਾਪਦਾ ਸੀ।

'ਆਹ ਡਾ. ਵਿਨੋਦ ਤੇ ਧੀਰ ਦਾ ਤਾਂ ਬੜਾ ਮਾੜਾ ਹੋਇਆ।' ਉਸ ਨੇ ਦੁਖੀ ਮਨ ਨਾਲ ਕਿਹਾ। ਫਿਰ ਹੋਰ ਇਧਰ-ਉਧਰ ਦੀਆਂ ਗੱਲਾਂ ਹੁੰਦੀਆਂ ਰਹੀਆਂ। ਡਾ. ਵਿਨੋਦ ਹੁਰਾਂ ਤੋਂ ਕੁਝ ਦਿਨ ਹੀ ਪਹਿਲਾਂ ਤੁਰ ਗਏ 'ਪੰਜਾਬੀ ਲੇਖਕਾਂ ਨੂੰ ਯਾਦ ਕਰਦਿਆਂ ਅਣਖੀ ਨੇ ਕਿਹਾ, 'ਪੰਜਾਬੀ ਲੇਖਕਾਂ ਲਈ 2010 ਤਾਂ ਮਾੜਾ ਈ ਚੜ੍ਹਿਆ ਯਾਰ। ਐਵੇਂ ਜਿਹੇ ਈ ਤੁਰੇ ਜਾਂਦੇ ਐ।'...ਫਿਰ ਉਸਨੂੰ ਯਾਦ ਆਇਆ..'ਪਹਿਲਾਂ ਐਂ ਦੱਸ ਚਾਹ ਪੀਣੀ ਐਂ ਕਿ ਰੋਟੀ ਖਾਈਏ?' ਫਿਰ ਆਪ ਹੀ ਕਿਹਾ..'ਪਹਿਲਾਂ ਰੋਟੀ ਖਾਨੇ ਆਂ ਯਾਰ, ਚਾਹ ਪਿੱਛੋਂ ਪੀਆਂਗੇ..।'

ਅੰਦਰ ਰੋਟੀ ਲਈ ਕਹਿ ਆਉਣ ਪਿੱਛੋਂ ਅਣਖੀ ਨੇ ਪੁੱਛਿਆ, 'ਹੁਣ ਕੀ ਲਿਖਦੈਂ ਫਿਰ?'

'ਬੰਦਾ ਬਹਾਦਰ 'ਤੇ ਲਿਖ ਰਿਹਾਂ। ਪਰ ਅਣਖੀ ਸਾਹਬ ਇਤਿਹਾਸ ਵਾਲਾ ਪੰਗਾ ਔਖਾ ਬੜੈ।' ਮੈਂ ਕਿਹਾ।

'ਕਈ ਲੇਖਕ ਆਪਣੇ 'ਤੇ ਐਵੇਂ ਈ ਦੁਖੀ ਹੋਈ ਜਾਂਦੇ ਐ। ਕਹੀ ਜਾਂਦੇ ਐ ਅਣਖੀ ਤੇ ਬਲਦੇਵ ਲਿਖਣੋਂ ਈ ਨਹੀਂ ਹਟਦੇ। ਆਪ ਕੁਝ ਕਰਦੇ ਕੱਤਰਦੇ ਨਹੀਂ। ਬਈ ਜੇ ਅਸੀਂ ਲਿਖਦੇ ਆਂ, ਪਾਠਕ ਪੜ੍ਹਦੇ ਐ, ਪ੍ਰਕਾਸ਼ਕ ਛਾਪਦੇ ਐ, ਬਈ ਥੋਨੂੰ ਕੀ ਤਕਲੀਫ ਐ। ਤੁਸੀਂ ਲਿਖ ਲੌ। ਮੈਂ ਤੈਨੂੰ ਇਕ ਗੱਲ ਦੱਸਦੈਂ। ਇਕ ਥਾਂ ਇਨ੍ਹਾਂ ਸੈਮੀਨਾਰ ਕਰਵਾਇਆ ਪੰਜਾਬੀ ਪੁਸਤਕਾਂ ਦੇ ਪਾਠਕ ਹੈ ਨੀ। ਸਾਰੇ ਜਿੰਨੇ ਸੀ-ਏਹੀ ਬੋਲੀ ਗਏ, ਬਈ ਪੁਸਤਕ ਸੱਭਿਆਚਾਰ ਮਰ ਗਿਆ। ਕਿਤਾਬਾਂ ਵਿਕਦੀਆਂ ਨਹੀਂ। ਟੀ ਵੀ ਨੇ ਪਾਠਕਾਂ ਨੂੰ ਖਾ ਲਿਆ। 'ਮੈਂ ਇਨ੍ਹਾਂ ਸਾਰਿਆਂ ਤੋਂ ਉਲਟ ਬੋਲਿਆ। ਮੈਂ ਕਿਹਾ ਮੈਂ ਨਹੀਂ ਇਹ ਗੱਲ ਮੰਨਦਾ। ਕਿਤਾਬਾਂ, ਚੰਗੀਆਂ ਕਿਤਾਬਾਂ ਹਾਲੇ ਵੀ ਵਿਕਦੀਆਂ। ਪਾਠਕ ਖਰੀਦ ਕੇ ਪੜ੍ਹਦੇ ਐ। ਇਹ ਜਿਹੜੇ ਇਤਰਾਜ਼ ਕਰਦੇ ਐ, ਕਿਤਾਬਾਂ ਵਿਕਦੀਆਂ ਨਹੀਂ, ਇਹ ਉਹ ਲੇਖਕ ਐ, ਜਿਹੜੇ ਪੱਲਿਓਂ ਪੈਸੇ ਦੇ ਕੇ ਕਿਤਾਬਾਂ ਛਪਾਉਂਦੇ ਹਨ। ਕਿਤਾਬਾਂ ਵਿਕਦੀਆਂ ਕਿ ਨਹੀਂ, ਸੁਰਜੀਤ ਪਾਤਰ ਨੂੰ ਤੇ ਡਾ. ਜਗਤਾਰ ਨੂੰ ਪੁੱਛੋ। ਮੇਰੇ ਪ੍ਰਕਾਸ਼ਕ ਨੂੰ ਪੁੱਛੋ, ਬਲਦੇਵ ਨੂੰ ਪੁੱਛੋ। ਇਕ ਨਾਵਲ ਦੇ ਤਿੰਨ-ਤਿੰਨ, ਚਾਰ-ਚਾਰ ਐਡੀਸ਼ਨ ਛਪਦੇ ਐ। ਮੈਂ ਤਾਂ ਕਿਹਾ ਸੀ ਬੂਟਾ ਸਿੰਘ ਸ਼ਾਦ ਨੂੰ ਜਾ ਕੇ ਪੁੱਛ ਲਵੋ। ਮੈਨੂੰ ਤਾਂ ਬਲਦੇਵ ਪਾਠਕ ਫੋਨ ਕਰਕੇ ਪੁੱਛਦੇ ਐ...ਅਣਖੀ ਅਗਲਾ ਨਾਵਲ ਕਦੋਂ ਛਾਪੂ।'

'ਹੁਣ ਕੀ ਲਿਖਿਆ ਜਾ ਰਿਹੈ?' ਮੈਂ ਪੁੱਛਿਆ।

'ਇਕ ਤਾਂ 'ਹੱਡੀਂ ਬੈਠੇ ਪਿੰਡ' ਛਪਣ ਆਲੀ ਐ। ਨਾਵਲ ਵੀ ਇਕ ਸ਼ੁਰੂ ਕੀਤੈ। ਪਰ ਹੁਣ ਬਹੁਤਾ ਚਿਰ ਬੈਠਿਆ ਨਹੀਂ ਜਾਂਦਾ। ਲੋਕ ਗੀਤ ਆਲੇ ਤਾਂ ਕਹੀ ਜਾਂਦੇ ਆ ਛੇਤੀ ਭੇਜ। ਹੁਣ ਥੱਕ ਜਾਈਦਾ ਐ।' ਉਸ ਨੇ ਮੰਡਾਸੇ ਵਾਂਗ ਵਲੇਟੀ ਭਾਰੀ ਪੱਗ ਨੂੰ ਰੁਖ ਸਿਰ ਕਰਦਿਆਂ ਆਖਿਆ। ਫਿਰ ਅਚਾਨਕ ਯਾਦ ਕਰਦਿਆਂ ਪੁੱਛਿਆ, 'ਤੂੰ ਸੱਚ 'ਆਹਣ' ਪੜ੍ਹ ਲਿਆ?'

'ਹਾਂ..' ਮੈਂ ਕਿਹਾ।

'ਸੱਚ ਦੱਸੀਂ ਤੈਨੂੰ ਕਿਵੇਂ ਲੱਗਾ?'

'ਬੱਸ ਜਿਸ ਤਰ੍ਹਾਂ ਦੇ ਗੁਰਦਿਆਲ ਸਿੰਘ ਦੇ ਨਾਵਲ ਹੁੰਦੈ ਐ। ਉਹ ਆਪਣਾ ਵੱਡਾ ਲੇਖਕ ਐ। ਵੱਡੇ-ਵੱਡੇ ਇਨਾਮ ਮਿਲੇ ਐ। ਉਹ ਜੋ ਵੀ ਲਿਖੂਗਾ-ਕੋਈ ਨਾ ਕੋਈ ਤਾਂ ਉਸਦਾ ਮਤਲਬ ਹੋਊਗਾ ਈ।'

'ਐਨਾ ਕਹਿ, ਖਰੀ ਗੱਲ ਕਰ। ਚੰਗਾ ਲੱਗਾ ਕਿ ਮਾੜਾ।'

'ਕਥਾ ਰਸ ਨ੍ਹੀਂ ਹੈ। ਪੜ੍ਹਦਾ ਬੰਦਾ ਛੇਤੀ ਅੱਕ ਜਾਂਦੈ।' ਮੈਂ ਕਿਹਾ।

'ਮੈਥੋਂ ਤਾਂ ਨ੍ਹੀਂ ਪੜ੍ਹਿਆ ਗਿਆ ਯਾਰ। ਮੈਂ ਤਾਂ ਵਿਚੇ ਈ ਛੱਡ 'ਤਾ। ਘੋੜੇ ਬਾਹਲੇ ਦੌੜਦੇ ਐ ਗਲੀਆਂ 'ਚ। ਦੌੜੀ ਜਾਂਦੇ ਐ। ਮੇਰੇ ਤਾਂ ਸਿਰ 'ਚ ਵੀ ਦੌੜੀ ਗਏ।' ਆਖ ਕੇ ਉਹ ਆਪਣਾ ਖਾਸ ਅੰਦਾਜ਼ ਵਾਲਾ ਹਾਸਾ ਹੱਸਣ ਲੱਗ ਪਿਆ। ਫਿਰ ਇਕਦਮ ਰੁਕ ਕੇ ਪੁੱਛਿਆ-ਤੇਰੇ ਨਾਲ ਉਹ ਬੋਲ-ਬੂਲ ਲੈਂਦੈ?'

'ਇਨ੍ਹਾਂ ਲੇਖਕਾਂ ਨਾਲ ਆਪ ਬੋਲਣਾ ਪੈਂਦੈ?' ਮੈਂ ਕਿਹਾ।

'ਮੈਂ ਤਾਂ ਉਹਨੂੰ ਆਪ ਵੀ ਯਾਰ ਕਈ ਵਾਰ ਬੁਲਾਇਆ ਹੋਊ..ਪਰ ਮੂਹਰੋਂ ਹੁੰਗਾਰਾ ਜਿਹਾ ਨ੍ਹੀਂ ਭਰਦਾ ਚੱਜ ਨਾਲ।' ਉਸਦੇ ਚਿਹਰੇ ਉਪਰ ਗਿਲਾ ਸੀ।

'ਉਹ ਸਾਡਾ ਸੈਲੀਬਰੇਟੀ ਨਾਵਲਕਾਰ ਐ ਅਣਖੀ।'

'ਸੈਲੀਬਰੇਟੀ ਇਹੋ ਜਿਹੇ ਹੋ ਜਾਂਦੇ ਐ ਬਈ? ਚੱਲ ਐਂ ਦੱਸ, ਆ ਨੂਰ ਹੁਰੀਂ ਕੀ ਚੀਜ਼ ਐ?' ਪਤਾ ਨ੍ਹੀਂ ਅਗੜ-ਦੁਗੜੇ ਖਿਆਲ ਉਸ ਦੇ ਜ਼ਿਹਨ ਵਿਚ ਕਿਉਂ ਆ ਰਹੇ ਸਨ। ਉਹ ਅਚਾਨਕ ਜੈਤੋ ਤੋਂ ਦਿੱਲੀ ਚਲਿਆ ਗਿਆ।

'ਉਹ ਸਾਡੇ ਹੁਣ ਕਰੀਮੀ ਲੇਅਰ ਦੇ ਲੇਖਕ ਐ, ਪ੍ਰਬੰਧਕ ਵੀ ਹੈ।'

'ਮੈਂ ਤਾਂ ਦਿੱਲੀ ਵਾਲਿਆਂ ਨੂੰ ਤਿੰਨ ਚਾਰ ਸਮਾਗਮਾਂ 'ਚ ਦੇਖਿਆ। ਉਹ ਜਿੱਥੇ ਖੜ੍ਹਦੇ ਐ, ਉਨ੍ਹਾਂ ਦੁਆਲੇ ਭੀੜ ਹੋ ਜਾਂਦੀ ਐ। ਜਿੱਥੇ ਬੈਠਦੇ, ਉਥੇ ਡੇਰਾ ਬਣ ਜਾਂਦੈ ਇਹ ਕੀ ਗੱਲ ਹੋਈ ਯਾਰ। ਲੇਖਕ ਐਵੇਂ ਪੂਛਾਂ ਹਿਲਾਈ ਫਿਰਦੇ ਐ ਮਗਰ-ਮਗਰ।'

'ਅਣਖੀ ਸਾਹਬ ਉਹ ਵੱਡੇ ਮੱਠਾਂ ਦੇ ਕਰਤਾ-ਧਰਤਾ ਨੇ। ਵੱਡੇ-ਵੱਡੇ ਇਨਾਮ ਸਨਮਾਨ ਉਨ੍ਹਾਂ ਦੀ ਸਹਿਮਤੀ ਬਿਨਾ, ਸਗੋਂ ਕਹਿਣਾ ਚਾਹੀਦਾ ਉਨ੍ਹਾਂ ਦੇ ਹੱਥਾਂ ਵਿਚ ਨੇ। ਫਿਰ ਲੇਖਕ ਕੀ ਕਰਨ?'

'ਬਲਦੇਵ ਯਾਰ, ਮਾੜੀ-ਮੋਟੀ ਤਾਂ ਅਣਖ ਰੱਖੇ ਬੰਦਾ..।' ਉਸਨੂੰ ਫਿਰ ਯਾਦ ਆ ਗਿਆ 'ਤੈਨੂੰ ਆਹ ਭਾਸ਼ਾ ਵਿਭਾਗ ਵਾਲਾ ਇਨਾਮ ਮਿਲ ਗਿਆ ਸੀ?'

'ਮੇਰੀ ਮਾੜੀ-ਮੋਟੀ ਜਗੀਰ-ਅਣਖ ਬਚੀ ਹੋਈ ਐ, ਜਦੋਂ ਮਰ'ਗੀ ਉਦੋਂ ਮਿਲ ਜੂ।'

'ਤੂੰ ਵੀ ਗਾਈਡਾਂ ਲਿਖਣ ਲੱਗ ਜਾ, ਮਿਲ ਜੂ।' ਉਹ ਫੇਰ ਹੱਸਣ ਲੱਗਾ। ਨਿਰਛੱਲ ਹਾਸਾ, ਅੰਦਰੋਂ-ਬਾਹਰੋਂ ਇੱਕੋ ਜਿਹਾ। ਫਿਰ ਉਹ ਗੰਭੀਰ ਹੋ ਗਿਆ..'ਤੂੰ ਬਾਹਲਾ ਨਾ ਇਨ੍ਹਾਂ ਪਿੱਛੇ ਭੱਜੀਂ।' ਦੇਖ ਪ੍ਰਕਾਸ਼ਕ ਆਪਾਂ ਤੋਂ ਕਿਤਾਬਾਂ ਮੰਗ ਕੇ ਛਾਪਦੇ ਐ। ਪਾਠਕ ਖਰੀਦ ਕੇ ਪੜਦੇ ਐ। ਐਮ ਏ ਦੇ ਸਿਲੇਬਸਾਂ 'ਚ ਨਾਵਲ ਲੱਗੇ ਹੋਏ ਨੇ। ਸਟੂਡੈਂਟ ਐਮ. ਫਿਲਾਂ, ਪੀ ਐਚ ਡੀਆਂ ਕਰੀ ਜਾਂਦੇ ਨੇ। ਆਹ ਤੇਰਾ 'ਅੰਨਦਾਤਾ' ਪੰਜਾਬੀ ਯੂਨੀਵਰਸਿਟੀ ਨੇ ਅੰਗਰੇਜ਼ੀ 'ਚ ਛਾਪ 'ਤਾ। ਮੇਰਾ 'ਪਰਤਾਪੀ' ਵੀ ਛਪਣਾ ਐ। ਗਿਆਨ ਪੀਠ ਵਾਲਿਆਂ ਨੇ ਵੀ 'ਅੰਨਦਾਤਾ' ਹਿੰਦੀ 'ਚ ਛਾਪ 'ਤਾ।...ਤੂੰ ਦੱਸ ਇਨਾਮ ਇਨ੍ਹਾਂ ਤੋਂ ਵੱਡੇ ਨੇ? ਜਿਨ੍ਹਾਂ ਨੂੰ ਇਹ ਇਨਾਮ ਦੇਈ ਜਾਂਦੇ ਨੇ, ਕੀਹਦਾ ਐਨਾ ਕੰਮ ਐ। ਫੇਰ ਜੀਹਨੂੰ ਪਹਿਲਾਂ ਥੱਬਾ ਇਨਾਮਾਂ ਦਾ ਮਿਲਿਐ, ਉਨ੍ਹਾਂ ਦੀ ਢੂਈ 'ਚ ਈ ਫੇਰ ਤੁੰਨੀ ਜਾਂਦੇ ਐ।'

ਉਦੋਂ ਹੀ ਅਣਖੀ ਦੀ ਸ੍ਰੀਮਤੀ ਨੇ ਆਣ ਕੇ ਕਿਹਾ, 'ਰੋਟੀ ਤਾਂ ਬਣ ਗਈ।'

'ਖਾਨੇ ਆਂ। ਪਾ ਦੇ ਮੈਂ ਲੈ ਜਾਨਾ...'

ਉਹ ਮੁੜ ਗਈ।

'ਆਪਾਂ ਆਪਣੀਆਂ ਗੱਲਾਂ ਕਰਦੈ ਆਂ, ਇਨ੍ਹਾਂ ਦੇ ਪਾਪ ਕਾਹਤੋਂ ਧੋਈ ਜਾਨੇ ਐਂ। ਤੂੰ ਦੱਸ ਕਿੰਨਾ ਕੁ ਰਹਿ ਗਿਆ ਤੇਰਾ ਬੰਦਾ ਬਹਾਦਰ?'

'ਅਜੇ ਤਾਂ ਖਾਸਾ ਪਿਐ'

'ਕਿੰਨੇ ਕੁ ਸਫੇ ਦਾ ਐ?'

'ਪੰਜ-ਛੇ ਸੌ ਸਫੇ ਦਾ ਬਣ ਜਾਣੈ।'

'ਫੇਰ ਤਾਂ ਵੱਡਾ ਨਾਵਲ ਐ।' ਅਣਖੀ ਬੋਲਿਆ।

'ਆਪਣੇ ਆਪ ਈ ਵੱਡਾ ਹੋ ਜਾਂਦੈ। ਜੇ ਨਾਲ ਮੁਗਲ ਪੀਰੀਅਡ ਨੂੰ ਲੈ ਕੇ ਨਹੀਂ ਚਲਦੇ ਤਾਂ ਗੱਲ ਨ੍ਹੀਂ ਬਣਦੀ।' ਆਖ ਕੇ ਮੈਂ ਘੜੀ ਦੇਖੀ।

ਅਣਖੀ ਸਮਝ ਗਿਆ। ਕਹਿੰਦਾ, 'ਮੈਂ ਰੋਟੀ ਫੜ ਲਿਆਵਾਂ ਤੂੰ ਜਾਣਾ ਹੋਊ'

ਮੈਂ ਦੇਖਿਆ, ਉਸ ਦੇ ਦੋਹਾਂ ਪੈਰਾਂ ਦੇ ਅੰਗੂਠਿਆਂ ਦੇ ਨਹੁੰਆਂ ਦੀਆਂ ਜੜ੍ਹਾਂ ਵਿਚ ਚਿੱਟੀ ਜਿਹੀ ਮੱਲ੍ਹਮ ਜਾਂ ਪਾਊਡਰ ਲਾਇਆ ਹੋਇਆ ਸੀ। ਪੁੱਛਿਆ, 'ਇਹ ਕੀ ਹੋ ਗਿਆ ਪੈਰਾਂ ਨੂੰ?'

'ਨਹੁੰ ਖਰਾਬ ਹੋ ਗਏ ਸੀ। ਹੁਣ ਤਾਂ ਠੀਕ ਐ। ਜੁੱਤੀ ਨ੍ਹੀਂ ਪੈਂਦੀ। ਮੈਂ ਤਾਂ ਕਿਤੇ ਹੁਣ ਲੋਕਲ ਸਮਾਗਮਾਂ ਵਿਚ ਵੀ ਨਹੀਂ ਜਾਂਦਾ।'

ਰੋਟੀ ਖਾਂਦਿਆਂ ਮੈਂ ਪੁੱਛਿਆ, 'ਕ੍ਰਾਂਤੀਪਾਲ ਆਇਆ ਨ੍ਹੀਂ ਅਲੀਗੜ੍ਹ ਤੋਂ। ਛੁੱਟੀਆਂ ਐ ਹੁਣ ਤਾਂ।'

'ਆਇਆ ਹੋਇਐ, ਗੱਡੀ ਲੈ ਕੇ ਮਿਲਣ-ਮੁਲਣ ਬਗ ਗਿਆ ਕਿਤੇ ਮਿੱਤਰ-ਬੇਲੀਆਂ ਨੂੰ।'

'ਮੈਂ ਚੱਲਾਂ ਫਿਰ।' ਉਠਦਿਆਂ ਕਿਹਾ।

'ਚਾਹ ਪੀਈਏ, ਉਦੋਂ ਤਾਂ ਪੀਤੀ ਨ੍ਹੀਂ ਸੀ?'

'ਨਾ, ਨਾ ਬੱਸ 'ਚ ਤੰਗ ਹੋਣਾ ਪੈਂਦਾ।'

'ਕ੍ਰਾਂਤੀ ਤੈਨੂੰ ਛੱਡ ਈ ਆਉਂਦਾ ਅੱਡੇ 'ਤੇ'

'ਕਾਹਨੂੰ ਮੈਂ ਇੱਥੋਂ ਰਿਕਸ਼ਾ ਫੜ ਲੈਣਾ..।'

ਦਰਵਾਜ਼ੇ ਵਿਚ ਖੜ੍ਹਾ ਮੇਰਾ ਹੱਥ ਹੱਥਾਂ 'ਚ ਲਈ ਅਣਖੀ ਬੋਲਿਆ, 'ਆਇਆ ਕਰ ਯਾਰ ਹੋਰ ਆਪਣੇ ਕੋਲ ਹੈ ਕੀ?'

ਉਦੋਂ ਕੀ ਪਤਾ ਸੀ, ਮੈਨੂੰ ਦੋ ਦਿਨਾਂ ਬਾਅਦ ਹੀ ਅਣਖੀ ਦੀਆਂ ਅੰਤਮ ਰਸਮਾਂ 'ਤੇ ਆਉਣਾ ਪਵੇਗਾ।

ਐਤਵਾਰ ਰਾਤ ਦੇ ਪੌਣੇ ਕੁ ਬਾਰਾਂ ਵਜੇ ਮੋਬਾਈਲ ਦੀ ਘੰਟੀ ਖੜਕੀ। ਅਣਖੀ ਦਾ ਨੰਬਰ ਸੀ। ਆਵਾਜ਼ ਆਈ 'ਅੰਕਲ ਮੈਂ ਮੁਬਾਰਕ ਬੋਲਦਾਂ, ਅਣਖੀ ਦਾ ਪੋਤਰਾ, ਅਣਖੀ ਜੀ ਪੂਰੇ ਹੋ ਗੇ।'

'ਮੈਂ ਪਰਸੋਂ ਤਾਂ ਮਿਲ ਕੇ ਗਿਐਂ?'

'ਅਚਾਨਕ ਹੀ ਰਾਤ ਨੂੰ।' ਮੁੰਡੇ ਤੋਂ ਗੱਲ ਨਹੀਂ ਪੂਰੀ ਹੋਈ, ਫਿਰ ਕਿਹਾ, 'ਗਿਆਰਾਂ ਵਜੇ ਸਸਕਾਰ ਕਰਨੈ।'

ਬਾਕੀ ਦੀ ਰਾਤ ਮੈਨੂੰ ਨੀਂਦ ਨਹੀਂ ਆਈ। ਕਿਵੇਂ ਸੌਂ ਸਕਦਾ ਹੈ ਕੋਈ। ਮੈਂ ਜਦ ਵੀ ਅੱਖਾਂ ਮੀਚਦਾ, ਮੈਨੂੰ ਰਾਜਸਥਾਨੀ ਅੰਦਾਜ਼ ਵਿਚ ਵਲੇਟੀ ਵੱਡੀ ਪੱਗ ਵਾਲਾ ਅਣਖੀ ਆਪਣੇ ਘਰਾਂ ਦੇ ਦਰਾਂ 'ਚ ਖੜ੍ਹਾ ਦਿਸਦਾ ਹੈ । ਹੱਥ 'ਚ ਹੱਥ ਫੜੀ ਕਹਿੰਦਾ, 'ਆਇਆ ਕਰ ਯਾਰ, ਹੋਰ ਆਪਣੇ ਕੋਲ ਹੈ ਕੀ?'

# ਜਦ ਊਧਮ ਸਿੰਘ ਨੇ ਜਲ੍ਹਿਆਂਵਾਲੇ ਬਾਗ ਦੇ ਸਾਕੇ ਦਾ ਬਦਲਾ ਲਿਆ

**ਪ੍ਰਿੰਸੀਪਲ ਬਲਬੀਰ ਸਿੰਘ**

ਸਾਲ 1940 ਦੇ 13 ਮਾਰਚ ਦੇ ਦਿਨ ਲੰਡਨ ਦੇ ਵੈਸਟ ਮਿਨਸਟਰ ਦੇ ਕੈਕਸਟਨ ਹਾਲ ਵਿਚ ਇਕ ਮੀਟਿੰਗ ਹੋ ਰਹੀ ਸੀ ਜਿਸ ਵਿਚ ਉਸ ਸਮੇਂ 'ਅਫਗਾਨਿਸਤਾਨ ਦੀ ਵਰਤਮਾਨ ਹਾਲਤ' ਬਾਰੇ ਚਰਚਾ ਕੀਤੀ ਜਾਣੀ ਸੀ। ਇਸ ਮੀਟਿੰਗ ਵਿਚ ਭਾਰਤ ਵਿਚ ਬਸਤੀਵਾਦੀ ਰਾਜ ਦੇ ਰਿਟਾਇਰਡ ਅਤੇ ਉਸ ਵੇਲੇ ਸਰਵਿਸ ਕਰਦੇ ਅਫਸਰਾਂ ਨੇ ਹਿੱਸਾ ਲਿਆ। ਇਹ ਅਫਸਰ ਸੈਮੀਨਾਰਾਂ ਦੁਆਰਾ ਅੰਗਰੇਜ਼ੀ ਸਾਮਰਾਜਵਾਦ ਦੀ ਪਰਪੱਕਤਾ ਲਈ ਕੰਮ ਕਰਦੇ ਸਨ ਅਤੇ ਆਪੋ-ਆਪਣੇ ਅਨੁਭਵਾਂ ਅਤੇ ਵਿਚਾਰਾਂ ਨੂੰ ਸਾਂਝਿਆਂ ਕਰਦੇ ਸਨ। ਏਥੇ ਸਰੋਤਿਆਂ ਵਿਚ ਹੀ ਓਵਰਕੋਟ ਪਾਈ ਹੱਥਾਂ ਵਿਚ ਇਕ ਕਿਤਾਬ ਫੜੀ ਊਧਮ ਸਿੰਘ ਖੜਾ ਸੀ। ਡੇਢ ਕੁ ਘੰਟੇ ਦੀ ਮੀਟਿੰਗ ਦੇ ਅਖੀਰ ਤੇ ਊਧਮ ਸਿੰਘ ਨੇ ਗੋਲੀ ਚਲਾ ਕੇ ਮਾਈਕਲ ਓਡਵਾਇਰ ਨੂੰ ਖ਼ਤਮ ਕਰ ਦਿੱਤਾ ਅਤੇ ਤਿੰਨ ਹੋਰਾਂ ਨੂੰ ਜ਼ਖਮੀ ਕਰ ਦਿੱਤਾ। ਇਹ ਸਾਰੇ ਈਸਟ ਇੰਡੀਆ ਐਸੋਸੀਏਸ਼ਨ ਅਤੇ ਰਾਇਲ ਏਸ਼ੀਅਨ ਸੁਸਾਇਟੀ ਦੇ ਅਤਿ ਸਤਿਕਾਰਤ ਮੈਂਬਰ ਸਨ ਜਿਨ੍ਹਾਂ ਵਿਚੋਂ ਹਰ ਇਕ ਨੂੰ ਬ੍ਰਿਟਿਸ਼ ਸਰਕਾਰ ਦੁਆਰਾ ਉਨ੍ਹਾਂ ਦੀਆਂ ਕਰਾਊਨ ਤੇ ਸਾਮਰਾਜ ਪ੍ਰਤੀ ਸੇਵਾਵਾਂ ਬਦਲੇ ਸਨਮਾਨਿਤ ਕੀਤਾ ਗਿਆ ਸੀ। ਊਧਮ ਸਿੰਘ ਨੇ ਆਪਣੇ ਰਿਵਾਲਵਰ ਵਿਚੋਂ ਛੇ ਦੀਆਂ ਛੇ ਗੋਲੀਆਂ ਚਲਾ ਕੇ ਓਡਵਾਇਰ ਨੂੰ ਉਸਦੇ ਭਾਰਤੀ ਲੋਕਾਂ ਉਤੇ ਕੀਤੇ ਜ਼ੁਲਮਾਂ ਦੀ ਸਜ਼ਾ ਦੇ ਦਿੱਤੀ ਸੀ।

ਜਦ ਊਧਮ ਸਿੰਘ ਨੂੰ ਹੱਥਕੜੀ ਲਗਾਈ ਜਾ ਰਹੀ ਸੀ ਤਾਂ ਉਸ ਨੇ ਕਿਹਾ, ''ਮੈਂ ਕੁਝ ਕੁ ਹੌਲੀ ਚੱਲਿਆ, ਕੀ ਕਰਦਾ ਉਥੇ ਔਰਤਾਂ ਬਹੁਤ ਸਨ।'' ਊਧਮ ਸਿੰਘ ਨੂੰ ਪੁਲਿਸ ਸਟੇਸ਼ਨ ਲਿਜਾਇਆ ਗਿਆ। ਉਥੇ ਪ੍ਰੈਸ ਦੇ ਨੁਮਾਇੰਦੇ ਘਟਨਾ ਦੀ ਪੜਤਾਲ ਲਈ ਭਾਰੀ ਗਿਣਤੀ ਵਿਚ ਪੁੱਜੇ ਹੋਏ ਸਨ। ਪ੍ਰੈਸ ਫੋਟੋਗ੍ਰਾਫਰਾਂ ਨੂੰ ਵੇਖ ਕੇ ਊਧਮ ਸਿੰਘ ਉਨ੍ਹਾਂ ਵਲ ਮੁਸਕਰਾਇਆ, ਵੈਸੇ ਉਹ ਪੂਰੀ ਤਰ੍ਹਾਂ ਸ਼ਾਂਤ ਚਿਤ ਸੀ। ਬੇਸ਼ੱਕ ਉਹ ਹੱਥਕੜੀਆਂ ਵਿਚ ਜਕੜਿਆ ਹੋਇਆ ਸੀ ਪਰ ਉਹ ਆਪਣੇ ਆਪ ਨੂੰ ਆਜ਼ਾਦ ਮਹਿਸੂਸ ਕਰ ਰਿਹਾ ਸੀ। ਜਲ੍ਹਿਆਂਵਾਲੇ ਬਾਗ ਦੇ ਕਤਲਾਂ ਦੀ ਬੇਇੱਜ਼ਤੀ ਦਾ ਕਾਲਾ ਧੱਬਾ ਖੂਨ ਨਾਲ ਧੋਤਾ ਜਾ ਚੁਕਿਆ ਸੀ। ਪੁਲਿਸ ਸਟੇਸ਼ਨ ਤੇ ਮੁੱਖ ਥਾਣੇਦਾਰ ਹੋਰਵੈਲ ਨੇ ਊਧਮ ਸਿੰਘ ਨੂੰ ਕਿਹਾ ਕਿ ਉਸਨੇ ਇਕ ਵੱਡੇ ਆਦਮੀ ਦਾ ਕਤਲ ਕੀਤਾ ਹੈ, ਇਸ ਲਈ ਉਸਨੂੰ ਫਾਂਸੀ ਦੀ ਸਜ਼ਾ ਮਿਲੇਗੀ। ਊਧਮ ਸਿੰਘ ਨੇ ਤੁਰੰਤ ਕਿਹਾ, ''ਮੈਂ ਮੌਤ ਦੀ ਸਜ਼ਾ ਦੀ ਪ੍ਰਵਾਹ ਨਹੀਂ ਕਰਦਾ, ਮੈਨੂੰ ਇਸਦੀ ਕੋਈ ਚਿੰਤਾ ਨਹੀਂ, ਮੈਂ ਕਿਸੇ ਮਹਾਨ ਉਦੇਸ਼ ਲਈ ਆਪਣੀ ਜਾਨ ਨਿਛਾਵਰ ਕਰ ਰਿਹਾ ਹਾਂ।''

ਥਾਣੇਦਾਰ ਨੇ ਊਧਮ ਸਿੰਘ ਦੀ ਬਾਂਹ ਮਰੋੜਦਿਆਂ ਪੁਛਿਆ, ''ਮੈਨੂੰ ਦੱਸ ਕਿ ਤੂੰ ਓਡਵਾਇਰ ਨੂੰ ਕਿਉਂ ਕਤਲ ਕੀਤਾ ਹੈ?'' ਊਧਮ ਸਿੰਘ ਨੇ ਲਲਕਾਰ ਕੇ ਕਿਹਾ, ''ਮੈਂ ਅਜਿਹਾ ਇਸ ਲਈ ਕੀਤਾ ਹੈ ਕਿਉਂਕਿ ਮੈਂ ਉਸਤੋਂ ਬਦਲਾ ਲੈਣਾ ਸੀ। ਉਹ ਇਸ ਦਾ ਹੱਕਦਾਰ ਸੀ। ਉਹ ਅਸਲ ਦੋਸ਼ੀ ਸੀ। ਉਸਨੇ ਮੇਰੇ ਵਤਨ ਦੇ ਲੋਕਾਂ ਦੀ ਅਣਖ ਨੂੰ ਕੁਚਲਨਾ ਚਾਹਿਆ, ਇਸ ਲਈ ਮੈਂ ਉਸਨੂੰ ਕੁਚਲ ਦਿੱਤਾ। ਪੂਰੇ 21 ਸਾਲ ਮੈਂ ਬਦਲੇ ਦੀ ਅੱਗ ਵਿਚ ਤੜਫਦਾ ਰਿਹਾ। ਮੈਂ ਖੁਸ਼ ਹਾਂ ਕਿ ਮੈਂ ਆਪਣਾ ਪ੍ਰਣ ਪੂਰਾ ਕਰ ਦਿੱਤਾ ਹੈ। ਮੈਂ ਮੌਤ ਤੋਂ ਨਹੀਂ ਡਰਦਾ। ਮੈਂ ਆਪਣੇ ਦੇਸ਼ ਲਈ ਮਰ ਰਿਹਾ ਹਾਂ। ਮੈਂ ਭਾਰਤ ਵਿਚ ਬ੍ਰਿਟਿਸ਼ ਸਾਮਰਾਜ ਅਧੀਨ ਆਪਣੇ ਲੋਕਾਂ ਨੂੰ ਭੁੱਖੇ ਮਰਦੇ ਵੇਖਿਆ ਹੈ। ਮੈਂ ਇਸ ਵਿਰੁਧ ਆਵਾਜ਼ ਬੁਲੰਦ ਕੀਤੀ ਹੈ ਤੇ ਇਹ ਮੇਰਾ ਫਰਜ਼ ਸੀ। ਆਪਣੀ ਮਾਤ ਭੂਮੀ ਖਾਤਰ ਮੌਤ ਤੋਂ ਵਧ ਸਨਮਾਨ ਹੋਰ ਕਿਹੜਾ ਹੋ ਸਕਦਾ ਹੈ?''



*ਸ਼ਹੀਦ ਊਧਮ ਸਿੰਘ*

ਕੈਕਸਟਨ ਹਾਲ ਵਿਚ ਗੋਲੀ ਚਲਣ ਦੀ ਖ਼ਬਰ ਉਸੇ ਸ਼ਾਮ ਬੀ.ਬੀ.ਸੀ. ਨੇ ਆਪਣੀਆਂ 9 ਵਜੇ ਦੀਆਂ ਖਬਰਾਂ ਵਿਚ ਪ੍ਰਮੁੱਖ ਤੌਰ 'ਤੇ ਨਸ਼ਰ ਕੀਤੀ। ਇਸ ਤੋਂ ਬਾਅਦ ਜਰਮਨ ਰੇਡੀਓ ਨੇ ਬੀ.ਬੀ.ਸੀ. ਵਾਲੀ ਖਬਰ 9 ਵਜ ਕੇ 15 ਮਿੰਟ ਤੇ ਦਿੱਤੀ। ਜਰਮਨ ਰੇਡੀਓ ਅਨਾਊਂਸਰ ਨੇ ਨਾਲ ਹੀ ਇਹ ਟਿੱਪਣੀ ਵੀ ਨਸ਼ਰ ਕੀਤੀ, ''ਭਾਰਤੀ ਸੁਤੰਤਰਤਾ ਹੁਣ ਭਾਰਤ ਵਿਚਲੇ ਅੰਗ੍ਰੇਜ਼ ਜ਼ਾਲਮਾਂ ਵਿਰੁਧ ਸਿੱਧੀ ਕਾਰਵਾਈ ਦਾ ਰੂਪ ਧਾਰਣ ਕਰ ਚੁੱਕੀ ਹੈ।''

ਰਾਤੋ ਰਾਤ ਹੀ ਭਾਰਤੀ ਕ੍ਰਾਂਤੀਕਾਰੀ ਊਧਮ ਸਿੰਘ ਦੀ ਕੈਕਸਟਨ ਹਾਲ ਵਿਚ ਕੀਤੀ ਗਈ ਕਾਰਵਾਈ ਦੀ ਖ਼ਬਰ ਸਾਰੀ ਦੁਨੀਆਂ ਵਿਚ ਅੱਗ ਵਾਂਗ ਫੈਲ ਗਈ। ਦੁਨੀਆਂ ਦੇ ਸਾਰੇ ਰੇਡੀਓ ਸਟੇਸ਼ਨ ਊਧਮ ਸਿੰਘ ਦਾ ਨਾਮ ਲੈ ਲੈ ਕੇ ਸਾਰੀ ਘਟਨਾ ਦਾ ਜ਼ਿਕਰ ਵਾਰ-ਵਾਰ ਮੁੱਖ ਖਬਰਾਂ ਵਿਚ ਕਰ ਰਹੇ ਸਨ। ਅਗਲੇ ਦਿਨ ਦੁਨੀਆਂ ਭਰ ਦੀਆਂ ਸਾਰੀਆਂ ਅਖਬਾਰਾਂ ਨੇ 13 ਮਾਰਚ ਨੂੰ ਕੈਕਸਟਨ ਹਾਲ ਦੀ ਘਟਨਾ ਨੂੰ ਸੁਰਖੀਆਂ ਵਿਚ ਊਧਮ ਸਿੰਘ ਦੀ ਫੋਟੋ ਨਾਲ ਛਾਪਿਆ ਸੀ ਜਿਸ ਨੇ ਉਸ ਸਮੇਂ ਆਪਣਾ ਨਾਮ ਰਾਮ ਮੁਹੰਮਦ ਸਿੰਘ ਆਜ਼ਾਦ ਦੱਸਿਆ ਸੀ। ਦੁਨੀਆਂ ਵਿਚ ਕਿਸੇ ਵੀ ਹੋਰ ਘਟਨਾ ਨੂੰ ਉਸ ਸਮੇਂ ਏਨੀ ਪ੍ਰਸਿੱਧੀ ਨਹੀਂ ਮਿਲੀ ਜਿੰਨੀ ਕਿ 13 ਮਾਰਚ 1940 ਨੂੰ ਊਧਮ ਸਿੰਘ ਦੁਆਰਾ ਕੈਕਸਟਨ ਹਾਲ 'ਚ ਕੀਤੀ ਵਾਰਦਾਤ ਨੂੰ ਮਿਲੀ। ਉਸ ਸਮੇਂ ਦੂਜਾ ਸੰਸਾਰ ਮਹਾਂਯੁੱਧ ਚਲ ਰਿਹਾ ਸੀ ਪਰ ਜੰਗ ਦੀਆਂ ਖਬਰਾਂ ਦੀ ਬਜਾਏ ਊਧਮ ਸਿੰਘ ਦੀ ਪੈਦਾ ਕੀਤੀ ਇਨਕਲਾਬੀ ਲਹਿਰ ਦੀ ਖਬਰ ਵਧੇਰੇ ਪ੍ਰਚਲਤ ਰਹੀ। ਖਬਰਾਂ ਦੀ ਸਾਰੰਸ਼ ਹੁੰਦੀ ਸੀ, ''ਬ੍ਰਿਟੇਨ ਦੀ ਭਾਰਤੀ ਪਾਲਿਸੀ ਦਾ ਭਾਰਤੀ ਰਾਸ਼ਟਰਵਾਦੀਆਂ ਦੁਆਰਾ ਕ੍ਰਿਆਸ਼ੀਲ ਵਿਰੋਧ, ਪੰਜਾਬ ਦੇ ਕੌਮਪ੍ਰਸਤ ਮੁਹੰਮਦ ਸਿੰਘ ਆਜ਼ਾਦ ਦੁਆਰਾ ਕੈਕਸਟਨ ਹਾਲ ਵਿਚ ਸਰ ਮਾਈਕਲ ਓਡਵਾਇਰ ਦੇ ਕਤਲ ਨਾਲ ਉੱਘੜ ਕੇ ਸਾਹਮਣੇ ਆ ਗਿਆ ਹੈ। ਸਪਸ਼ੱਟ ਹੈ ਕਿ ਭਾਰਤੀ ਲੋਕ 13 ਅਪ੍ਰੈਲ 1919 ਦੇ ਦਿਨ ਨੂੰ ਨਹੀਂ ਭੁੱਲੇ ਜਦੋਂ ਸਰ ਮਾਈਕਲ ਓਡਵਾਇਰ ਨੇ ਸਾਜ਼ਿਸ਼ ਰਚ ਕੇ 2000 ਨਿੱਹਥੇ ਤੇ ਨਿਰਦੋਸ਼ ਭਾਰਤੀਆਂ ਨੂੰ ਪੰਜਾਬ ਪ੍ਰਾਂਤ ਵਿਚ ਗੋਲੀਆਂ ਨਾਲ ਉਡਾ ਦਿੱਤਾ ਸੀ। ਇਹ ਉਹੀ ਵਿਅਕਤੀ ਸੀ ਜਿਸਨੇ ਪੰਜਾਬੀਆਂ ਨੂੰ ਵਿਸ਼ਵ ਦੇ ਪਹਿਲੇ ਮਹਾਂਯੁੱਧ ਦੌਰਾਨ ਬ੍ਰਿਟੇਨ ਲਈ ਆਪਣਾ ਖੂਨ ਵਹਾਉਣ ਲਈ ਮਜਬੂਰ ਕੀਤਾ ਸੀ। ਸਰ ਮਾਈਕਲ ਓਡਵਾਇਰ ਪੰਜਾਬ ਦੇ ਬੇਰਹਿਮ ਤੇ ਖੂਨ ਦੇ ਪਿਆਸੇ ਗਵਰਨਰਾਂ ਵਿਚੋਂ ਇਕ ਸੀ। ਉਸ ਦਾ ਕਤਲ ਇਕ ਬਦਲੇ ਦੀ ਭਾਵਨਾ ਸੀ ਅਤੇ ਇਹ ਨਿਆਂ ਉੱਚਿਤ ਸੀ। ਅਸੀਂ ਮਹਿਸੂਸ ਕਰਦੇ ਹਾਂ ਕਿ ਭਾਰਤ ਵਿਚ ਵੱਡੇ ਪੱਧਰ ਦੀ ਬਗਾਵਤ ਹੋਣ ਵਾਲੀ ਹੈ।''

13 ਮਾਰਚ 1940 ਨੂੰ ਸ਼ਹੀਦ ਊਧਮ ਸਿੰਘ ਨੇ ਜੋ ਕੈਕਸਟਨ ਹਾਲ ਵਿਚ ਬਹਾਦਰੀ ਤੇ ਦ੍ਰਿੜਤਾ ਭਰਪੂਰ ਕੌਮਪ੍ਰਸਤੀ ਵਿਖਾਈ ਉਸ ਨਾਲ ਭਾਰਤ ਦੀ ਆਜ਼ਾਦੀ ਲਈ ਨੀਂਹ ਰੱਖੀ ਗਈ ਅਤੇ 7 ਸਾਲ ਬਾਅਦ 1947 ਵਿਚ ਅੰਗ੍ਰੇਜ਼ ਹਕੂਮਤ ਨੂੰ ਭਾਰਤ ਛੱਡਣਾ ਪਿਆ ਬੇਸ਼ਕ ਊਧਮ ਸਿੰਘ ਨੂੰ ਦੇਸ਼ ਦੀ ਆਜ਼ਾਦੀ ਲਈ 31 ਜੁਲਾਈ 1940 ਨੂੰ ਅੰਗ੍ਰੇਜ਼ ਸਰਕਾਰ ਨੇ ਫਾਂਸੀ ਲਾ ਦਿੱਤਾ।

# ਹੱਟੀ-ਭੱਠੀ ਦੇ ਦਿਨਾਂ 'ਚ

## ਇੰਨੀ ਕੁ ਬਾਤ



ਬਲਜੀਤ ਬਾਸੀ
ਫੋਨ: 734-454-4958

ਸਾਡੇ ਪਿੰਡਾਂ ਦਾ ਰੋਜ਼ਮਰਾ ਜੀਵਨ ਬੜਾ ਠਹਿਚਲ, ਬੇਰਸ ਤੇ ਮਨੋਰੰਜਨ-ਰਹਿਤ ਹੋਇਆ ਕਰਦਾ ਸੀ। ਵਿਆਹ-ਸ਼ਾਦੀਆਂ, ਮੇਲੇ-ਉਤਸਵ, ਛਿੰਝਾਂ ਵਰ੍ਹੇ ਛਿਮਾਹੀਂ ਆਉਂਦੇ ਸਨ। ਖੇਤੀ ਜਿਹੇ ਨਿੱਤ ਦੇ ਜਾਨਹੂਲਵੇਂ ਕੰਮ ਤੋਂ ਤਫਰੀਹ ਲਈ ਕੋਈ ਨਿਸਚਤ ਦਿਲ ਪਰਚਾਵੇ ਦਾ ਜਨਤਕ ਸਾਧਨ ਮੌਜੂਦ ਨਹੀਂ ਸੀ। ਕਈ ਵਾਰੀ ਹੈਰਾਨੀ ਹੁੰਦੀ ਹੈ ਕਿ ਸਾਡੇ ਸਭਿਆਚਾਰ ਨੇ ਕੋਈ ਅਜਿਹਾ ਸੰਸਥਾਗਤ ਵਸੀਲਾ ਪੈਦਾ ਕਿਉਂ ਨਹੀਂ ਕੀਤਾ। ਜ਼ਰਾ ਖਿਆਲ ਕਰੋ ਪਿੰਡ ਵਿਚ ਕਿਸੇ ਦੀ ਮੱਝ ਤੂਅ ਜਾਣੀ, ਬੁੜੀਆਂ ਦੀ ਲੜਾਈ ਹੋ ਜਾਣੀ ਜਾਂ ਕਿਸੇ ਮੁੰਡੇ ਨੇ ਕੁੜੀ ਨੂੰ ਛੇੜ ਦੇਣਾ-ਇਹੋ ਜਿਹੀਆਂ ਮਾਮੂਲੀ ਘਟਨਾਵਾਂ ਪੂਰੀ ਵੀਹੀ ਦੀ ਦਿਲਚਸਪੀ ਦਾ ਕੇਂਦਰ ਅਤੇ ਘੰਟਿਆਂਬੱਧੀ ਚਰਚਾ ਦਾ ਵਿਸ਼ਾ ਬਣ ਜਾਂਦੀਆਂ। ਮੈਨੂੰ ਯਾਦ ਹੈ ਸਾਡੇ ਪਿੰਡ ਦੇ ਦਰਵਾਜ਼ੇ ਵਾਲੇ ਖੂਹ ਵਿਚ ਇਕ ਵਾਰੀ ਕਿਸੇ ਦੀ ਬਾਲਟੀ ਡਿਗ ਪਈ, ਬੱਸ ਫਿਰ ਕੀ ਸੀ, ਬਾਲਟੀ ਕਢਣ ਦਾ ਮਸਲਾ ਅੱਧੇ ਪਿੰਡ ਲਈ ਲੋਹੜੇ ਦਾ ਸ਼ੁਗਲ ਤੇ ਆਹਰ ਬਣ ਗਿਆ। ਪਿੰਡ ਦੀ ਮੁੰਡੀਰ, ਬੁੜਖਾਨਾ, ਕੁੜਖਾਨਾ ਤੇ ਵਿਹਲੜ ਲਾਣਾ ਸਭ ਇਕੱਠਾ ਹੋ ਗਿਆ। ਘਰ ਘਰ ਟੋਲ੍ਹ-ਟਲਾਈ ਕਰਕੇ ਬਾਲਟੀ ਕਢਣ ਵਾਲੀ ਕੁੰਡੀ ਲੱਭੀ ਗਈ। ਪੇਸ਼ ਹੋਏ ਵਾਲੰਟੀਅਰਾਂ ਨੇ ਲੱਜ ਨਾਲ ਕੁੰਡੀ ਬੰਨ੍ਹ ਕੇ ਸਾਰੇ ਅੱਠੋ ਅੱਠ ਘਿੜਲਿਆਂ ਤੋਂ ਕੁੰਡੀ ਨੂੰ ਖੂਹ ਵਿਚ ਵਰ੍ਹਾਇਆ ਤੇ ਸਾਰਾ ਖੂਹ ਹੰਘਾਲ ਮਾਰਿਆ ਪਰ ਬਾਲਟੀ ਪਤਾ ਨਹੀਂ ਖੂਹ ਦੇ ਕਿਹੜੇ ਖਾਤੇ ਵਿਚ ਰਿੜ੍ਹ ਗਈ ਸੀ, ਕੁੰਡੀ ਵਿਚ ਫਸਣ ਦਾ ਨਾਂ ਹੀ ਨਹੀਂ ਸੀ ਲੈਂਦੀ। ਸਾਰੇ ਹਾਰ ਹੰਭ ਗਏ, 'ਬਾਲਟੀ ਨਾ ਮਿਲੀ ਹੁਣ' ਹਰ ਕੋਈ ਕਹਿਣ ਲੱਗ ਪਿਆ। ਉਦੋਂ ਮੈਂ ਤਾਂ ਨਿਆਣਾ ਹੀ ਸੀ ਪਰ ਮੇਰੇ ਵਰਗੇ ਕਿਸੇ ਸਿਆਣੇ ਨੇ ਕਿਹਾ ਕਿ ਭਾਈ ਹੌਸਲਾ ਨਹੀਂ ਹਾਰੀਦਾ, ਇੰਜ ਤਾਂ ਆਪਾਂ ਹੌਲੀ ਹੌਲੀ ਸਾਰੀਆਂ ਬਾਲਟੀਆਂ, ਡੋਲਾਂ, ਕਮੰਡਲਾਂ ਤੋਂ ਹੱਥ ਧੋ ਬੈਠਾਂਗੇ। ਲਾਗਲੇ ਪਿੰਡ ਸਰਹਾਲੀ ਤੋਂ ਸੱਬੋ ਚੋਭੇ ਨੂੰ ਲੈ ਆਓ, ਉਹ ਖੂਹ ਵਿਚ ਉਤਰਕੇ ਬਾਲਟੀ ਕਢ ਲਿਆਵੇਗਾ। ਬੱਸ ਗੱਲ ਸਿਆਣੇ ਦੇ ਮੂੰਹ 'ਚੋਂ ਡਿੱਗੀ, ਹੁਕਮ ਦੀ ਤਾਮੀਲ ਕਰਨ ਲਈ ਪਿੰਡ ਦੀ ਬਥੇਰੀ ਮੁੰਡੀਰ ਸੀ। ਇਕ ਜਣਾ ਦੌੜਾ ਦੌੜਾ ਸਾਈਕਲ ਚੁੱਕ ਕੇ ਦੋ ਕੋਹ 'ਤੇ ਪੈਂਦੇ ਪਿੰਡ ਸਰਹਾਲੀ ਨੂੰ ਭਜਾ ਤੇ ਅਗਲੇ ਪਹਿਰ ਸੱਬੋ ਨੂੰ ਲੈ ਕੇ ਆ ਗਿਆ। ਜਦ ਤਕ ਖੂਹ 'ਤੇ ਵਾਹਵਾ ਰੌਣਕ ਹੋ ਗਈ ਸੀ। ਪਿੰਡ 'ਚ ਦਿਨ ਵੀ ਕਿਹੜਾ ਛੇਤੀ ਬੀਤਦਾ ਸੀ।

ਸੱਬੋ ਨੇ ਆਉਂਦਿਆਂ ਹੀ ਕਪੜੇ ਲਾਹੇ, ਬਾਹਾਂ ਉਪਰ ਚੁੱਕ ਕੇ ਖਵਾਜਾ ਖਿਜ਼ਰ ਨੂੰ ਧਿਆਇਆ ਤੇ ਸਿਧੀ ਖੂਹ 'ਚ ਛਾਲ ਮਾਰ ਦਿੱਤੀ। ਮੌਣ 'ਤੇ ਖੜ੍ਹ ਕੇ ਕਈ ਜ਼ਿਮੇਵਾਰ ਸਿਆਣੇ ਖੂਹ ਦੇ ਅੰਦਰ ਝਾਕਣ ਡਹਿ ਪਏ। ਪਹਿਲੀ ਚੁਭੀ ਦੌਰਾਨ ਕਰੋਲ ਕਰੋਲ ਕੇ ਜੋ ਉਸਦੇ ਹੱਥ ਲੱਗਾ ਉਹ ਸਨ ਕੁਝ ਟੁੱਟੀਆਂ ਵੰਗਾਂ, ਰੰਗ ਬਰੰਗੀਆਂ ਲੀਰਾਂ ਕਚੀਰਾਂ ਤੇ ਇਕ ਪੁਰਾਣਾ ਜੰਗਾਲ ਖਾਧਾ ਚਿੱਬ ਖੜਿਬਾ ਡੋਲ। ਪਰ ਦੂਜੀ ਵਾਰੀ ਖੁਸ਼ਕਿਸਮਤੀ ਨਾਲ ਦੁਰਲਭ ਹੋ ਚੁੱਕੀ ਬਾਲਟੀ ਉਸਦੇ ਹੱਥ ਲੱਗ ਗਈ। ਸਾਰੇ ਪਾਸੇ ਖੁਸ਼ੀ ਦੀ ਲਹਿਰ ਦੌੜ ਗਈ। ਪਹਿਲਾਂ ਤਿਆਰ ਲੱਜ ਨਾਲ ਬੰਨੇ ਟੋਕਰੇ ਰਾਹੀਂ ਉਸਨੂੰ ਖੂਹ 'ਚੋਂ ਕੱਢਿਆ ਗਿਆ। ਇਕ ਜੇਤੂ ਅੰਦਾਜ਼ ਵਿਚ ਹੱਥ ਉਚਾ ਕਰਕੇ ਬਾਲਟੀ ਦਾ ਪ੍ਰਦਰਸ਼ਨ ਕਰਦਿਆਂ ਸੱਬੋ ਨੇ ਟੋਕਰੇ ਤੋਂ ਛਾਲ ਮਾਰੀ ਜਿਵੇਂ ਬੋਇੰਗ ਜਹਾਜ਼ ਤੋਂ ਉਤਰਿਆ ਹੋਵੇ। ਖੜੇ ਲੋਕਾਂ ਨੇ ਉਸਨੂੰ ਜੱਫੀ ਪਾ ਲਈ। "ਸ਼ਾਬਾਸ਼ੇ ਬਈ ਸ਼ਾਬਾਸ਼ੇ" ਬਜ਼ੁਰਗਾਂ ਨੇ ਉਸਦੀ ਪਿੱਠ ਥਾਪੜਦਿਆਂ ਕਿਹਾ। ਉਸਨੇ ਆਪਣੇ ਜੋਖਿਮ ਦੇ ਬਦਲੇ ਵਿਚ ਖੂਹ ਤੇ ਗੜਵੀ 'ਚ ਆਈ ਗੁੜ ਦੀ ਚਾਹ ਪੀਤੀ ਤੇ ਸਾਈਕਲ ਚੁੱਕ ਆਪਣੇ ਪਿੰਡ ਦੇ ਰਾਹ ਪੈ ਗਿਆ। ਰੌਣਕ ਮੇਲਾ ਵਿਛੜ ਗਿਆ, ਖੂਹ 'ਤੇ ਸੁੰਨ ਪੈ ਗਈ ਤੇ ਸ਼ਾਮ ਉਤਰ ਆਈ, ਲੋਕਾਂ ਦਾ ਵਧੀਆ ਦਿਨ ਬੀਤਿਆ ਸੀ।

ਅੱਜ ਕਲ੍ਹ ਪਿੰਡਾਂ ਵਿਚ ਹੋਰ ਨਹੀਂ ਤਾਂ ਰੇਡੀਓ, ਟੈਲੀਵਿਜ਼ਨ ਦਾ ਹੀ ਬਥੇਰਾ ਬੋਲਬਾਲਾ ਹੋ ਗਿਆ ਹੈ ਪਰ ਪਹਿਲੀਆਂ 'ਚ ਇਹ ਗੌਣ ਪਾਣੀ ਕਿਥੇ? ਧਾਰਮਕ ਸਥਾਨਾਂ ਤੋਂ ਕੋਈ ਮਨੋਰੰਜਨ ਤਾਂ ਕੀ ਹੋਣਾ ਸੀ, ਸਗੋਂ ਰੰਗ ਲੋਚਦੀ ਬਿਰਤੀ ਦਾ ਹੀ ਦਮਨ ਕੀਤਾ ਜਾਂਦਾ ਸੀ। ਦੈਨਿਕ ਜੀਵਨ ਦੇ ਅਕੇਵੇਂ-ਥਕੇਵੇਂ ਤੋਂ ਰਾਹਤ ਲਈ ਏਥੇ ਕੋਈ ਬਰਤਾਨੀਆ ਵਾਲੀ ਪੱਬ, ਤੁਰਕੀ ਤੇ ਅਰਬ ਦੇਸਾਂ ਦੇ ਕਾਹਵਾ-ਖਾਨੇ ਜਾਂ ਯੂਰਪ ਦੇ ਕੈਫ਼ੇ ਦੇ ਸਮਾਨੰਤਰ ਕੋਈ ਸੰਸਥਾ ਵਿਕਸਿਤ ਨਹੀਂ ਹੋਈ। ਇਨ੍ਹਾਂ ਦੇਸ਼ਾਂ ਦੇ ਇਹ ਸਭ ਸਾਂਝੇ ਸਥਾਨ ਇਕ ਤਰ੍ਹਾਂ ਚਰਚ ਜਾਂ ਮਸਜਦ ਦੇ ਪੂਰਕ ਸਨ। ਏਥੇ ਚੌਹ ਕੋਨਿਆਂ ਤੋਂ ਖਬਰਾਂ ਪਹੁੰਚਦੀਆਂ ਤੇ ਵਿਚਾਰੀਆਂ ਜਾਂਦੀਆਂ। ਏਥੇ ਹੀ ਇਸ਼ਕ-ਮੁਸ਼ਕ ਨੂੰ ਹਵਾ ਲਗਦੀ, ਠਰਕ ਭੋਰਿਆ ਜਾਂਦਾ, ਚੁਗਲੀਆਂ ਤੇ ਗੱਪ-ਸ਼ੱਪ ਦੇ ਦੌਰ ਚਲਦੇ। ਹੋਰ ਤਾਂ ਹੋਰ ਏਥੇ ਨਸ਼ਿਆਂ ਦਾ ਸੇਵਣ, ਨਾਚ ਗਾਣੇ ਖੇਡਾਂ ਤੇ ਕਈ ਵਾਰੀ ਖਾਣ ਪੀਣ ਦਾ ਪ੍ਰਬੰਧ ਵੀ ਹੁੰਦਾ। ਗੱਲ ਕੀ ਹੰਭੇ-ਹੁਟੇ ਮਨੁਖ ਨੂੰ ਤਰੋ-ਤਾਜ਼ਾ ਕਰਨ ਲਈ ਏਥੇ ਪੂਰਾ ਸਾਮਾਨ ਸੀ, ਗੁੱਭ-ਗੁਲਾਟ ਕੱਢਣ ਦੇ ਮੌਕੇ ਸਨ।

ਦੂਜੇ ਪਾਸੇ ਢਿਚਕੂੰ ਢਿਚਕੂੰ ਚਲਦੀ ਖੇਤੀ ਦੀ ਬੁਨਿਆਦ 'ਤੇ ਖੜੇ ਸਾਡੇ ਸਮਾਜਕ ਢਾਂਚੇ ਵਿਚ ਸ਼ਰੀਕੇ ਭਾਈਚਾਰੇ ਦੀਆ ਸੰਕੋਚਵੀਆਂ ਕਦਰਾਂ-ਕੀਮਤਾਂ ਹਾਵੀ ਸਨ। ਧਾਰਮਕ ਲਪੇਟ ਵਿਚ ਆਏ ਮਨੁਖੀ ਸਬੰਧਾਂ ਵਿਚ ਸੰਗ-ਸੰਕੋਚ, ਘੁਟਣ, ਅਤੇ ਸ਼ੀਲਤਾ ਮਨੁਖੀ ਸ਼ਖਸੀਅਤ ਨੂੰ ਵਿਗਸਣ ਨਹੀਂ ਸੀ ਦਿੰਦੇ। ਅਜਿਹੇ ਦਮਨਕਾਰੀ ਪਰਿਵੇਸ਼ ਵਿਚ ਲਾ ਪਾ ਕੇ ਪਿੰਡ ਦਾ ਦਰਵਾਜ਼ਾ, ਹੱਟੀ-ਭੱਠੀ, ਤ੍ਰਿੰਜਣ ਜਿਹੇ ਸਥਾਨ ਹੀ ਸਨ ਜਿਥੇ ਕੁਝ ਲੋਕ ਜੁੜ ਬੈਠਦੇ ਸਨ ਤੇ ਇਕ-ਰੱਟ ਜ਼ਿੰਦਗੀ ਤੋਂ ਕੁਝ ਰਾਹਤ ਭਾਲਦੇ ਸਨ। ਦਰਵਾਜ਼ੇ ਜਾਂ ਸੱਥ ਵਿਚ ਬਜ਼ੁਰਗ ਛਾਏ ਹੋਣ ਕਰਕੇ ਸਿਆਣਪਾਂ ਪ੍ਰਧਾਨ ਸਨ ਇਸ ਲਈ ਜਵਾਨਾਂ ਦੀ ਬਹੁਤੀ ਦਾਲ ਨਹੀਂ ਸੀ ਗਲਦੀ ਭਾਵੇਂ ਏਥੇ ਸ਼ਮੂਲੀਅਤ ਵਧ ਤੋਂ ਵੱਧ ਹੁੰਦੀ ਸੀ। ਹੱਟੀ 'ਤੇ ਦਾਣੇ ਭੁੰਨਣ ਵਾਲੀ ਭਠੀ ਦੋ ਹੋਰ ਰਮਣੀਕ ਸਥਾਨ ਸਨ ਜਿਥੇ ਲਗਭਗ ਸਾਰੇ ਲੋਕ ਜਾਂਦੇ ਸਨ ਤੇ ਜੋ ਵਕਤੀ ਤਫ਼ਰੀਹ ਲਈ ਠਾਹਰਾਂ ਬਣਦੇ ਸਨ। ਮੁਟਿਆਰਾਂ ਨੂੰ ਤ੍ਰਿੰਜਣਾਂ ਤੇ ਗੱਭਰੂਆਂ ਨੂੰ ਰਾਤ ਨੂੰ ਭੱਠੀਆਂ 'ਤੇ ਬੈਠਣ ਲਈ ਸਿਆਣੇ ਲੋਕ ਵੀ ਉਤਸ਼ਾਹਤ ਕਰਦੇ ਸਨ ਤਾਂ ਕਿ ਉਹ ਚੜ੍ਹਦੀ ਜਵਾਨੀ ਲਈ ਲੋੜੀਂਦੀ ਗ੍ਰਹਿਸਤੀ ਸਿਖਿਆ ਆਪਣੇ ਹਾਣੀਆਂ ਤੋਂ ਲੈ ਸਕਣ ਤੇ ਲਿੰਗਿਕ ਵਿਰੇਚਨ ਵੀ ਹੋ ਸਕੇ। ਕਿਹਾ ਜਾਂਦਾ ਸੀ ਕਿ ਜਿਹੜੀ ਮੁਟਿਆਰ ਤ੍ਰਿੰਜਣਾਂ ਵਿਚ ਤੇ ਗੱਭਰੂ ਰਾਤ ਨੂੰ ਹੱਟੀ ਭੱਠੀ ਤੇ ਨਹੀਂ ਬੈਠਦਾ, ਉਹ ਝੁੱਡੂ ਹੈ।

ਪੇਂਡੂ ਸਮਾਜ ਵਿਚ ਇਨ੍ਹਾਂ ਦੋਨਾਂ ਦੀ ਮਹੱਤਤਾ ਦਾ ਏਥੋਂ ਪਤਾ ਲਗਦਾ ਹੈ ਕਿ ਇਨ੍ਹਾਂ ਦੋਵਾਂ ਸ਼ਬਦਾਂ ਤੋਂ ਬਣੇ ਸਮਾਸੀ ਸ਼ਬਦ ਹੱਟੀ-ਭੱਠੀ ਪਿੰਡ ਦੀ ਸਮੁਚੀ ਪ੍ਰਵਾਨਗੀ ਦਾ ਅਰਥ ਦੇਣ ਲੱਗ ਪਿਆ। ਆਮ ਹੀ ਕਹਿ ਦਿੱਤਾ ਜਾਦਾ ਹੈ ਕਿ ਫਲਾਣੀ ਗੱਲ ਦੀ ਹੱਟੀ-ਭੱਠੀ 'ਤੇ ਚਰਚਾ ਹੋਈ, ਫਲਾਣਾ ਰਕਾਟ ਹਰ ਹੱਟੀ-ਭੱਠੀ 'ਤੇ ਵੱਜਿਆ। ਰਾਂਝੇ ਦੀ ਜਵਾਨੀ ਨੇ ਪਿੰਡ ਵਿਚ ਕਿਵੇਂ ਧੁੰਮਾਂ ਪਾ ਦਿੱਤੀਆਂ ਸਨ, ਇਸਦਾ ਜ਼ਿਕਰ ਮੋਹਨ ਸਿੰਘ ਇਨ੍ਹਾਂ ਸ਼ਬਦਾਂ ਵਿਚ ਕਰਦਾ ਹੈ:

ਚੱਲੀ ਭੱਠੀਆਂ ਉਤੇ ਗੱਲ ਉਹਦੀ,  
ਪਿਆ ਪਨਘਟਾਂ ਦੇ ਉਤੇ ਸ਼ੋਰ ਮੀਆਂ  
ਚੱਕੀ-ਹਾਨਿਆਂ ਤੇ ਉਹਦਾ ਜ਼ਿਕਰ ਹੋਇਆ,  
ਵਧੀ ਤ੍ਰਿੰਝਣੀਂ ਘੋਰ ਮਸੋਰ ਮੀਆਂ

ਅਤੇ ਫਿਰ ਬਿਨਾਂ ਬੁਲ ਹਿਲਾਇਆਂ ਅੱਖਾਂ ਨਾਲ ਗੱਲ ਕਰਦੀ ਤੇ ਬੁਝਾਰਤਾਂ ਪਾਉਂਦੀ ਜੈ ਕੌਰ ਦੀ ਖੱਟੀ ਵੀ ਖੂਬ ਹੈ:

ਹੱਟੀ ਭੱਠੀ ਉਤੇ ਛਿੜਦੀ ਕਹਾਣੀ  
ਲੋਕਾਂ ਦਾ ਨਾ ਦੁਧ ਵਿਕਦਾ  
ਤੇਰਾ ਵਿਕਦਾ ਜੈ ਕੁਰੇ ਪਾਣੀ

ਕਿਸੇ ਦੇ ਘਰ ਤਾਂ ਪੁਛ ਕੇ ਜਾਂ ਘਟੋ ਘਟ ਘਰ ਵਾਲੇ ਦੀ ਖੁਸ਼ੀ ਨਾਲ ਹੀ ਜਾਇਆ ਜਾ ਸਕਦਾ ਹੈ ਪਰ ਪਿੰਡ ਦੀ ਹੱਟੀ ਵਿਚ ਬੇਰੋਕ ਧੁਸ ਦੇ ਕੇ ਵੜਿਆ ਜਾ ਸਕਦਾ ਹੈ ਕਿਉਂਕਿ ਹੱਟਵਾਣੀਆ ਆਖਰ ਤੁਹਾਡੀ ਗਾਹਕੀ 'ਤੇ ਨਿਰਬਾਹ ਕਰਦਾ ਹੈ। ਪਰ ਹੱਟੀ ਵਿਚ ਲੈਂਗਿਕ ਅਯਾਸ਼ੀ ਦੀ ਭੱਠੀ ਜਿੰਨੀ ਗੁੰਜਾਇਸ਼ ਨਹੀਂ ਸੀ। ਏਥੇ ਤਾਂ ਬੱਸ ਇਕਾ ਦੁੱਕਾ ਹਟਵਾਣੀਏ ਦੀ ਮੀਯਾ ਨਾਲ ਮਿਲਦੇ ਸ਼ਖਸ ਹੀ ਬੈਠਦੇ ਸਨ। ਹੱਟੀ ਦਾ ਹੱਟੀ-ਭੱਠੀ ਵਾਲਾ ਗੁਣ ਪੁਗਾਉਣ ਲਈ ਹਟਵਾਣੀਏ ਦੀ ਸ਼ਖਸੀਅਤ ਸੜੀਅਲ ਨਾ ਹੋ ਕੇ ਰੰਗੀਲੀ, ਫੱਕਰ ਅਤੇ ਅਪਣੱਤ ਵਾਲੀ ਹੋਣੀ ਚਾਹੀਦੀ ਹੈ। ਅਸਲ ਵਿਚ ਪਿੰਡ ਦੀ ਹੱਟੀ ਤੇ ਗਾਹਕ ਤਾਂ ਟਾਵਾਂ ਟਾਵਾਂ ਹੀ ਆਉਂਦਾ ਇਸ ਲਈ ਹਟਵਾਣੀਆ ਖੁਦ ਵੀ ਮੱਖੀ 'ਤੇ ਮੱਖੀ ਮਾਰਦਾ ਰਹਿੰਦਾ ਸੀ, ਉਸਨੂੰ ਖੁਦ ਕੋਈ ਗਾਲੜੀ ਸਾਥੀ ਚਾਹੀਦਾ ਹੁੰਦਾ ਸੀ। ਸੁੰਨੀ ਹੱਟੀ ਵਿਚ ਕਿਸੇ ਹੋਰ ਦੀ ਹੋਂਦ ਉਂਜ ਵੀ ਇਸਦੇ ਚਲਦੇ ਹੋਣ ਦੀ ਭ੍ਰਾਂਤੀ ਪੈਦਾ ਕਰਦੀ ਸੀ। ਫਿਰ ਹੱਟੀ ਤੇ ਪਿੰਡ ਦੇ ਹਰ ਕੋਨੇ ਤੋਂ ਭਾਂਤ ਸੁਭਾਂਤੇ ਗਾਹਕ ਆਉਂਦੇ ਹੋਣ ਕਰਕੇ ਹਰ ਤਰ੍ਹਾਂ ਦੀ ਚੋਂਦੀ ਚੋਂਦੀ ਖਬਰ ਅਪੜ ਜਾਂਦੀ ਸੀ। ਏਥੋਂ ਅੱਗੇ ਸਾਰੇ ਪਿੰਡਾਂ ਵਿਚ ਖਬਰਾਂ ਨਸ਼ਰ ਹੁੰਦੀਆਂ। ਅਖਬਾਰੀ ਯੁਗ ਆਉਣ ਨਾਲ ਪਿੰਡ ਵਿਚ ਅਖਬਾਰ ਵੀ ਸਭ ਤੋਂ ਪਹਿਲਾਂ ਹਟਵਾਣੀਏ ਕੋਲ ਹੀ ਆਈ ਕਿਉਂਕਿ ਇਕ ਤਾਂ ਉਹ ਪੜ੍ਹਿਆ ਲਿਖਿਆ ਸੀ ਦੂਜਾ ਸੌਦੇ-ਪੱਤੇ ਦੇ ਸਿਲਸਲੇ ਵਿਚ ਉਸਦਾ ਸ਼ਹਿਰ ਆਉਣ ਜਾਣ ਰਹਿੰਦਾ ਸੀ। ਹਟਵਾਣੀਏਂ ਕੋਲ ਕੱਲੀਆਂ ਦੁਕੱਲੀਆਂ ਨਾਰਾਂ ਆਉਣ ਕਰਕੇ ਉਸਦੀ ਅੱਖ ਮਟੱਕੇ ਤੇ ਕਈ ਵਾਰੀ ਇਸਤੋਂ ਅੱਗੇ ਵਧਣ ਦੀ ਸੰਭਾਵਨਾ ਬਣੀ ਰਹਿੰਦੀ। ਹਟਵਾਣੀਏ ਦੀ ਨਿਗ੍ਹਾ ਕਈ ਵਾਰੀ ਸੌਦੇ ਨਾਲੋਂ ਸੌਦਾ ਲੈਣ ਵਾਲੀ ਵੱਲ ਵਧੇਰੇ ਟਿਕੀ ਰਹਿੰਦੀ। ਸਾਡੇ ਮਧ ਯੁਗੀ ਸ਼ਾਇਰ ਪੀਲੂ ਨੇ ਸਾਹਿਬਾਂ ਦਾ ਹੁਸਨ ਬਿਆਨ ਕਰਨ ਲਈ ਅਜਿਹੀ ਸਥਿਤੀ ਨੂੰ ਕਿੰਨੇ ਭਾਵਪੂਰਤ ਬਿੰਬਾਂ ਵਿਚ ਦਰਸਾਇਆ ਹੈ:

ਸਾਹਿਬਾਂ ਗਈ ਤੇਲ ਨੂੰ  
ਗਈ ਪੰਸਾਰੀ ਦੀ ਹੱਟ।  
ਫੜ ਨਾ ਜਾਣੇ ਤੱਕੜੀ,  
ਹਾੜ ਨਾ ਜਾਣੇ ਵੱਟ।  
ਤੇਲ ਭੁਲਾਵੇ ਬਾਣੀਆ,  
ਦਿੱਤਾ ਸ਼ਹਿਦ ਉਲੱਟ।  
ਵਣਜ ਗਵਾਇਆ ਬਾਣੀਏ,  
ਬਲਦ ਗਵਾ ਲਏ ਜੱਟ।

ਬਹੁਤ ਵਾਰੀ ਏਥੇ ਤਾਸ਼ ਚੌਪੜ ਆਦਿ ਦੀਆ ਖੇਡਾਂ ਖੇਡੀਆ ਜਾਂਦੀਆਂ ਤੇ ਖੇਡ ਵਿਚ ਮਸਰੂਫ਼ ਲਾਪਰਵਾਹ ਹਟਵਾਣੀਆ ਗਾਹਕਾਂ ਨੂੰ ਖਾਲੀ ਮੋੜਦਾ ਰਹਿੰਦਾ। ਮੈਂ ਆਪਣੇ ਸਕੂਲੀ ਦਿਨਾਂ ਵਿਚ ਆਪਣੇ ਯਾਰ ਦਿਲਬਾਗ ਦੀ ਹੱਟੀ 'ਤੇ ਬੈਠਣ ਦਾ ਚਸਕਾ ਮਾਣ ਚੁੱਕਾ ਹਾ। ਸੱਚ ਮੁੱਚ ਬੜਾ ਭੈੜਾ, ਠਰਕੀ ਤੇ ਖੋਚਰੀ ਸੀ ਉਹ! ਘੰਟਿਆਂਬੱਧੀ ਉਸਦੀ ਹੱਟੀ 'ਤੇ ਬੈਠੇ ਰਹਿਣਾ ਤੇ ਖਲ, ਵੜੇਵੇਂ, ਗੁੜ ਤੇ ਹੋਰ ਵੰਨ ਸੁਵੰਨੀਆ ਜਿਣਸਾਂ ਦਾ ਰਲਿਆ ਮਿਲਿਆ ਅਜੀਬ ਜਿਹਾ ਮੁਸ਼ਕ ਨਾਸਾਂ ਵਿਚ ਲੰਘਾਈ ਜਾਣਾ। ਕਈ ਵਾਰੀ ਦਾਅ ਲਾ ਕੇ ਦੁਕਾਨ ਦੇ ਪਿਛਵਾੜੇ ਜਾ ਕੇ ਮੁਰੱਬਾ, ਹਰੜਾਂ, ਗੁਲਕੰਦ ਆਦਿ ਮੂੰਹ ਵਿਚ ਪਾ ਲੈਣੇ। ਪਰ ਦੂਜੇ ਪਾਸੇ ਚੌਕੀ 'ਤੇ ਬੈਠਾ ਦਿਲਬਾਗ ਖੁਦ ਕਈ ਵਾਰੀ ਹੋਰ ਹੀ ਇਸ਼ਕ ਮੁਸ਼ਕ ਲੜਾ ਰਿਹਾ ਹੁੰਦਾ ਤੇ ਜ਼ਿੰਦਗੀ ਦੇ ਅਸਲੀ ਸੁਆਦ ਲੈ ਰਿਹਾ ਹੁੰਦਾ! ਉਹ ਅਕਸਰ ਹੀ ਸਿਖਰ ਦੁਪਹਿਰੇ ਚਾਹ ਬਣਾਉਂਦਾ ਤੇ ਜੇ ਹੱਟੀ 'ਤੇ ਕਈ ਮੇਰੇ ਵਰਗੇ ਮੁਫ਼ਤਖੋਰੇ ਬੈਠੇ ਹੁੰਦੇ ਤਾ ਉਹ ਚਾਹ ਦੂਰੋਂ ਦਿਖਾਉਂਦਾ ਹੋਇਆ ਉਪਰੋਂ ਉਪਰੋਂ ਪੁਛਦਾ "ਕੋਈ ਚਾਹ ਪੀਂਦਾ ਬਈ, ਕੋਈ ਨਹੀਂ ਪੀਂਦਾ" ਤੇ ਕੱਚ ਦੇ ਗਲਾਸ ਵਿਚ ਸਾਰੀ ਚਾਹ ਪਾ ਕੇ ਸੜ੍ਹਾਕੇ ਮਾਰ ਕੇ ਪੀਣ ਲਗਦਾ।

ਅਸਲ ਵਿਚ ਦਾਣੇ ਭੁੰਨਣ ਵਾਲੀ ਭੱਠੀ ਵੀ ਆਪਣੇ ਆਪ ਵਿਚ ਇਕ ਹੱਟੀ ਹੀ ਹੈ ਤੇ ਸ਼ਾਇਦ ਹੱਟੀ ਤੋਂ ਵੀ ਪ੍ਰਾਚੀਨ ਚੀਜ਼ ਹੋਵੇ। ਸਹੀ ਮਾਅਨਿਆਂ 'ਚ ਏਹੀ ਜਗ੍ਹਾ ਹੈ ਜਿਥੇ ਕੁਝ ਖੁਲ੍ਹ ਨਸੀਬ ਹੁੰਦੀ ਸੀ ਤੇ ਜਵਾਨ ਜਜ਼ਬੇ ਕੁਝ ਮਸਤੀਆਂ ਕਰ ਸਕਦੇ ਸਨ। ਸ਼ਿਵ ਕੁਮਾਰ ਦੀਆਂ ਹੇਠਲੀਆਂ ਸਤਰਾਂ ਵਿਚ ਭੱਠੀ ਦੀ ਮਹਿਮਾ ਜਵਾਨੀ ਦੇ ਭਰਪੂਰ ਵਲਵਲਿਆਂ ਨਾਲ ਓਤ ਪੋਤ ਹੈ:

ਭਠੀ ਵਾਲੀਏ ਚੰਬੇ ਦੀਏ ਡਾਲੀਏ  
ਪੀੜਾਂ ਦਾ ਪਰਾਗਾ ਭੁੰਨ ਦੇ।

ਲੌਢੇ ਵੇਲੇ ਤੋਂ ਹੀ ਬੱਚੇ, ਬੁਢੇ, ਜਵਾਨ ਮੁਟਿਆਰਾਂ ਦਾਣੇ ਭੁਨਾਉਣ ਲਈ ਭੱਠੀ 'ਤੇ ਪੁੱਜਣੇ ਸ਼ੁਰੂ ਹੋ ਜਾਂਦੇ। ਮਚਦੀ ਅੱਗ ਜ਼ਿੰਦਗੀ ਦੀ ਗਤੀਮਾਨਤਾ ਅਤੇ ਸਾਂਝ ਦਾ ਸੁਨੇਹਾ ਦਿੰਦੀ ਹੈ। ਹਰ ਸਮਾਜਕ ਦੌਰ ਵਿਚ ਅੱਗ ਦੁਆਲੇ ਮਨੁਖ ਦੀਆਂ ਭੀੜਾਂ ਜੁੜਦੀਆਂ ਰਹੀਆਂ ਹਨ: ਘਰ ਦਾ ਚੌਂਕਾ, ਯੱਗ ਦੀ ਅਗਨੀ, ਸਾਧ ਦਾ ਧੂਣਾ, ਲੋਹੜੀ ਦੀ ਧੂਣੀ ਆਦਿ ਦੁਆਲੇ ਮਨੁਖੀ ਸਮੂਹ ਬੈਠਦੇ ਹਨ। ਮਘਦੀ ਅੱਗ ਦੇ ਚੰਗਿਆੜੇ ਮਨੁਖੀ ਜਜ਼ਬਿਆਂ ਨੂੰ ਹੋਰ ਮਚਾਉਂਦੇ ਹਨ। ਤਪਦੀ ਭੱਠੀ ਦਾ ਸੇਕ ਤੇ ਭੁਜਦੇ ਦਾਣਿਆਂ ਦੀ ਖੁਸ਼ਬੂ ਹਰ ਇਕ ਨੂੰ ਧੂਹ ਪਾਉਂਦੇ ਸਨ। ਕੁਝ ਮਨਚਲੇ ਏਥੇ ਅੱਖਾਂ ਸੇਕਣ ਲਈ ਹੀ ਆਉਂਦੇ, ਕਈਆਂ ਦਾ ਸੱਚ ਮੁੱਚ ਦਾ ਅੱਖ ਮਟੱਕਾ ਹੁੰਦਾ ਤੇ ਇਸਦੇ ਰੁਮਾਂਸ ਨੂੰ ਲਮਕਾਈ ਰੱਖਣ ਲਈ ਆਪਣੀ ਵਾਰੀ ਹੀ ਨਾ ਲੈਂਦੇ; ਅੱਗ ਝੋਕਣ ਲੱਗ ਜਾਂਦੇ ਜਾਂ ਝੀਰੀ ਨੂੰ ਗੱਲੀਂ ਪਾ ਲੈਂਦੇ! ਵਿਪਰੀਤ ਲਿੰਗ ਦੇ ਲਾਗੇ ਲਾਗੇ ਖਹਿਣ ਦੇ ਸਾਡੇ ਪੇਂਡੂ ਸਮਾਜ ਵਿਚ ਹੋਰ ਢੰਗ ਤਰੀਕੇ ਜਾਂ ਮੌਕੇ ਵੀ ਕਿਹੜੇ ਸਨ। ਬੈਠਣ ਵਾਲੇ ਈਰਖਾਲੂ ਭਾਵਨਾ ਨਾਲ ਇਸ ਨਜ਼ਾਰੇ ਦਾ ਚਖਸ਼ੂ ਅਨੰਦ ਮਾਣਦੇ!

ਸਿਤਮ ਦੇਖੋ ਕਿ ਸਫਰ ਤੇ ਚੜ੍ਹੇ ਯੂਰਪੀ ਦੇਸ਼ਾਂ ਦੇ ਮੁਸਾਫ਼ਿਰ ਲਈ ਪਿੰਡਾਂ ਥਾਵਾਂ ਵਿਚ ਵੀ ਬੀਅਰਾਂ, ਸ਼ਰਾਬਾਂ, ਭੋਜਨ, ਦਿਲ ਪਰਚਾਵੇ ਦੇ ਸਾਧਨਾਂ ਨਾਲ ਲੈਸ ਇਨਾਂ ਜਾਂ ਟੈਵਰਨ ਹੁੰਦੇ ਸਨ ਜਦ ਕਿ ਸਾਡੇ ਦੇਸੀ ਲਾਠੀ-ਚੁੱਕ ਰਾਹੀ ਦੇ ਝੋਲੇ ਵਿਚ ਛੱਲੀਆ ਹੁੰਦੀਆਂ ਸਨ ਜਿਸ ਦੇ ਦਾਣੇ ਲੋੜ ਪੈਣ 'ਤੇ ਕਿਸੇ ਵੀ ਰਾਹ 'ਚ ਆਈ ਪਿੰਡ ਦੀ ਭੱਠੀ ਤੋਂ ਭੁਨਾਏ ਜਾ ਸਕਦੇ ਸਨ! "ਲੈ ਜਾ ਛੱਲੀਆਂ ਭੁਨਾ ਲਈਂ ਦਾਣੇ ਮਿੱਤਰਾ ਦੂਰ ਦਿਆ" ਵਿਚ ਇਸੇ ਸਥਿਤੀ ਵੱਲ ਇਸ਼ਾਰਾ ਹੈ।

ਕਈ ਰੰਗੀਨ ਤਬੀਅਤ ਨਾਰਾਂ ਬਹਾਨੇ ਸਿਰ ਹੱਟੀ ਭੱਠੀ ਆਪਣਾ ਜੋਬਨ ਦਾ ਜਾਦੂ ਬਿਖੇਰਨ ਤੁਰੀਆਂ ਰਹਿੰਦੀਆਂ ਤਾਂ ਸਿਆਣੇ ਮੱਤਾਂ ਦਿੰਦੇ:

ਸੁਣ ਕੁੜੀਏ ਨੱਥ ਮਛਲੀ ਵਾਲੀਏ,  
ਮਛਲੀ ਨਾ ਚਮਕਾਈਏ।  
ਹੱਟੀ ਭੱਠੀ ਤੇਰੀ ਚਰਚਾ ਹੁੰਦੀ,  
ਚਰਚਾ ਨਾ ਕਰਵਾਈਏ।  
ਆਪਣੇ ਮਾਪਿਆਂ ਦੀ  
ਫੁੱਲ ਵਰਗੀ ਰੁੱਖ ਜਾਈਏ...

ਪਰ ਭੱਠੀ ਦੀ ਅਸਲੀ ਰਹੱਸਮਈ ਤੇ ਰੁਮਾਂਚਕ ਰੌਣਕ ਇਸਦੇ ਬੁਝਣ ਪਿੱਛੋਂ ਰਾਤ ਨੂੰ ਹੁੰਦੀ ਸੀ ਜਦ ਇਹ ਵਿਹਲੜਾਂ, ਛੜਿਆਂ, ਮੁਸ਼ਟੰਡਿਆਂ ਦੀ ਬੈਠਗਾਹ ਬਣ ਜਾਂਦੀ। ਰਾਤ ਦੇ ਹਨੇਰੇ 'ਚ ਭੱਠੀ ਸੇਕਦੇ ਹੋਏ ਇਹ ਲੋਕ ਆਪਣੀਆਂ ਕੁੰਠਿਤ ਭਾਵਨਾਵਾਂ ਦਾ ਖੋਲ੍ਹ ਕੇ ਪ੍ਰਗਟਾਵਾ ਕਰਦੇ। ਲੁਕਵੇਂ ਇਸ਼ਕਾਂ ਦਾ ਇੰਕਸ਼ਾਫ਼ ਹੁੰਦਾ, ਦੂਜਿਆ ਦੇ ਮਨ ਫੋਲੇ ਜਾਂਦੇ, ਫੁਹਸ਼ ਬੋਲੀਆਂ ਸੁਣਾਈਆਂ ਤੇ ਜੋੜੀਆਂ ਜਾਂਦੀਆਂ, ਕਿਸ ਨੇ ਕਿਸ 'ਤੇ ਅੱਖ ਰੱਖੀ ਹੋਈ ਹੈ, ਕਿਸ ਦੀ ਨੂੰਹ ਧੀ ਨੂੰ ਕਿੰਨਵਾਂ ਮਹੀਨਾ ਹੈ ਤੇ ਕਿਹੜੀ ਕਿਸ ਨਾਲ ਫਸੀ ਹੋਈ ਹੈ ਆਦਿ ਮਸਲਿਆਂ ਦਾ ਨਿਰਣਾ ਹੁੰਦਾ। ਰਾਤ ਦਾ ਹਨੇਰਾ ਅਜਿਹੀਆਂ ਵਰਜਿਤ ਗੱਲਾਂ ਲਈ ਸੁਖਾਵਾਂ ਸੀ। ਪੋਹ ਮਾਘ ਦੀਆਂ ਕਕਰੀਲੀਆਂ ਰਾਤਾਂ ਵਿਚ ਵੀ ਭੱਠੀ 'ਤੇ ਜੁੜੀਆਂ ਇਹ ਢਾਣੀਆ ਅੱਧੀ ਅੱਧੀ ਰਾਤ ਤੱਕ ਨਾਂ ਉਠਦੀਆ ਭਾਵੇਂ ਘਰੋਂ ਵਾਰ ਵਾਰ ਬੁਲਾਵੇ ਆਉਂਦੇ। ਜਦੋਂ ਉਬਾਸੀਆਂ ਲੈਂਦੇ ਉਠਦੇ ਤਾਂ ਭੱਠੀ ਦਾ ਨਿਘ ਮਾਨਣ ਤੇ ਰਾਤ ਕੱਟਣ ਲਈ ਉਥੇ ਕੁੱਤੇ ਕੁੱਤੀਆਂ ਆ ਲਿਟਦੇ।

ਫਿਰ ਹੱਟੀ-ਭੱਠੀ ਤੇ ਬੈਠਣ ਦਾ ਅਰਥ ਵਿਗੜ ਗਿਆ: ਵਿਹਲੜ ਨਿਕੰਮਾ ਬਣ ਜਾਣਾ। ਖੈਰ ਇਸ ਗੱਲ ਵਿਚ ਝੂਠ ਨਹੀ ਕਿ ਇਹ ਦੋਵੇਂ ਸਥਾਨ ਸ਼ਰਾਰਤੀ ਮਨਾਂ ਨੂੰ ਬਹੁਤ ਪੋਂਹਦੇ ਸਨ। ਹੱਟੀ-ਭੱਠੀ ਦਰਅਸਲ ਮਨ-ਪਰਚਾਵੇ ਦਾ ਕੋਈ ਭਰਪੂਰ ਸਾਧਨ ਨਹੀਂ ਸੀ ਬਸ ਐਵੇਂ ਡੰਗ ਟਪਾਈ ਸੀ, ਬੋਰੀਅਤ ਤੋਂ ਬਚਣ ਦਾ ਨਿਗੂਣਾ ਉਪਾਅ। ਵਿਹਲੜ, ਕੁਆਰੇ ਛੜੇ ਲੋਕਾਂ ਲਈ ਇਹ ਵਧੇਰੇ ਲੁਭਾਇਮਾਨ ਸੀ, ਬੋਲੀ ਹੈ:

ਹੱਟੀ ਭੱਠੀ ਕੌਲੇ ਕੱਛਦਾ ਫਿਰਦਾ  
ਵਿਹੜੇ ਤੇਲਣ ਦੇ, ਤੇਰਾ ਵੇ ਚਾਦਰਾ ਖੜਕੇ

ਕਿਸੇ ਵੇਲੇ ਭੱਠੀਆਂ 'ਤੇ ਜ਼ਿੰਦਗੀ ਧੜਕਦੀ ਸੀ ਤੇ ਭੱਠੀ ਵਾਲੀ ਦੀ ਚੜ੍ਹਤ ਸੀ। ਪਰ ਅੱਜ ਕਲ੍ਹ ਭੱਠੀਆਂ ਦੇ ਮੁਰਮੁਰਿਆਂ, ਖਿੱਲਾਂ ਤੇ ਕੁੱਜੇ ਫੇਰ ਕੇ ਕਢੇ ਛੋਲਿਆਂ ਦੀ ਥਾਂ ਪੌਪ ਕੌਰਨ ਲੈ ਰਹੇ ਹਨ। ਪੰਜਾਬੀ ਦੀ ਹੱਸਾਸ ਕਹਾਣੀਕਾਰਾ ਸੁਖਵੰਤ ਮਾਨ ਨੇ ਅਜਿਹੀ ਅਵਸਥਾ ਵਿਚ ਦਾਣੇ ਭੁਨਣੋਂ ਵਿਹਲੀ ਹੋ ਗਈ ਭੰਤੋ ਮਹਿਰੀ ਦੇ ਦੁਖਾਂਤ ਦਾ ਆਪਣੀ ਇਕ ਕਹਾਣੀ 'ਜਿਊਣ ਜੋਗੇ' ਵਿਚ ਭਲੀ ਭਾਂਤ ਚਿਤਰਨ ਕੀਤਾ ਹੈ:

ਭੰਤੋ ਮਹਿਰੀ ਦੁਹਾਈ ਦੇਂਦੀ ਲੰਘ ਗਈ ਏ...ਸੁਣਿਆ ਏ ਕਮਲੀ ਹੋ ਗਈ ਏ, ਪਹਿਲਾਂ ਖੂਹ ਬੰਦ ਹੋ ਗਏ, ਫਿਰ ਹੋਟਲਾਂ ਨੇ ਮਹਿਰਿਆਂ ਦਾ ਕੰਮ ਬੰਦ ਕਰਵਾ ਦਿੱਤਾ। ਮੁੰਡਾ ਹੋਟਲ 'ਚ ਹੀ ਨੌਕਰ ਹੋ ਗਿਆ...ਹੁਣ ਚੰਡੀਗੜ੍ਹ ਰਹਿੰਦਾ ਏ... ਭੰਤੋ ਓਥੇ ਨਹੀਂ ਗਈ, ਸ਼ਾਇਦ ਗਈ ਸੀ ਪਰ ਆ ਗਈ ਏ, ਉਹਦਾ ਦਿਲ ਨਹੀਂ ਲੱਗਾ ਓਥੇ... ਉਹ ਆਪਣੇ ਪਿੰਡ ਵਾਲੇ ਕੱਚੇ ਕੋਠੇ 'ਚ ਹੀ ਰਹਿੰਦੀ ਸੀ, ਅਧ ਕਮਲੀ ਜਿਹੀ, ਕਦੀ ਕਦੀ ਭੱਠੀ ਤਾਅ ਬੈਠਦੀ, ਦਾਣੇ ਭੁਨਾਉਣ ਕੋਈ ਆਉਂਦਾ ਈ ਨਾ... ਲੋਕ ਹੱਸਦੇ, ਉਹ ਫਿਰ ਵੀ ਬਾਲਣ ਝੋਕੀ ਜਾਂਦੀ ਭੱਠੀ ਹੇਠ.... ਕਈ ਵੇਰ ਕੜਾਹੀ 'ਚ ਕੁੱਜਾ ਮਾਰ ਰਹੀ ਹੁੰਦੀ, ਜਿਵੇਂ ਛੋਲਿਆਂ ਦੀਆਂ ਖਿੱਲਾਂ ਕਢ ਰਹੀ ਹੋਵੇ...।

'ਹਾਅ ਵੇ ਲੱਛੂ ਆਹ ਵੇਖ ਮੱਕੀ ਕਿੰਨੀ ਖਿੜੀ ਏ...!' ਉਹ ਰੇਤ ਛਾਣੀ ਜਾਂਦੀ।

'ਤਾਈ ਲਿਆ ਦਾਣੇ 'ਤੇ ਚਬਾਅ...।' ਲੰਘਦੇ ਟੱਪਦੇ ਮੁੰਡੇ ਭੰਤੋ ਨੂੰ ਮਖੌਲ ਕਰਦੇ, ਟਿਚਕਰਾਂ ਕਰਦੇ...।



ਫੋਟੋ : ਕਿਰਨਦੀਪ ਕੌਰ "ਗੋਲਡੀ"

## ਰੰਗਲੇ ਪੰਜਾਬ ਦੇ ਰੰਗ

-ਪਰੇਮਜੀਤ ਸਿੰਘ ਨੈਣੋਂਵਾਲੀਆ

ਲੈ ਲਿਆ ਫਾਹਾ ਬਚਨੇ ਨੇ  
ਕਹਿੰਦਾ ਬਹੁਤੀ ਜੀ ਲਈ  
ਕੀੜੇਮਾਰ ਦਵਾਈ "ਮੋਨੋ"  
ਕੈਲੇ ਨੇ ਪੀ ਲਈ  
ਪੰਜ ਕਿੱਲੇ ਰੱਖ ਗਹਿਣੇ ਦ  
ਾਜ ਲਿਆਂਦਾ ਸੀ ਧੀ ਲਈ  
ਸਰਕਾਰ ਸਮੇਂ ਦੀ, ਸ਼ਾਹੂਕਾਰ  
ਕਿਤੇ ਸੁੰਡੀ ਅਮਰੀਕਾ ਦੀ  
ਇਹ ਸਹਿੰਦੇ ਸਹਿੰਦੇ  
ਕਿੰਨੇ ਝੱਖੜ ਸਹਿ ਗਏ  
ਰੰਗਲੇ ਪੰਜਾਬ ਦੇ ਰੰਗ ਫਿੱਕੇ ਪੈ ਗਏ।

ਹਰੀ ਕ੍ਰਾਂਤੀ ਦੇ ਹੀਰੋ ਦਾ,  
ਰੰਗ ਹੋਰ ਹੋ ਗਿਆ  
ਨੀਲੀਆ ਪੱਗਾਂ, ਲਾਲ ਬੱਤੀਆਂ ਦਾ  
ਹੁਣ ਜੋਰ ਹੋ ਗਿਆ  
ਚੌਕੀਦਾਰ ਜਿਹੜਾ ਵੀ ਚੁਣੀਏ  
ਓਹੀ ਚੋਰ ਹੋ ਗਿਆ  
ਕਿਤੇ ਡੂੰਘੇ ਪਾਣੀ ਕਿਤੇ ਸੇਮ ਆਈ  
ਖੇਤੀ ਸੌਦਾ ਘਾਟੇ ਦਾ  
ਤਜ਼ਰਬੇਕਾਰ ਕਹਿ ਗਏ...।

ਤੇਈਏ ਦੇ ਤਾਪ ਵਾਗੂੰ  
ਸੱਪ ਕਰਜ਼ੇ ਦਾ ਲੜ ਜਾਂਦਾ  
ਸੌਣੀ ਲਹਿ ਜਾਂਦਾ  
ਹਾੜੀ ਵੇਲੇ ਚੜ੍ਹ ਜਾਂਦਾ  
ਜ਼ਿੰਮੀਦਾਰ ਬੁਢਾਪਾ ਪੈਨਸ਼ਨ ਦੀ  
ਜਦ ਲੈਨ 'ਚ ਖੜ ਜਾਂਦਾ  
ਸਮਝੋ ਸਰਦਾਰੀ ਖੁੱਸ ਗਈ  
ਜਾ ਪੈਲੀ ਵਿਕ ਗਈ  
ਜਾਂ ਟਰੈਕਟਰ ਖੜੀਆਂ ਕਿਸ਼ਤਾਂ ਦਾ  
ਬੈਂਕ ਵਾਲੇ ਲੈ ਗਏ...।

ਭੀੜ ਪਈ ਤੋਂ ਕਈ ਯੋਧੇ  
ਫਾਹੇ ਵੀ ਚੁੰਮ ਜਾਂਦੇ  
ਕਈ ਜੰਮਪਲ ਪੜ੍ਹ ਲਿਖ  
ਠੰਢੇ ਮੁਲਕੀਂ ਗੁੰਮ ਜਾਂਦੇ  
ਨਾ ਤਾਂ ਡਾਲਰ ਨਾਲ ਜਾਂਦੇ  
ਨਾ ਪਾਪ ਤੇ ਪੁੰਨ ਜਾਂਦੇ  
ਜਿੰਦ ਲੇਖੇ ਲਾ ਇਸ ਧਰਤੀ ਦੇ  
ਝੁਟਾ ਆਊ ਸੁਰਗਾਂ ਦਾ  
ਝਾੜ ਪਰਨੇ ਨਾਲ ਥੜੇ ਨੂੰ  
ਬਾਬੇ ਜਦ ਸੱਥ 'ਚ ਬਹਿ ਗਏ...।

**ਖਾਲਸਾ ਪੰਥ**

# ਮੈਕਾਲਿਫ ਦੇ ਪਾਏ ਨੂੰ ਕੋਈ ਵਿਰਲਾ ਸਿੱਖ ਵਿਦਵਾਨ ਹੀ ਪਹੁੰਚ ਸਕਦਾ

**ਡਾ. ਗੁਲਜ਼ਾਰ ਸਿੰਘ ਕੰਗ**

*ਸਿੱਖ ਧਰਮ ਉਪਰ ਅਨੇਕਾਂ ਪੁਸਤਕਾਂ ਅੰਗਰੇਜ਼ੀ ਜ਼ੁਬਾਨ ਵਿਚ ਲਿਖੀਆਂ ਗਈਆਂ ਹਨ ਅਤੇ ਲਿਖੀਆਂ ਜਾਣਗੀਆਂ ਪਰ ਜੋ ਸਥਾਨ ਮੈਕਾਲਿਫ ਦੀ 'ਸਿੱਖ ਰਿਲੀਜਨ' ਨੂੰ ਪ੍ਰਾਪਤ ਹੈ, ਉਸ ਦਾ ਮੁਕਾਬਲਾ ਕੋਈ ਵਿਰਲਾ ਵਿਦਵਾਨ ਹੀ ਕਰੇਗਾ। ਜਿਸ ਦਿਆਨਤਦਾਰੀ, ਨੇਕ ਭਾਵਨਾ ਅਤੇ ਨਿਸ਼ਕਾਮਤਾ ਨਾਲ ਮਿਸਟਰ ਮੈਕਾਲਿਫ ਨੇ ਇਹ ਪਵਿੱਤਰ ਕੰਮ ਕੀਤਾ ਹੈ, ਉਹ ਆਪਣੇ ਆਪ ਵਿਚ ਇਕ ਮਿਸਾਲ ਹੈ। ਲੋੜ ਹੈ ਉਸ ਦੀਆਂ ਸਿੱਖ ਧਰਮ ਪ੍ਰਤੀ ਸੇਵਾਵਾਂ ਤੇ ਕਿਰਤ ਕਮਾਈ ਨੂੰ ਯਾਦ ਕਰਨ ਦੀ।*

ਮੈਕਸ ਆਰਥਰ ਮੈਕਾਲਿਫ ਉਹ ਗ਼ੈਰ ਸਿੱਖ ਵਿਦਵਾਨ ਹੈ ਜਿਸ ਨੇ ਸਿੱਖ ਧਰਮ ਅਤੇ ਸਿੱਖ ਇਤਿਹਾਸ ਉਪਰ ਏਨਾ ਨਿੱਗਰ ਅਤੇ ਵਿਸ਼ਾਲ ਕੈਨਵਸ ਵਾਲਾ ਕੰਮ ਕੀਤਾ ਹੈ ਜਿਸ ਨੂੰ ਕਿ ਸਿੱਖਾਂ ਦੀਆਂ ਸਭ ਪੀੜ੍ਹੀਆਂ ਵੀ ਪੂਰਾ ਨਹੀਂ ਕਰ ਸਕਦੀਆਂ। ਇਹ ਪਹਿਲਾ ਵਿਦਵਾਨ ਹੈ ਜਿਸ ਨੇ ਗੁਰੂ ਸਾਹਿਬਾਨ ਦੀ ਬਾਣੀ, ਉਨ੍ਹਾਂ ਦੇ ਇਤਿਹਾਸ ਨੂੰ ਅੰਗਰੇਜ਼ੀ ਜ਼ੁਬਾਨ ਰਾਹੀਂ ਸਿੱਖ ਪ੍ਰਸੰਗ ਦੀ ਲੋਅ ਵਿਚ ਸਮੁੱਚੇ ਵਿਸ਼ਵ ਦੇ ਸਨਮੁਖ ਕੀਤਾ ਹੈ। ਇਸ ਮਹਾਨ ਅਤੇ ਪਵਿੱਤਰ ਕਾਰਜ ਪ੍ਰਤੀ ਰਿਣ-ਮੁਕਤ ਹੋਣ ਲਈ ਇਸਦੀ ਜਿੰਨੀ ਵੀ ਪ੍ਰਸ਼ੰਸਾ ਕੀਤੀ ਜਾਵੇ, ਉਹ ਥੋੜ੍ਹੀ ਹੈ। ਸਿਤਮ ਦਰ ਸਿਤਮ ਇਹ ਹੈ ਕਿ ਉਹ ਇਕ ਇਸਾਈ ਸੀ ਅਤੇ ਇਸਾਈਆਂ ਨੇ ਉਸ ਦੀ ਕਦਰ ਇਸ ਕਰਕੇ ਨਾ ਪਾਈ ਕਿ ਉਸ ਨੇ ਸਾਰੀ ਉਮਰ ਸਿੱਖ ਧਰਮ ਲਈ ਕੰਮ ਕੀਤਾ ਹੈ। ਇਸ ਮਹਾਨ ਕਾਰਜ ਲਈ ਉਸਨੂੰ ਨੌਕਰੀ ਤੋਂ ਤਿਆਗ ਪੱਤਰ ਦੇਣਾ ਪਿਆ ਅਤੇ ਅੰਤਲੀ ਉਮਰ ਵਿਚ ਉਸਨੂੰ ਆਪਣੇ ਹੀ ਵਤਨ ਦੀ ਧਰਤੀ (ਵਲਾਇਤ) ਉੱਪਰ ਪਰਾਇਆਂ ਵਾਂਗ ਰਹਿਣਾ ਪਿਆ ਤੇ ਅਨਾਮੀ ਮੌਤ ਮਰਨਾ ਪਿਆ। ਸਿੱਖਾਂ ਦੇ ਧਰਮ ਗ੍ਰੰਥ 'ਸ੍ਰੀ ਗੁਰੂ ਗ੍ਰੰਥ ਸਾਹਿਬ', ਸਿੱਖ ਚਿੰਤਨ ਅਤੇ ਪਰੰਪਰਾ ਨੂੰ ਪਿਆਰ ਕਰਨ ਦਾ ਇਵਜ਼ ਉਸਨੂੰ ਇਹ ਚਕਾਉਣਾ ਪਿਆ ਕਿ ਉਹ ਨਾ ਘਰ ਦਾ ਰਿਹਾ, ਨਾ ਘਾਟ ਦਾ। ਇਸ ਦੀ ਨਮੋਸ਼ੀ ਮੈਕਾਲਿਫ ਦੀ ਰੂਹ ਨੂੰ ਨਹੀਂ, ਸਗੋਂ ਸਿੱਖੀ ਦੇ ਵਾਰਸ ਉਨ੍ਹਾਂ ਆਗੂਆਂ ਅਤੇ ਬੁੱਧੀਜੀਵੀਆਂ ਨੂੰ ਹੈ ਜਿਨ੍ਹਾਂ ਕਦੇ ਉਸ ਨੂੰ ਯਾਦ ਕਰਨ ਦਾ ਸਬੱਬ ਹੀ ਨਹੀਂ ਬਣਾਇਆ।

ਆਓ ਸਿੱਖ ਚਿੰਤਨ ਦੇ ਇਸ ਮਹਾਨ ਵਿਦਵਾਨ ਨੂੰ ਯਾਦ ਕਰੀਏ ਕਿ ਕਿਵੇਂ ਉਸਦੇ ਚਿੰਤਨ ਵਿਚ ਗੁਰਬਾਣੀ ਅਤੇ ਇਸ ਦੀ ਸਰੰਚਨਾ ਦੇ ਸਮਾਨਅੰਤਰ ਤੁਰਦੇ ਹੋਏ ਸਿੱਖ ਚੇਤਨਾ ਦੀ ਸਦ-ਤਾਜ਼ਗੀ ਨੂੰ ਇਸਦੀ ਇਲਾਹੀ ਸਾਦਗੀ ਵਿਚ ਰੂਪਮਾਨ ਕਰਨ ਦੀ ਸਮਰਥਾ ਸੀ। ਜਿਸ ਵਿਚੋਂ ਉਸਦਾ ਸਿੱਖ ਧਰਮ ਪ੍ਰਤੀ ਨਿਰਛਲ ਮੋਹ ਉਜਾਗਰ ਹੁੰਦਾ ਹੈ।

ਮੈਕਸ ਆਰਥਰ ਮੈਕਾਲਿਫ ਦਾ ਜਨਮ 10 ਸਤੰਬਰ 1841 ਈ. ਨੂੰ ਆਇਰਲੈਂਡ ਦੇ ਕਸਬੇ ਨਿਊ ਕੈਸਲ ਵੈਸਟ ਵਿਚ ਹੋਇਆ। ਉਸਨੇ ਮੁੱਢਲੀ ਵਿਦਿਆ ਨਿਊ ਕੈਸਲ ਦੇ ਸਥਾਨਕ ਸਕੂਲ ਅਤੇ ਲਾਈਮਰਿਕ ਤੋਂ ਪ੍ਰਾਪਤ ਕੀਤੀ। ਉਚੇਰੀ ਸਿੱਖਿਆ ਲਈ ਉਹ ਸਪਰਿੰਗਫੀਲਡ ਕਾਲਜ ਅਤੇ ਕਿਊਨਜ਼ ਕਾਲਜ ਗਾਲਵੇ ਚਲਾ ਗਿਆ। ਇਥੇ ਹੀ ਉਸਦਾ ਨਜ਼ਰੀਆ ਮਾਨਵਵਾਦੀ ਅਤੇ ਵਿਸ਼ਾਲ ਸੋਚ ਵਾਲਾ ਬਣ ਗਿਆ। ਉਸਨੇ ਪਰੰਪਰਾਵਾਦੀ ਸੋਚ ਤੋਂ ਉਪਰ ਉੱਠ ਕੇ ਗਰੀਕ ਅਤੇ ਲਾਤੀਨੀ ਸਨਾਤਨੀ ਸਾਹਿਤ ਦਾ ਅਧਿਐਨ ਕੀਤਾ ਅਤੇ ਫ੍ਰੈਂਚ ਤੇ ਇਤਾਲਵੀ ਭਾਸ਼ਾਵਾਂ ਵੀ ਸਿੱਖੀਆਂ। ਆਈ.ਸੀ.ਐਸ. (ਇੰਡੀਅਨ ਸਿਵਲ ਸਰਵਿਸ) ਦਾ ਇਮਤਿਹਾਨ ਪਾਸ ਕਰਨ ਉਪਰੰਤ ਉਸਦੀ ਨਿਯੁਕਤੀ 1862 ਈ. ਵਿਚ ਪੰਜਾਬ ਵਿਚ ਹੋਈ ਪਰ ਉਹ ਫਰਵਰੀ 1864 ਨੂੰ ਹੀ ਪੰਜਾਬ ਵਿਚ ਆਇਆ ਅਤੇ ਕਈ ਥਾਈਂ ਅਸਿਸਟੈਂਟ ਕਮਿਸ਼ਨਰ ਰਿਹਾ। 1882 ਈ. ਵਿਚ ਉਹ ਡਿਪਟੀ ਕਮਿਸ਼ਨਰ ਬਣ ਗਿਆ ਤੇ ਦੋ ਸਾਲ ਬਾਅਦ ਉਸਦੀ ਤਰੱਕੀ ਡਵੀਜ਼ਨਲ ਜੱਜ ਦੇ ਰੂਪ ਵਿਚ ਹੋ ਗਈ।

ਜਦ ਮੈਕਾਲਿਫ਼ ਗੁਜਰਾਤ ਦਾ ਡਿਪਟੀ ਕਮਿਸ਼ਨਰ ਸੀ ਤਾਂ ਇਕ ਵਾਰ ਉਹ ਦੀਵਾਲੀ ਦੇ ਮੌਕੇ ਅੰਮ੍ਰਿਤਸਰ ਆਇਆ। ਹਰਿਮੰਦਰ ਸਾਹਿਬ ਦੇ ਦਰਸ਼ਨ ਕਰਕੇ ਉਸਦੇ ਮਨ ਅੰਦਰ ਸਿੱਖ ਧਰਮ ਪ੍ਰਤੀ ਡੂੰਘੀ ਸ਼ਰਧਾ ਪੈਦਾ ਹੋ ਗਈ। ਸਿੱਖ ਧਰਮ ਨੂੰ ਜਾਣਨ ਦੀ ਜਗਿਆਸਾ ਕਰਕੇ ਉਹ ਇਥੇ ਕਈ ਸਿੱਖ ਵਿਦਵਾਨਾਂ ਅਤੇ ਗਿਆਨੀਆਂ ਨੂੰ ਮਿਲਿਆ। ਉਨ੍ਹਾਂ ਪਾਸੋਂ ਗੁਰਬਾਣੀ ਸੁਣ ਕੇ ਅਤੇ ਉਨ੍ਹਾਂ ਦੇ ਸਿੱਖੀ ਜੀਵਨ ਨੂੰ ਵੇਖ ਕੇ ਉਹ ਗੁਰਸਿੱਖੀ ਦੇ ਪ੍ਰਭਾਵ ਹੇਠ ਆ ਗਿਆ। ਉਸ ਨੇ ਇਹ ਗੱਲ ਸ਼ਿੱਦਤ ਨਾਲ ਮਹਿਸੂਸ ਕੀਤੀ ਕਿ ਸਿੱਖ ਕੌਮ ਦੀ ਬਹਾਦਰੀ ਦੀ ਤਾਂ ਦੁਨੀਆਂ ਦੇ ਲੋਕਾਂ ਵਿਚ ਧਾਂਕ ਪਈ ਹੋਈ ਹੈ ਪਰ ਇਸ ਧਰਮ ਬਾਰੇ ਦੁਨੀਆਂ ਦੇ ਲੋਕ ਕੁਝ ਨਹੀਂ ਜਾਣਦੇ। ਉਹ ਖੁਦ ਲਿਖਦਾ ਹੈ ਕਿ ਮੈਂ ਭਾਰਤ ਅਤੇ ਕਈ ਹੋਰ ਦੇਸ਼ਾਂ ਵਿਚ ਜਿਥੇ ਵੀ ਗਿਆ ਹਾਂ, ਉਥੋਂ ਦੇ ਪੜ੍ਹਿਆਂ-ਲਿਖਿਆਂ ਤੋਂ ਜਦ ਸਿੱਖ ਧਰਮ ਬਾਰੇ ਪੁੱਛਦਾ ਹਾਂ ਤਾਂ ਹੈਰਾਨ ਹੁੰਦਾ ਹਾਂ ਕਿ ਉਹ ਇਸ ਧਰਮ ਬਾਰੇ ਅਣਜਾਣ ਹਨ।

ਇਸਦਾ ਕਾਰਨ ਇਹੀ ਹੈ ਕਿ ਸਿੱਖਾਂ ਦੀ ਪਵਿੱਤਰ ਬਾਣੀ ਜਿਸ ਭਾਸ਼ਾ ਵਿਚ ਉਚਾਰੀ ਗਈ ਹੈ, ਉਸਨੂੰ ਵਿਦੇਸ਼ੀ ਲੋਕ ਜਾਣਦੇ ਨਹੀਂ ਹਨ। ਸਿੱਖ ਧਰਮ ਨੂੰ ਵਿਸ਼ਵ ਵਿਆਪੀ ਪੱਧਰ ਉਪਰ ਪ੍ਰਚਾਰਨ ਦੀ ਰੀਝ ਹਿੱਤ ਹੀ ਉਸ ਨੇ ਸਿੱਖ ਧਰਮ ਅਤੇ ਸਿੱਖ ਇਤਿਹਾਸ ਉਪਰ ਡੂੰਘੀ ਖੋਜ ਕਰਕੇ ਇਸਨੂੰ ਅੰਗਰੇਜ਼ੀ ਭਾਸ਼ਾ ਵਿਚ ਛਾਪਣ ਦਾ ਮਨ ਬਣਾਇਆ।

ਮੈਕਾਲਿਫ਼ ਨੂੰ ਇਹ ਗਿਆਨ ਵੀ ਸੀ ਕਿ ਉਸ ਤੋਂ ਪਹਿਲਾਂ ਸਿੱਖ ਧਰਮ ਪ੍ਰਤੀ ਜੋ ਕੰਮ ਅੰਗਰੇਜ਼ੀ ਵਿਚ ਹੋਇਆ ਹੈ ਉਹ ਸਿੱਖੀ ਭਾਵਨਾ ਤੋਂ ਅਭਿੱਜ ਰਹਿ ਕੇ ਹੋਇਆ ਹੈ। ਇਸੇ ਕਰਕੇ ਉਹ ਜਰਮਨ ਪਾਦਰੀ ਮਿਸਟਰ ਟਰੰਪ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗਰੇਜ਼ੀ ਅਨੁਵਾਦ (ਜੋ ਇੰਡੀਆ ਆਫਿਸ ਵਲੋਂ 1877 ਈ. ਵਿਚ ਹੋਇਆ ਸੀ) ਨੂੰ ਮੁੱਢੋਂ ਰੱਦ ਕਰ ਦਿੰਦਾ ਹੈ। ਉਹ ਸਮਝਦਾ ਸੀ ਕਿ ਇਹ ਕੰਮ ਦੂਜੇ ਮੱਤਾਂ ਦੇ ਵਿਰੋਧ ਵਿਚ ਘਿਰਣਾ ਦੇ ਭਾਵ ਰੱਖ ਕੇ ਕੀਤਾ ਗਿਆ ਹੈ। ਸਿੱਖ ਗੁਰੂ ਸਾਹਿਬਾਨ ਦੇ ਜੀਵਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਅਧਿਐਨ ਉਸ ਨੇ ਸਿੱਖ ਪ੍ਰਸੰਗ ਨਾਲ ਕੇਂਦਰਿਤ ਹੋ ਕੇ ਕਰਨਾ ਸ਼ੁਰੂ ਕੀਤਾ।

ਉਪਰੋਕਤ ਕਾਰਜ ਲਈ ਮੈਕਾਲਿਫ਼ ਨੇ ਸਭ ਤੋਂ ਪਹਿਲਾਂ ਗੁਰਬਾਣੀ ਨੂੰ ਪੜ੍ਹਨ ਤੇ ਸਮਝਣ ਲਈ ਗੁਰਮੁਖੀ ਪੜ੍ਹਨੀ-ਲਿਖਣੀ ਸਿੱਖੀ। ਫਿਰ ਸਿੱਖ ਵਿਦਵਾਨਾਂ ਅਤੇ ਗਿਆਨੀਆਂ ਪਾਸੋਂ ਸਿੱਖ ਧਰਮ ਤੇ ਗੁਰਬਾਣੀ ਦੀਆਂ ਬਾਰੀਕੀਆਂ ਸਮਝਣ ਲਈ ਸੰਪਰਕ ਕੀਤਾ ਜਿਨ੍ਹਾਂ ਵਿਚ ਭਾਈ ਗੁਰਮੁਖ ਸਿੰਘ ਜੀ ਪ੍ਰੋਫੈਸਰ ਓਰੀਐਂਟਲ ਕਾਲਜ ਲਾਹੌਰ, ਭਾਈ ਦਿੱਤ ਸਿੰਘ ਜੀ ਗਿਆਨੀ ਲਾਹੌਰ, ਭਾਈ ਸਰਦੂਲ ਸਿੰਘ ਜੀ ਗਿਆਨੀ ਅੰਮ੍ਰਿਤਸਰ, ਭਾਈ ਸੰਤ ਸਿੰਘ ਜੀ ਗਿਆਨੀ ਕਪੂਰਥਲਾ ਆਦਿ ਵਰਨਣਯੋਗ ਹਨ। ਇਨ੍ਹਾਂ ਦੇ ਮੇਲ-ਜੋਲ ਨਾਲ ਮੈਕਾਲਿਫ਼ ਦੇ ਦਿਲ ਅੰਦਰ ਸਿੱਖੀ ਪਿਆਰ ਦਿਨੋਂ ਦਿਨ ਵਧਦਾ ਗਿਆ। ਉਸ ਦੀਆਂ ਲਿਖਤਾਂ ਪਹਿਲੀ ਵਾਰ 'ਕਲੱਕਤਾ ਰਿਵਿਊ' ਵਿਚ 1875 ਤੋਂ 1881 ਈ. ਤੱਕ ਛਪੀਆਂ। ਗੁਰਬਾਣੀ ਦੇ ਗੂੜ ਅਰਥਾਂ ਨੂੰ ਸਮਝਣ ਲਈ ਉਸਨੇ ਭਾਈ ਕਾਨ੍ਹ ਸਿੰਘ ਨਾਭਾ ਦੀ ਸਹਾਇਤਾ ਲਈ। ਸਿੱਖ ਧਰਮ ਉਪਰ ਕਾਰਜ ਸ਼ੁਰੂ ਕਰਨ ਲਈ ਉਸਨੇ ਅੰਮ੍ਰਿਤਸਰ ਕੈਨਟੋਨਮੈਂਟ ਰੋਡ 'ਤੇ ਇਕ ਘਰ ਖਰੀਦ ਕੇ ਨਿਵਾਸ ਕਰਨਾ ਸ਼ੁਰੂ ਕੀਤਾ। ਸਮੇਂ-ਸਮੇਂ ਉਹ ਭਾਈ ਕਾਨ੍ਹ ਸਿੰਘ ਨਾਭਾ ਨੂੰ ਨਾਲ ਲੈ ਕੇ ਮਸੂਰੀ ਅਤੇ ਦੇਹਰਾਦੂਨ ਵੀ ਰਹਿੰਦੇ ਰਹੇ।

ਮੈਕਾਲਿਫ਼ ਦੇ ਸਿੱਖ ਧਰਮ ਪ੍ਰਤੀ ਉਤਸ਼ਾਹ ਅਤੇ ਲਗਨ ਨੂੰ ਵੇਖ ਕੇ ਖਾਲਸਾ ਦੀਵਾਨ ਲਾਹੌਰ ਨੇ ਬੇਨਤੀ ਕੀਤੀ ਕਿ ਆਪ ਸਰਕਾਰੀ ਨੌਕਰੀ ਛੱਡ ਕੇ ਇਸ ਕੰਮ ਵਿਚ ਜੁੱਟ ਜਾਓ। ਆਪ ਨੇ ਬੇਨਤੀ ਪ੍ਰਵਾਨ ਕਰਕੇ ਸੰਨ 1893 ਈ. ਨੂੰ ਡਵੀਜ਼ਨਲ ਜੱਜ ਦੀ ਸਰਕਾਰੀ ਨੌਕਰੀ ਤਿਆਗ ਦਿੱਤੀ ਤੇ ਸਾਰਾ ਵਕਤ ਗੁਰਬਾਣੀ ਦੇ ਅਨੁਵਾਦ ਵਲ ਲਾ ਦਿੱਤਾ।

ਮੈਕਾਲਿਫ਼ 'ਸਿੱਖ ਰਿਲੀਜ਼ਨ' ਦੀ ਭੂਮਿਕਾ ਵਿਚ ਲਿਖਦਾ ਹੈ ਕਿ ਸਿੱਖ ਧਰਮ ਉਪਰ ਕੰਮ ਕਰਨ ਲਈ ਸ਼ੁਰੂ ਵਿਚ ਉਸਦਾ ਵਿਚਾਰ ਸੀ ਕਿ ਉਹ ਗੁਰਬਾਣੀ ਦਾ ਹੀ ਤਰਜ਼ਮਾ ਕਰੇ ਅਤੇ ਇਸ ਕੰਮ ਲਈ ਕਈ ਸਾਲ ਲੱਗ ਗਏ। ਇਹ ਅਨੁਵਾਦ ਵੀ ਇਕ ਨਿਰਾਲੇ ਢੰਗ ਨਾਲ ਤਿਆਰ ਹੋਇਆ ਕਿਉਂਕਿ ਉਸਨੇ ਆਪਣੇ ਅਨੁਵਾਦ ਬਾਰੇ ਪਹਿਲਾਂ ਸਿੱਖ ਵਿਦਵਾਨਾਂ ਪਾਸੋਂ ਰਾਏ ਮੰਗੀ। ਅਜਿਹਾ ਕਰਨ ਨਾਲ ਵਕਤ ਤੇ ਖਰਚਾ ਭਾਵੇਂ ਵਧ ਗਿਆ ਪਰ ਕੰਮ ਸਿੱਖੀ ਰੂਪ ਵਿਚ "ਸਿੱਖ ਧਰਮ, ਗੁਰੂ ਸਾਹਿਬਾਨ, ਪਵਿੱਤਰ ਰਚਨਾਵਾਂ ਤੇ ਰਚਨਾਕਾਰ" (The Sikh Religion, Its Gurus, Sacred Writings and Authors) ਸਿਰਲੇਖ ਹੇਠ ਛੇ ਭਾਗਾਂ ਵਿਚ ਆਕਸਫੋਰਡ ਦੀ ਕਲੈਰੇਡਨ ਪ੍ਰੈਸ ਤੋਂ ਪ੍ਰਕਾਸ਼ਿਤ ਹੋਇਆ। ਇਸ ਦੇ ਪਰੂਫ ਪੜ੍ਹਨ ਲਈ ਉਚੇਚੇ ਰੂਪ ਵਿਚ ਭਾਈ ਕਾਨ੍ਹ ਸਿੰਘ ਨਾਭਾ ਜੀ ਨੂੰ ਵਲਾਇਤ ਲਿਜਾਇਆ ਗਿਆ। ਪੁਸਤਕ ਪ੍ਰਕਾਸ਼ਤ ਹੋਣ ਉਪਰੰਤ ਮੈਕਾਲਿਫ਼ ਨੇ ਇਸ ਦੇ ਕਾਪੀ ਰਾਈਟ ਵੀ ਭਾਈ ਕਾਨ੍ਹ ਸਿੰਘ ਨਾਭਾ ਜੀ ਨੂੰ ਅਰਪਨ ਕਰ ਦਿੱਤੇ। ਵਡੇਰੇ ਆਕਾਰ ਵਾਲੀ ਇਹ ਪੁਸਤਕ ਜਿਸਨੂੰ ਵਧੇਰੇ ਕਰਕੇ 'ਸਿੱਖ ਰਿਲੀਜ਼ਨ' ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ, ਛੇ ਜਿਲਦਾਂ ਵਿਚ ਹੈ ਤੇ ਇਸਦੀ ਰੂਪ ਰੇਖਾ ਇਸ ਪ੍ਰਕਾਰ ਹੈ;

ਪਹਿਲਾ ਭਾਗ : ਸ੍ਰੀ ਗੁਰੂ ਨਾਨਕ ਦੇਵ ਜੀ  
ਦੂਜਾ ਭਾਗ : ਗੁਰੂ ਅੰਗਦ ਦੇਵ ਜੀ,  
ਗੁਰੂ ਅਮਰਦਾਸ ਜੀ ਤੇ  
ਗੁਰੂ ਰਾਮਦਾਸ ਜੀ।  
ਤੀਜਾ ਭਾਗ : ਗੁਰੂ ਅਰਜਨ ਦੇਵ ਜੀ  
ਚੌਥਾ ਭਾਗ : ਗੁਰੂ ਹਰਿਗੋਬਿੰਦ ਜੀ  
ਗੁਰੂ ਹਰਿ ਰਾਏ ਜੀ,  
ਗੁਰੂ ਹਰਿ ਕ੍ਰਿਸ਼ਨ ਜੀ ਅਤੇ  
ਗੁਰੂ ਤੇਗ ਬਹਾਦਰ ਜੀ।  
ਪੰਜਵਾਂ ਭਾਗ : ਗੁਰੂ ਗ੍ਰੰਥ ਸਾਹਿਬ ਦੇ ਭਗਤ ਕਵੀ।

ਮੈਕਾਲਿਫ ਦੇ ਮਨ ਵਿਚ ਪਹਿਲਾਂ ਇਹ ਵਿਚਾਰ ਸੀ ਕਿ ਸਾਰੀ ਗੁਰਬਾਣੀ ਦਾ ਅਨੁਵਾਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਰਤੀਬ ਅਨੁਸਾਰ ਕੀਤਾ ਜਾਵੇ। ਪਰ ਫਿਰ ਉਸ ਨੇ ਸੋਚਿਆ ਕਿ ਸਿੱਖ ਗੁਰੂ ਸਾਹਿਬਾਨ ਦਸ ਜਾਮਿਆਂ ਵਿਚ ਇਕੋ ਜੋਤਿ ਸਨ ਅਤੇ ਇਹੀ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਿਦਮਾਨ ਹੋਣ ਕਰਕੇ ਇਹ ਗ੍ਰੰਥ ਸਿੱਖਾਂ ਦਾ 'ਸ਼ਬਦ ਗੁਰੂ' ਹੈ। ਇਸਨੂੰ ਉਹ ਰੇਸ਼ਮੀ ਰੁਮਾਲਿਆਂ ਵਿਚ ਰੱਖਦੇ ਹਨ। ਰਵਾਇਤ ਅਨੁਸਾਰ ਰੋਜ਼ਾਨਾ ਪ੍ਰਕਾਸ਼ ਅਤੇ ਸੁਖ ਆਸਨ ਕਰਦੇ ਹਨ। ਇਕ ਥਾਂ ਤੋਂ ਦੂਜੀ ਥਾਂ ਲਿਜਾਣ ਲਈ ਮੰਜੀ ਸਾਹਿਬ 'ਤੇ ਸੁਸ਼ੋਭਿਤ ਕਰਕੇ ਸ਼ਰਧਾ ਨਾਲ ਲਿਜਾਂਦੇ ਹਨ। ਗੁਰਬਾਣੀ ਦੇ ਅੰਗਰੇਜ਼ੀ ਉਲਥੇ ਦਾ ਇਸ ਤਰ੍ਹਾਂ ਦਾ ਸਤਿਕਾਰ ਪਰਦੇਸਾਂ ਵਿਚ ਨਹੀਂ ਹੋ ਸਕਦਾ ਇਸ ਕਰਕੇ ਉਸ ਨੇ ਗੁਰੂ ਸਾਹਿਬਾਨ ਦੀਆਂ ਜੀਵਨੀਆਂ ਦੇ ਨਾਲ ਹੀ ਉਨ੍ਹਾਂ ਦੀ ਬਾਣੀ ਨੂੰ ਦੇਣਾ ਮੁਨਾਸਿਬ ਸਮਝਿਆ। ਜਿਥੇ ਕਿਸੇ ਸ਼ਬਦ ਦਾ ਦੁਹਰਾ ਸੀ, ਉਸਨੂੰ ਛੱਡ ਦਿੱਤਾ ਗਿਆ ਹੈ। ਇਸ ਵੱਡ ਅਕਾਰੀ ਰਚਨਾ ਵਿਚ ਗੁਰੂ ਸਾਹਿਬਾਨ ਦੇ ਚਿੱਤਰ ਵੀ ਦਿੱਤੇ ਗਏ ਹਨ ਜੋ ਟਿੱਕਾ ਰਿਪੁਦਮਨ ਸਿੰਘ ਨਾਭਾ ਨੇ ਆਪਣੀ ਨਿਗਰਾਨੀ ਹੇਠ ਭਾਈ ਲਾਲ ਸਿੰਘ ਤੋਂ ਤਿਆਰ ਕਰਵਾਏ ਸਨ।

ਪੁਸਤਕ 'ਸਿੱਖ ਰਿਲੀਜਨ' ਦੀ ਤਿਆਰੀ ਲਈ ਮੈਕਾਲਿਫ ਨੂੰ ਕਈ ਸਾਲ ਨਿਰੰਤਰ ਮਿਹਨਤ ਕਰਨੀ ਪਈ ਤੇ ਵੱਡਾ ਖਰਚਾ ਵੀ ਆਇਆ। ਕਿਸੇ ਸਰਕਾਰ ਵਲੋਂ ਕੋਈ ਵੀ ਮਦਦ ਉਸਨੂੰ ਨਹੀਂ ਮਿਲੀ। ਆਖਰੀ ਉਮਰ ਵਿਚ ਮੈਕਾਲਿਫ ਵਲਾਇਤ ਚਲਾ ਗਿਆ ਤੇ ਉੱਥੇ ਉਸ ਨੇ ਐਨਸਾਈਕਲੋਪੀਡੀਆ ਆਫ ਬ੍ਰਿਟੈਨਿਕਾ ਦੀ ਗਿਆਰ੍ਹਵੀਂ ਐਡੀਸ਼ਨ ਲਈ ਸਿੱਖ ਧਰਮ ਦੀ ਐਂਟਰੀ ਕੀਤੀ। ਪੱਛਮ ਦੇ ਲੋਕਾਂ ਨੂੰ ਉਹ ਕਹਿੰਦਾ ਹੁੰਦਾ ਸੀ ਕਿ ਮੈਂ ਪੂਰਬ ਤੋਂ ਉਹ ਧਰਮ ਫਲਸਫਾ ਲੈ ਕੇ ਆਇਆ ਹਾਂ ਜਿਸ ਬਾਰੇ ਦੁਨੀਆਂ ਦੇ ਲੋਕਾਂ ਨੂੰ ਬਹੁਤ ਘੱਟ ਪਤਾ ਹੈ ਅਤੇ ਇਸ ਦੀ ਰੂਹਾਨੀਅਤ ਰੂਹ ਦੇ ਕਪਾਟ ਖੋਲ੍ਹਦੀ ਹੈ।

15 ਮਾਰਚ 1913 ਈ. ਨੂੰ ਇਹ ਮਹਾਨ ਵਿਦਵਾਨ ਲੰਡਨ ਵਿਚ ਆਪਣੇ ਘਰ ਸਿਨਕਲੇਰ ਗਾਰਡਨ ਵਿਖੇ ਪ੍ਰਲੋਕ ਸਿਧਾਰ ਗਿਆ। ਇਸ ਸਮੇਂ ਆਪ ਪਾਸ ਇਕ ਪੰਜਾਬੀ ਨੌਕਰ ਮੁਹੰਮਦ ਸੀ ਜੋ ਦੱਸਦਾ ਹੈ ਕਿ ਅੰਤਿਮ ਸਮੇਂ ਮੈਕਾਲਿਫ ਜਪੁਜੀ ਸਾਹਿਬ ਦਾ ਪਾਠ ਕਰ ਰਹੇ ਸਨ। ਉਸਦੇ ਜਨਾਜ਼ੇ ਵਿਚ ਬਹੁਤੇ ਲੋਕ ਸ਼ਾਮਲ ਨਾ ਹੋਏ ਕਿਉਂਕਿ ਉਹ ਸਮਝਦੇ ਸਨ ਕਿ ਮੈਕਾਲਿਫ ਇਕ ਸਿੱਖ ਹੈ।

ਸਿੱਖਾਂ ਨੇ ਭਾਰਤ ਵਿਚ ਉਸ ਨੂੰ ਇਸ ਕਰਕੇ ਮਾਣ ਨਾ ਦਿੱਤਾ ਕਿ ਉਹ ਇਕ ਇਸਾਈ ਸੀ। ਉਸ ਦੀ ਮੌਤ ਉਪਰੰਤ ਰਾਵਲਪਿੰਡੀ ਦੇ ਸਿੱਖਾਂ ਨੇ ਇਕ ਵਿਦਿਅਕ ਕਾਨਫਰੰਸ ਕਰਕੇ ਉਸ ਦੀਆਂ ਸੇਵਾਵਾਂ ਪ੍ਰਤੀ ਇਕ ਮਤਾ ਪਾਸ ਕੀਤਾ। ਭਗਤ ਲਛਮਣ ਸਿੰਘ ਨੇ ਮੈਕਾਲਿਫ ਦੇ ਨਾਮ ਉਪਰ 'ਮੈਕਾਲਿਫ ਮੈਮੋਰੀਅਲ ਫੰਡ' ਖੋਲ੍ਹਿਆ ਤਾਂ ਕਿ ਇਕ ਲਾਇਬਰੇਰੀ ਉਸ ਦੇ ਨਾਮ ਉੱਪਰ ਬਣਾਈ ਜਾਵੇ। ਇਸ ਫੰਡ ਵਿਚ ਕੁਲ 3245 ਰੁਪਏ ਇਕੱਤਰ ਹੋਏ ਜਿਸ ਨਾਲ ਲਾਇਬਰੇਰੀ ਸਥਾਪਤ ਕਰਨਾ ਅਸੰਭਵ ਸੀ। ਇਹ ਫੰਡ ਪੰਜਾਬ ਯੂਨੀਵਰਸਿਟੀ ਲਾਹੌਰ ਨੂੰ ਦੇ ਦਿੱਤਾ ਗਿਆ ਤਾਂ ਕਿ ਮੈਕਾਲਿਫ ਦੇ ਨਾਮ ਉੱਪਰ ਯਾਦਗਾਰੀ ਲੈਕਚਰ ਕਰਵਾ ਕੇ ਬੁਲਾਰਿਆਂ ਨੂੰ ਇਨਾਮ ਦਿੱਤਾ ਜਾਇਆ ਕਰੇ। ਪਰ ਯੂਨੀਵਰਸਿਟੀ ਅਧਿਕਾਰੀਆਂ ਨੇ ਇਹ ਪੈਸਾ ਲੈਣ ਤੋਂ ਇਨਕਾਰ ਕਰ ਦਿੱਤਾ। ਬਾਅਦ ਵਿਚ ਇਹ ਫੰਡ ਖ਼ਾਲਸਾ ਕਾਲਜ ਅੰਮ੍ਰਿਤਸਰ ਨੂੰ ਦਿੱਤਾ ਗਿਆ ਜਿਸ ਨਾਲ ਹਰ ਸਾਲ ਸਿੱਖ ਧਰਮ ਜਾਂ ਇਤਿਹਾਸ ਸਬੰਧੀ ਇਕ ਮਜ਼ਮੂਨ ਲਿਖਵਾ ਕੇ ਇਨਾਮ ਦਿੱਤਾ ਜਾਂਦਾ ਹੈ।

ਸਿੱਖ ਧਰਮ ਉਪਰ ਅਨੇਕਾਂ ਪੁਸਤਕਾਂ ਅੰਗਰੇਜ਼ੀ ਜ਼ੁਬਾਨ ਵਿਚ ਲਿਖੀਆਂ ਗਈਆਂ ਹਨ ਅਤੇ ਲਿਖੀਆਂ ਜਾਣਗੀਆਂ ਪਰ ਜੋ ਸਥਾਨ ਮੈਕਾਲਿਫ ਦੀ 'ਸਿੱਖ ਰਿਲੀਜਨ' ਨੂੰ ਪ੍ਰਾਪਤ ਹੈ, ਉਸ ਦਾ ਮੁਕਾਬਲਾ ਕੋਈ ਵਿਰਲਾ ਵਿਦਵਾਨ ਹੀ ਕਰੇਗਾ। ਜਿਸ ਦਿਆਨਤਦਾਰੀ, ਨੇਕ ਭਾਵਨਾ ਅਤੇ ਨਿਸ਼ਕਾਮਤਾ ਨਾਲ ਮਿਸਟਰ ਮੈਕਾਲਿਫ ਨੇ ਇਹ ਪਵਿੱਤਰ ਕੰਮ ਕੀਤਾ ਹੈ, ਉਹ ਆਪਣੇ ਆਪ ਵਿਚ ਇਕ ਮਿਸਾਲ ਹੈ। ਲੋੜ ਹੈ ਉਸ ਦੀਆਂ ਸਿੱਖ ਧਰਮ ਪ੍ਰਤੀ ਸੇਵਾਵਾਂ ਤੇ ਕਿਰਤ ਕਮਾਈ ਨੂੰ ਯਾਦ ਕਰਨ ਦੀ।

# ਬਾਦਲ ਦਾ ਇਕ ਉਰਦੂ ਭਾਸ਼ਣ

**ਅਭੈ ਸਿੰਘ**

ਇਨ੍ਹਾਂ ਸਤਰਾਂ ਦਾ ਲੇਖਕ ਉਰਦੂ ਦਾ ਵਿਦਿਆਰਥੀ ਵੀ ਹੈ ਅਤੇ ਅਧਿਆਪਕ ਵੀ। ਮੈਂ ਇਸ ਜ਼ੁਬਾਨ ਦੀ ਬਿਹਤਰੀ ਅਤੇ ਪ੍ਰਸਾਰ ਲਈ ਕਈ ਉਦਮਾਂ ਵਿਚ ਸ਼ਾਮਲ ਹੁੰਦਾ ਰਹਿੰਦਾ ਹਾਂ। ਨਾ ਸਿਰਫ ਉਰਦੂ ਰਾਹੀਂ ਮੈਂ ਚਾਰ ਪੈਸੇ ਕਮਾਉਂਦਾ ਹਾਂ ਸਗੋਂ ਮੇਰਾ ਇਸ ਖ਼ੂਬਸੂਰਤ ਜ਼ੁਬਾਨ ਨਾਲ ਇਸ਼ਕ ਵੀ ਹੈ। ਹਾਲਾਂਕਿ ਮੇਰਾ ਉਰਦੂ ਪ੍ਰੇਮ, ਕਿਸੇ ਵੀ ਤਰ੍ਹਾਂ ਮੇਰੇ ਪੰਜਾਬੀ ਪ੍ਰੇਮ ਵਿਚ ਰੁਕਾਵਟ ਨਹੀਂ ਬਣਦਾ ਅਤੇ ਨਾ ਹੀ ਹਿੰਦੀ ਪ੍ਰੇਮ ਵਿਚ। ਕੋਈ ਵੀ ਭਾਸ਼ਾ ਕਿਸੇ ਦੂਜੀ ਭਾਸ਼ਾ ਦੀ ਸੌਕਣ ਨਹੀਂ ਹੁੰਦੀ। ਹਰ ਇਕ ਦਾ ਆਪੋ ਆਪਣਾ ਸਤਿਕਾਰਤ ਸਥਾਨ ਹੈ। ਪਰ ਸਾਰੇ ਸੰਸਾਰ ਦੀ ਮਾਨਤਾ ਹੈ ਕਿ ਮਨੁੱਖ ਵਾਸਤੇ ਸਭ ਤੋਂ ਅਹਿਮ ਉਸ ਦੀ ਮਾਂ ਬੋਲੀ ਹੈ। ਮਾਂ ਬੋਲੀਆਂ, ਕਿਸੇ ਦੀਆਂ ਵੀ ਦੋ ਨਹੀਂ ਹੋ ਸਕਦੀਆਂ। ਹਰ ਇਕ ਦੀ ਮਾਂ ਬੋਲੀ ਇਕੋ ਹੀ ਹੋਵੇਗੀ। ਮਾਂ ਬੋਲੀ ਦਾ ਧਰਮ, ਜਾਤ, ਇਲਾਕਾ, ਕੌਮ ਜਾਂ ਮੁਲਕ ਨਾਲ ਕੋਈ ਵਾਸਤਾ ਨਹੀਂ ਹੁੰਦਾ। ਇਹ ਉਹ ਬੋਲੀ ਹੁੰਦੀ ਹੈ, ਜਿਹੜੀ ਮਨੁੱਖ, ਆਪਣੀ ਮਾਂ ਦੇ ਮੂੰਹੋਂ ਸੁਣ ਕੇ ਸਿੱਖਦਾ ਹੈ।

ਇਸ ਦੇ ਬਾਵਜੂਦ ਅਸੀਂ ਇਕ ਬਹੁਤ ਦੁਖਦਾਈ ਹਕੀਕਤ ਤੋਂ ਵਾਕਫ ਹਾਂ। ਅਜੇ ਵੀ ਭਾਸ਼ਾ ਨੂੰ ਧਰਮ ਨਾਲ ਜੋੜਨ ਦੀ ਭੇਡ ਚਾਲ ਜਾਰੀ ਹੈ। ਬਹੁਤ ਹੈਰਾਨੀ ਹੁੰਦੀ ਹੈ ਜਦੋਂ ਇਕ ਹੀ ਪਿੰਡ ਅਤੇ ਗਲੀ ਵਿਚ ਪੈਦਾ ਹੋਏ, ਇਕੋ ਸ਼ਬਦਾਵਲੀ ਬੋਲਦੇ, ਬੰਦੇ ਆਪਣੀ ਮਾਂ ਬੋਲੀ ਵੱਖੋ ਵੱਖਰੀ ਦੱਸਦੇ ਹਨ। ਪੰਜਾਬੀ ਨੂੰ ਇਤਿਹਾਸਕ ਸੱਟ ਇਸ ਗਲਤ ਸੋਚ ਨਾਲ ਵੱਜੀ ਹੈ। ਗਿਣਤੀਆਂ ਕਰਨ ਵਾਲੇ ਦੱਸਦੇ ਹਨ ਕਿ 13 ਕਰੋੜ ਲੋਕਾਂ ਦੀ ਜ਼ੁਬਾਨ ਪੰਜਾਬੀ ਦਾ ਦੁਨੀਆਂ ਵਿਚ 7ਵਾਂ ਸਥਾਨ ਬਣਦਾ ਹੈ ਪਰ ਇਸ ਦੀ ਵੱਡੀ ਗਿਣਤੀ ਇਸ ਨੂੰ ਆਪਣੀ ਜ਼ੁਬਾਨ ਮੰਨਣ ਤੋਂ ਇਨਕਾਰੀ ਹੈ।

ਪੰਜਾਬ ਦੀ ਸੌੜੀ ਹੱਦਬੰਦੀ ਦਾ ਕਾਰਨ, ਭਾਸ਼ਾ ਬਾਰੇ ਪਾਈ ਜਾਂਦੀ ਸੌੜੀ ਸੋਚ ਹੀ ਹੈ। ਜਿਹੜੀ ਮਰਦਮਸ਼ੁਮਾਰੀ ਦੇ ਆਧਾਰ 'ਤੇ ਪੰਜਾਬੀ ਸੂਬਾ ਬਣਿਆ ਸੀ, ਉਸ ਵਿਚ ਵੱਡੀ ਗਿਣਤੀ ਵਿਚ ਗੈਰ ਸਿੱਖਾਂ ਨੇ ਆਪਣੀ ਮਾਂ ਬੋਲੀ ਹਿੰਦੀ ਲਿਖਵਾਈ ਸੀ। 'ਸਿੱਖਾਂ ਦੀ ਜ਼ੁਬਾਨ ਪੰਜਾਬੀ, ਹਿੰਦੂਆਂ ਦੀ ਹਿੰਦੀ ਅਤੇ ਮੁਸਲਮਾਨਾਂ ਦੀ ਉਰਦੂ' ਵਾਲੀ ਸੋਚ ਨੇ ਇਨ੍ਹਾਂ ਸਾਰੀਆਂ ਭਾਸ਼ਾਵਾਂ ਦਾ ਨੁਕਸਾਨ ਕੀਤਾ ਹੈ ਪਰ ਪੰਜਾਬੀ ਨੂੰ ਏਨੀ ਡੂੰਘੀ ਸੱਟ ਮਾਰੀ ਹੈ ਕਿ ਉਸ ਦੀ ਹੋਂਦ ਹੀ ਖ਼ਤਰੇ ਵਿਚ ਪੈ ਗਈ ਹੈ। ਦੁੱਖ ਦੀ ਗੱਲ ਤਾਂ ਇਹ ਹੈ ਕਿ ਸ. ਪ੍ਰਕਾਸ਼ ਸਿੰਘ ਬਾਦਲ ਵਰਗੇ ਜ਼ਿੰਮੇਵਾਰ ਸ਼ਖਸ ਨੇ ਇਸ ਗਲਤ ਸੋਚ ਨੂੰ ਹੋਰ ਬਲ ਦਿੱਤਾ ਹੈ। ਮਾਲੇਰਕੋਟਲਾ ਵਿਖੇ ਈਦ ਮੌਕੇ ਉਨ੍ਹਾਂ ਵਲੋਂ ਉਰਦੂ ਵਿਚ ਭਾਸ਼ਣ ਦੇਣ ਦਾ ਅਰਥ ਹੀ ਇਹੀ ਨਿਕਲਦਾ ਹੈ ਕਿ ਸੱਚਮੁਚ ਹਰ ਧਰਮ ਵਾਲਿਆਂ ਦੀ ਵੱਖਰੀ ਜ਼ੁਬਾਨ ਹੈ ਤੇ ਪੰਜਾਬੀ ਗੈਰ ਸਿੱਖਾਂ ਦੀ ਜ਼ੁਬਾਨ ਨਹੀਂ। ਸ. ਬਾਦਲ ਨੇ ਇਕ ਤਰ੍ਹਾਂ ਨਾਲ ਉਨ੍ਹਾਂ ਲੋਕਾਂ ਨੂੰ ਸਹੀ ਸਾਬਤ ਕਰ ਦਿੱਤਾ ਹੈ, ਜਿਨ੍ਹਾਂ ਨੇ 1961 ਦੀ ਮਰਦਮਸ਼ੁਮਾਰੀ ਵਿਚ ਆਪਣੀ ਮਾਂ ਬੋਲੀ ਹਿੰਦੀ ਲਿਖਵਾਈ ਸੀ।

ਬੇਸ਼ੱਕ, ਅੱਜ ਇਹ ਕੋਝੀ ਲਕੀਰ ਟੁੱਟਣੀ ਸ਼ੁਰੂ ਹੋਈ ਹੈ। ਬਹੁਤੇ ਲੋਕ ਸਮਝਦੇ ਹਨ ਅਤੇ ਸਮਝਾਉਂਦੇ ਹਨ ਕਿ ਭਾਸ਼ਾ ਦਾ ਧਰਮ ਨਾਲ ਸੰਬੰਧ ਨਹੀਂ ਹੁੰਦਾ ਪਰ ਵਲਗਣਾਂ ਅਜੇ ਨਹੀਂ ਟੁੱਟੀਆਂ। ਅਜੇ ਵੀ ਵੇਖਦੇ ਹਾਂ ਕਿ ਪੰਜਾਬੀ ਦੇ ਬਹੁਤੇ ਅਧਿਆਪਕ ਸਿੱਖ, ਹਿੰਦੀ ਦੇ ਹਿੰਦੂ ਅਤੇ ਉਰਦੂ ਦੇ ਮੁਸਲਮਾਨ ਹਨ। ਵਿਆਹਾਂ, ਸ਼ਾਦੀਆਂ ਦੇ ਕਾਰਡ ਭਾਵੇਂ ਹੁਣ ਬਹੁਤੇ ਅੰਗਰੇਜ਼ੀ ਵਿਚ ਹੀ ਛਪਦੇ ਹਨ ਪਰ ਜੇ ਦੇਸੀ ਭਾਸ਼ਾ ਚੁਣਨੀ ਹੋਵੇ ਤਾਂ ਧਾਰਮਿਕ ਤਕਸੀਮ ਜ਼ਾਹਰ ਹੈ। ਖਾਸ ਤੌਰ 'ਤੇ ਮੌਤ ਦੇ ਇਕੱਠਾਂ ਬਾਰੇ ਸਿੱਖਾਂ ਦੇ ਕਾਰਡ ਪੰਜਾਬੀ ਵਿਚ, ਹਿੰਦੂਆਂ ਦੇ ਹਿੰਦੀ ਵਿਚ ਅਤੇ ਮੁਸਲਮਾਨਾਂ ਦੇ ਉਰਦੂ ਵਿਚ ਮਿਲਦੇ ਹਨ। ਇਕ ਹਿੰਦੂ ਪਰਿਵਾਰ ਵਿਚ ਕਿਰਿਆ ਸਮੇਂ ਸਾਰੇ ਰਿਸ਼ਤੇਦਾਰ ਅਤੇ ਸੱਜਣ, ਪੰਜਾਬੀ ਵਿਚ ਅਫਸੋਸ ਕਰਦੇ ਹਨ ਅਤੇ ਦਿਲਾਸਾ ਦਿੰਦੇ ਹਨ। ਬੀਬੀਆਂ ਪੰਜਾਬੀਆਂ ਵਿਚ ਰੋਂਦੀਆਂ, ਗੱਲਾਂ ਕਰਦੀਆਂ ਹਨ ਅਤੇ ਪੰਜਾਬੀ ਵਿਚ ਹੀ ਵੈਣ ਪਾਉਂਦੀਆਂ ਹਨ ਪਰ ਜੇ ਕਿਸੇ ਨੂੰ ਤਕਰੀਰ ਰਾਹੀਂ ਸ਼ਰਧਾਂਜਲੀ ਦੇਣੀ ਹੋਵੇ ਤਾਂ ਹਿੰਦੀ ਵਿਚ ਹੀ ਬੋਲੇਗਾ। ਇਸੇ ਤਰ੍ਹਾਂ ਪੰਡਤ ਨਾਲ ਵੀ ਸਾਰਾ ਲੈਣ-ਦੇਣ ਅਤੇ ਕਾਰ ਵਿਆਹ ਪੰਜਾਬੀ ਵਿਚ ਹੁੰਦਾ ਹੈ ਪਰ ਉਨ੍ਹਾਂ ਦਾ ਵਿਖਿਆਨ ਹਿੰਦੀ ਵਿਚ ਹੋਵੇਗਾ।

ਮੈਨੂੰ ਕਈ ਵਾਰ ਲੱਗਦਾ ਹੈ ਕਿ ਜਿੰਨੇ ਪੰਜਾਬੀ ਲੋਕ, ਆਪਣੀ ਮਾਂ ਬੋਲੀ ਤੋਂ ਨਿਰਮੋਹੇ ਹਨ, ਸ਼ਾਇਦ ਹੋਰ ਕੋਈ ਨਾ ਹੋਵੇ। ਗੁਜਰਾਤ ਅਤੇ ਮਹਾਰਾਸ਼ਟਰ ਵਿਚ ਰਾਮ ਲੀਲਾ ਗੁਜਰਾਤੀ ਅਤੇ ਮਰਾਠੀ ਵਿਚ ਹੁੰਦੀ ਹੈ। ਹਿੰਦੀ ਦੀਆਂ ਹੀ ਉਪ ਭਾਸ਼ਾਵਾਂ ਭੋਜਪੁਰੀ, ਗੜ੍ਹਵਾਲੀ ਅਤੇ ਕਮਾਉਣੀ ਵਿਚ ਵੀ ਰਾਮ ਲੀਲਾ ਹੁੰਦੀ ਹੈ ਤੇ ਨੇਪਾਲੀ ਭਾਸ਼ਾ ਵਿਚ ਵੀ ਰਾਮ ਲੀਲਾ ਹੁੰਦੀ ਹੈ ਪਰ ਪੰਜਾਬੀ ਵਿਚ ਨਹੀਂ। ਪੰਜਾਬ ਵਿਚ ਰਾਮ ਲੀਲਾ ਦੇ ਪਾਤਰ ਜਦੋਂ ਆਪਸ ਵਿਚ ਗੱਲਾਂ ਕਰਦੇ ਹਨ, ਬਹਿਸਦੇ ਹਨ ਤਾਂ ਪੰਜਾਬੀ ਵਰਤਦੇ ਹਨ ਪਰ ਜਦੋਂ ਸਟੇਜ 'ਤੇ ਚੜ੍ਹ ਜਾਂਦੇ ਹਨ ਤਾਂ ਹਿੰਦੀ ਦਾ ਭੂਤ ਸਵਾਰ ਹੋ ਜਾਂਦਾ ਹੈ। ਇਕ ਵਾਰ ਪਟਿਆਲਾ ਵਿਖੇ ਬਲਰਾਜ ਸਾਹਨੀ ਨੇ ਪੰਜਾਬੀ ਦੀ ਰਾਮ ਲੀਲਾ ਸ਼ੁਰੂ ਕੀਤੀ ਸੀ ਪਰ ਇਸ ਨੂੰ ਰਵਾਇਤ ਨਹੀਂ ਬਣਾਇਆ ਜਾ ਸਕਿਆ।

ਹਿੰਦੂ ਭਜਨ, ਗੀਤ, ਜਗਰਾਤੇ ਅਤੇ ਦੇਵੀ ਦੀਆਂ ਭੇਟਾਵਾਂ ਸਭ ਮੁੱਖ ਤੌਰ 'ਤੇ ਪੰਜਾਬੀ ਵਿਚ ਗਾਈਆਂ ਜਾਂਦੀਆਂ ਹਨ ਪਰ ਜਦੋਂ ਵੀ ਸਟੇਜਾਂ ਉਪਰੋਂ ਹਦਾਇਤਾਂ ਅਤੇ ਪ੍ਰੋਗਰਾਮ ਦੱਸੇ ਜਾਂਦੇ ਹਨ ਤਾਂ ਉਹ ਹਿੰਦੀ ਵਿਚ ਹੁੰਦੇ ਹਨ। ਧਰਮਾਂ ਨੇ ਕਾਫੀ ਕੁਝ ਵੰਡਿਆ ਹੈ ਪਰ ਸੱਚੀਂ ਜੇ ਭਾਸ਼ਾਵਾਂ ਨਾ ਵੰਡਦੇ ਤਾਂ ਅੱਜ ਦੁਨੀਆਂ ਵਿਚ ਇਕ ਵੱਖਰਾ ਪੰਜਾਬੀ ਮੁਲਕ ਹੋਣਾ ਸੀ। ਸਾਡੇ ਗੁਆਂਢੀ ਮੁਲਕ ਪਾਕਿਸਤਾਨ ਦੀ 60 ਫੀਸਦੀ ਆਬਾਦੀ ਪੰਜਾਬੀਆਂ ਦੀ ਹੈ, ਪਰ ਉਨ੍ਹਾਂ ਨੇ ਉਰਦੂ ਨੂੰ ਆਪਣੀ ਕੌਮੀ ਜ਼ੁਬਾਨ ਬਣਾਇਆ ਹੋਇਆ ਹੈ ਜੋ ਉਥੋਂ ਦੇ ਕਿਸੇ ਵੀ ਸੂਬੇ ਦੇ ਲੋਕਾਂ ਦੀ ਮਾਂ ਬੋਲੀ ਨਹੀਂ। ਪਾਕਿਸਤਾਨ ਦੇ ਪੰਜਾਬੀ ਪ੍ਰੇਮੀ ਇਸੇ ਗੱਲ ਨੂੰ ਲੈ ਕੇ ਅੰਦੋਲਨ ਕਰਦੇ ਹਨ ਕਿ ਸਾਡੇ ਮੁਲਕ ਨੇ ਗੁਆਂਢੀ ਮੁਲਕ ਹਿੰਦੁਸਤਾਨ ਦੀ ਜ਼ੁਬਾਨ ਨੂੰ ਕੌਮੀ ਜ਼ੁਬਾਨ ਬਣਾਇਆ ਹੈ। ਉਥੇ ਵੀ ਕੌੜੀ ਸੱਚਾਈ ਇਹ ਹੈ ਕਿ ਪੰਜਾਬੀਆਂ ਦੀ ਹੀ ਵੱਡੀ ਗਿਣਤੀ ਆਪਣੀ ਮਾਂ ਬੋਲੀ ਤੋਂ ਨਿਰਮੋਹੀ ਹੋ ਗਈ ਹੈ।

# ਪੰਜਾਬ ਦਾ ਆਰਥਿਕ ਸੰਕਟ:ਕਾਰਨ ਅਤੇ ਉਪਾਅ

**ਰਘਬੀਰ ਸਿੰਘ**

ਪੰਜਾਬ ਦੀ ਆਰਥਿਕ ਅਵਸਥਾ ਦਿਨ ਪ੍ਰਤੀ ਦਿਨ ਨਿਘਾਰ ਵਲ ਜਾ ਰਹੀ ਹੈ। ਹਰ ਖੇਤਰ ਵਿਚ ਵਿਕਾਸ ਲਗਾਤਾਰ ਖੜੋਤ ਵਿਚ ਹੈ ਜਾਂ ਫਿਰ ਪਿਛਲਖੁਰੀ ਤੁਰਨ ਲੱਗ ਪਿਆ ਹੈ। ਮਹਿੰਗਾਈ ਅਤੇ ਬੇਰੁਜ਼ਗਾਰੀ ਲੋਕਾਂ ਦਾ ਕਚੂੰਮਰ ਕੱਢ ਰਹੀ ਹੈ। ਛੋਟੇ ਉਦਯੋਗ ਪਹਿਲਾਂ ਹੀ ਬੰਦ ਹੋ ਚੁੱਕੇ ਹਨ, ਛੋਟਾ ਕਾਰੋਬਾਰ ਦਮ ਤੋੜ ਰਿਹਾ ਹੈ ਅਤੇ ਕਿਸਾਨੀ ਕਰਜ਼ੇ ਦੇ ਭਾਰ ਹੇਠਾਂ ਖੁਦਕੁਸ਼ੀਆਂ ਦੇ ਰਾਹ ਹੈ। ਆਦਰਸ਼ ਰਹਿਤ ਅਤੇ ਦਿਸ਼ਾਹੀਣ ਜਵਾਨੀ ਨਸ਼ਿਆਂ ਦੇ ਜਾਲ ਵਿਚ ਫਸ ਰਹੀ ਹੈ। ਅਮਨ ਕਾਨੂੰਨ ਦੀ ਅਵਸਥਾ ਚਰਮਰਾ ਗਈ ਹੈ ਅਤੇ ਹਰ ਆਦਮੀ ਵਿਸ਼ੇਸ਼ ਕਰਕੇ ਔਰਤਾਂ ਬੜੀ ਹੀ ਅਸੁਰੱਖਿਆ ਦੀ ਭਾਵਨਾ ਵਿਚ ਜੀਵਨ ਕੱਟ ਰਹੀਆਂ ਹਨ। ਇਸ ਚਿੰਤਾਜਨਕ ਹਾਲਤ ਦੇ ਕੁਝ ਤੱਤ ਇਹ ਹਨ:

ਵਿੱਦਿਆ ਅਤੇ ਸਿਹਤ ਸੇਵਾਵਾਂ: ਪੰਜਾਬ ਨੂੰ 1980ਵਿਆਂ ਤੋਂ ਪਹਿਲਾਂ ਇਨ੍ਹਾਂ ਦੋਵਾਂ ਖੇਤਰਾਂ ਵਿਚ ਚੰਗਾ ਸਥਾਨ ਪ੍ਰਾਪਤ ਸੀ। ਪੰਜਾਬ ਨੇ ਸਭ ਤੋਂ ਪਹਿਲਾਂ ਵਿੱਦਿਆ ਦਾ ਕੌਮੀਕਰਨ ਕੀਤਾ ਅਤੇ ਪਿੰਡ-ਪਿੰਡ ਸਰਕਾਰੀ ਸਕੂਲ ਖੋਲ੍ਹੇ। ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਸਸਤੀ ਅਤੇ ਮਿਆਰੀ ਵਿੱਦਿਆ ਦਾ ਪ੍ਰਬੰਧ ਕੀਤਾ। ਪੰਜਾਬ ਦੇ ਵਿੱਦਿਅਕ ਮਿਆਰਾਂ ਦੀ ਬੜੀ ਸ਼ਲਾਘਾ ਹੁੰਦੀ ਸੀ। ਪਿੰਡਾਂ ਅਤੇ ਸ਼ਹਿਰਾਂ ਦੇ ਗਰੀਬ ਬੱਚਿਆਂ ਨੂੰ ਵੀ ਚੰਗੀ ਅਤੇ ਉਚ ਵਿੱਦਿਆ ਪ੍ਰਾਪਤ ਕਰਨ ਦੇ ਮੌਕੇ ਮਿਲਦੇ ਸਨ। ਸਿਹਤ ਸੇਵਾਵਾਂ ਦੇ ਖੇਤਰ ਵਿਚ ਵੀ ਪੰਜਾਬ ਦੀ ਹਾਲਤ ਬਾਕੀ ਪ੍ਰਾਂਤਾਂ ਨਾਲੋਂ ਕਿਤੇ ਚੰਗੀ ਸੀ। ਮੈਡੀਕਲ ਕਾਲਜਾਂ ਵਿਚੋਂ ਟਰੇਨਿੰਗ ਪ੍ਰਾਪਤ ਡਾਕਟਰਾਂ ਨੇ ਸੰਸਦ ਪੱਧਰ 'ਤੇ ਨਾਮਣਾ ਖੱਟਿਆ। ਸਸਤੀ ਅਤੇ ਚੰਗੀ ਵਿੱਦਿਆ ਦੇਣ ਵਾਲੇ ਅਦਾਰਿਆਂ, ਸਕੂਲ-ਕਾਲਜਾਂ ਅਤੇ ਯੂਨੀਵਰਸਿਟੀਆਂ ਦੀਆਂ ਗਰਾਂਟਾਂ ਬੰਦ ਕਰਕੇ ਅਤੇ ਉਨ੍ਹਾਂ ਵਿਚ ਅਧਿਆਪਕਾਂ ਦੀ ਭਰਤੀ ਬੰਦ ਕਰਕੇ ਉਨ੍ਹਾਂ ਨੂੰ ਆਪਣੀ ਮੌਤੇ ਮਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ। ਸਾਖਰਤਾ ਵਿਚ ਪੰਜਾਬ ਦਾ ਦੇਸ਼ ਵਿਚ 17ਵਾਂ ਨੰਬਰ ਹੈ। 2009 ਵਿਚ ਵੀ 6-14 ਉਮਰ ਦੇ ਸਾਰੇ ਬੱਚੇ ਸਕੂਲ ਨਹੀਂ ਸਨ ਜਾਂਦੇ। 23.66 ਫੀਸਦੀ ਬੱਚੇ ਪੰਜਵੀਂ ਤੱਕ ਅਤੇ 32.98 ਫੀਸਦੀ ਬੱਚੇ ਅੱਠਵੀਂ ਤੱਕ ਸਕੂਲ ਛੱਡ ਜਾਂਦੇ ਹਨ। ਉਚ ਵਿਦਿਆ ਵਿਚ ਬੱਚਿਆਂ ਦੀ ਪ੍ਰਤੀਸ਼ਤਤਾ ਕੌਮੀ ਪ੍ਰਤੀਸ਼ਤਤਾ ਨਾਲੋਂ ਘਟ ਰਹੀ ਹੈ।

ਇਕ ਹਜ਼ਾਰ ਪਿੱਛੇ 43 ਬੱਚੇ ਇਕ ਸਾਲ ਦੀ ਉਮਰ ਤੋਂ ਪਹਿਲਾਂ ਮਰ ਜਾਂਦੇ ਹਨ ਅਤੇ 52 ਬੱਚੇ ਪੰਜ ਸਾਲਾਂ ਦੀ ਉਮਰ ਤੋਂ ਪਹਿਲਾਂ ਮੌਤ ਦੇ ਮੂੰਹ ਜਾ ਪੈਂਦੇ ਹਨ। ਇਕ ਲੱਖ ਪਿੱਛੇ 178 ਔਰਤਾਂ ਜਣੇਪੇ ਵਿਚ ਮਰ ਜਾਂਦੀਆਂ ਹਨ। ਇਹ ਤਰਸਯੋਗ ਹਾਲਾਤ ਪੰਜਾਬ ਵਿਚ ਜੱਚਾ ਅਤੇ ਬੱਚਾ ਦੀ ਸੰਭਾਲ ਦੀ ਹੈ।

ਬਿਜਲੀ ਦੀ ਖਸਤਾ ਹਾਲਤ: ਪਿਛਲੇ 15 ਸਾਲਾਂ ਵਿਚ ਲਹਿਰਾ ਮੁਹੱਬਤ ਥਰਮਲ ਨੂੰ ਛੱਡ ਕੇ ਇਕ ਵੀ ਨਵਾਂ ਬਿਜਲੀ ਪ੍ਰਾਜੈਕਟ ਨਹੀਂ ਲੱਗਾ। ਬਿਜਲੀ ਦੇ ਉਤਪਾਦਨ ਅਤੇ ਮੰਗ ਵਿਚ ਬਹੁਤ ਵੱਡਾ ਅੰਤਰ ਹੈ। ਇਸ ਸਮੇਂ 8,000 ਮੈਗਾਵਾਟ ਦੀ ਮੰਗ ਦੇ ਮੁਕਾਬਲੇ ਉਪਲਬਧਤਾ ਸਿਰਫ 6,000 ਮੈਗਾਵਾਟ ਹੈ। ਬਿਜਲੀ ਨਾ ਮਿਲਣ ਕਰਕੇ ਖੇਤੀ ਉਦਯੋਗਾਂ ਅਤੇ ਕਾਰੋਬਾਰਾਂ ਦਾ ਭਾਰੀ ਨੁਕਸਾਨ ਹੋ ਰਿਹਾ ਹੈ। ਚਿੰਤਾਜਨਕ ਹਾਲਤ ਇਹ ਹੈ ਕਿ ਸਰਕਾਰ ਪਾਸ ਬਿਜਲੀ ਉਤਪਾਦਨ ਲਈ ਕੋਈ ਠੋਸ ਨੀਤੀ ਨਹੀਂ ਹੈ। ਉਹ ਇਸ ਨੂੰ ਪ੍ਰਾਈਵੇਟ ਕੰਪਨੀਆਂ ਹਵਾਲੇ ਕਰਕੇ ਆਪਣੀ ਜ਼ਿੰਮੇਵਾਰੀ ਤੋਂ ਮੁਕਤ ਹੋਣਾ ਚਾਹੁੰਦੀ ਹੈ, ਜਿਸਦੇ ਬੜੇ ਗੰਭੀਰ ਸਿੱਟੇ ਨਿਕਲਣਗੇ।

ਨਹਿਰੀ ਪਾਣੀ: ਸਰਕਾਰ ਦੀ ਅਣਗਹਿਲੀ ਅਤੇ ਦਿਸ਼ਾਹੀਣਤਾ ਕਰਕੇ ਕਿਸਾਨਾਂ ਦੀ ਨਿਰਭਰਤਾ ਨਹਿਰੀ ਪਾਣੀ ਦੀ ਥਾਂ ਟਿਊਬਵੈਲਾਂ 'ਤੇ ਵਧੇਰੇ ਹੁੰਦੀ ਗਈ ਹੈ। ਇਸ ਨਾਲ ਧਰਤੀ ਹੇਠਲੇ ਪਾਣੀ ਦੀ ਸਤਹ ਲਗਾਤਾਰ ਥੱਲੇ ਜਾਂਦੀ ਹੈ। 1990-91 ਵਿਚ ਨਹਿਰਾਂ ਰਾਹੀਂ 42 ਫੀਸਦੀ ਖੇਤੀ ਦੀ ਸਿੰਜਾਈ ਹੁੰਦੀ ਸੀ ਜੋ 2006-07 ਵਿਚ ਘਟ ਕੇ 28 ਫੀਸਦੀ ਰਹਿ ਗਈ ਹੈ। 1990-91 ਵਿਚ ਸਿੰਚਾਈ ਹੇਠਲੇ ਕੁਲ 3,90,0000 ਹੈਕਟੇਅਰ ਰਕਬੇ ਵਿਚੋਂ ਨਹਿਰਾਂ ਰਾਹੀਂ 1,66,0000 ਹੈਕਟੇਅਰ ਅਤੇ ਟਿਊਬਵੈਲਾਂ ਰਾਹੀਂ 2,23,30000 ਹੈਕਟੇਅਰ ਵਿਚ ਸਿੰਚਾਈ ਹੁੰਦੀ ਸੀ। ਪਰ 2001 ਵਿਚ ਨਹਿਰਾਂ ਹੇਠ ਸਿਰਫ 9,62,000 ਹੈਕਟੇਅਰ ਰਹਿ ਗਏ ਅਤੇ ਟਿਊਬਵੈਲਾਂ ਰਾਹੀਂ ਸਿੰਜਾਈ ਵਧ ਕੇ 3,07,4000 ਹੈਕਟੇਅਰ ਹੋ ਗਈ। ਜੇ ਨਹਿਰੀ ਪਾਣੀ ਕਿਸਾਨਾਂ ਨੂੰ ਪੂਰੀ ਮਾਤਰਾ ਵਿਚ ਮਿਲਦਾ ਤਾਂ ਧਰਤੀ ਹੇਠਲਾ ਪਾਣੀ ਇੰਨੀ ਖਤਰਨਾਕ ਅਵਸਥਾ ਧਾਰਨ ਨਾ ਕਰਦਾ। ਟੇਲਾਂ 'ਤੇ ਪੈਂਦੇ ਇਲਾਕਿਆਂ ਦੀ ਹਾਲਤ ਹੋਰ ਵੀ ਖਰਾਬ ਹੈ।

ਕਿਸਾਨੀ ਦੀ ਮੰਦੀ ਹਾਲਤ: ਖੇਤੀ ਲਾਗਤਾਂ ਲਗਾਤਾਰ ਵਧਣ ਅਤੇ ਵੱਟਤ ਘਟਣ ਨਾਲ ਕਿਸਾਨੀ ਦੀ ਹਾਲਤ ਲਗਾਤਾਰ ਨਿੱਘਰ ਰਹੀ ਹੈ। ਖੇਤੀਬਾੜੀ ਯੂਨੀਵਰਸਿਟੀ ਦੀਆਂ ਗਰਾਂਟਾਂ ਬੰਦ ਕਰਕੇ ਉਸਨੂੰ ਹੱਥਲ ਕਰ ਦੇਣ ਨਾਲ ਉਹ ਕਿਸਾਨਾਂ ਨੂੰ ਸੁਧਰੇ ਅਤੇ ਸਸਤੇ ਬੀਜ ਨਹੀਂ ਦੇ ਸਕਦੀ। ਬਿਜਲੀ ਅਤੇ ਨਹਿਰੀ ਪਾਣੀ ਦੀ ਘਾਟ ਕਰਕੇ ਖੇਤੀ ਬਹੁਤ ਮਹਿੰਗੀ ਪੈ ਰਹੀ ਹੈ। ਆੜ੍ਹਤੀ-ਸ਼ਾਹੂਕਾਰਾਂ ਨੇ ਕਿਸਾਨ ਨੂੰ ਕੰਗਾਲ ਕਰ ਦਿੱਤਾ ਹੈ। ਉਸਦੇ ਕਰਜ਼ੇ ਦੀ ਪੰਡ ਲਗਾਤਾਰ ਭਾਰੀ ਹੋ ਰਹੀ ਹੈ। ਖੇਤੀ ਕਰਜ਼ਾ ਜੋ 1997 ਵਿਚ 5,700 ਕਰੋੜ ਰੁਪਏ ਸੀ, ਵਧ ਕੇ 3,03,94 ਕਰੋੜ ਅਤੇ ਪ੍ਰਤੀ ਪਰਿਵਾਰ 5,20,00 ਤੋਂ ਵਧ ਕੇ 1.39 ਲੱਖ ਹੋ ਗਿਆ ਹੈ। 17 ਫੀਸਦੀ ਕਿਸਾਨ ਤਾਂ ਆਪਣਾ ਸੂਦ ਅਦਾ ਕਰ ਸਕਣ ਦੇ ਯੋਗ ਵੀ ਨਹੀਂ ਰਹੇ। ਬੇਵਸੀ ਅਤੇ ਨਿਰਾਸ਼ਾ ਵਿਚ ਕਰਜ਼ਾਈ ਕਿਸਾਨ ਖੁਦਕੁਸ਼ੀਆਂ ਕਰ ਰਹੇ ਹਨ। ਮਾਲਵੇ ਵਿਚ ਲਗਭਗ 6000 ਕਿਸਾਨ ਹੁਣ ਤਕ ਖੁਦਕੁਸ਼ੀਆਂ ਕਰ ਚੁੱਕੇ ਹਨ।

ਉਦਯੋਗਾਂ ਦੀ ਹਾਲਤ: ਕੇਂਦਰ ਅਤੇ ਪੰਜਾਬ ਵਿਚ ਸੂਬਾ ਸਰਕਾਰਾਂ ਦੀ ਗਲਤ ਨੀਤੀ ਕਰਕੇ ਉਦਯੋਗਾਂ ਦਾ ਮੰਦਾ ਹਾਲ ਹੈ। ਛੋਟੇ ਉਦਯੋਗ ਲਗਭਗ ਪੂਰੀ ਤਰ੍ਹਾਂ ਬੰਦ ਹੋ ਗਏ ਹਨ। ਪੰਜਾਬ ਸਰਕਾਰ ਉਨ੍ਹਾਂ ਦੀਆਂ ਬਿਜਲੀ ਅਤੇ ਕਰਜ਼ੇ ਸੰਬੰਧੀ ਹਕੀਕੀ ਲੋੜਾਂ ਪੂਰੀਆਂ ਨਹੀਂ ਕਰ ਸਕਦੀ। ਅਤਿਵਾਦ, ਜੋ ਅਕਾਲੀ ਅਤੇ ਕਾਂਗਰਸ ਪਾਰਟੀ ਦੀਆਂ ਸੌੜੀਆਂ ਰਾਜਸੀ ਚਾਲਾਂ ਦੀ ਕੁੱਖ ਵਿਚੋਂ ਪੈਦਾ ਹੋਇਆ ਸੀ, ਦੌਰਾਨ ਉਦਯੋਗਾਂ ਨੂੰ ਹੋਏ ਨੁਕਸਾਨ ਦੀ ਉਸਨੇ ਭਰਪਾਈ ਨਹੀਂ ਕੀਤੀ। 1991 ਪਿਛੋਂ ਲਾਗੂ ਹੋਈਆਂ ਨਵਉਦਾਰਵਾਦੀ ਨੀਤੀਆਂ ਕਰਕੇ ਕੱਚੇ ਮਾਲ ਦਾ ਕਿਰਾਇਆ ਦੇਣ ਦੀ ਨੀਤੀ ਕੇਂਦਰ ਨੇ ਬੰਦ ਕਰਕੇ ਪੰਜਾਬ ਦੇ ਛੋਟੇ ਉਦਯੋਗਾਂ ਦਾ ਗਲ ਘੁੱਟਿਆ ਹੈ। ਉਹ ਹੁਣ ਵੀ ਵਿਤਕਰਾ ਕਰ ਰਹੀ ਹੈ। ਪਹਾੜੀ ਅਤੇ ਘੱਟ ਵਿਕਸਤ ਰਾਜਾਂ ਨੂੰ ਵਿਸ਼ੇਸ਼ ਪੈਕੇਜ ਦੇਣ ਪ੍ਰਤੀ ਕਿਸੇ ਨੂੰ ਕੋਈ ਵਿਰੋਧ ਨਹੀਂ। ਪਰ ਅਤਿਵਾਦ ਨਾਲ 12 ਵਰ੍ਹੇ ਲੜਨ ਵਾਲੇ ਪੰਜਾਬ ਨੂੰ ਸਰਹੱਦੀ ਸੂਬੇ ਦੇ ਤੌਰ 'ਤੇ ਇਸ ਦੇ ਉਦਯੋਗਾਂ ਲਈ ਵਿਸ਼ੇਸ਼ ਪੈਕੇਜ ਦੇਣਾ ਵੀ ਕੇਂਦਰ ਲਈ ਬਹੁਤ ਜ਼ਰੂਰੀ ਹੈ।

ਭ੍ਰਿਸ਼ਟਾਚਾਰ: ਟੈਕਸਾਂ ਦੀ ਚੋਰੀ ਅਤੇ ਵਿਕਾਸ ਕੰਮਾਂ ਵਿਚ ਲੱਗੇ ਸਰਮਾਏ ਦੇ ਵੱਡੇ ਹਿੱਸੇ ਦਾ ਭ੍ਰਿਸ਼ਟਾਚਾਰੀਆਂ ਦੇ ਮੂੰਹ ਵਿਚ ਚਲੇ ਜਾਣਾ ਅਤੇ ਸਰਕਾਰ ਅਤੇ ਉਸਦੇ ਅਫਸਰਾਂ ਦੀਆਂ ਬੇਨਿਯਮੀਆਂ ਅਤੇ ਅੱਯਾਸ਼ੀਆਂ ਕਰਕੇ ਪ੍ਰਾਂਤ ਦੀ ਆਰਥਿਕ ਹਾਲਤ ਤੇਜ਼ੀ ਨਾਲ ਰਸਾਤਲ ਵੱਲ ਜਾ ਰਹੀ ਹੈ। ਹਾਕਮ ਪਾਰਟੀ ਭਾਵੇਂ ਅਕਾਲੀ ਅਤੇ ਭਾਵੇਂ ਕਾਂਗਰਸ ਹੋਵੇ, ਦੇ ਲੱਠਮਾਰ ਰਾਜਨੀਤੀਵਾਨ ਦੇਸ਼ ਦੇ ਕਾਇਦੇ ਕਾਨੂੰਨਾਂ ਨੂੰ ਪੈਰਾਂ ਹੇਠ ਮਧੋਲ ਕੇ ਸੂਬੇ ਦੇ ਆਰਥਿਕ ਵਸੀਲਿਆਂ ਨੂੰ ਦੋਵੀਂ ਹੱਥੀਂ ਲੁੱਟ ਰਹੇ ਹਨ। ਸਰਕਾਰੀ, ਪੰਚਾਇਤੀ ਅਤੇ ਹੋਰ ਸਾਂਝੀਆਂ ਜ਼ਮੀਨਾਂ 'ਤੇ ਕਬਜ਼ੇ ਕੀਤੇ ਜਾ ਰਹੇ ਹਨ। ਕਾਂਗਰਸ ਸਰਕਾਰ ਤੇ ਹੁਣ ਵਾਲੀ ਅਕਾਲੀ ਸਰਕਾਰ ਦੇ ਜ਼ਿੰਮੇਵਾਰ ਆਗੂ ਚੋਰੀ-ਛਿਪੇ ਵਿਦੇਸ਼ੀ ਦੌਰੇ ਕਰਦੇ ਹਨ। ਲੋਕਾਂ ਦਾ ਸ਼ੱਕ ਹੈ ਕਿ ਉਹ ਸੂਬੇ ਦੀ ਦੌਲਤ ਲੁੱਟ ਕੇ ਬਾਹਰ ਦੇ ਬੈਂਕਾਂ ਵਿਚ ਜਮ੍ਹਾ ਕਰਵਾਉਣ ਜਾਂਦੇ ਹਨ।

ਨਿਘਾਰ ਦਾ ਪਿਛੋਕੜ:ਮੌਜੂਦਾ ਚਿੰਤਾਜਨਕ ਹਾਲਤ ਕਿਵੇਂ ਬਣੀ? ਇਸਦੇ ਪਿਛੋਕੜ 'ਤੇ ਸੰਖੇਪ ਝਾਤ ਮਾਰਨੀ ਜ਼ਰੂਰੀ ਹੈ। 1980 ਤੱਕ ਪੰਜਾਬ ਦੇਸ਼ ਦਾ ਮੋਹਰੀ ਸੂਬਾ ਸੀ ਪਰ 1982 ਤੋਂ 1994 ਤੱਕ ਦੇ ਅਤਿਵਾਦ ਦੇ ਕਾਲੇ ਦੌਰ ਨੇ ਪੰਜਾਬ ਦੀ ਹਾਲਤ ਬਹੁਤ ਹੀ ਪਤਲੀ ਕਰ ਦਿੱਤੀ। ਇਨ੍ਹਾਂ ਕਾਲੇ ਦਿਨਾਂ ਨੇ 'ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ' ਦੇ ਗੁਰੂ ਗੋਬਿੰਦ ਸਿੰਘ ਦੇ ਸੰਕਲਪ ਨੂੰ ਵੀ ਬੁਰੀ ਤਰ੍ਹਾਂ ਵਲੂੰਧਰ ਦਿੱਤਾ। ਰੋਜ਼-ਰੋਜ਼ ਦੇ ਬੰਦ ਦੇ ਸੱਦਿਆਂ, ਕਰਫਿਊਆਂ, ਲੁੱਟਾਂ-ਖੋਹਾਂ ਅਤੇ ਫਿਰੌਤੀਆਂ ਨੇ ਪੰਜਾਬ ਦੇ ਉਦਯੋਗ ਅਤੇ ਕਾਰੋਬਾਰੀ ਅਦਾਰਿਆਂ ਦਾ ਲੱਕ ਤੋੜ ਦਿੱਤਾ। ਕਾਫੀ ਲੋਕ ਪੰਜਾਬ ਤੋਂ ਬਾਹਰ ਚਲੇ ਗਏ।

ਇੰਨੇ ਵੱਡੇ ਝਟਕੇ ਤੋਂ ਪਿਛੋਂ ਪੰਜਾਬ ਨੂੰ ਪੈਰਾਂ 'ਤੇ ਖੜ੍ਹਾ ਕਰਨ ਲਈ ਕੇਂਦਰ ਅਤੇ ਸੂਬਾ ਸਰਕਾਰਾਂ ਦੀ ਸਾਂਝੀ ਜ਼ਿੰਮੇਵਾਰੀ ਬਣਦੀ ਸੀ। ਕੇਂਦਰ ਨੇ ਮੁੜ ਬਹਾਲੀ ਲਈ ਕੋਈ ਵਿਸ਼ੇਸ਼ ਪੈਕੇਜ ਦੇਣ ਦੀ ਥਾਂ ਅਤਿਵਾਦ ਨਾਲ ਨਜਿੱਠਣ ਲਈ ਪੰਜਾਬ ਸਰਕਾਰ ਵਲੋਂ ਲਿਆ ਕਰਜ਼ਾ ਵੀ ਖ਼ਤਮ ਨਹੀਂ ਕੀਤਾ। ਸਾਰੇ ਪ੍ਰਧਾਨ ਮੰਤਰੀਆਂ ਨਰਸਿਮ੍ਹਾ ਰਾਓ ਤੋਂ ਲੈ ਕੇ ਆਈ ਕੇ. ਗੁਜਰਾਲ ਤਕ ਸਭ ਨੇ ਲਾਰੇ ਬਹੁਤ ਲਾਏ ਪਰ ਅਮਲ ਵਿਚ ਕੁਝ ਨਹੀਂ ਕੀਤਾ। ਰਾਜੀਵ ਗਾਂਧੀ ਨੇ ਤਾਂ ਜੱਗੋਂ ਨਿਆਰੀ ਕਰ ਦਿੱਤੀ। ਉਹ 1966 ਵਿਚ ਪੰਜਾਬੀ ਸੂਬਾ ਬਣਨ ਸਮੇਂ ਪਾਣੀਆਂ ਅਤੇ ਇਲਾਕਿਆਂ ਦੀ ਵੰਡ ਵਿਚ ਪੰਜਾਬ ਨਾਲ ਹੋਏ ਵਿਤਕਰੇ ਬਾਰੇ 1985 ਵਿਚ ਹੋਏ ਰਾਜੀਵ-ਲੌਂਗੋਵਾਲ ਸਮਝੌਤੇ ਨੂੰ ਲਾਗੂ ਕਰਨ ਤੋਂ ਮੁਕਰ ਗਿਆ। ਪੰਜਾਬ ਨੂੰ ਬਣਦਾ ਪਾਣੀ ਨਹੀਂ ਮਿਲਿਆ ਅਤੇ ਨਾ ਹੀ ਚੰਡੀਗੜ੍ਹ ਅਤੇ ਹੋਰ ਪੰਜਾਬੀ ਬੋਲਦੇ ਇਲਾਕੇ ਹੀ ਮਿਲੇ।

1991 ਤੋਂ ਲਾਗੂ ਹੋਈਆਂ ਨਵ ਉਦਾਰਵਾਦੀ ਨੀਤੀਆਂ ਨੇ ਤੇਜ਼ੀ ਨਾਲ ਵਿਕਾਸ ਕਰਨ ਵਾਲੇ ਸੂਬਿਆਂ ਨਾਲੋਂ ਪੰਜਾਬ ਦਾ ਵਧੇਰੇ ਨੁਕਸਾਨ ਕੀਤਾ ਹੈ। ਪੰਜਾਬ ਦੀ ਆਰਥਿਕਤਾ ਦਾ ਮੁੱਖ ਆਧਾਰ ਖੇਤੀ ਅਤੇ ਛੋਟੇ ਉਦਯੋਗ ਸਨ। ਇਨ੍ਹਾਂ ਦੋਵਾਂ ਖੇਤਰਾਂ ਨੂੰ ਨਵੀਆਂ ਨੀਤੀਆਂ ਨੇ ਜੜ੍ਹਾਂ ਤੋਂ ਹਿਲਾ ਦਿੱਤਾ ਹੈ। ਇਹ ਨੀਤੀਆਂ ਮੰਗ ਕਰਦੀਆਂ ਹਨ ਕਿ ਕਿਸਾਨਾਂ ਨੂੰ ਮਿਲਣ ਵਾਲੀਆਂ ਸਬਸਿਡੀਆਂ ਸਹਿਜੇ-ਸਹਿਜੇ ਘਟਾ ਕੇ ਬੰਦ ਕਰ ਦਿੱਤੀਆਂ ਜਾਣ, ਕਿਸਾਨਾਂ ਨੂੰ ਬੀਜ ਅਤੇ ਖੇਤੀ ਤਕਨੀਕ ਦੇਣ ਵਾਲੀ ਖੇਤੀ ਯੂਨੀਵਰਸਿਟੀਆਂ ਨੂੰ ਗਰਾਂਟਾਂ ਨਾ ਦਿੱਤੀਆਂ ਜਾਣ, ਕਿਸਾਨਾਂ ਲਈ ਲਾਹੇਵੰਦ ਭਾਅ ਮਿਥਣ ਅਤੇ ਦੁਆਉਣ ਦੀ ਜ਼ਿੰਮੇਵਾਰੀ ਤੋਂ ਸਰਕਾਰ ਪਿਛੇ ਹਟ ਜਾਵੇ ਅਤੇ ਵੱਡੇ ਉਦਯੋਗਾਂ ਤੇ ਰੀਅਲ ਅਸਟੇਟ ਦੇ ਵੱਡੇ ਕਾਰੋਬਾਰਾਂ ਨਾਲ ਕਿਸਾਨਾਂ ਪਾਸੋਂ ਜ਼ਮੀਨ ਜ਼ਬਰਦਸਤੀ ਕੌਡੀਆਂ ਦੇ ਭਾਅ ਖੋਹ ਕੇ ਉਨ੍ਹਾਂ ਨੂੰ ਦਿੱਤੀ ਜਾਵੇ। ਇਨ੍ਹਾਂ ਨੀਤੀਆਂ ਨੇ ਕਿਸਾਨਾਂ ਨੂੰ ਕੰਗਾਲ ਬਣਾ ਦਿੱਤਾ ਹੈ।

1991 ਤੋਂ ਪਹਿਲਾਂ ਛੋਟੇ ਉਦਯੋਗਾਂ ਨੂੰ ਕੱਚੇ ਮਾਲ ਦੀ ਸਸਤੀ ਸਪਲਾਈ, ਸਸਤਾ ਕਰਜ਼ਾ ਅਤੇ ਕੁਝ ਵਿਸ਼ੇਸ਼ ਵਸਤਾਂ ਤਿਆਰ ਕਰਨ ਦੇ ਵਿਸ਼ੇਸ਼ ਅਧਿਕਾਰ ਸਨ। ਪਰ ਨਵੀਆਂ ਨੀਤੀਆਂ ਨੇ ਸਭ ਕੁਝ ਤਹਿਸ-ਨਹਿਸ ਕਰ ਦਿੱਤਾ। ਸਿੱਟੇ ਵਜੋਂ ਪੰਜ-ਸੱਤ ਸਾਲਾਂ ਵਿਚ ਹੀ ਛੋਟੇ ਉਦਯੋਗਾਂ ਦਾ ਭੱਠਾ ਭਰਿਆ ਗਿਆ, ਬਾਕੀ ਬਚਦਿਆਂ ਨੂੰ ਬਿਜਲੀ ਦੀ ਥੁੜ੍ਹ ਮਾਰ ਰਹੀ ਹੈ।



ਅਜਾਰੇਦਾਰੀ ਦਾ ਭਾਰੂ ਹੋਣਾ: ਵੱਡੇ ਪੂੰਜੀਪਤੀ ਛੋਟੇ ਕਾਰੋਬਾਰੀਆਂ ਨੂੰ ਟਰਾਂਸਪੋਰਟ, ਉਸਾਰੀ ਦੇ ਕੰਮਾਂ, ਵਪਾਰ ਅਤੇ ਹੋਰ ਅਦਾਰਿਆਂ ਵਿਚੋਂ ਧੱਕ ਕੇ ਬਾਹਰ ਕੱਢ ਰਹੇ ਹਨ। ਛੋਟਿਆਂ ਪਾਸੋਂ ਕਾਰੋਬਾਰ ਖੁਸਣ ਨਾਲ ਲੋਕਾਂ ਦੀ ਖਰੀਦ ਸ਼ਕਤੀ ਡਿਗਦੀ ਜਾ ਰਹੀ ਹੈ। ਛੋਟੇ ਕਾਰੋਬਾਰੀ ਟੈਕਸ ਚੋਰੀ ਤੋਂ ਡਰਦੇ ਹਨ, ਪਰ ਵੱਡੇ ਲੋਕ ਸੀਨਾਜ਼ੋਰੀ ਨਾਲ ਚੋਰੀ ਕਰਦੇ ਹਨ।

ਸੌੜੀ ਤੇ ਲੋਕ ਵਿਰੋਧੀ ਰਾਜਨੀਤੀ: ਪੰਜਾਬ ਦੇ ਰਾਜਨੀਤੀਵਾਨਾਂ ਦੀਆਂ ਸੌੜੀਆਂ ਅਤੇ ਲੋਕ ਵਿਰੋਧੀ ਨੀਤੀਆਂ ਨੇ ਪੰਜਾਬ ਦੇ ਆਰਥਿਕ ਹਾਲਾਤ ਵਿਗਾੜਨ ਵਿਚ ਵੀ ਵੱਡਾ ਹਿੱਸਾ ਪਾਇਆ ਹੈ। ਹਾਕਮ ਪਾਰਟੀਆਂ ਦੇ ਲਗਭਗ ਸਾਰੇ ਆਗੂ ਜਨਤਕ ਫੰਡਾਂ ਸਿਰ ਅੱਯਾਸ਼ੀ ਭਰਿਆ ਜੀਵਨ ਬਤੀਤ ਕਰਨ ਦੇ ਆਦੀ ਬਣ ਰਹੇ ਹਨ। ਐਮ. ਐਲ. ਏ. ਨਵੀਆਂ ਤੋਂ ਨਵੀਆਂ ਸੁਆਰੀ ਗੱਡੀਆਂ ਪ੍ਰਾਪਤ ਕਰਨ ਦੇ ਸ਼ੌਕੀਨ ਹਨ ਅਤੇ ਵਜ਼ੀਰ ਵੱਧ ਤੋਂ ਵੱਧ ਸੁੱਖ ਦੇਣ ਵਾਲੀਆਂ ਲਗਜ਼ਰੀ ਕਾਰਾਂ ਲੈਣਾ ਆਪਣਾ ਜਨਮ ਸਿੱਧ ਅਧਿਕਾਰ ਸਮਝਦੇ ਹਨ। ਫਜ਼ੂਲ ਖਰਚੀਆਂ 'ਤੇ ਲਗਦੀ ਕੋਈ ਕਾਨੂੰਨੀ ਜਾਂ ਵਿਧਾਨਕ ਪਾਬੰਦੀ ਉਨ੍ਹਾਂ ਨੂੰ ਪਸੰਦ ਨਹੀਂ।

2003 ਵਿਚ ਸੰਵਿਧਾਨ ਵਿਚ ਕੀਤੀ ਗਈ 91ਵੀਂ ਸੋਧ ਅਨੁਸਾਰ ਵਜ਼ੀਰਾਂ ਦੀ ਗਿਣਤੀ ਕੁਲ ਵਿਧਾਇਕਾਂ ਦੇ 15 ਫੀਸਦੀ ਤੋਂ ਨਹੀਂ ਵਧਣੀ ਚਾਹੀਦੀ ਪਰ ਇਸ ਕਾਨੂੰਨੀ ਬੰਦਸ਼ ਨੂੰ ਤੋੜਨ ਲਈ ਉਸ ਵੇਲੇ ਦੇ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਸਾਰੇ ਹਟਾਏ ਜਾਣ ਵਾਲੇ ਵਜ਼ੀਰਾਂ ਨੂੰ ਪਾਰਲੀਮੈਂਟਰੀ ਸਕੱਤਰ ਤੇ ਇਕ ਨੂੰ ਚੀਫ ਪਾਰਲੀਮੈਂਟਰੀ ਸਕੱਤਰ ਬਣਾ ਦਿੱਤਾ। ਅਕਾਲੀ ਸਰਕਾਰ ਇਸ ਤੋਂ ਵੀ ਅੱਗੇ ਨਿਕਲ ਗਈ ਤੇ ਉਸ ਨੇ ਅਨੇਕਾਂ ਵਿਧਾਇਕਾਂ ਨੂੰ ਇਕ ਵਾਢਿਓਂ ਹੀ ਚੀਫ ਪਾਰਲੀਮੈਂਟਰੀ ਸਕੱਤਰ ਬਣਾ ਦਿੱਤਾ। ਅਨੇਕਾਂ ਬੋਰਡਾਂ ਦੇ ਚੇਅਰਮੈਨਾਂ ਨੂੰ ਕੈਬਨਿਟ ਮੰਤਰੀ ਦਾ ਦਰਜਾ ਦੇ ਰੱਖਿਆ ਹੈ। ਇਹ ਸਾਰਾ ਕੁਝ ਆਪਣੇ ਸਵਾਰਥੀ ਵਿਧਾਨਕਾਰਾਂ ਅਤੇ ਹੋਰ ਪਾਰਟੀ ਆਗੂਆਂ ਨੂੰ ਸਰਕਾਰੀ ਖਜ਼ਾਨੇ ਸਿਰੋਂ ਮੌਜਾਂ ਕਰਾ ਕੇ ਆਪਣੀ ਰਾਜਸੀ ਗੱਦੀ ਪੱਕੀ ਰੱਖਣ ਤੋਂ ਬਿਨਾ ਹੋਰ ਕੁਝ ਨਹੀਂ ਹੈ। ਇਕ ਦੂਜੇ ਨਾਲ ਅਸੈਂਬਲੀ ਹਾਲ 'ਚ ਪੱਗੋ-ਹੱਥੀ ਹੋਣ ਵਾਲੇ ਵਿਧਾਨਕਾਰ ਆਪਣੇ ਲਈ ਸਰਕਾਰੀ ਖਜ਼ਾਨੇ ਦੀ ਲੁੱਟ ਕਰਨ ਲਈ ਮਿੰਟਾਂ 'ਚ ਘਿਉ ਖਿਚੜੀ ਹੋ ਜਾਂਦੇ ਹਨ। ਬੀਤੇ ਸਾਲ ਗਰਮੀਆਂ ਦੇ ਅਜਲਾਸ ਵਿਚ ਆਪਣੀਆਂ ਤਨਖਾਹਾਂ ਅਤੇ ਭੱਤਿਆਂ ਦੇ ਵਾਧੇ ਲਈ ਹਾਕਮ ਤੇ ਵਿਰੋਧੀ ਧਿਰ ਦੇ ਵਿਧਾਨਕਾਰਾਂ ਨੇ ਮਿੰਟਾਂ 'ਚ ਹੀ ਬਿੱਲ ਪਾਸ ਕਰਕੇ ਆਪਣੇ ਲਈ ਔਸਤਨ 40-40 ਹਜ਼ਾਰ ਰੁਪਏ ਮਾਸਕ ਲਾਭਾਂ ਦੀ ਵਿਵਸਥਾ ਕਰ ਲਈ। ਲਗਭਗ ਸਾਰੇ ਰਾਜਸੀ ਆਗੂ ਆਪਣੇ ਹਲਕੇ ਅੰਦਰ ਤਾਇਨਾਤ ਸਿਵਲ ਪੁਲਿਸ ਅਧਿਕਾਰੀਆਂ ਤੋਂ ਵੱਡੀਆਂ ਰਕਮਾਂ ਪ੍ਰਾਪਤ ਕਰਦੇ ਹਨ। ਸੰਬੰਧਤ ਅਧਿਕਾਰੀ ਇਨ੍ਹਾਂ ਨੂੰ ਦਿੱਤੀਆਂ ਰਕਮਾਂ ਨਾਲੋਂ ਕਈ ਗੁਣਾ ਵੱਧ ਲੋਕਾਂ ਤੋਂ ਇਕੱਠਾ ਕਰਦੇ ਹਨ।

ਅਫਸਰਸ਼ਾਹੀ ਦੀ ਵੱਡੀ ਧਾੜ: ਲੋਕਾਂ ਨਾਲੋਂ ਟੁੱਟਿਆ ਰਾਜਸੀ ਢਾਂਚਾ ਅਫਸਰਸ਼ਾਹੀ ਵਿਸ਼ੇਸ਼ ਕਰਕੇ ਪੁਲਿਸ ਦੇ ਸਹਾਰੇ ਲੋਕਾਂ ਨੂੰ ਦਬਾਅ ਕੇ ਰਾਜ ਕਰਦਾ ਹੈ। ਇਹੀ ਕਾਰਨ ਹੈ ਕਿ ਲੋਕ ਸੇਵਾਵਾਂ ਨਾਲ ਜੁੜੇ ਮਹਿਕਮਿਆਂ ਵਿਚ ਮੁਲਾਜ਼ਮਾਂ ਦੀ ਤਾਂ ਭਰਤੀ ਨਹੀਂ ਕੀਤੀ ਜਾ ਰਹੀ, ਪਰ ਪੁਲਿਸ, ਵਿਸ਼ੇਸ਼ ਕਰਕੇ ਅਫਸਰਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਇਸੇ ਤਰ੍ਹਾਂ ਸਿਵਲ ਅਧਿਕਾਰੀਆਂ ਦੀ ਗਿਣਤੀ ਵੀ ਵਧ ਰਹੀ ਹੈ ਭਾਵੇਂ ਕਿ ਛੋਟੇ ਮੁਲਾਜ਼ਮਾਂ ਦੀ ਭਰਤੀ ਬੰਦ ਹੈ।

ਉਪਰੋਕਤ ਤੱਥ ਸਪੱਸ਼ਟ ਕਰਦੇ ਹਨ ਕਿ ਪੰਜਾਬ ਦੀ ਆਰਥਿਕ ਹਾਲਤ ਬਹੁਤ ਹੀ ਚਿੰਤਾਜਨਕ ਹੈ। ਸਰਕਾਰ ਪਾਸ ਆਪਣੇ ਰੋਜ਼ਾਨਾ ਕੰਮਕਾਰ ਚਲਾਉਣ ਲਈ ਵੀ ਪੈਸਿਆਂ ਦੀ ਘਾਟ ਹੈ। ਕੇਂਦਰੀ ਯੋਜਨਾਵਾਂ ਰਾਹੀਂ ਆਈਆਂ ਰਕਮਾਂ ਸਰਕਾਰ ਇਸ ਕਰਕੇ ਨਹੀਂ ਖਰਚ ਸਕਦੀ ਕਿ ਲੋੜੀਂਦੀ ਸ਼ਰਤ ਪੂਰੀ ਕਰਨ ਲਈ ਉਨ੍ਹਾਂ ਨਾਲ ਆਪਣੇ ਵਲੋਂ ਜੋੜਨਯੋਗ ਸਰਮਾਇਆ ਨਹੀਂ ਹੁੰਦਾ। ਕੇਂਦਰ ਵਲੋਂ ਆਈ ਸ਼ਹਿਰੀ ਵਿਕਾਸ ਸਕੀਮ ਦਾ ਸਿਰਫ ਇਕ ਫੀਸਦੀ, ਬਾਗਬਾਨੀ ਮਿਸ਼ਨ ਵਿਚੋਂ 5 ਫੀਸਦੀ ਅਤੇ ਸਫਾਈ ਮੁਹਿੰਮ ਵਿਚੋਂ 3.54 ਫੀਸਦੀ ਫੰਡ ਹੀ ਵਰਤੇ ਜਾ ਸਕੇ ਹਨ। ਪੰਜਾਬ ਸਰਕਾਰ ਅੰਞੀਂ ਪਲਾਹੀ ਹੱਥ ਮਾਰ ਕੇ ਬੜੀਆਂ ਹੀ ਹਾਸੋਹੀਣੀਆਂ ਦਲੀਲਾਂ ਨਾਲ ਆਪਣੀ ਡੰਗ ਟਪਾਈ ਕਰਦੀ ਹੈ। ਉਸ ਵਲੋਂ ਬਣਾਈ ਗਈ ਦੋ ਮੈਂਬਰੀ ਵਿੱਤੀ ਸੁਧਾਰ ਕਮੇਟੀ ਨੇ ਸਰਕਾਰੀ ਮੁਲਾਜ਼ਮਾਂ ਦੀ ਰਿਟਾਇਰਮੈਂਟ ਉਮਰ 58 ਤੋਂ 60 ਸਾਲ ਕਿਸੇ ਠੋਸ ਆਧਾਰ 'ਤੇ ਕਰਨ ਦੀ ਥਾਂ ਇਸ ਲਈ ਕਰਨ ਦੀ ਸਿਫਾਰਸ਼ ਕੀਤੀ ਹੈ ਤਾਂ ਕਿ ਦੋ ਸਾਲਾਂ ਵਿਚ ਰਿਟਾਇਰ ਹੋਣ ਵਾਲੇ ਮੁਲਾਜ਼ਮਾਂ ਨੂੰ ਪੈਨਸ਼ਨ ਤੇ ਸੰਬੰਧਤ ਲਾਭ ਨਹੀਂ ਦੇਣੇ ਪੈਣਗੇ। ਪੰਜਾਬ ਦੀ ਵਿਕਾਸ ਦਰ 2 ਫੀਸਦੀ ਸਾਲਾਨਾ ਰਹਿ ਗਈ ਹੈ ਜਦੋਂਕਿ ਭਾਰਤ ਦੀ ਇਹ ਦਰ 5-6 ਫੀਸਦੀ ਹੈ। ਪੰਜਾਬ ਸਿਰ ਕਰਜ਼ੇ ਦਾ ਭਾਰ ਲਗਾਤਾਰ ਵਧ ਰਿਹਾ ਹੈ। ਇਹ 2006-07 ਵਿਚ 48,344 ਕਰੋੜ, 2008-09 ਵਿਚ 57,369 ਕਰੋੜ ਰੁਪਏ ਸੀ ਅਤੇ 2009-10 ਵਿਚ 63,000 ਕਰੋੜ ਰੁਪਏ ਹੋ ਜਾਵੇਗਾ। ਇਸ ਕਰਜ਼ੇ ਦੀ ਪੂਰਤੀ ਲਈ ਸਰਕਾਰ ਦੇ ਬਜਟ ਦਾ ਲਗਭਗ 30 ਫੀਸਦੀ ਖਰਚ ਆਉਂਦਾ ਹੈ।

ਸੰਕਟ ਦਾ ਹੱਲ: ਸੂਬਾਈ ਸਰਕਾਰਾਂ ਦੀ ਆਰਥਿਕ ਅਤੇ ਰਾਜਨੀਤਕ ਮਜ਼ਬੂਤੀ ਲਈ ਕੇਂਦਰ ਅਤੇ ਰਾਜਾਂ ਦੇ ਆਪਸੀ ਸੰਬੰਧਾਂ ਵਿਚ ਰਾਜਾਂ ਦੇ ਪੱਖ ਵਿਚ ਤਿੱਖੀਆਂ ਤਬਦੀਲੀਆਂ ਕੀਤੇ ਜਾਣ ਦੀ ਪ੍ਰਮੁਖ ਲੋੜ ਹੈ। ਪਰ ਇਹ ਤਾਂ ਹੀ ਸੰਭਵ ਹੈ ਜੇ ਕਮਿਊਨਿਸਟ ਅਤੇ ਖੱਬੀਆਂ ਧਿਰਾਂ ਅਤੇ ਹੋਰ ਖੇਤਰੀ ਪਾਰਟੀਆਂ ਦੀ ਅਗਵਾਈ ਵਿਚ ਰਾਜਾਂ ਨੂੰ ਵਧੇਰੇ ਅਧਿਕਾਰਾਂ ਲਈ ਜ਼ੋਰਦਾਰ ਲਹਿਰ ਚਲਾਈ ਜਾਵੇ। ਚਿੰਤਾ ਵਾਲੀ ਗੱਲ ਇਹ ਹੈ ਕਿ ਕਮਜ਼ੋਰ ਅਤੇ ਵੰਡੀ ਹੋਈ ਕਮਿਊਨਿਸਟ ਲਹਿਰ ਰਾਜਾਂ ਨੂੰ ਵਧੇਰੇ ਅਧਿਕਾਰਾਂ ਦੀ ਲੜਾਈ ਅਤੇ ਪੰਜਾਬ ਦੇ ਹਿਤਾਂ ਦੀ ਰਾਖੀ ਲਈ ਕੋਈ ਜ਼ੋਰਦਾਰ ਲਹਿਰ ਨਹੀਂ ਚਲਾ ਸਕੀ। ਆਰਥਿਕ ਪੱਖੋਂ ਕੇਂਦਰ ਦੇ ਭਿਖਾਰੀ ਬਣ ਕੇ ਕੋਈ ਸੂਬਾ ਸਰਕਾਰ ਆਪਣੇ ਸੂਬੇ ਦਾ ਵਿਕਾਸ ਨਹੀਂ ਕਰ ਸਕਦੀ। ਇਸ ਲਈ ਜੇਕਰ ਪੰਜਾਬ ਸਰਕਾਰ ਪੰਜਾਬ ਦੇ ਵਿਕਾਸ ਲਈ ਸੁਹਿਰਦ ਹੈ ਤਾਂ ਉਹ ਰਾਜਾਂ ਲਈ ਵਧੇਰੇ ਅਧਿਕਾਰਾਂ ਦੀ ਜ਼ੋਰਦਾਰ ਮੰਗ ਕਰੇ। ਪਰ ਪੰਜਾਬ ਦੇ ਲੋਕਾਂ ਦੀ ਬਦਕਿਸਮਤੀ ਇਹ ਹੈ ਕਿ ਇਥੋਂ ਦੀ ਕਾਂਗਰਸ ਸਰਕਾਰ ਤਾਂ ਅਜਿਹੀ ਮੰਗ ਬਿਲਕੁਲ ਨਹੀਂ ਕਰਦੀ। ਅਕਾਲੀ ਸਰਕਾਰ ਵੀ ਉਸ ਵੇਲੇ ਮਸਲਾ ਉਭਾਰਦੀ ਹੈ ਜਦੋਂ ਕੇਂਦਰ ਵਿਚ ਉਸਦੀ ਵਿਰੋਧੀ ਕਾਂਗਰਸ ਪਾਰਟੀ ਦੀ ਸਰਕਾਰ ਹੋਵੇ। ਬੀ. ਜੇ. ਪੀ. ਦੀ ਅਗਵਾਈ ਵਾਲੀ ਸਰਕਾਰ ਸਮੇਂ ਉਹ ਮੂੰਹ ਵਿਚ ਘੁੰਗਣੀਆਂ ਪਾ ਕੇ ਬੈਠੀ ਰਹੀ ਹੈ।

ਇਸ ਤੋਂ ਬਿਨਾਂ ਕੇਂਦਰ ਸਰਕਾਰ ਤੋਂ ਮੰਗ ਕੀਤੀ ਜਾਣੀ ਚਾਹੀਦੀ ਹੈ ਕਿ ਉਹ ਪੰਜਾਬ ਨਾਲ ਦਰਿਆਈ ਪਾਣੀਆਂ ਅਤੇ ਚੰਡੀਗੜ੍ਹ ਸਮੇਤ ਪੰਜਾਬੀ ਭਾਸ਼ੀ ਇਲਾਕਿਆਂ ਦੇ ਮਸਲੇ 'ਤੇ ਇਨਸਾਫ ਕਰੇ। ਅਜਿਹਾ ਹੋਣ ਨਾਲ ਪੰਜਾਬ ਨੂੰ ਨਹਿਰੀ ਪਾਣੀ ਮਿਲਣ ਅਤੇ ਚੰਡੀਗੜ੍ਹ ਵਰਗਾ ਸ਼ਹਿਰ ਮਿਲਣ ਨਾਲ ਰੈਵੀਨਿਊ ਵੀ ਵੱਡੀ ਮਾਤਰਾ ਵਿਚ ਮਿਲੇਗਾ। ਪਾਣੀ ਮਿਲਣ ਨਾਲ ਖੇਤੀ ਜਿਣਸਾਂ ਦੀ ਉਪਜ ਵਧੇਗੀ ਜਿਸਦੇ ਮੰਡੀਕਰਨ ਨਾਲ ਸਰਕਾਰ ਨੂੰ ਬਹੁਤ ਵੱਡਾ ਮਾਲੀ ਲਾਭ ਹੋਵੇਗਾ। ਪੰਜਾਬ ਵਲੋਂ ਕੇਂਦਰ ਪਾਸੋਂ ਕੇਂਦਰੀ ਪੂਲ ਲਈ ਵੱਡੀ ਮਾਤਰਾ ਵਿਚ ਸਸਤੇ ਭਾਅ ਦਾ ਅਨਾਜ ਦੇਣ ਲਈ ਵਿਸ਼ੇਸ਼ ਸਾਲਾਨਾ ਆਰਥਿਕ ਪੈਕੇਜ ਦੀ ਮੰਗ ਕਰਨੀ ਚਾਹੀਦੀ ਹੈ। ਪੰਜਾਬ ਦੇ ਕਿਸਾਨਾਂ ਨੇ ਦੇਸ਼ ਨੂੰ ਅਨਾਜ ਦੇ ਮਾਮਲੇ ਵਿਚ ਪੈਰਾਂ 'ਤੇ ਖੜ੍ਹਾ ਕੀਤਾ ਹੈ, ਜਿਸਦੀ ਇਨ੍ਹਾਂ ਭਾਰੀ ਕੀਮਤ ਤਾਰੀ ਹੈ। ਇਸ ਤੋਂ ਬਿਨਾਂ ਬਾਹਰੋਂ ਮੰਗਾਇਆ ਅਨਾਜ ਕਈ ਗੁਣਾ ਮਹਿੰਗਾ ਮਿਲੇਗਾ। ਇਸ ਲਈ ਕਿਸਾਨਾਂ ਨੂੰ ਮਿਲਣ ਵਾਲੀਆਂ ਸਬਸਿਡੀਆਂ, ਖੇਤੀ ਮੋਟਰਾਂ ਲਈ ਬਿਜਲੀ ਅਤੇ ਨਹਿਰੀ ਪਾਣੀ ਦੀ ਮੁਫਤ ਸਪਲਾਈ ਜਾਰੀ ਰੱਖਣ ਦੇ ਖਰਚੇ ਦੀ ਭਰਪਾਈ ਕੇਂਦਰ ਵਲੋਂ ਕੀਤੀ ਜਾਣੀ ਜ਼ਰੂਰੀ ਹੈ।

ਇਸ ਤੋਂ ਬਿਨਾ ਕੇਂਦਰ ਨੂੰ ਪੰਜਾਬ ਨੂੰ ਸਰਹੱਦੀ ਸੂਬਾ ਮੰਨ ਕੇ ਇਸ ਲਈ ਵਿਸ਼ੇਸ਼ ਉਦਯੋਗਿਕ ਪੈਕੇਜ ਵੀ ਦੇਣਾ ਚਾਹੀਦਾ ਹੈ। ਸਰਹੱਦੀ ਸੂਬੇ ਵਿਚ ਉਦਯੋਗ ਵਿਸ਼ੇਸ਼ ਰਿਆਇਤਾਂ ਬਿਨਾ ਨਹੀਂ ਚੱਲ ਸਕਦੇ। ਪੰਜਾਬ ਸਿਰ ਅਤਿਵਾਦ ਸਮੇਂ ਚੜ੍ਹਿਆ ਕਰਜ਼ਾ ਪੂਰੀ ਤਰ੍ਹਾਂ ਮੁਆਫ ਕੀਤਾ ਜਾਣਾ ਚਾਹੀਦਾ ਹੈ।

ਪੰਜਾਬ ਸਰਕਾਰ ਲੋਕ ਪੱਖੀ ਨੀਤੀ ਅਪਨਾਵੇ: ਕਾਂਗਰਸ ਅਤੇ ਅਕਾਲੀ ਦਲ ਦੀਆਂ ਸਰਕਾਰਾਂ ਦੀਆਂ ਮੌਕਾਪ੍ਰਸਤ, ਤੰਗਨਜ਼ਰ, ਡੰਗ ਟਪਾਊ ਅਤੇ ਭ੍ਰਿਸ਼ਟ ਨੀਤੀਆਂ ਨੇ ਪੰਜਾਬ ਦੀ ਆਰਥਿਕਤਾ ਦਾ ਕਚੂੰਮਰ ਕੱਢ ਦਿੱਤਾ ਹੈ। ਪੰਜਾਬ ਦੀ ਮੌਜੂਦਾ ਅਵਸਥਾ ਲਈ ਸੂਬਾ ਸਰਕਾਰਾਂ ਵੀ ਬਰਾਬਰ ਦੀਆਂ ਜ਼ਿੰਮੇਵਾਰ ਹਨ।

ਇਸ ਸੰਕਟ ਵਿਚੋਂ ਬਾਹਰ ਨਿਕਲਣ ਲਈ ਹੇਠ ਲਿਖ ਕਦਮ ਪੁੱਟੇ ਜਾਣੇ ਜ਼ਰੂਰੀ ਹਨ।

(ੳ) ਬੁਨਿਆਦੀ ਢਾਂਚੇ ਦਾ ਵਿਕਾਸ: ਸਰਕਾਰ ਨੂੰ ਬਿਜਲੀ ਉਤਪਾਦਨਾਂ ਅਤੇ ਨਹਿਰੀ

(ਬਾਕੀ ਸਫਾ 34 'ਤੇ)

# ਮੇਰੇ ਪਿੰਡ ਦੀ ਨੁਹਾਰ

ਪਿੰਡ ਦੇ ਦਰਵਾਜ਼ੇ ਤੋਂ ਬਾਅਦ ਦੂਜੀ ਵੱਡੀ ਰੌਣਕ ਵਾਲੀ ਥਾਂ 'ਗੋਰੇ ਆਲਾ ਖੂਹ' ਹੁੰਦਾ ਸੀ। ਇਹ ਦੋ-ਵਿੱਢਾ ਖੂਹ ਨਿਆਈਂ ਦੇ ਖੇਤਾਂ ਨੂੰ ਸਿੰਜਣ ਦੇ ਕੰਮ ਆਉਂਦਾ ਸੀ। ਇਹ ਖੂਹ ਤਕਰੀਬਨ ਹਰ ਰੋਜ਼ ਹੀ ਵਗਦਾ ਹੁੰਦਾ ਸੀ ਅਤੇ ਇਥੇ ਕਪੜੇ ਧੋਣ ਵਾਲੀਆਂ ਔਰਤਾਂ ਦੀ ਰੌਣਕ ਲੱਗੀ ਰਹਿੰਦੀ ਸੀ। ਨਾਲ ਬਣਿਆ ਵੱਡਾ ਚੌਂਤਰਾ ਜਿਥੇ ਪਿੱਪਲ ਤੇ ਨਿੰਮ ਦੇ ਅਨੇਕਾਂ ਦਰੱਖਤ ਉੱਗੇ ਹੋਏ ਸੀ, ਬੰਦਿਆਂ ਅਤੇ ਬੱਚਿਆਂ ਦੇ ਇਕੱਠ ਨਾਲ ਮੇਲੇ ਵਰਗਾ ਮਾਹੌਲ ਸਿਰਜਦਾ ਸੀ। ਮੁਰੱਬਾਬੰਦੀ ਤੋਂ ਬਾਅਦ ਨਿਆਈਂ ਦੇ ਖੇਤ ''ਆਬਾਦੀਆਂ'' ਵਿਚ ਬਦਲ ਗਏ ਪਰ ਫਿਰ ਵੀ ਕਈ ਸਾਲ ਤੱਕ ਇਨ੍ਹਾਂ ਵਿਚ ਸਰ੍ਹੋਂ ਅਤੇ ਚਰੀ ਉੱਗਦੀ ਰਹੀ। ਅੱਜ ਕਲ



ਡਾ. ਗੁਰਨਾਮ ਕੌਰ

**ਡਾ. ਗੁਰਨਾਮ ਕੌਰ***

ਇਹ ਸਾਰੀਆਂ ਆਬਾਦੀਆਂ ਮਕਾਨਾਂ ਵਿਚ ਬਦਲ ਗਈਆਂ ਹਨ ਅਤੇ ਖੂਹ ਦੀ ਰੌਣਕ ਵੀ ਮੁੱਕ ਗਈ ਹੈ। ਪਿੰਡ ਦੇ ਨੇੜੇ ਹੋਣ ਕਰਕੇ ਅਤੇ ਕਾਫੀ ਡੂੰਘਾ ਹੋਣ ਕਰਕੇ ਕਈਆਂ ਨੇ ਸਮੇਂ-ਸਮੇਂ ਆਪਣੇ ਗੁੱਸੇ ਜਾਂ ਨਿਰਾਸ਼ਾ ਤੋਂ ਛੁਟਕਾਰਾ ਪਾਉਣ ਲਈ ਇਸ ਵਿਚ ਛਾਲਾਂ ਮਾਰ ਕੇ ਆਪਣੀਆਂ ਜਾਨਾਂ ਦਿੱਤੀਆਂ। ਇਸੇ ਲਈ ਬਹੁਤ ਸਾਲ ਪਹਿਲਾਂ ਜਦੋਂ ਇਕ ਨਵੇਂ ਵਿਆਹੇ ਜਵਾਨ ਮੁੰਡੇ ਨੇ ਇਸ ਵਿਚ ਛਾਲ ਮਾਰ ਕੇ ਆਪਣੀ ਜਾਨ ਦੇ ਦਿੱਤੀ ਤਾਂ ਪਿੰਡ ਦੀ ਪੰਚਾਇਤ ਨੇ ਫੈਸਲਾ ਕਰਕੇ ਇਸ ਖੂਹ ਨੂੰ ਭਰਵਾ ਕੇ ਬੰਦ ਕਰ ਦਿੱਤਾ। ਹਾਲੇ ਵੀ ਇਹ ਥਾਂ ਗੋਰੇ ਆਲਾ ਖੂਹ ਹੀ ਵੱਜਦਾ ਹੈ। ਕਿਸੇ ਜ਼ਮਾਨੇ ਇਥੇ ''ਤੀਆਂ'' ਮੌਕੇ ਕੁੜੀਆਂ ਪੀਂਘਾ ਚੜ੍ਹਾਉਂਦੀਆਂ ਅਤੇ ਗਿੱਧਾ ਪਾਉਂਦੀਆਂ। ਤੀਆਂ ਦਾ ਕੇਂਦਰ ਦੋ ਹੋਰ ਥਾਵਾਂ ਵੀ ਹੋਇਆ ਕਰਦੀਆਂ ਸਨ। ਦੇਵ ਲੰਬੜ ਦਾ ਅੰਬਾਂ ਦਾ ਬਾਗ ਜਾਂ ਝੱਲੀਆਂ ਦਾ ਅੰਬਾਂ ਦਾ ਬਾਗ। ਪਿੰਡ ਦਾ ਮੁੱਖ ਗੋਤ ਤਾਂ 'ਉਟਾਲ' ਹੈ ਪਰ ਨਾਨਕੇ ਦੋਹਤੇ ਵੱਸੇ ਹੋਏ ਇਥੇ ਝੱਲੀ, ਗਿੱਲ, ਵੜੈਚ ਅਤੇ ਮਾਨੂੰਪੁਰ ਤੇ ਸੇਖੋਂ ਵੀ ਹਨ।

ਪਿੰਡ ਵਿਚ ਸਕੂਲ ਖੁਲ੍ਹਣ ਤੋਂ ਪਹਿਲਾਂ ਗਿਆਨੀ ਸਾਧੂ ਸਿੰਘ, ਜੋ ਗੁਰਦੁਆਰਾ ਅਟਾਰੀ ਸਾਹਿਬ ਦੇ ਗ੍ਰੰਥੀ ਸਨ, ਅੱਖਾਂ ਦੀ ਜੋਤਿ ਨਾ ਹੋਣ ਦੇ ਬਾਵਜੂਦ ਬੱਚਿਆਂ ਨੂੰ ਗੁਰਮੁਖੀ ਪੜ੍ਹਾਉਂਦੇ ਸੀ। ਉਨ੍ਹਾਂ ਨੇ ਆਪਣੇ ਸਮੇਂ ਵਿਚ ਪਿੰਡ ਦੇ ਕਈ ਲੜਕੇ ਅਤੇ ਲੜਕੀਆਂ ਨੂੰ ਅਖੰਡ-ਪਾਠੀ ਬਣਾਇਆ। ਗੁਰਬਾਣੀ ਦੇ ਉਚਾਰਣ ਦੀ ਗਲਤੀ ਉਹ ਝੱਟ ਫੜ ਲੈਂਦੇ ਸੀ। ਗਿਆਨੀ ਜੀ ਬੱਚਿਆਂ ਨੂੰ ਇਮਲਾ (ਡਿਕਟੇਸ਼ਨ) ਲਿਖਾਉਣ ਵੇਲੇ ਆਮ ਤੌਰ 'ਤੇ ਪਹਿਲਾ ਵਾਕ ਬੋਲਦੇ ਹੁੰਦੇ ਸੀ, ਲਿਖੋ, ''ਘੁੰਗਰਾਲੀ ਦੇ ਆਲੇ-ਦੁਆਲੇ ਟੋਭੇ ਤਿੰਨ।'' ਇਹ ਤਿੰਨ ਟੋਭੇ ਜਿਨ੍ਹਾਂ ਨੇ ਪਿੰਡ ਨੂੰ ਆਲੇ-ਦੁਆਲਿਉਂ ਵਲਿਆ ਹੋਇਆ ਹੈ ਕਦੀ ਪਿੰਡ ਦਾ ਸ਼ਿੰਗਾਰ ਹੁੰਦੇ ਸੀ। ਮਈ ਦੇ ਮਹੀਨੇ ਪਾਣੀ ਸੁੱਕਣ ਤੇ ਮਿੱਟੀ-ਗਾਰਾ ਢੋਣ ਵਾਲਿਆਂ ਦਾ ਇੱਥੇ ਮੇਲਾ ਲੱਗਿਆ ਹੁੰਦਾ ਸੀ। ਸਠਵਿਆਂ ਤੋਂ ਪਹਿਲਾਂ ਪਿੰਡ ਵਿਚ ਬਹੁ-ਗਿਣਤੀ ਕੱਚੇ ਘਰਾਂ ਦੀ ਸੀ ਜਿਨ੍ਹਾਂ ਨੂੰ ਲਿੱਪਣ ਲਈ ਕਾਲੀ ਮਿੱਟੀ, ਪੀਲੀ ਮਿੱਟੀ ਅਤੇ ਪਾਂਡੂ ਇਨ੍ਹਾਂ ਟੋਭਿਆਂ ਵਿਚੋਂ ਹੀ ਢੋਇਆ ਜਾਂਦਾ ਸੀ। ਇਹ ਤਿੰਨੇ ਟੋਭੇ ਬੱਗੇਆਣਾ, ਵੇਲਾਂ ਵਾਲਾ ਅਤੇ ਮੋਰੀ ਵਾਲਾ ਪੁਲੀਆਂ ਰਾਹੀਂ ਇਕ ਦੂਸਰੇ ਨਾਲ ਜੋੜੇ ਹੋਏ ਸੀ। ਪਹਿਲੇ ਸਮਿਆਂ ਵਿਚ ਜਦੋਂ ਬਰਸਾਤ ਪੈਣ ਤੇ ਬਦਲ ਰੌ ਦਾ ਪਾਣੀ ਇਨ੍ਹਾਂ ਟੋਭਿਆਂ ਦੇ ਨਾਲ ਨਾਲ ਪਿੰਡ ਗੁਰਦੁਆਰੇ ਦੇ ਨਾਲ ਵਾਲੇ ਥੇਹ ਦੀ ਜਗ੍ਹਾ ਤੇ ਵਸਿਆ ਹੋਇਆ ਸੀ। ਇਹ ਥੇਹ ਹੁਣ ਖੇਤਾਂ ਦਾ ਰੂਪ ਧਾਰ ਗਿਆ ਹੈ ਪਰ ਵਸੋਂ ਹੋਣ ਦੀਆਂ ਨਿਸ਼ਾਨੀਆਂ ਹੁਣ ਤੱਕ ਲੱਭਦੀਆਂ ਰਹੀਆਂ ਹਨ।

ਸੋਢੀਆਂ ਦੇ ਰਾਜ ਵੇਲੇ ਪੰਡਤਾਂ ਦੇ ਵਹਿਮ ਪਾ ਦੇਣ ਤੇ ਪਿੰਡ ਉਥੋਂ ਉਠਾ ਕੇ ਹੁਣ ਵਾਲੀ ਨੀਵੀਂ ਥਾਂ ਵਸਾ ਦਿੱਤਾ ਗਿਆ ਸੀ। ਪਿੰਡ ਦੀ ਉਸ ਪਾਸੇ ਦੀ ਜ਼ਮੀਨ ਵਿਚ ਇਕ ਹੋਰ ਨਵਾਂ ਪਿੰਡ ਸੰਗਤਪੁਰਾ (ਭੁਕਮੂਈ) ਨਾਲ ਦੇ ਪਿੰਡਾਂ ਸਰਵਰਪੁਰ ਅਤੇ ਬਰਵਾਲੀ ਤੋਂ ਘਰ ਉਠਾ ਕੇ ਵਸਾ ਦਿੱਤਾ ਗਿਆ ਸੀ। ਇਨ੍ਹਾਂ ਟੋਭਿਆਂ ਨਾਲ ਜੁੜੀਆਂ ਦੋ ਘਟਨਾਵਾਂ ਮੈਨੂੰ ਕਦੀ ਨਹੀਂ ਭੁੱਲਣੀਆਂ। ਮੈਂ ਬਹੁਤ ਛੋਟੀ ਸੀ। ਮੋਰੀ ਵਾਲੇ ਟੋਭੇ ਦੇ ਨਾਲ ਨਾਲ ਘੁਮਿਆਰਾਂ ਦੇ ਘਰ ਸਨ ਅਤੇ ਉਥੇ ਹੀ ਉਨ੍ਹਾਂ ਦੇ ਭਾਂਡੇ ਪਕਾਉਣ ਵਾਲੇ ਆਵੇ ਸਨ। ਭਾਦੋਂ ਦੇ ਮਹੀਨੇ ਇਕ ਭਿਆਨਕ ਸੱਪ ਨੇ ਟੋਭੇ ਵਿਚੋਂ ਨਿਕਲ ਕੇ ਪਹਿਲੇ ਦਿਨ ਘੁਮਿਆਰਾਂ ਦੀ ਮੱਝ ਡੰਗ ਕੇ ਮਾਰ ਦਿੱਤੀ ਤੇ ਦੂਸਰੇ ਦਿਨ ਉਨ੍ਹਾਂ ਦੀ ਵਹੁਟੀ ਦੇ ਲੜ ਗਿਆ ਜੋ ਇਕ ਦਮ ਹੀ ਮਰ ਗਈ। ਜਦੋਂ ਗਲੀ ਵਿਚੋਂ ਉਸ ਦੀ ਅਰਥੀ ਦੇ ਮਗਰ ਉਸਦਾ ਛੋਟੀ ਉਮਰ ਦਾ ਮੁੰਡਾ ਵਿਲਕਦਾ ਜਾ ਰਿਹਾ ਸੀ। ਇਹ ਘਟਨਾ ਹਮੇਸ਼ਾ ਲਈ ਮੇਰੇ ਜ਼ਿਹਨ ਵਿਚ ਬੈਠ ਗਈ ਅਤੇ ਨਾਲ ਹੀ ਸੱਪ ਦਾ ਅਦਿੱਖ ਭੈ ਵੀ। ਦੂਸਰੀ ਘਟਨਾ ਉਦੋਂ ਦੀ ਹੈ ਜਦੋਂ ਮੈਂ ਲੁਧਿਆਣੇ ਕਾਲਜ ਵਿਚ ਪੜ੍ਹਦੀ ਸੀ ਅਤੇ ਇਮਤਿਹਾਨਾਂ ਤੋਂ ਬਾਅਦ ਮਈ ਦੇ ਮਹੀਨੇ ਹੋਸਟਲ ਤੋਂ ਘਰ ਆਈ ਹੋਈ ਸੀ। ਦਿਨ ਦੇ ਦੱਸ-ਗਿਆਰਾਂ ਵਜੇ ਸਨ। ਬਗੇਆਣੇ ਟੋਭੇ ਦੇ ਕੰਢੇ ਸੋਲਾਂ-ਸਤਾਰਾਂ ਸਾਲ ਦੀ ਉਮਰ ਦੀਆਂ ਤਿੰਨ ਕੁੜੀਆਂ ਪੀਲੀ ਮਿੱਟੀ ਪੁੱਟ ਰਹੀਆਂ ਸਨ ਕਿ ਅਚਾਨਕ ਉਨ੍ਹਾਂ ਉੱਤੇ ਢਿੱਗ ਡਿੱਗ ਪਈ। ਵੱਡੀ ਉਮਰ ਦੀ ਚੌਥੀ ਔਰਤ, ਜੋ ਪਰ੍ਹੇ ਬੈਠੀ ਸੀ, ਨੇ ਪਿੱਟਣਾ ਸ਼ੁਰੂ ਕਰ ਦਿੱਤਾ। ਘਰ ਨੇੜੇ ਹੋਣ ਕਰਕੇ ਰੌਲਾ ਸੁਣ ਕੇ ਮੈਂ ਵੀ ਦੌੜੀ ਗਈ ਅਤੇ ਸਕੂਲ ਦੇ ਅਧਿਆਪਕਾਂ ਨਾਲ ਰਲ ਕੇ ਉਨ੍ਹਾਂ ਨੂੰ ਮਿੱਟੀ ਥੱਲਿਉਂ ਕੱਢਿਆ। ਪਰ ਤਿੰਨੇ ਕੁੜੀਆਂ ਮਰ ਚੁੱਕੀਆਂ ਸਨ। ਇਕੋ ਵੇਲੇ ਪਿੰਡ ਦੇ ਤਿੰਨ ਘਰਾਂ ਵਿਚ ਸੋਗ ਪੈ ਗਿਆ। ਉਦੋਂ ਹੁਣ ਵਾਂਗ ਭਰੂਣ ਹੱਤਿਆ ਦਾ ਰਿਵਾਜ ਨਹੀਂ ਸੀ ਅਤੇ ਲੋਕ ਧੀਆਂ ਨੂੰ ਪਿਆਰ ਕਰਦੇ ਸਨ।

ਗੁਰਦੁਆਰਾ ਅਟਾਰੀ ਸਾਹਿਬ, ਜਿਸਦਾ ਸ਼ੁਰੂ ਵਿਚ ਹੀ ਜ਼ਿਕਰ ਕੀਤਾ ਹੈ, ਪਿੰਡ ਤੋਂ ਬਾਹਰ-ਵਾਰ ਹੈ। ਪਹਿਲਾਂ ਪਿੰਡ ਇਥੇ ਹੀ ਵਸਿਆ ਹੁੰਦਾ ਸੀ। ਪਿੰਡ ਤੋਂ ਥੋੜੇ ਫਾਸਲੇ ਤੇ ਢਾਬ ਹੁੰਦੀ ਸੀ ਜਿਸ ਦੇ ਆਲੇ-ਦੁਆਲੇ ਪਈ ਖਾਲੀ ਜ਼ਮੀਨ ਵਿਚ ਕਸੇਰ (ਇਕ ਕਿਸਮ ਦਾ ਘਾਹ) ਉੱਗੀ ਹੁੰਦੀ ਸੀ। ਲੋਕ ਇਥੇ ਮੱਝਾਂ-ਗਾਵਾਂ ਚਾਰਦੇ ਹੁੰਦੇ ਸੀ। ਬਜ਼ੁਰਗ ਦੱਸਦੇ ਕਿ ਇਕ ਵਾਰ ਗੁਰੂ ਨਾਨਕ ਦੇਵ ਜੀ ਇਥੇ ਆਏ ਤਾਂ ਮੱਝਾਂ ਚਾਰਦੇ ਮੁੰਡਿਆਂ ਨੇ ਉਨ੍ਹਾਂ ਨੂੰ ਠੰਢੇ ਜਲ ਨਾਲ ਭਰਿਆ ਘੜਾ ਪਾਣੀ ਪੀਣ ਲਈ ਦਿੱਤਾ ਤਾਂ ਉਨ੍ਹਾਂ ਨੇ ਉਹ ਘੜਾ ਢਾਬ ਕੰਢੇ ਉੱਗੇ ਬੋਹੜ ਦੀਆਂ ਜੜ੍ਹਾਂ ਵਿਚ ਰੱਖ ਦਿੱਤਾ ਕਿ ਅਸੀਂ ਇਹ ਜਲ ਦਸਵੇਂ ਜਾਮੇ ਵਿਚ ਆ ਕੇ ਛਕਾਂਗੇ। ਸਿੱਖ ਧਰਮ ਵਿਚ ਹੋਰ ਧਰਮਾਂ ਦੀ ਤਰ੍ਹਾਂ ਕਰਾਮਾਤਾਂ ਦਾ ਜ਼ਿਕਰ ਮਿਲਦਾ ਹੈ। ਘੁੰਗਰਾਲੀ ਦਾ ਭਾਈ ਨਾਨੂੰ ਸਿੰਘ ਮਿਸਤਰੀ ਦਸਮ ਪਾਤਿਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੂੰ ਹਥਿਆਰ ਬਣਾ ਕੇ ਅਨੰਦਪੁਰ ਸਾਹਿਬ ਭੇਟ ਕਰਕੇ ਆਉਂਦਾ ਹੁੰਦਾ ਸੀ। ਕਹਿੰਦੇ ਹਨ ਕਿ ਭੰਗਾਣੀ ਦੇ ਯੁੱਧ ਤੋਂ ਵਾਪਸੀ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਨਾਨੂੰ ਸਿੰਘ ਮਿਸਤਰੀ ਦੇ ਘਰ ਚਰਨ ਪਾਏ ਤਾਂ ਭਾਈ ਸਾਹਿਬ ਨੇ ਉਨ੍ਹਾਂ ਨੂੰ ਤੀਰ, ਪਿਸਤੌਲ ਅਤੇ ਸ੍ਰੀ ਸਾਹਿਬ ਭੇਟ ਕੀਤੇ। ਗੁਰੂ ਗੋਬਿੰਦ ਸਿੰਘ ਜੀ ਨੇ ਢਾਬ ਦੇ ਕੰਢੇ ਖੜ੍ਹੇ ਬੋਹੜ ਵਿਚ ਤੀਰ ਮਾਰਿਆ ਤਾਂ ਬੋਹੜ ਵਿਚੋਂ ਪਾਣੀ ਨਿਕਲ ਆਇਆ। ਪਾਣੀ ਵਾਲੀ ਇਹ ਖੁੱਡ ਪਿਛਲੇ ਸਾਲਾਂ ਤੱਕ ਮੌਜੂਦ ਰਹੀ ਹੈ ਅਤੇ ਲੋਕੀਂ ਇਥੋਂ ਬੋਤਲਾਂ ਵਿਚ ਪਾਣੀ ਲੈ ਕੇ ਜਾਂਦੇ ਰਹੇ ਹਨ। ਇਹ ਪਾਣੀ ਸੋਟੀ ਨੂੰ ਸਾਫ ਕਪੜਾ ਬੰਨ੍ਹ ਕੇ ਕੱਢਿਆ ਜਾਂਦਾ ਸੀ। ਕੁਝ ਸਾਲ ਪਹਿਲਾਂ ਇਹ ਬੋਹੜ ਫਟ ਕੇ ਦੋ ਟੋਟੇ ਹੋ ਗਿਆ ਅਤੇ ਸੁੱਕ ਗਿਆ। ਸ਼ਾਇਦ ਢਾਬ ਸੁੱਕ ਜਾਣ ਕਰਕੇ ਇਹ ਵੀ ਸੁੱਕ ਗਿਆ ਪਰ ਬਾਕੀ ਦੇ ਆਲੇ ਦੁਆਲੇ ਦੇ ਬੋਹੜ ਉਵੇਂ ਹੀ ਕਾਇਮ ਹਨ।

ਦੂਸਰੀ ਮੰਨੀ ਜਾਂਦੀ ਕਰਾਮਾਤੀ ਚੀਜ਼ ਕਦਮਾਂ ਦੇ ਦਰੱਖਤ ਹਨ। ਕਹਿੰਦੇ ਹਨ ਜਿੱਥੇ ਜਿੱਥੇ ਗੁਰੂ ਸਾਹਿਬ ਦੇ ਘੋੜੇ ਨੇ ਪੌੜ ਮਾਰੇ ਉਥੇ ਉਥੇ ਇਹ ਦਰੱਖਤ ਉੱਗੇ ਹਨ ਅਤੇ ਇਨ੍ਹਾਂ ਦੀ ਗਿਣਤੀ ਕਰਨ ਲੱਗਿਆਂ ਇਹ ਘੱਟ-ਵੱਧ ਜਾਂਦੇ ਹਨ। ਹੁਣ ਇਥੇ ਬਿਜਲੀ ਦਾ ਗਰਿਡ ਲੱਗਣ ਨਾਲ ਕਾਫੀ ਦਰਖਤ ਕੱਟੇ ਗਏ ਅਤੇ ਕੁਝ ਪੁਰਾਣੇ ਹੋ ਕੇ ਸੁੱਕ ਗਏ ਹਨ। ਢਾਬ ਉਤੇ ਪੁਰਸ਼ਾਂ ਅਤੇ ਇਸਤਰੀਆਂ ਦੇ ਇਸ਼ਨਾਨ ਲਈ ਵੱਖ-ਵੱਖ ਥਾਵਾਂ 'ਤੇ ਪਉੜੀਆਂ ਬਣੀਆਂ ਹੁੰਦੀਆਂ ਸੀ ਜਿਥੇ ਵਿਸਾਖੀ ਤੇ ਪਿੰਡ ਦੀਆਂ ਸਭ ਹਿੰਦੂ-ਸਿੱਖ ਔਰਤਾਂ-ਪੁਰਸ਼ ਇਸ਼ਨਾਨ ਕਰਨ ਆਉਂਦੇ। ਹੁਣ ਇਥੇ ਸਰੋਵਰ ਦੀ ਉਸਾਰੀ ਹੋਣੀ ਹੈ। ਗੁਰਦੁਆਰੇ ਦੀ ਪੁਰਾਣੀ ਇਮਾਰਤ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਦੇ ਪਿਛਲੇ ਪਾਸੇ ਕੰਧ ਉੱਤੇ ਭਾਈ ਨਾਨੂੰ ਸਿੰਘ ਵਲੋਂ ਗੁਰੂ ਗੋਬਿੰਦ ਸਿੰਘ ਜੀ ਨੂੰ ਹਥਿਆਰ ਭੇਂਟ ਕਰਨ ਦੀ ਤਸਵੀਰ ਕਿਸੇ ਕਾਰੀਗਰ ਵਲੋਂ ਵਾਹੀ ਹੁੰਦੀ ਸੀ। ਹੁਣ ਗੁਰਦੁਆਰੇ ਦਾ ਪ੍ਰਬੰਧ ਕਾਰਸੇਵਾ ਵਾਲੇ ਬਾਬਿਆਂ ਕੋਲ ਹੈ ਅਤੇ ਉਨ੍ਹਾਂ ਨੇ ਪੁਰਾਣੀ ਇਮਾਰਤ ਢਾਹ ਕੇ ਨਵੀਂ ਬਣਾ ਦਿੱਤੀ ਹੈ ਜੋ ਚੰਡੀਗੜ੍ਹ ਰੋਡ ਤੋਂ ਦੂਰੋਂ ਚਮਕਦੀ ਹੈ।



ਜਦੋਂ ਤੀਆਂ ਦਾ ਰਿਵਾਜ਼ ਹੁੰਦਾ ਸੀ ਤਾਂ ਆਖਰੀ ਦਿਨ ਤੀਆਂ ਵਿਦਾ ਕਰਨ ਕੁੜੀਆਂ ਢਾਬ ਦੇ ਬਰੋਟੀਂ ਆਉਂਦੀਆਂ ਸੀ। ਮੀਂਹ ਨਾ ਪੈਣ 'ਤੇ ਗੁੱਡੀ ਫੂਕਣ ਦੀ ਰਸਮ ਵੀ ਇਥੇ ਹੀ ਕੀਤੀ ਜਾਂਦੀ ਸੀ।

ਗੁਰਦੁਆਰਾ ਅਟਾਰੀ ਸਾਹਿਬ ਦਾ ਸਾਲਾਨਾ ਜੋੜ-ਮੇਲਾ 7, 8 ਅਤੇ 9 ਮੱਘਰ ਨੂੰ ਹੁੰਦਾ ਹੈ।

## ਰੰਗ-ਬੇਰੰਗ

ਨਾਨਕਸ਼ਾਹੀ ਕੈਲੰਡਰ ਲਾਗੂ ਹੋਣ ਤੋਂ ਪਹਿਲਾਂ ਇਹ ਅੱਗੇ ਪਿੱਛੇ ਹੁੰਦਾ ਰਹਿੰਦਾ ਸੀ। ਜਦੋਂ ਕੱਤਕ ਦੀ ਪੂਰਨਮਾਸ਼ੀ ਵਿਚ ਆ ਜਾਂਦੀ ਸੀ ਤਾਂ ਰਾਗੀਆਂ-ਢਾਡੀਆਂ ਦੀ ਰੌਣਕ ਖੁਸ਼ਕ ਰਹਿੰਦੀ ਸੀ। ਨਾਨਕਸ਼ਾਹੀ ਕੈਲੰਡਰ ਲਾਗੂ ਹੋਣ ਨਾਲ ਇਹ ਪੱਕੇ ਤੌਰ ਤੇ 20, 21 ਅਤੇ 22 ਨਵੰਬਰ ਨੂੰ ਹੋਣ ਲੱਗ ਪਿਆ। ਪਰ ਹੁਣ ਨਾਨਕਸ਼ਾਹੀ ਕੈਲੰਡਰ ਸਾਧਾਂ ਦੀ ਭੇਟ ਚੜ੍ਹਨ ਨਾਲ ਪਹਿਲਾਂ ਵਾਲੀ ਹੋਣੀ ਭੋਗਣੀ ਪਵੇਗੀ। ਜੋੜ ਮੇਲੇ ਦੇ ਪਹਿਲੇ ਦਿਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਨਾਲ, ਪੰਜ ਪਿਆਰਿਆਂ ਦੀ ਅਗਵਾਈ ਵਿਚ ਪਿੰਡ ਵਿਚ ਨਗਰਕੀਰਤਨ ਕੀਤਾ ਜਾਂਦਾ ਹੈ ਪਰ ਹੁਣ ਆਸ-ਪਾਸ ਦੇ ਇੱਕ-ਦੋ ਹੋਰ ਪਿੰਡਾਂ ਵਿਚ ਵੀ ਲੈ ਜਾਂਦੇ ਹਨ। ਮਗਰਲੇ ਦੋ ਦਿਨ ਅਤੇ ਵਿਚਕਾਰਲੀ ਰਾਤ ਦੀਵਾਨ ਸਜਦੇ ਹਨ ਜਿਨ੍ਹਾਂ ਵਿਚ ਢਾਡੀ ਅਤੇ ਕਵੀਸ਼ਰੀ ਜਥੇ ਸੰਗਤਾਂ ਨੂੰ ਸਾਖੀਆਂ ਅਤੇ ਸਿੱਖ ਇਤਿਹਾਸ ਸੁਣਾ ਕੇ ਨਿਹਾਲ ਕਰਦੇ ਹਨ। ਸਿੱਖ ਇਤਿਹਾਸ ਅਤੇ ਸਿੱਖੀ ਸਿਧਾਂਤਾਂ ਬਾਰੇ ਮੁਢਲੀ ਜਾਣਕਾਰੀ ਮੈਂ ਇੱਥੋਂ ਹੀ ਹਾਸਲ ਕੀਤੀ। ਇਹੀ ਵਜ੍ਹਾ ਹੈ ਕਿ ਸਾਡੇ ਪਿੰਡ ਦੇ ਬਹੁਤੇ ਲੋਕ ਸ਼ੁਰੂ ਤੋਂ ਹੀ ਅੰਮ੍ਰਿਤਧਾਰੀ ਰਹੇ ਹਨ। ਵਿਆਹ ਤੋਂ ਪਹਿਲਾਂ ਧੀਆਂ-ਪੁੱਤਰਾਂ ਨੂੰ ਅੰਮ੍ਰਿਤ ਦੀ ਦਾਤ ਸਾਲਾਨਾ ਦੀਵਾਨ ਤੋਂ ਇੱਕ ਦਿਨ ਪਹਿਲਾਂ ਬਖਸ਼ੀ ਜਾਂਦੀ ਸੀ। ਇੱਥੇ ਹੀ ਪਹਿਲੀ ਵਾਰ ਸਵਰਗੀ ਕਰਨੈਲ ਸਿੰਘ ਪਾਰਸ ਨੂੰ ਸੁਣਿਆ। ਢਾਡੀ ਨਰੈਣ ਸਿੰਘ ਟੂਸਿਆਂ ਵਾਲੇ, ਜਿਨ੍ਹਾਂ ਦੀ ਆਵਾਜ਼ ਬੜੀ ਰੋਅਬਦਾਰ ਹੁੰਦੀ ਸੀ, ਪੰਮਾਲ ਦੇ ਕਵੀਸ਼ਰ ਅਜੈਬ ਸਿੰਘ ਦਾ ਜਥਾ, ਚੂੰਨੀ ਪਿੰਡ ਦਾ ਕਵੀਸ਼ਰੀ ਜਥਾ ਸਾਲਾਨਾ ਦੀਵਾਨ ਵਿਚ ਹਮੇਸ਼ਾ ਹਾਜ਼ਰੀ ਭਰਦੇ ਸੀ। ਪਿੰਡ ਦੇ ਹਰ ਮਾਈ ਭਾਈ ਨੂੰ ਤਨ, ਮਨ ਅਤੇ ਧਨ ਨਾਲ ਸੇਵਾ ਕਰਨ ਦਾ ਅੰਤਾਂ ਦਾ ਚਾਅ ਹੁੰਦਾ ਹੈ।

ਪਹਿਲੇ ਸਮਿਆਂ ਵਿਚ ਦੂਸਰਾ ਸਾਲਾਨਾ ਸਮਾਗਮ ਪਿੰਡ ਦੀ ਧਰਮਸ਼ਾਲਾ ਵਿਚ ਅਖੰਡ ਪਾਠ ਕਰਵਾਉਣ ਦਾ ਹੁੰਦਾ ਸੀ ਜਿਸ ਦਾ ਭੋਗ ਮਾਘੀ ਵਾਲੇ ਦਿਨ ਪਾਇਆ ਜਾਂਦਾ ਸੀ। ਪੜ੍ਹਨ-ਲਿਖਣ ਵਾਲੇ ਬੱਚਿਆਂ ਦੀ ਡਿਊਟੀ ਅਖੰਡ ਪਾਠ ਦੇ ਨਾਲ ਨਾਲ ਪੰਜ ਗ੍ਰੰਥੀ ਵਿਚੋਂ ਜਪੁਜੀ ਸਾਹਿਬ ਦਾ ਪਾਠ ਕਰਨ ਦੀ ਹੁੰਦੀ ਸੀ। ਗੁਰਬਾਣੀ ਦਾ ਮੁੱਢਲਾ ਸਬਕ ਮੇਰਾ ਜਪੁਜੀ ਸਾਹਿਬ ਦੀ ਰੌਲ ਲਾਉਂਦਿਆ ਸ਼ੁਰੂ ਹੋਇਆ। ਉਦੋਂ ਵਿਅਕਤੀਗਤ ਰੂਪ ਵਿਚ ਅਖੰਡ ਪਾਠ ਕਰਾਉਣ ਦਾ ਰਿਵਾਜ਼ ਬਹੁਤ ਘੱਟ ਹੁੰਦਾ ਸੀ। ਸਾਰੇ ਲੋਕ ਇਕੱਠੇ ਹੋ ਕੇ ਧਰਮਸ਼ਾਲਾ ਵਿਚ ਪਾਠ ਸੁਣਨ ਆਉਂਦੇ ਸੀ। ਹੁਣ ਤਾਂ ਅਖੰਡ ਪਾਠ ਵੀ ਠੇਕੇ 'ਤੇ ਕਰਵਾਏ ਜਾਂਦੇ ਹਨ। ਪਹਿਲਾਂ ਇਹ ਰਿਵਾਜ਼ ਸੰਤਾਂ ਦੇ ਡੇਰਿਆਂ ਤੋਂ ਸ਼ੁਰੂ ਹੋਇਆ ਪਰ ਹੁਣ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠਲੇ ਗੁਰਦੁਆਰਿਆਂ ਵਿਚ ਵੀ ਪੈਸੇ ਲੈ ਕੇ ਇੱਕੋ ਵੱਡੇ ਹਾਲ ਵਿਚ ਇੱਕੋ ਵੇਲੇ ਕਈ ਕਈ ਅਖੰਡ ਪਾਠ ਕੀਤੇ ਜਾਂਦੇ ਹਨ। ਇਸ ਬਾਰੇ ਚਰਚਾ ਫੇਰ ਕਦੀ।

# ਪੰਜਾਬ ਦਾ ਆਰਥਿਕ ਸੰਕਟ

ਪਾਣੀ ਦੇ ਪ੍ਰਬੰਧ ਲਈ ਵਿਸ਼ੇਸ਼ ਯਤਨ ਕਰਨੇ ਹੋਣਗੇ। ਬਿਜਲੀ ਦੀ ਲੋੜੀਂਦੀ ਅਤੇ ਸਹਿਣਯੋਗ ਕੀਮਤ 'ਤੇ ਅਦਾਇਗੀ ਬਿਨਾ ਖੇਤੀ ਅਤੇ ਉਦਯੋਗਾਂ ਦੇ ਵਿਕਾਸ ਨਹੀਂ ਹੋ ਸਕਦਾ। ਇਨ੍ਹਾਂ ਦੇ ਵਿਕਾਸ ਬਿਨਾ ਸਰਕਾਰ ਦੀ ਆਮਦਨ ਵਿਚ ਚਿਰ ਸਥਾਈ ਵਾਧਾ ਨਹੀਂ ਹੋ ਸਕਦਾ। ਸਰਕਾਰ ਨੂੰ ਬਿਜਲੀ ਉਤਪਾਦਨ ਸਰਕਾਰੀ ਖੇਤਰ ਵਿਚ ਕਰਨਾ ਚਾਹੀਦਾ ਹੈ ਅਤੇ ਵਧੇਰੇ ਜ਼ੋਰ ਪਣ ਬਿਜਲੀ 'ਤੇ ਦੇਣਾ ਚਾਹੀਦਾ ਹੈ। ਸ਼ਾਹਪੁਰ ਕੰਢੀ ਬੈਰਾਜ ਦੀ ਉਸਾਰੀ ਫੌਰੀ ਤੌਰ 'ਤੇ ਕੀਤੀ ਜਾਵੇ।

(ਅ) ਜਨਤਕ ਖੇਤਰ, ਵਿਸ਼ੇਸ਼ ਕਰਕੇ ਵਿੱਦਿਆ, ਸਿਹਤ, ਬਿਜਲੀ, ਪੀਣ ਵਾਲਾ ਪਾਣੀ, ਸੜਕਾਂ ਤੇ ਸਹਿਕਾਰੀ ਅਦਾਰਿਆਂ ਦਾ ਨਿੱਜੀਕਰਨ ਬੰਦ ਕੀਤਾ ਜਾਵੇ। ਸਰਕਾਰੀ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ 'ਚ ਅਧਿਆਪਕਾਂ ਦੀ ਭਰਤੀ ਸਰਕਾਰੀ ਖਾਤੇ 'ਚ ਪੱਕੇ ਤੌਰ 'ਤੇ ਕੀਤੀ ਜਾਵੇ।

(ੲ) ਖੇਤੀ ਸੈਕਟਰ ਦੇ ਵਿਕਾਸ ਲਈ ਖੇਤੀਬਾੜੀ ਯੂਨੀਵਰਸਿਟੀ ਅਤੇ ਖੇਤੀ ਮਹਿਕਮੇ ਨੂੰ ਲੋੜੀਂਦੇ ਫੰਡ ਦੇ ਕੇ ਮਜ਼ਬੂਤ ਕੀਤਾ ਜਾਵੇ। ਕਿਸਾਨੀ ਜਿਣਸਾਂ ਦੇ ਲਾਹੇਵੰਦ ਭਾਅ ਦਿੱਤੇ ਜਾਣ।

(ਸ) ਲੋਕ ਵੰਡ ਪ੍ਰਣਾਲੀ ਰਾਹੀਂ ਲੋਕਾਂ ਨੂੰ ਸਸਤਾ ਅਨਾਜ ਦਿਤਾ ਜਾਵੇ। ਕਿਸਾਨਾਂ ਨੂੰ ਕਰਜ਼ਾ ਦਿੱਤਾ ਜਾਵੇ।

(ਹ) ਗਰੀਬਾਂ ਲਈ ਪੈਨਸ਼ਨਾਂ ਆਦਿ ਦੀ ਸਕੀਮ ਜਾਰੀ ਰੱਖੀ ਜਾਵੇ ਅਤੇ ਨਰੇਗਾ ਸਕੀਮ ਨੂੰ ਹੋਰ ਮਜ਼ਬੂਤ ਬਣਾਇਆ ਜਾਵੇ।

ਲੋਕ ਪੱਖੀ ਆਰਥਿਕ ਨੀਤੀ ਲਾਗੂ ਕਰਕੇ ਪੰਜਾਬ ਦੀ ਹਾਲਤ ਸੁਧਾਰੀ ਜਾ ਸਕਦੀ ਹੈ। ਇਸ ਲਈ ਹੇਠ ਲਿਖੇ ਕਦਮ ਚੁੱਕੇ ਜਾਣੇ ਚਾਹੀਦੇ ਹਨ:

(ੳ) ਟੈਕਸ ਢਾਂਚਾ: ਪੰਜਾਬ ਵਿਚ ਟੈਕਸਾਂ ਦਾ ਕੁੱਲ ਸਰਕਾਰੀ ਆਮਦਨ ਦਾ ਹਿੱਸਾ 8 ਫੀਸਦੀ ਹੀ ਹੈ ਜਦੋਂਕਿ ਬਾਕੀ ਸੂਬਿਆਂ ਵਿਚ 10 ਤੋਂ 14 ਫੀਸਦੀ ਹੈ। ਪੰਜਾਬ ਵਿਚ ਵੀ ਇਹ ਹਿੱਸਾ ਵਧਾਇਆ ਜਾ ਸਕਦਾ ਹੈ ਪਰ ਇਸ ਦਾ ਭਾਰ ਅਮੀਰਾਂ 'ਤੇ ਵਧ ਪਾਏ ਜਾਣ ਦੀ ਜ਼ਰੂਰਤ ਹੈ। ਨਵਉਦਾਰੀਵਾਦੀ ਨੀਤੀਆਂ ਨੇ ਨਵ ਅਮੀਰਾਂ ਦੀ ਗਿਣਤੀ ਵਿਚ ਭਾਰੀ ਵਾਧਾ ਕੀਤਾ ਹੈ। ਉਨ੍ਹਾਂ ਨੇ ਵੱਡੀਆਂ ਜਾਇਦਾਦਾਂ ਬਣਾਈਆਂ ਹਨ ਪਰ ਸਰਕਾਰ ਉਨ੍ਹਾਂ 'ਤੇ ਭਾਰ ਪਾਉਣ ਦੀ ਥਾਂ ਗਰੀਬਾਂ ਦਾ ਗਲ ਘੁੱਟ ਰਹੀ ਹੈ। ਸੁਖਬੀਰ-ਕਾਲੀਆ ਕਮੇਟੀ ਨੇ ਵੀ ਇਸੇ ਰਵਾਇਤ ਨੂੰ ਹੀ ਅੱਗੇ ਤੋਰਿਆ ਹੈ। ਮਿਸਾਲ ਵਜੋਂ ਪ੍ਰਾਈਵੇਟ ਟਰਾਂਸਪੋਰਟਰਾਂ ਨੂੰ ਲਾਭ ਪਹੁੰਚਾਉਣ ਲਈ ਮੋਟਰ ਵਹੀਕਲ ਟੈਕਸ ਘਟਾ ਦਿੱਤੇ ਹਨ ਅਤੇ ਦੂਜੇ ਪਾਸੇ 7 ਪੈਸੇ ਪ੍ਰਤੀ ਕਿਲੋਮੀਟਰ ਕਿਰਾਇਆ ਵਧਾ ਦਿੱਤਾ ਹੈ। ਜਦਕਿ ਤੇਲ ਦੀਆਂ ਕੀਮਤਾਂ ਵਿਚ ਕੋਈ ਵਾਧਾ ਨਹੀਂ ਹੋਇਆ। ਇਸ ਤੋਂ ਪਹਿਲਾਂ ਏ. ਸੀ. ਬੱਸਾਂ ਦਾ ਟੈਕਸ ਘਟਾ ਦਿੱਤਾ ਗਿਆ ਸੀ। ਡੀ. ਟੀ. ਐਚ. ਕੇਬਲ ਨੈਟਵਰਕ 'ਤੇ 10 ਫੀਸਦੀ ਟੈਕਸ ਲਾਉਣ ਦੀ ਸਿਫਾਰਸ਼ ਕੀਤੀ ਗਈ ਹੈ ਪਰ ਵੱਡੇ ਕੇਬਲ ਆਪ੍ਰੇਟਰਾਂ ਨੂੰ ਛੱਡ ਦਿੱਤਾ ਗਿਆ ਹੈ। ਦਲਿਤ ਪਰਿਵਾਰਾਂ ਨੂੰ ਮੁਫਤ ਮਿਲਣ ਵਾਲੀ ਬਿਜਲੀ 200 ਯੂਨਿਟ ਤੋਂ ਘਟਾ ਕੇ 100 ਯੂਨਿਟ ਕਰ ਦੇਣ ਦੀ ਸਿਫਾਰਸ਼ ਵੀ ਗਰੀਬਾਂ 'ਤੇ ਵੱਡਾ ਹਮਲਾ ਹੈ। ਕਿਸਾਨਾਂ ਦੀਆਂ ਖੇਤੀ ਮੋਟਰਾਂ 'ਤੇ 50 ਰੁਪਏ ਪ੍ਰਤੀ ਹਾਰਸ ਪਾਵਰ ਬਿੱਲ ਲਾਉਣਾ ਅਤੇ ਫਿਰ ਉਸਦੀ ਮੁੜ ਅਦਾਇਗੀ ਉਤਪਾਦਨ ਬੋਨਸ ਦੇ ਰੂਪ ਵਿਚ ਕਰਨ ਦੀ ਤਜਵੀਜ਼ ਇਕ ਪਾਸੇ ਗਰੀਬ ਕਿਸਾਨਾਂ ਦਾ ਕਚੂੰਮਰ ਕੱਢੇਗੀ ਅਤੇ ਦੂਜੇ ਪਾਸੇ ਭ੍ਰਿਸ਼ਟਾਚਾਰ ਵਿਚ ਹੋਰ ਵਾਧਾ ਕਰੇਗੀ। ਕਿਸਾਨਾਂ ਨੂੰ ਬੋਨਸ ਦੇਣ ਦੀ ਕਹਾਣੀ ਬੜੀ ਹੀ ਦੁਖਦਾਈ ਹੈ। ਇਹ ਗਰੀਬ ਕਿਸਾਨਾਂ ਨੂੰ ਤਾਂ ਮਿਲਦਾ ਨਹੀਂ। ਗੁਰਦਾਸਪੁਰ ਜ਼ਿਲੇ ਵਿਚ ਆਈ. ਆਰ. 8 ਝੋਨੇ ਦਾ ਬਕਾਇਆ ਨਹੀਂ ਮਿਲਿਆ, 2008 ਦਾ ਪ੍ਰਾਈਵੇਟ ਖਰੀਦ ਅਤੇ 2009 ਵਿਚ ਵੇਚੇ ਗਏ ਸਾਰੇ ਝੋਨੇ ਦਾ ਬਕਾਇਆ ਸਾਰੇ ਕਿਸਾਨਾਂ ਨੂੰ ਨਹੀਂ ਮਿਲਿਆ। ਇਹ ਬੋਨਸ ਪ੍ਰਾਈਵੇਟ ਖਰੀਦਦਾਰ ਆੜ੍ਹਤੀ ਤੇ ਭ੍ਰਿਸ਼ਟ ਅਧਿਕਾਰੀ ਮਿਲ ਕੇ ਖਾ ਜਾਂਦੇ ਹਨ। ਸੱਤ ਏਕੜ ਤੱਕ ਦੇ ਕਿਸਾਨਾਂ 'ਤੇ ਬਿੱਲ ਨਾ ਲਾਏ ਜਾਂਦੇ ਅਤੇ ਉਨ੍ਹਾਂ ਨੂੰ ਨਹਿਰੀ ਪਾਣੀ ਦੇ ਅਬਿਆਨੇ ਤੋਂ ਵੀ ਮੁਕਤ ਰੱਖਿਆ ਜਾਂਦਾ। ਖਾਂਦੇ-ਪੀਂਦੇ ਕਿਸਾਨ ਤੇ ਇਹ ਭਾਰ ਪਾਇਆ ਜਾ ਸਕਦਾ ਸੀ। ਇਕ ਹੋਰ ਹੱਲ ਵੀ ਸੀ ਕਿ 15 ਏਕੜ ਤੋਂ ਵੱਧ ਜ਼ਮੀਨਾਂ ਵਾਲੇ ਕਿਸਾਨਾਂ ਨੂੰ ਆਮਦਨ ਟੈਕਸ ਦੇ ਘੇਰੇ ਵਿਚ ਲਿਆਂਦਾ ਜਾਂਦਾ।

ਸਰਕਾਰ ਨੂੰ ਆਪਣੀ ਆਮਦਨ ਵਧਾਉਣ ਲਈ ਪਿਛਲੇ ਆਰਥਿਕ ਚੜਾਅ ਦੇ ਸਮੇਂ ਵਿਚ ਅਮੀਰ ਬਣਨ ਵਾਲੇ ਰਿਐਲਟੀ ਕਾਰੋਬਾਰੀਆਂ, ਸ਼ਾਪਿੰਗ ਮਾਲ ਖੋਲ੍ਹਣ ਵਾਲਿਆਂ, ਕਾਰਪੋਰੇਟ ਸੈਕਟਰ ਅਤੇ ਹੋਰ ਵੱਡੇ ਕਾਰੋਬਾਰੀਆਂ, ਆੜ੍ਹਤੀਆਂ, ਸ਼ੈਲਰ ਮਾਲਕਾਂ ਤੇ ਚੌਲਾਂ ਦੇ ਬਰਾਮਦਕਾਰਾਂ 'ਤੇ ਟੈਕਸ ਵਿਚ ਵਾਧਾ ਕਰਨਾ ਚਾਹੀਦਾ ਹੈ। ਪਰ ਹੋ ਇਸਦੇ ਉਲਟ ਰਿਹਾ ਹੈ। ਵੱਡੇ ਕਾਰੋਬਾਰੀਆਂ ਅਤੇ ਕਾਰਖਾਨੇਦਾਰ ਵਾਧੂ ਭਾਰ ਚੁੱਕਣ ਦੀ ਥਾਂ ਹੋਰ ਰਿਆਇਤਾਂ ਦੀ ਮੰਗ ਕਰ ਰਹੇ ਹਨ। ਲਕਸ਼ਮੀ ਮਿੱਤਲ ਵਰਗੇ ਵੱਡੇ ਕਾਰਖਾਨੇਦਾਰਾਂ ਨੇ ਪੰਜਾਬ ਸਰਕਾਰ ਪਾਸੋਂ 400 ਕਰੋੜ ਪ੍ਰਤੀ ਸਾਲ ਬਿਨਾ ਸੂਦ ਕਰਜ਼ੇ ਦੀ ਰਿਆਇਤ ਪ੍ਰਾਪਤ ਕਰ ਲਈ ਹੈ। ਵੈਟ ਵਿਚ ਵਾਧੇ ਦਾ ਭਾਰ ਵੀ ਆਮ ਲੋਕਾਂ 'ਤੇ ਹੀ ਪਵੇਗਾ।

ਟੈਕਸ ਚੋਰੀ:ਵੱਡੇ ਅਮੀਰ ਕਾਰੋਬਾਰੀਆਂ ਅਤੇ ਕਾਰਪੋਰੇਟ ਸੈਕਟਰ 'ਤੇ ਪਹਿਲਾਂ ਟੈਕਸ ਲੱਗਦੇ ਹੀ ਘੱਟ ਹਨ ਅਤੇ ਫਿਰ ਉਹ ਵੱਡੀ ਪੱਧਰ 'ਤੇ ਚੋਰੀ ਕਰਦੇ ਹਨ। ਪ੍ਰਾਈਵੇਟ ਟਰਾਂਸਪੋਰਟ ਪੰਜਾਬ ਵਿਚ ਬਹੁਤ ਵੱਡਾ ਲਾਭਕਾਰੀ ਕਾਰੋਬਾਰ ਹੈ। ਪਰ ਇਸ ਵਿਚ ਟੈਕਸ ਦੀ ਵੱਡੀ ਪੱਧਰ 'ਤੇ ਚੋਰੀ ਹੁੰਦੀ ਹੈ। ਇਕ ਕਾਨੂੰਨੀ ਬੱਸ ਪਿੱਛੇ ਅਨੇਕਾਂ ਗੈਰ ਕਾਨੂੰਨੀ ਬੱਸਾਂ ਚਲਦੀਆਂ ਹਨ। ਇਸ ਚੋਰੀ ਵਿਚ ਹਾਕਮ ਪਾਰਟੀਆਂ ਦੇ ਵੱਡੇ ਰਾਜਸੀ ਆਗੂ, ਜੋ ਆਪ ਵੱਡੇ ਟਰਾਂਸਪੋਰਟਰ ਹਨ, ਸਭ ਤੋਂ ਅੱਗੇ ਹਨ। ਟੈਕਸ ਚੋਰੀ ਰੋਕੇ ਬਿਨਾ ਪੰਜਾਬ ਦੀ ਹਾਲਤ ਸੁਧਾਰਨੀ ਮੁਸ਼ਕਲ ਹੈ।

ਭ੍ਰਿਸ਼ਟਾਚਾਰ: ਸਰਕਾਰ ਨੂੰ ਭ੍ਰਿਸ਼ਟ ਸਰਕਾਰੀ ਅਧਿਕਾਰੀਆਂ ਅਤੇ ਰਾਜਸੀ ਕਾਰਕੁੰਨਾਂ ਨੂੰ ਨਕੇਲ ਲਾਜ਼ਮੀ ਪਾਉਣੀ ਚਾਹੀਦੀ ਹੈ। ਸਟੈਂਪ ਡਿਊਟੀ ਵਿਚ ਕਰੋੜਾਂ ਦੀ ਹੇਰਾਫੇਰੀ ਕਰਦੇ ਹਨ। ਭ੍ਰਿਸ਼ਟ ਲੋਕਾਂ ਦੀਆਂ ਗੈਰ ਕਾਨੂੰਨੀ ਜਾਇਦਾਦਾਂ ਜ਼ਬਤ ਹੋਣੀਆਂ ਚਾਹੀਦੀਆਂ ਹਨ।

ਫਜ਼ੂਲਖਰਚੀਆਂ: ਸਰਕਾਰ ਨੂੰ ਆਪਣੇ ਵਿਧਾਨਕਾਰਾਂ ਅਤੇ ਵਜ਼ੀਰਾਂ ਦੇ ਬੇਲੋੜੇ ਖਰਚਿਆਂ ਅਤੇ ਭੱਤਿਆਂ 'ਤੇ ਕਾਬੂ ਪਾਉਣਾ ਚਾਹੀਦਾ ਹੈ। ਪਿਛਲੇ ਸਾਲ ਇਨ੍ਹਾਂ ਦੇ ਭੱਤਿਆਂ ਵਿਚ ਕੀਤਾ ਵਾਧਾ ਵਾਪਸ ਹੋਣਾ ਚਾਹੀਦਾ ਹੈ। ਸਾਰੇ ਪਾਰਲੀਮੈਂਟਰੀ ਸਕੱਤਰ ਹਟਾਏ ਜਾਣੇ ਚਾਹੀਦੇ ਹਨ ਅਤੇ ਬੋਰਡਾਂ ਦੇ ਚੇਅਰਮੈਨਾਂ ਨੂੰ ਦਿੱਤੇ ਗਏ ਕੈਬਨਿਟ ਮੰਤਰੀ ਦੇ ਰੈਂਕ ਵਾਪਸ ਹੋਣੇ ਚਾਹੀਦੇ ਹਨ। ਇਸ ਢੰਗ ਨਾਲ ਕਰੋੜਾਂ ਰੁਪਏ ਦੀ ਬੱਚਤ ਹੋ ਸਕੇਗੀ।

ਕੇਂਦਰ ਸਰਕਾਰ ਤੋਂ ਆਪਣੇ ਹੱਕ ਪ੍ਰਾਪਤ ਕਰਕੇ, ਸੂਬੇ ਵਿਚ ਬੁਨਿਆਦੀ ਢਾਂਚਾ ਉਸਾਰ ਕੇ, ਟੈਕਸਾਂ ਨੂੰ ਤਰਕ ਸੰਗਤ ਬਣਾ ਕੇ, ਇਨ੍ਹਾਂ ਦਾ ਵਧੇਰੇ ਭਾਰ ਅਮੀਰਾਂ 'ਤੇ ਪਾ ਕੇ ਅਤੇ ਟੈਕਸ ਚੋਰੀ ਰੋਕ ਕੇ, ਭ੍ਰਿਸ਼ਟਾਚਾਰ ਨੂੰ ਨਕੇਲ ਪਾ ਕੇ ਅਤੇ ਫਜ਼ੂਲ ਖਰਚੀ ਬੰਦ ਕਰਕੇ ਪੰਜਾਬ ਸਰਕਾਰ ਆਰਥਿਕ ਸੰਕਟ 'ਤੇ ਕਾਬੂ ਪਾ ਸਕਦੀ ਹੈ। ਪਰ ਪੰਜਾਬ ਦੇ ਆਰਥਿਕ ਸੰਕਟ 'ਤੇ ਕਾਬੂ ਪਾਉਣ ਦੀ ਉਮੀਦ ਅਕਾਲੀ-ਭਾਜਪਾ, ਕਾਂਗਰਸ ਪਾਰਟੀ ਦੀਆਂ ਸਰਕਾਰਾਂ ਤੋਂ ਨਹੀਂ ਰੱਖੀ ਜਾ ਸਕਦੀ। ਇਹ ਪਾਰਟੀਆਂ ਨਵ ਉਦਾਰਵਾਦੀ ਨੀਤੀਆਂ ਦੀਆਂ ਪੂਰੀ ਤਰ੍ਹਾਂ ਝੰਡਾਬਰਦਾਰ ਹਨ ਅਤੇ ਇਕ ਦੂਜੀ ਨਾਲੋਂ ਵੱਧ ਤੇਜ਼ੀ ਨਾਲ ਇਨ੍ਹਾਂ ਨੂੰ ਲਾਗੂ ਕਰਦੀਆਂ ਹਨ। ਇਸ ਲਈ ਇਨ੍ਹਾਂ ਨੀਤੀਆਂ ਨੂੰ ਲੋਕਪੱਖੀ ਮੋੜਾ ਦੇਣ ਲਈ ਖੱਬੀਆਂ ਅਤੇ ਜਮਹੂਰੀ ਪਾਰਟੀਆਂ ਦੀ ਅਗਵਾਈ ਵਿਚ ਮਿਹਨਤੀ ਲੋਕਾਂ ਦੀ ਵਿਸ਼ਾਲ ਤੇ ਜ਼ੋਰਦਾਰ ਲਹਿਰ ਉਸਾਰਨੀ ਬਹੁਤ ਜ਼ਰੂਰੀ ਹੈ।

# ਪੰਜਾਬ ਵਿਚ ਇਸਤਰੀ ਸਾਹਿਤ ਦੀ ਪਰੰਪਰਾ

**ਡਾ. ਧਰਮ ਸਿੰਘ**

ਪੰਜਾਬ ਦੇ ਇਤਿਹਾਸ ਵਿਚ ਗੁਰੂ ਨਾਨਕ ਦੇਵ ਇਕ ਮਹਾਨਾਇਕ ਦੇ ਰੂਪ ਵਿਚ ਪ੍ਰਗਟ ਹੋਏ। ਉਹ ਇਕੋ ਵੇਲੇ ਦਾਰਸ਼ਨਿਕ ਸਮਾਜ ਸੁਧਾਰਕ, ਕਵੀ ਅਤੇ ਧਾਰਮਿਕ ਆਗੂ ਸਨ। ਇਹ ਗੁਰੂ ਨਾਨਕ ਦੇਵ ਜੀ ਦੀ ਹੀ ਵਡਿਆਈ ਹੈ ਕਿ ਉਨ੍ਹਾਂ ਨੇ ਇਸਤਰੀ ਦੇ ਹੱਕ ਵਿਚ ਆਵਾਜ਼ ਉਠਾਈ ਅਤੇ ਰਾਜਿਆਂ ਦੀ ਜਣਨੀ ਕਹਿ ਕੇ ਉਸਨੂੰ ਸਤਿਕਾਰ ਦਿੱਤਾ। ਏਸੇ ਦਰਸ਼ਨ ਜਾਂ ਵਿਚਾਰਧਾਰਾ ਦੇ ਪ੍ਰਭਾਵ ਸਦਕਾ ਸਿੱਖ ਇਤਿਹਾਸ ਵਿਚ ਇਸਤਰੀਆਂ ਨੇ ਆਪਣੀ ਬਣਦੀ ਭੂਮਿਕਾ ਨਿਭਾਈ ਅਤੇ ਆਦਰ ਹਾਸਲ ਕੀਤਾ। ਸਿੱਖ ਧਰਮ ਵਿਚ ਇਸਤਰੀ ਦਾ ਸਤਿਕਾਰ ਸਿਧਾਂਤਕ ਅਤੇ ਵਿਹਾਰਕ, ਦੋਹਾਂ ਹੀ ਰੂਪਾਂ ਵਿਚ ਬਾਕੀਆਂ ਨਾਲੋਂ ਕਈ ਗੁਣਾਂ ਵਧੇਰੇ ਹੈ। ਏਸੇ ਆਦਰ ਮਾਣ ਦਾ ਹੀ ਸਿੱਟਾ ਹੈ ਕਿ ਪੰਜਾਬੀ ਵਿਚ ਸਾਹਿਤ ਲਿਖਣ ਵਾਲੀਆਂ ਲੇਖਿਕਾਵਾਂ ਦਾ ਮੁੱਢ ਸਿੱਖ ਇਸਤਰੀਆਂ ਦੁਆਰਾ ਹੀ ਬੱਝਦਾ ਹੈ। ਗੁਰੂ ਕਾਲ ਤੋਂ ਸ਼ੁਰੂ ਹੋਇਆ ਇਹ ਸਿਲਸਿਲਾ ਜਾਰੀ ਰਿਹਾ।

ਇਸਤਰੀ ਲੇਖਕਾਂ ਵਿਚੋਂ ਹੁਣ ਤਕ ਦੀ ਹੋਈ ਖੋਜ ਅਨੁਸਾਰ, ਗੁਰੂ ਹਰਿ ਰਾਇ ਜੀ ਦੀ ਸਪੁੱਤਰੀ ਬੀਬੀ ਰੂਪ ਕੌਰ (1649-1727 ਈ.) ਪਹਿਲੀ ਲੇਖਿਕਾ ਸਾਬਤ ਹੁੰਦੀ ਹੈ। ਤੇਤੀ ਸਾਖੀਆਂ ਦਾ ਇਕ ਸੰਗ੍ਰਹਿ 'ਸਤਿਗੁਰੂ ਜੀ ਦੇ ਮੂਹੇ ਦੀਆਂ ਸਾਖੀਆਂ' 'ਚ ਮਿਲਦਾ ਹੈ ਜਿਸ ਬਾਰੇ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਹ ਬੀਬੀ ਰੂਪ ਕੌਰ ਦੀਆਂ ਲਿਖੀਆਂ ਹੋਈਆਂ ਹਨ ਜੋ ਉਨ੍ਹਾਂ ਨੇ ਗੁਰੂ ਪਰੰਪਰਾ ਵਿਚ ਮੌਖਿਕ ਰੂਪ ਵਿਚ ਸੁਣ ਕੇ ਕਲਮਬੱਧ ਕੀਤੀਆਂ। ਇਨ੍ਹਾਂ ਵਿਚੋਂ 23 ਗੁਰੂ ਅਮਰਦਾਸ ਜੀ ਦੀਆਂ ਅਤੇ 9 ਗੁਰੂ ਅਰਜਨ ਦੇਵ ਜੀ ਦੀਆਂ ਸਾਖੀਆਂ ਹਨ। ਪੁਰਾਤਨ ਵਾਰਤਕ ਦੀ ਇਕ ਵੰਨਗੀ ਵਜੋਂ ਇਨ੍ਹਾਂ ਦਾ ਆਪਣਾ ਮਹੱਤਵ ਹੈ।

ਬੀਬੀ ਰੂਪ ਕੌਰ ਤੋਂ ਬਾਅਦ ਮਾਤਾ ਗੁਜਰੀ, ਮਾਤਾ ਸੁੰਦਰੀ ਅਤੇ ਮਾਤਾ ਸਾਹਿਬ ਦੇਵੀ ਦੇ ਲਿਖੇ ਜਾਂ ਲਿਖਵਾਏ ਗਏ ਹੁਕਮਨਾਮੇ ਮਿਲਦੇ ਹਨ। ਹੁਕਮਨਾਮਿਆਂ ਦੀ ਪਰੰਪਰਾ ਵਿਚ ਦੋ ਹੁਕਮਨਾਮੇ ਮਾਤਾ ਗੁਜਰੀ ਅਤੇ 9-9 ਹੁਕਮਨਾਮੇ ਮਾਤਾ ਸੁੰਦਰੀ ਅਤੇ ਮਾਤਾ ਸਾਹਿਬ ਦੇਵੀ ਦੇ ਮੰਨੇ ਜਾਂਦੇ ਹਨ। ਹੁਕਮਨਾਮਿਆਂ ਦੇ ਹੁਣ ਤਕ ਜਿੰਨੇ ਵੀ ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹਨ, ਇਹ ਹੁਕਮਨਾਮੇ ਉਨ੍ਹਾਂ ਵਿਚ ਸੰਕਲਿਤ ਹਨ। ਹੁਕਮਨਾਮਾ ਉਹ ਲਿਖਤੀ ਆਦੇਸ਼ ਹੈ ਜਿਸ ਨੂੰ ਮੰਨਣਾ ਹਰ ਗੁਰਸਿੱਖ ਮਾਈ ਭਾਈ ਲਈ ਜ਼ਰੂਰੀ ਹੈ। ਧਾਰਮਿਕ, ਰਾਜਨੀਤਕ, ਸਾਹਿਤਕ ਅਤੇ ਆਰਥਿਕ ਪੱਖ ਤੋਂ ਸਿੱਖ ਲਹਿਰ ਦੇ ਸੰਗਠਨ, ਵਿਕਾਸ ਅਤੇ ਫੈਲਾਅ ਨੂੰ ਸਮਝਣ ਲਈ ਇਨ੍ਹਾਂ ਦਾ ਅਧਿਐਨ ਬਹੁਤ ਜ਼ਰੂਰੀ ਹੈ। ਮਾਤਾ ਸਾਹਿਬ ਦੇਵਾਂ ਦਾ ਇਕ ਹੁਕਮਨਾਮਾ ਇਸ ਤਰਾਂ ਹੈ- "ਸ੍ਰੀ ਵਾਹਿਗੁਰੂ ਜੀ ਕੀ ਫਤਹ। ਸ੍ਰੀ ਅਕਾਲ ਪੁਰਖ ਜੀ ਦਾ ਖਾਲਸਾ, ਸ੍ਰੀ ਮਾਤਾ ਸਾਹਿਬ ਦੇਵੀ ਜੀ ਦੀ ਆਗਿਆ ਹੈ ਭਾਈ ਠਾਕੁਰ ਦਾਸ ਭਾਈ ਸੋਭਾਈ ਮਲ ਚੋਪੜਾ ਭਾਈ ਸ਼ਿੰਭੂ ਨਾਥ ਭਾਈ ਸਾਹਿਬ ਰਾਇ ਸਰਬਤਿ ਖਾਲਸਾ ਵਾਸੀ ਬਨਾਰਸ, ਗੁਰੂ ਰਖੇ ਗੁਹ ਗੁਰ ਜਪਣ, ਜਨਮ ਸਵਾਰਣਾ, ਮੇਰੀ ਬਹੁਤ ਖੁਸ਼ੀ ਹੈ। ਤੁਸੀਂ ਮੇਰੇ ਪੁੱਤ ਫਰਜ਼ੰਦ ਰਹੁ। ਗੁਰੂ ਪੂਰਾ ਤੁਸਾਡੇ ਸਭ ਮਨੋਰਥ ਪੂਰੇ ਕਰੇ।"

ਗਣੇਸ਼ ਦਾਸ ਵਡਹਿਰਾ ਨੇ ਆਪਣੀ ਪ੍ਰਸਿੱਧ ਰਚਨਾ ਚਾਰ ਬਾਗਿ ਪੰਜਾਬ 1850 ਵਿਚ ਮੁਕੰਮਲ ਕੀਤੀ ਤੇ ਇਸ ਦੀ ਇਕ ਕਾਪੀ ਸਰ ਰਿਚਰਡ ਟੈਂਪਲ ਨੂੰ ਭੇਟ ਕੀਤੀ। ਇਸ ਵਿਚ ਜਿੱਥੇ ਗੁਜਰਾਤ ਪਰਗਣੇ ਦਾ ਬਿਰਤਾਂਤ ਹੈ, ਉਥੇ ਉਹ ਕਵੀਆਂ, ਲੇਖਕਾਂ ਅਤੇ ਦੂਜੇ ਵਿਦਵਾਨ ਵਿਅਕਤੀਆਂ ਦਾ ਵੀ ਵੇਰਵਾ ਦਿੰਦਾ ਹੈ। ਉਹ ਲਿਖਦਾ ਹੈ, ਇਸ ਸ਼ਹਿਰ ਦੇ ਵਾਸੀਆਂ ਦੇ ਗਿਆਨ ਅਤੇ ਯੋਗਤਾ ਦੀ ਕੀ ਗੱਲ ਕੀਤੀ ਜਾਵੇ? ਪੁਰਸ਼ਾਂ ਦੇ ਫਿਰਕੇ ਤੋਂ ਹਟ ਕੇ ਇਕ ਇਸਤਰੀ ਦੀ ਤਬੀਅਤ ਦੇ ਉਪਜ ਦਾ ਥੋੜ੍ਹਾ ਜਿਹਾ ਜ਼ਿਕਰ ਕੀਤਾ ਜਾਂਦਾ ਹੈ। ਸਾਡੇ ਸਮੇਂ ਜਦੋਂਕਿ ਇਲਮ ਦਾ ਨਿਸ਼ਾਨ ਤਕ ਨਹੀਂ ਰਿਹਾ, ਇਕ ਇਸਤਰੀ ਹੋਈ ਹੈ ਜਿਸਦਾ ਨਾਉਂ ਸਾਹਿਬ ਦੇਵੀ ਤੇ ਤਖਲਸ ਅਰੋੜੀ ਸੀ। ਉਹ ਹਿੰਦੀ (ਪੰਜਾਬੀ) ਭਾਸ਼ਾ ਵਿਚ ਤੁਕਾਂਤ ਵਾਲੀ ਕਵਿਤਾ ਬਿਨਾਂ ਸੋਚੇ ਸੁੱਤੇ ਸਿੱਧ ਕਹਿ ਦਿੰਦੀ ਸੀ। ਗੱਲਬਾਤ ਕਰਨ ਸਮੇਂ ਉਸ ਦੀ ਜ਼ੁਬਾਨ 'ਚ ਇਕ ਵਾਕ ਵੀ ਤੁਕਾਂਤ ਰਹਿਤ ਨਹੀਂ ਨਿਕਲਦਾ ਸੀ। ਉਸ ਦੀਆਂ ਰਚੀਆਂ ਰਦੀਫਾਂ ਦੇ ਸਾਹਮਣੇ ਕਵੀ ਦਮ ਨਹੀਂ ਮਾਰਦੇ ਸਨ।

ਇਹੋ ਮਹਾਰਾਜਾ ਰਣਜੀਤ ਸਿੰਘ ਦੀ ਵਿਧਵਾ ਰਾਣੀ ਜਿੰਦਾਂ ਦੀਆਂ ਸਰਗਰਮੀਆਂ ਦਾ ਸਮਾਂ ਹੈ। ਰਾਣੀ ਜਿੰਦਾਂ ਅਤੇ ਮਹਾਰਾਜਾ ਦਲੀਪ ਸਿੰਘ ਨਾਲ ਅੰਗਰੇਜ਼ਾਂ ਨੇ ਜੋ ਧੱਕਾ ਕੀਤਾ, ਉਹ ਇਤਿਹਾਸ ਦੇ ਪੰਨਿਆਂ ਉਪਰ ਦਰਜ ਹੈ। ਏਥੇ ਅਸੀਂ ਉਸਦਾ ਜ਼ਿਕਰ ਕੇਵਲ ਉਸ ਦੀਆਂ ਅੰਗਰੇਜ਼ ਹੁਕਮਰਾਨਾਂ ਨੂੰ ਲਿਖੀਆਂ ਚਿੱਠੀਆਂ ਕਰਕੇ ਕਰਨਾ ਹੈ। ਰਾਣੀ ਜਿੰਦਾਂ ਵਲੋਂ ਅੰਗਰੇਜ਼ਾਂ ਨੂੰ ਚਿੱਠੀ ਲਿਖਣ ਦਾ ਸੰਕੇਤ ਸ਼ਾਹ ਮੁਹੰਮਦ ਨੇ ਆਪਣੇ ਜੰਗਨਾਮੇ ਵਿਚ ਵੀ ਕੀਤਾ ਹੈ, ਬੇਸ਼ੱਕ ਇਸ ਚਿੱਠੀ ਦਾ ਇਸ ਵੇਲੇ ਕੋਈ ਪਤਾ ਨਹੀਂ ਕਿ ਇਹ ਕਿੱਥੇ ਹੈ? ਮਗਰੋਂ ਜਦੋਂ ਰਾਣੀ ਜਿੰਦਾਂ ਪ੍ਰਤੀ ਵਿਹਾਰ ਸਖਤੀਆਂ ਵਾਲਾ ਬਣ ਗਿਆ ਤੇ ਉਸਨੇ ਗਿਲੇ ਸ਼ਿਕਵੇ ਦੀਆਂ ਤਿੰਨ ਚਿੱਠੀਆਂ ਅੰਗਰੇਜ਼ ਅਫਸਰਾਂ ਨੂੰ ਲਿਖੀਆਂ। ਇਹ ਚਿੱਠੀਆਂ ਅਸਲ ਵਿਚ, ਇਕ ਦੁਖਿਆਰੀ ਮਾਂ ਦੇ ਦਿਲ ਦੀਆਂ ਪੁੱਤਰ ਵਿਯੋਗ ਵਿਚ ਨਿਕਲੀਆਂ ਚੀਸਾਂ ਹਨ। ਕੁਝ ਸਤਰਾਂ ਵੇਖੋ, "ਤੁਸਾਂ ਮੇਰੇ ਨਾਲ ਜ਼ੁਲਮ ਕੀਤਾ ਏ। ਮੇਰਾ ਪੁੱਤਰ ਖੋਹ ਲਿਆ, ਦਸ ਮਹੀਨੇ ਮੈਂ ਢਿੱਡ ਵਿਚ ਰੱਖਿਆ ਹੈ, ਬਿਨਾਂ ਗੱਲ ਮੇਰੇ ਨਾਲੋਂ ਵਿਛੋੜਿਆ। ਮੈਨੂੰ ਤੇ ਕੈਦ ਰੱਖਦੇ। ਮੇਰੇ ਆਦਮੀ ਕੱਢ ਦਿੰਦੇ। ਮੇਰੀਆਂ ਟਹਿਲਣਾ ਕੱਢ ਦਿੰਦੇ ਪਰ ਮੇਰੇ ਨਾਲ ਪੁੱਤਰ ਵਿਛੋੜਾ ਨਾ ਕਰਦੇ। ਵਾਸਤਾ ਏ ਆਪਣੇ ਰੱਬ ਦਾ, ਆਪਣੇ ਬਾਦਸ਼ਾਹ ਦਾ ਜਿਸ ਦਾ ਨਮਕ ਖਾਂਦੇ ਹੋ, ਮੇਰਾ ਪੁੱਤਰ ਮੈਨੂੰ ਮਿਲਾ ਦੇਹੁ। ਇਹ ਦੁਖ ਮੈਥੋਂ ਸਹਾਰਿਆ ਨਹੀਂ ਜਾਂਦਾ।"

ਹੁਣ ਤਕ ਇਸਤਰੀ ਸਾਹਿਤ ਦੀ ਜਿਹੜੀ ਚਰਚਾ ਹੋਈ ਹੈ, ਉਹ ਵਧੇਰੇ ਕਰਕੇ ਵਾਰਤਕ ਵਿਚ ਹੀ ਹੈ। ਡਾ. ਦੇਵਿੰਦਰ ਸਿੰਘ ਵਿਦਿਆਰਥੀ ਦੇ ਦੱਸਣ ਅਨੁਸਾਰ ਪੰਜਾਬੀ ਦੀ ਪਹਿਲੀ ਇਸਤਰੀ ਕਵੀ ਪੀਰੋ (ਮ੍ਰਿਤੂ 1872 ਈ.) ਹੈ। ਇਹ ਗੁਲਾਬਦਾਸੀ ਸੰਪਰਦਾਇ ਦੇ ਬਾਨੀ ਸਾਧੂ ਗੁਲਾਬ ਦਾਸ ਦੀ ਚੇਲੀ ਸੀ। ਸੂਫੀਆਨਾ ਰੰਗ ਵਿਚ ਰੰਗੀਆਂ ਉਸ ਦੀਆਂ ਕਾਫੀਆਂ ਅਤੇ ਸੀਹਰਫੀਆਂ ਦੀ ਇਕ ਵੰਨਗੀ ਵੇਖੋ।

ਜਾਲ ਜਾਵਣਾ ਅਸੀਂ ਪ੍ਰਦੇਸ਼ ਸਈਓ,
ਤੁਰਕ ਹਿੰਦੂਆਂ ਪਰੇ ਕਹਾਵਣਾ ਈ।
ਅਸੀਂ ਤਿਆਗ ਜਾਣਾ ਮਤ ਹਿੰਦੂਆਂ ਦਾ,
ਨਹੀਂ ਤੁਰਕਾ ਦਾ ਕੁਝ ਧਰਾਵਣਾ ਈ।
ਜਿੱਥੇ ਪਹੁੰਚ ਨ ਤੁਰਕ ਤੇ ਹਿੰਦੂਆਂ ਦੀ,
ਸਈਓ ਐਸੇ ਮਕਾਨ ਮੈਂ ਜਾਵਣਾ ਈ।
ਪੀਰੋ ਰਾਮ ਝਰੇਖੜੇ ਬੈਠ ਕੇ ਨੀ,
ਮੁਜਰਾ ਕੁੱਲ ਜਾਨ ਦਾ ਪਾਵਣਾ ਈ।

ਡਾ. ਵਿਦਿਆਰਥੀ ਨੇ ਇਸ ਦਾ ਰਹੱਸ ਖੋਲ੍ਹਿਆ ਹੈ ਕਿ ਜਦ ਉਹ 1943 ਵਿਚ ਪੰਜਾਬ ਦੀਆਂ ਕਵੀ ਕੁੜੀਆਂ ਦੀ ਖੋਜ ਵਿਚ ਨਿਕਲੇ ਤਾਂ ਉਸ ਨੂੰ ਅਜਿਹੀਆਂ 22 ਕਵਿਤ੍ਰੀਆਂ ਦਾ ਪਤਾ ਲੱਗਾ। ਪੀਰੋ ਤੋਂ ਬਾਅਦ ਉਨ੍ਹਾਂ ਬੀਬੀ ਮਖ਼ਫੀ ਦਾ




ਨਾਂ ਵੀ ਇਨ੍ਹਾਂ ਕਵਿਤ੍ਰੀਆਂ ਵਿਚ ਸ਼ਾਮਲ ਕੀਤਾ ਹੈ।

ਪੰਜਾਬ ਉਪਰ ਅੰਗਰੇਜ਼ਾਂ ਦੇ ਕਬਜ਼ੇ ਪਿੱਛੋਂ ਪਾੜੋ ਅਤੇ ਰਾਜ ਕਰੋ ਦੀ ਨੀਤੀ ਲਾਗੂ ਕੀਤੀ ਗਈ ਜਿਸ ਦੇ ਤਹਿਤ ਹਿੰਦੂਆਂ, ਸਿੱਖਾਂ ਅਤੇ ਮੁਸਲਮਾਨਾਂ ਨੂੰ ਧਰਮ ਅਤੇ ਭਾਸ਼ਾ ਦੇ ਨਾਂ ਉਤੇ ਵੰਡ ਦਿੱਤਾ ਗਿਆ, ਜਿਸ ਦਾ ਨਤੀਜਾ ਇਹ ਨਿਕਲਿਆ ਕਿ ਤਿੰਨੋ ਕੌਮਾਂ ਇਕ-ਦੂਜੇ ਦੇ ਧਰਮ, ਸਮਾਜਿਕ ਮਾਨਤਾਵਾਂ ਅਤੇ ਸਭਿਆਚਾਰ ਦੀਆਂ ਵਿਰੋਧੀ ਬਣ ਗਈਆਂ। ਇਹ ਵਿਰੋਧ ਮੌਖਿਕ ਸੰਵਾਦਾਂ ਅਤੇ ਅਖ਼ਬਾਰਾਂ-ਰਸਾਲਿਆਂ ਰਾਹੀਂ ਪ੍ਰਗਟ ਹੋਣ ਲੱਗਾ। ਪੰਜਾਬੀ ਦੀ ਆਪਸੀ ਈਰਖਾ ਅਤੇ ਬੇਰੁਖੀ ਸਦਕਾ ਪੰਜਾਬੀ ਭਾਸ਼ਾ ਸਿੱਖਾਂ ਦੇ ਹਿੱਸੇ ਪੈ ਗਈ ਅਤੇ ਉਨ੍ਹਾਂ ਨੇ ਸਿੰਘ ਸਭਾ ਲਹਿਰ ਦੇ ਰੂਪ ਵਿਚ ਆਪਣੇ ਧਰਮ, ਇਤਿਹਾਸ, ਸਭਿਆਚਾਰ ਅਤੇ ਹੋਰ ਸਰਗਰਮੀਆਂ ਵਾਸਤੇ ਇਸਨੂੰ ਪ੍ਰਫੁੱਲਤ ਕਰਨ ਦਾ ਬੀੜਾ ਉਠਾਇਆ।

ਸੰਨ 1873 ਵਿਚ ਆਰੰਭ ਹੋਈ ਸਿੰਘ ਸਭਾ ਲਹਿਰ ਦੇ ਆਸ਼ਿਆਂ ਵਿਚੋਂ ਇਕ ਵਿੱਦਿਆ ਦਾ ਪ੍ਰਚਾਰ ਵੀ ਸੀ। ਸਿੰਘ ਸਭਾ ਦੀ ਪ੍ਰੇਰਨਾ ਅਤੇ ਉਸ ਦੇ ਜ਼ੋਰ ਸਦਕਾ 1877 ਵਿਚ ਓਰੀਐਂਟਲ ਕਾਲਜ, ਲਾਹੌਰ ਵਿਚ ਪੰਜਾਬੀ ਦੀ ਪੜ੍ਹਾਈ ਆਰੰਭ ਹੋਈ। ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਵਿਚ ਪੰਜਾਬੀ ਮਾਧਿਅਮ ਵਿਚ ਪੜ੍ਹਨ ਦੀ ਖੁੱਲ੍ਹ ਹੋ ਗਈ। ਇਸ ਖੁੱਲ੍ਹ ਤੋਂ ਸਿੱਖ ਕੁੜੀਆਂ ਅਤੇ ਇਸਤਰੀਆਂ ਨੇ ਲਾਭ ਉਠਾਉਣਾ ਸ਼ੁਰੂ ਕਰ ਦਿੱਤਾ। ਸਿੰਘ ਸਭਾ ਲਹਿਰ ਦੀ ਪੰਜਾਬੀ ਸਾਹਿਤ ਨੂੰ ਦੇਣ ਜਿੱਥੇ ਹੋਰਨਾਂ ਕਈ ਪੱਖਾਂ ਵਿਚ ਹੈ, ਉਥੇ ਇਹ ਭੁੱਲ ਵੀ ਇਸਨੂੰ ਜਾਂਦੀ ਹੈ ਕਿ ਪੰਜਾਬੀ ਵਿਚ ਪੱਤਰਕਾਰੀ ਦਾ ਆਰੰਭ ਵੀ ਇਸ ਸਦਕਾ ਹੀ ਹੋਇਆ। ਇਹੋ ਕਾਰਨ ਹੈ ਕਿ ਇਸ ਸਮੇਂ ਦਾ ਸਾਰਾ ਇਸਤਰੀ ਸਾਹਿਤ ਇਨ੍ਹਾਂ ਅਖ਼ਬਾਰਾਂ-ਰਸਾਲਿਆਂ ਵਿਚ ਹੀ ਸੁਰੱਖਿਅਤ ਹੈ। ਸੁਤੰਤਰ ਰੂਪ ਵਿਚ ਪ੍ਰਕਾਸ਼ਿਤ ਇਸ ਸਮੇਂ ਦੀਆਂ ਇਸਤਰੀ ਸਾਹਿਤਕਾਰਾਂ ਦੀਆਂ ਰਚਨਾਵਾਂ ਉਂਗਲੀਆਂ ਉਤੇ ਗਿਣੀਆਂ ਜਾਣ ਜੋਗੀਆਂ ਹਨ। ਅਖ਼ਬਾਰ-ਰਸਾਲਿਆਂ ਰਾਹੀਂ ਇਸਤਰੀ ਉਧਾਰ, ਇਸਤਰੀ ਵਿਦਿਆ ਅਤੇ ਉਸ ਦੇ ਰੁਤਬੇ ਬਾਰੇ ਚਰਚਾ ਭਰਵੇਂ ਰੂਪ ਵਿਚ ਚਲ ਨਿਕਲੀ ਅਤੇ ਵੀਹਵੀਂ ਸਦੀ ਦੀ ਪਹਿਲੀ ਚੌਥਾਈ ਤਕ ਪਹੁੰਚਦਿਆਂ ਕਈ ਰਸਾਲੇ ਇਹੋ ਜਿਹੇ ਨਿਕਲਣੇ ਸ਼ੁਰੂ ਹੋਏ ਜਿਨ੍ਹਾਂ ਵਿਚਲਾ ਵਧੇਰੇ ਮਸਾਲਾ ਇਸਤਰੀ ਸਮੱਸਿਆਵਾਂ ਅਤੇ ਉਨ੍ਹਾਂ ਦੀ ਰੁਚੀ ਮੁਤਾਬਕ ਛਪਦਾ ਸੀ। ਅਜਿਹੇ ਕੁਝ ਰਸਾਲੇ ਸਨ- 'ਇਸਤਰੀ ਸਤਿਸੰਗ (1904), ਪੰਜਾਬੀ ਭੈਣ (1907), ਇਸਤਰੀ ਸੁਧਾਰ ਪੱਤ੍ਰਿਕਾ (1914), ਭੁੰਜਗਣ ਪੱਤਰ (1917), ਇਸਤਰੀ ਜੀਵਨ (1923) ਅਤੇ ਫੁਲੇਰਨ (1926) ਆਦਿ। ਇਨ੍ਹਾਂ ਵਿਚੋਂ 'ਫੁਲੇਰਨ' ਇਕ ਅਜਿਹਾ ਮਾਸਕ ਪੱਤਰ ਸੀ ਜੋ ਫੁਲਵਾੜੀ ਦੇ ਸੰਪਾਦਕ ਗਿਆਨੀ ਹੀਰਾ ਸਿੰਘ ਦਰਦ ਅਤੇ ਡਾ. ਇੰਦਰਜੀਤ ਕੌਰ (ਆਨਰੇਰੀ ਸੰਪਾਦਕ) ਦੇ ਯਤਨਾਂ ਸਦਕਾ ਆਰੰਭ ਹੋਇਆ। ਇਸਦੇ ਪ੍ਰਵੇਸ਼ ਅੰਕ ਵਿਚ ਇਸਤਰੀ ਦੀ ਤਤਕਾਲੀ ਅਵਸਥਾ ਉਪਰ ਰੌਸ਼ਨੀ ਪਾਉਂਦਾ ਅਤੇ ਇਸਤਰੀ ਬਾਰੇ ਮਾਨਸਿਕਤਾ ਪ੍ਰਗਟ ਕਰਦਾ ਸੰਪਾਦਕ ਲਿਖਦਾ ਹੈ, "ਲਾਹਨਤ ਹੈ ਉਨ੍ਹਾਂ ਲੋਕਾਂ ਉਪਰ ਜਿਹੜੇ ਇਸ ਸੁਗੰਧਿਤ ਫੁਲਵਾੜੀ ਨੂੰ 'ਨਰਕ ਦਵਾਰੀ' ਆਖ ਕੇ ਨਿੰਦਿਆ ਕਰਦੇ ਹਨ। ਉਹ ਲੋਕ ਕਿੰਨੇ ਨਿਰਦਈ ਤੇ ਅਕ੍ਰਿਤਘਣ ਹਨ ਜਿਹੜੇ ਏਸ ਫੁਲਵਾੜੀ 'ਤੇ ਹੀ ਜੰਮਦੇ ਹਨ। ਇਸ ਦੀ ਮਿੱਠੀ ਪ੍ਰੇਮ-ਸੁਗੰਧੀ ਅਤੇ ਠੰਢੀ ਛਾਂ ਵਿਚ ਪਲਦੇ ਹਨ ਪਰ ਫਿਰ ਵੱਡੇ ਹੋ ਕੇ ਇਸ ਨੂੰ ਜੁੱਤੀ ਬਰਾਬਰ ਸਮਝਦੇ ਹਨ।" 'ਫੁਲੇਰਨ' ਸ਼ੁਰੂ ਹੋਣ ਨਾਲ ਕੁਝ ਪਿਛਾਂਹ-ਖਿੱਚੂ ਅਤੇ ਦਕੀਆਨੂਸੀ ਵਿਚਾਰਾਂ ਵਾਲੇ ਲੋਕ ਤਿਲਮਿਲਾ ਉਠੇ ਅਤੇ ਉਨ੍ਹਾਂ ਨੂੰ ਇਸਤਰੀ ਉਧਾਰ ਦੀ ਗੱਲ ਨਾਲ ਹੇਠਲੀ ਉਪਰ ਹੁੰਦੀ ਜਾਪੀ। ਇਸਦੇ ਬਾਵਜੂਦ 'ਫੁਲੇਰਨ' ਆਪਣੀ ਮੰਜ਼ਲ ਵਲ ਵਧਦਾ ਗਿਆ।

ਪੰਜਾਬੀ ਦਾ ਪਠਨ-ਪਾਠਨ ਵਧੇਰੇ ਕਰਕੇ ਸਿੱਖ ਇਸਤਰੀਆਂ ਤਕ ਮਹਿਦੂਦ ਸੀ। ਸ਼ਾਇਦ ਇਹੋ ਕਾਰਨ ਹੈ ਕਿ ਇਸ ਸਮੇਂ ਦੀਆਂ ਜਿਹੜੀਆਂ ਇਸਤਰੀ ਸਾਹਿਤਕਾਰ ਹਨ, ਉਹ ਕੁਝ ਇਕ ਅਪਵਾਦਾਂ ਨੂੰ ਛੱਡ ਕੇ, ਸਾਰੀਆਂ ਸਿੱਖ ਹਨ। ਇਨ੍ਹਾਂ ਲੇਖਕਾਂ ਵਿਚੋਂ ਹਰਨਾਮ ਕੌਰ, ਅਮਰ ਕੌਰ, ਰਾਮੇਸ਼ਵਰੀ ਦੇਵੀ, ਈਸ਼ਰ ਕੌਰ ਕਲੀ, ਗੁਰਚਰਨ ਕੌਰ, ਜੀਵਨ ਕੌਰ, ਗਿਆਨ ਕੌਰ, ਪ੍ਰਿਤਪਾਲ ਕੌਰ ਅਤੇ ਰਾਜਿੰਦਰ ਕੌਰ ਆਦਿ ਉਲੇਖਯੋਗ ਹਨ। ਇਨ੍ਹਾਂ ਅਤੇ ਇਸ ਦੌਰ ਦੀਆਂ ਹੋਰਨਾਂ ਹਿੰਦੂ-ਸਿੱਖ ਔਰਤਾਂ ਵਲੋਂ ਰਚਿਆ ਗਿਆ ਸਾਹਿਤ ਆਪਣੇ ਆਪ ਵਿਚ ਕੁਝ ਉਚੇਚੇ ਗੁਣ ਸਮੋਈ ਬੈਠਾ ਹੈ। ਅੱਗੇ ਦਿੱਤੀਆਂ ਜਾ ਰਹੀਆਂ ਕਾਵਿ ਉਦਾਹਰਣਾਂ ਵਿਚੋਂ ਈਸ਼ਰ ਕੌਰ ਕਲੀ ਦੀ ਕਵਿਤਾ ਗੁਲਾਮ ਹਿੰਦੁਸਤਾਨ ਅਤੇ ਮਜਲੂਮ ਲੋਕਾਂ ਦੀ ਹਾਲਤ ਬਿਆਨ ਕਰਦੀ ਹੈ।

## ਜਿੱਤ ਜੰਮੇ ਰਾਜਾਨ

ਹਰਨਾਮ ਕੌਰ ਦੀ ਕਵਿਤਾ ਇਸਤਰੀ ਨੂੰ ਸਮਾਜਿਕ ਕੁਰੀਤੀਆਂ ਤਿਆਗ ਕੇ ਅਤੇ ਹੋਰਨਾਂ ਬੇਲੋੜੇ ਬੰਧਨਾਂ ਤੋਂ ਛੁਟਕਾਰਾ ਪ੍ਰਾਪਤ ਕਰਕੇ ਸਵੈ-ਨਿਰਭਰਤਾ ਨਾਲ ਮਰਦ ਦੇ ਬਰਾਬਰ ਖਲੋਣ ਦੀ ਪ੍ਰੇਰਨਾ ਦਿੰਦੀ ਹੈ। 'ਫੁਲੇਰਨ' ਵਿਚ ਉਪਰੋਕਤ ਭਾਂਤ ਦੀਆਂ ਕਵਿਤਾਵਾਂ ਤੋਂ ਛੁੱਟ ਇਸਤਰੀ ਸਾਹਿਤਕਾਰਾਂ ਵਲੋਂ ਲਿਖੇ ਗਏ ਨਾਟਕ, ਕਹਾਣੀਆਂ ਅਤੇ ਲੇਖ ਵੀ ਛਪਦੇ ਰਹੇ ਹਨ। 'ਫੁਲੇਰਨ' ਦੀ ਦੂਜੀ ਵਰ੍ਹੇਗੰਢ ਉਤੇ ਲਿਖਿਆ ਗਿਆ ਇਕ ਨਾਟਕ 'ਗੁਰ ਪੰਚਮ ਸ਼ਹੀਦੀ' ਕ੍ਰਿਤ ਗਿਆਨ ਕੌਰ ਹੈ ਜਿਸ ਵਿਚ ਉਸ ਮੌਕੇ ਨੂੰ ਆਧਾਰ ਬਣਾਇਆ ਗਿਆ ਹੈ ਜਦ ਗੁਰੂ ਅਰਜਨ ਦੇਵ ਜੀ ਨੂੰ ਲਾਹੌਰ ਲਿਜਾ ਕੇ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਜਾਂਦਾ ਹੈ। ਚਿਤ੍ਰਪਟ ਸੰਖੇਪ ਹੈ ਪਰ ਉਹ ਵੀ ਛੇ ਝਾਕੀਆਂ ਵਿਚ ਵੰਡਿਆ ਹੋਇਆ ਹੈ। ਦੂਜਾ ਨਾਟਕ 'ਕਿਰਤੀ ਕਿਸਾਨ ਦੀ ਜੈ' ਪ੍ਰੀਤਪਾਲ ਕੌਰ ਨਿਧੜਕ ਦਾ ਲਿਖਿਆ ਹੋਇਆ ਹੈ ਜਿਸ ਦੀ ਵਸਤੂ ਸਥਿਤੀ ਪਹਿਲੇ ਨਾਟਕ ਨਾਲੋਂ ਬਿਲਕੁਲ ਵੱਖਰੀ ਹੈ। ਜਿੱਥੇ ਪਹਿਲਾ ਨਾਟਕ ਧਾਰਮਿਕ ਪ੍ਰਕਿਰਤੀ ਦਾ ਹੈ, ਉਥੇ ਇਹ ਸ਼ੁੱਧ ਸਮਾਜਿਕ ਸਮੱਸਿਆ ਨੂੰ ਸਾਡੇ ਸਾਹਮਣੇ ਰੱਖਦਾ ਹੈ। ਸਮੱਸਿਆ ਜਾਗੀਰਦਾਰਾਂ ਵਲੋਂ ਕਿਰਤੀ ਕਿਸਾਨੀ ਦੀ ਕੀਤੀ ਜਾਂਦੀ ਲੁੱਟ-ਖਸੁੱਟ ਹੈ ਜਿਸ ਦਾ ਧਰਮ ਪੈਸਾ ਬਣਾਉਣਾ ਹੈ। ਕਰੋੜੀ ਸ਼ਾਹ ਸਰਮਾਏਦਾਰੀ ਦਾ ਪ੍ਰਤੀਨਿਧ ਹੈ ਜੋ ਹਰ ਜਾਇਜ਼ ਨਾਜਾਇਜ਼ ਤਰੀਕਾ ਵਰਤ ਕੇ ਗਰੀਬ ਅਤੇ ਅਨਪੜ੍ਹ ਲੋਕਾਂ ਨੂੰ ਆਪਣੇ ਜਾਲ ਵਿਚ ਫਸਾਈ ਰੱਖਦਾ ਹੈ। ਪਰ ਲੇਖਿਕਾ ਦਾ ਵਿਸ਼ਵਾਸ ਹੈ ਕਿ ਹੁਣ ਲੁੱਟੇ ਜਾਣ ਵਲੇ ਲੋਕ ਸੁਚੇਤ ਹੋ ਗਏ ਹਨ ਅਤੇ ਉਹ ਜਥੇਬੰਦ ਹੋ ਕੇ ਇਸ ਲਾਹਨਤ ਵਿਰੁਧ ਡਟੇ ਰਹੇ ਹਨ।

ਜੀਵਨ ਕੌਰ ਇਸਤਰੀ ਨੂੰ ਜਥੇਬੰਦ ਹੋ ਕੇ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਸੰਘਰਸ਼ਸ਼ੀਲ ਹੋਣ ਦਾ ਸੁਨੇਹਾ ਦੇ ਰਹੀ ਹੈ;

ਗੱਲ ਆਪਦੇ ਉਤੇ ਨਾ ਆਉਣ ਦਈਏ।
ਦੂਰ ਫੈਸ਼ਨਾਂ ਭਾਈ ਕਰਾਓ ਭੈਣੋ।
ਅਪਮਾਨ ਹੁੰਦੇ ਵੇਖੇ ਨਾਰੀਆਂ ਦੇ,
ਖੱਦਰ ਪਾਂਦਿਆਂ ਨਹੀਂ ਸ਼ਰਮਾਓ ਭੈਣੋ।
ਛੂਤ-ਛਾਤ ਦਾ ਕਰੋ ਸੁਧਾਰ ਛੇਤੀ,
ਜਾਤ-ਪਾਤ ਦੇ ਤਾਂਈਂ ਤੜਾਓ ਭੈਣੋ।
ਇਕ ਪਿਤਾ ਤੇ ਇਕ ਦੇ ਅਸੀਂ ਬਾਲਕ
ਦੂਜਾ ਮਤ ਤੇ ਭੇਦ ਮਿਟਾਓ ਭੈਣੋ।
ਬਾਲ ਵਿਧਵਾ ਬੈਠੀਆਂ ਦੁੱਖ ਭੋਗਣ,
ਦੁੱਖ ਉਨ੍ਹਾਂ ਦੇ ਛੇਤੀ ਹਟਾਓ ਭੈਣੋ।
ਹੱਕ ਅਸਾਂ ਦੇ ਅਸਾਂ ਨੂੰ ਮਿਲਣ ਵਾਪਸ,
ਐਸਾ ਡਟ ਕੇ ਮੋਰਚਾ ਲਾਓ ਭੈਣੋ।

-0-

ਕਿੰਨਾ ਚਿਰ ਦੂਜਿਆਂ ਦਾ ਸੁਖ ਨਹੀਂ ਸੋਚ ਏ ਤੂੰ?
ਕਿੰਨਾ ਚਿਰ ਹੋਰ ਭੈਣੇ ਆਪ ਦੁੱਖ ਭਰੇਂਗੀ?
ਕਿੰਨਾ ਚਿਰ ਹੋਰ ਜੁੱਤੀ ਪੈਰ ਦੀ ਕਹਾਏਂਗੀ ਤੂੰ?
ਸੂਦਰ ਕਹਾਣਾ ਰਿਦੇ ਕਿੰਨਾ ਚਿਰ ਜਰੇਂਗੀ?
ਕਿੰਨਾ ਚਿਰ ਜਗਤ ਦੀ ਰੌਸ਼ਨੀ ਤੋਂ ਅੱਖਾਂ ਮੀਚ
ਦੁੱਖ ਤੇ ਦਲਿਦਰ ਨ ਭਾਰਤ ਦੇ ਰਹੇਂਗੀ?
ਆਪੇ ਨੂੰ ਸੰਭਾਲੇ ਬਿਨਾਂ ਸਾਗਰ ਸੰਸਾਰ ਵਿਚ
ਕਿੰਨਾ ਚਿਰ ਹੋਰ ਦੀਆਂ ਬਾਹਾਂ ਵਿਚ ਤਰੇਂਗੀ?

*(ਹਰਨਾਮ ਕੌਰ)*

# ਔਰਤ ਦੀ ਅਸਲ ਆਜ਼ਾਦੀ ਕਿਵੇਂ ਪਾਈ ਜਾਵੇ

**ਨਰਿੰਦਰ ਕੌਰ ਪਾਹਵਾ**

ਸਾਲ 1910 ਵਿਚ ਕੋਪਨਹੇਗਨ ਵਿਖੇ ਮਹਿਲਾ ਆਜ਼ਾਦੀ-ਦਿਵਸ ਤੈਅ ਕਰਨ ਦੇ ਬਾਅਦ ਅਮਰੀਕਾ ਤੇ ਯੂਰਪ ਨੇ ਤਾਂ ਔਰਤਾਂ ਨੂੰ ਆਜ਼ਾਦੀ ਦਿੱਤੀ ਪਰ ਸਾਡੇ ਏਸ਼ਿਆਈ ਖੇਤਰ ਵਿਚ ਇਸ ਦਿਨ ਨੂੰ ਮਨਾਉਂਦੇ ਹੋਏ ਵੀ ਅਸੀਂ ਔਰਤ ਨੂੰ ਉਹ ਸਥਾਨ ਨਹੀਂ ਦੇ ਸਕੇ ਜਿਸ ਦੀ ਉਹ ਹੱਕਦਾਰ ਹੈ। ਇਸ ਸਬੰਧ ਵਿਚ ਅਸੀਂ ਆਪਣਾ ਇਤਿਹਾਸ ਫਰੋਲੀਏ ਤਾਂ ਸਭ ਤੋਂ ਪਹਿਲਾਂ ਮਨੂੰ ਸਮਰਿਤੀਆਂ ਦੀ ਗੱਲ ਕਰਦੇ ਹਾਂ ਜਿਸ ਦੇ ਆਧਾਰ 'ਤੇ ਟਿਕਿਆ ਸਾਹਿਤ ਔਰਤ ਨੂੰ ਜੁੱਤੀ ਕਹਿੰਦਾ ਹੈ। ਅਰਬ ਦੇ ਲੋਕ ਔਰਤ ਦੀ ਮੱਤ ਗੁੱਤ ਪਿੱਛੇ ਮੰਨਦੇ ਹਨ। ਇੱਥੋਂ ਤਕ ਕਿ ਜਿਸ ਮਹਾਤਮਾ ਬੁੱਧ ਨੂੰ ਅਸੀਂ ਪੈਗੰਬਰ ਮੰਨਦੇ ਹਾਂ ਉਸਨੇ ਵੀ ਇਕ ਸਮੇਂ ਔਰਤ ਨੂੰ ਆਪਣੇ ਸੰਘ ਵਿਚ ਸ਼ਾਮਲ ਕਰਨ ਤੋਂ ਨਾਂਹ ਕਰ ਦਿੱਤੀ ਸੀ। ਨਾਥ ਜੋਗੀ 1500 ਸਾਲ ਤੋਂ ਔਰਤ ਨੂੰ ਬਾਘਨਿ ਕਹਿੰਦੇ ਆ ਰਹੇ ਹਨ। 'ਇਨ ਬਾਘਨਿ ਤ੍ਰੈਲੋਕੀ ਖੋਈ...' ਅਨੁਸਾਰ ਔਰਤ ਨੂੰ ਮਰਦ ਦੇ ਤਿੰਨਾਂ ਲੋਕਾਂ ਦੀ ਦੋਖਨ ਕਿਹਾ ਹੈ।

ਚੀਨ ਵਿਚ ਔਰਤ 'ਤੇ ਜ਼ੁਲਮ ਦੀ ਇੰਤਹਾ ਹੋ ਗਈ ਸੀ। ਕਿਸੇ ਨੇ ਵਹਿਮ ਪਾਇਆ ਕਿ ਔਰਤ ਦੇ ਛੋਟੇ ਪੈਰ ਸੁੰਦਰ ਹੁੰਦੇ ਹਨ ਤਾਂ ਵਹਿਸ਼ੀ ਚੀਨੀ ਮਰਦਾਂ ਨੇ ਨਿੱਕੇ ਬੱਚਿਆਂ ਦੇ ਪੈਰ ਲੋਹੇ ਦੇ ਬੂਟਾਂ ਵਿਚ ਪਾਉਣੇ ਸ਼ੁਰੂ ਕਰ ਦਿੱਤੇ ਤਾਂ ਕਿ ਪੈਰਾਂ ਵਿਚ ਵਾਧਾ ਨਾ ਹੋ ਸਕੇ। ਇਹ ਗੱਲ ਏਸ਼ਿਆਈ ਮੁਲਕਾਂ ਦੇ ਜ਼ੁਲਮ ਦੀ ਕਹਾਣੀ ਹੈ।

ਅੱਜ, ਔਰਤ ਦੀ ਸਥਿਤੀ ਕੋਈ ਬਹੁਤੀ ਨਹੀਂ ਸੁਧਰੀ। ਔਰਤ ਨੌਕਰੀ ਵੀ ਕਰਦੀ ਹੈ, ਬੱਚੇ ਵੀ ਪਾਲਦੀ ਹੈ ਤੇ ਤਨਖਾਹ ਵੀ ਮਰਦ ਦੀ ਤਲੀ 'ਤੇ ਰੱਖਦੀ ਹੈ ਫਿਰ ਖਰਚੇ ਲਈ ਉਸ ਅੱਗੇ ਹੱਥ ਅੱਡਦੀ ਹੈ। ਬਾਹਰੋਂ ਆਧੁਨਿਕ ਦਿਸਦੀ ਔਰਤ ਦੀ ਅਸਲ ਸਥਿਤੀ ਇਹੀ ਹੈ। ਲੋੜ ਅੱਜ ਜਿੰਨੀ ਮਰਦ ਦੀ ਸੰਸਕਾਰਕ ਹਉਮੈ ਨੂੰ ਬਦਲਣ ਦੀ ਹੈ, ਓਨੀ ਹੀ ਔਰਤ ਦੀ ਮਾਨਸਿਕਤਾ ਨੂੰ। ਔਰਤ ਦੇ ਸੰਸਕਾਰ ਵਿਚ ਵਰ੍ਹਿਆਂ ਤੋਂ ਮਰਦ ਦੀ 'ਜੀ ਹਜ਼ੂਰੀ' ਪਈ ਹੈ। ਜੇ ਮਰਦ ਵੀ ਹਉਮੈ ਛੱਡ ਔਰਤ ਨੂੰ ਆਪਣੇ ਬਰਾਬਰ ਦੀ ਧਿਰ ਮੰਨੇ ਤਾਂ ਸਾਰੇ ਸੰਸੇ ਹੀ ਮਿਟ ਜਾਣ। ਸੰਸਕਾਰ ਵਿਚ ਸਦੀਆਂ ਤੋਂ ਪਈ ਗੁਲਾਮੀ ਵਿਚ ਔਰਤ ਹੀ ਬਲੀ ਦਾ ਬੱਕਰਾ ਰਹੀ। ਉਦਾਹਰਣਾਂ ਦੇਖਣ ਲੱਗੀਏ ਤਾਂ ਬਾਬਾ ਫਰੀਦ, ਜੋ ਸਾਡੇ ਲਈ ਆਦਰਸ਼, ਤਿਆਗੀ ਮਨੁੱਖ ਹੀ ਨਹੀਂ, ਸਗੋਂ ਪੂਜਨੀਕ ਸੰਤ ਵੀ ਹਨ, ਉਨ੍ਹਾਂ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਥਾਂ ਵੀ ਮਿਲਿਆ ਪਰ ਨਾ ਤਾਂ ਇਤਿਹਾਸ ਨੇ ਤੇ ਨਾ ਹੀ ਅਸੀਂ ਕਦੀ ਉਨ੍ਹਾਂ ਦੀ ਪਤਨੀ ਬਾਰੇ ਜਾਨਣ ਦੀ ਕੋਸ਼ਿਸ਼ ਕੀਤੀ। ਉਹ ਬਚਪਨ ਤੋਂ ਫਕੀਰ ਸਨ। ਉਨ੍ਹਾਂ ਦੀ ਪਤਨੀ ਉਮਰ ਭਰ ਉਨ੍ਹਾਂ ਦੇ ਹੁਜਰੇ ਅੱਗੇ ਬੈਠੀ ਇੰਤਜ਼ਾਰ ਕਰਦੀ ਰਹੀ। ਸਬਰ ਦੀ ਮੂਰਤ ਸੀ ਉਹ।

ਮਾਈ ਲੋਈ, ਕਬੀਰ ਜੀ ਤੋਂ ਕਿਤੇ ਵੱਡੀ ਪ੍ਰਭੂ ਭਗਤ ਸੀ ਜਿਸਨੇ ਕਬੀਰ ਦੀ ਖਾਤਰ ਆਪਣਾ ਆਪ ਮਿਟਾ ਲਿਆ। ਲਕਸ਼ਮਣ ਦੀ ਪਤਨੀ ਉਰਮਿਲਾ ਨੇ 14 ਸਾਲ ਪਤੀ ਦਾ ਇੰਤਜ਼ਾਰ ਕੀਤਾ।

ਸੀਤਾ ਨੇ ਆਪਣੇ ਪਤੀ ਖਾਤਰ 14 ਸਾਲ ਬਨਵਾਸ ਵਿਚ ਅਨੇਕਾਂ ਦੁੱਖ ਕੱਟੇ।

ਗੁਰੂ ਨਾਨਕ ਸਾਹਿਬ ਜਵਾਨੀ ਵਿਚ ਉਦਾਸੀਆਂ 'ਤੇ ਨਿਕਲ ਗਏ। ਮਾਤਾ ਸੁਲੱਖਣੀ ਦਾ ਤਿਆਗ ਕਿਸੇ ਨੇ ਨਹੀਂ ਲਿਖਿਆ ਜਿਸ ਦੋਹਾਂ ਬੱਚਿਆਂ ਸ੍ਰੀ ਚੰਦ, ਲੱਖਮੀ ਦਾਸ ਨੂੰ ਖ਼ਬਰੇ ਕਿੰਜ ਪਾਲਿਆ।

ਗੁਰੂ ਗੋਬਿੰਦ ਸਿੰਘ ਜੀ ਸਰਬੰਸਦਾਨੀ ਹਨ। ਕਲਪਨਾ ਕਰੋ ਮਾਤਾ ਜੀਤੋ ਜੀ ਤੇ ਮਾਤਾ ਸੁੰਦਰੀ ਜੀ ਦੀ ਹਾਲਤ ਦੀ, ਜਿਨ੍ਹਾਂ ਆਪਣੇ ਕਲੇਜੇ ਦੇ ਟੁਕੜੇ ਸ਼ਹੀਦ ਕਰਵਾ ਲਏ ਤੇ ਨੀਹਾਂ ਵਿਚ ਚਿਣਵਾ ਲਏ। ਉਨ੍ਹਾਂ ਦੀਆਂ ਆਂਦਰਾਂ ਕਿੰਨੀਆਂ ਕੁ ਜ਼ਖਮੀ ਹੋਈਆਂ ਹੋਣਗੀਆਂ। ਬਾਵਾ ਬਲਵੰਤ ਵਰਗੇ ਮਹਾਂ ਕਵੀ ਨੇ ਕਦੇ ਕਿਹਾ ਸੀ, 'ਇਹ ਸਵੰਬਰ ਵੀ ਨਿਰਾ ਧੋਖਾ ਰਹੇ'

ਅਫਸੋਸ ਰੂਹ ਨਹੀਂ, ਕਰਤਲ ਹੀ ਪਰਖੇ ਗਏ।'

ਯਾਨਿ ਮੱਛੀ ਦੀ ਅੱਖ ਵਿਚ ਕੋਈ ਵੀ ਤੀਰ ਮਾਰਦਾ ਤੇ ਦਰੋਪਦੀ ਨੂੰ ਲੈ ਜਾਂਦਾ। ਇੱਥੇ ਦਰੋਪਦੀ ਦੀ ਮਰਜ਼ੀ ਕਿੱਥੇ ਸ਼ਾਮਲ ਹੈ?

ਹੁਣ ਪੰਜ ਹਜ਼ਾਰ ਸਾਲ ਪਹਿਲਾਂ ਚਲੀਏ ਤਾਂ ਆਰੀਆ ਲੋਕਾਂ ਨਾਲੋਂ ਦਰਾਵਿੜ ਨਸਲ ਚੰਗੀ ਸੀ। ਉਥੇ ਇਸਤਰੀ ਪ੍ਰਧਾਨ ਸੀ, ਔਰਤ ਦੀ ਪਸੰਦ ਮੁੱਖ ਰੱਖੀ ਜਾਂਦੀ ਸੀ। ਸਾਡੇ ਹਰ ਧਰਮ ਵਿਚ ਦੇਵਤਾ, ਵਾਹਿਗੁਰੂ ਜਾਂ ਰੱਬ ਪ੍ਰਧਾਨ ਹੈ। ਮਰਦ ਉਸਦੀ ਪੂਜਾ ਕਰਦਾ ਹੈ। ਅੱਜ ਵੀ ਜਿੱਥੇ ਜੰਗਲੀ ਸੱਭਿਅਤਾ ਜਿਉਂਦੀ ਹੈ, ਔਰਤ ਪ੍ਰਧਾਨ ਹੈ। ਕਿਤੇ ਵੀ ਉਸ ਨੂੰ (ਸੈਕਿੰਡ ਸੈਕਸ) ਦਾ ਦਰਜਾ ਨਹੀਂ, ਉਹ (ਫਰਸਟ ਸੈਕਸ) ਹੈ। ਅਰੁਣਾਚਲ, ਮਨੀਪੁਰ, ਤ੍ਰਿਪੁਰਾ, ਨਾਗਾਲੈਂਡ ਵਰਗੀਆਂ ਜਾਂਗਲੀ ਪੀਲੀਆਂ ਨਸਲਾਂ ਵਿਚ ਔਰਤ ਹੀ ਘਰ ਦੀ ਮਾਲਕਣ ਹੈ। ਸ਼ਿਮਲੇ ਤੋਂ ਸੌ-ਡੇਢ ਸੌ ਕਿਲੋਮੀਟਰ ਕਿਨੌਰ ਦਾ ਇਲਾਕਾ ਸ਼ੁਰੂ ਹੋ ਜਾਂਦਾ ਹੈ। ਉੱਥੇ ਅੱਜ ਵੀ ਔਰਤ ਪ੍ਰਧਾਨ ਹੈ। ਮਰਦ ਰਸੋਈ ਵਿਚ ਹੱਥ ਵੰਡਾਉਂਦਾ ਹੈ। ਬੱਚਾ ਮਾਂ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਅੱਜ ਦੇ ਇਸ ਮਾਡਰਨ ਪੰਜਾਬ ਤੇ ਮਾਡਰਨ ਭਾਰਤ ਵਿਚ ਸੂਈ, ਤੇਲ, ਮਾਚਿਸ ਤੇ ਤੌਲੀਏ ਤੇ ਪਾਊਡਰ ਤੋਂ ਲੈ ਕੇ ਹਵਾਈ ਜਹਾਜ਼ ਦੀਆਂ ਟਿਕਟਾਂ 'ਤੇ ਵੀ ਅੱਧ ਨੰਗੀ ਔਰਤ ਦੀ ਫੋਟੋ ਲੱਗੀ ਹੁੰਦੀ ਹੈ। ਹਰ ਮਸ਼ਹੂਰੀ ਵਿਚ ਅਰਧ-ਨਗਨ ਔਰਤ ਥਿਰਕਦੀ ਨਜ਼ਰ ਆਉਂਦੀ ਹੈ।

ਮੇਰੇ ਵਿਚਾਰ ਅਨੁਸਾਰ ਔਰਤ ਨੂੰ ਕਿਨੌਰ ਜਾਂ ਅਰੁਣਾਚਲ ਵਾਂਗ ਸੰਪੂਰਨ ਆਜ਼ਾਦੀ ਮਿਲਣੀ ਚਾਹੀਦੀ ਹੈ। ਤੁਸੀਂ ਕਹੋਗੇ ਕਿ ਸੰਪੂਰਨ ਆਜ਼ਾਦੀ ਕੀ ਹੈ? ਅਸਲ ਆਜ਼ਾਦੀ ਨਾ ਤਾਂ ਸਮਾਜਕ ਬਰਾਬਰੀ ਹੈ। ਨਾ ਹੀ ਸਿਆਸੀ ਸੀਟਾਂ ਬਰਾਬਰ ਮਿਲਣ ਦੀ ਹੁੰਦੀ ਹੈ ਤੇ ਨਾ ਹੀ ਆਰਥਿਕ ਤੌਰ 'ਤੇ ਔਰਤਾਂ ਦੇ ਪਰਸ ਪੈਸੇ ਨਾਲ ਭਰੇ ਹੋਣ ਦੀ।

ਅਸਲ ਆਜ਼ਾਦੀ ਹੈ ਜਦ ਮਰਦ ਮਾਨਸਿਕ ਤੌਰ 'ਤੇ ਔਰਤ ਨੂੰ ਆਪਣੇ ਬਰਾਬਰ ਦੀ ਧਿਰ ਮੰਨ ਲਵੇ ਅਤੇ ਔਰਤ ਬੌਧਿਕ ਤੇ ਸਰੀਰਕ ਪੱਖੋਂ ਇੰਨੀ ਮਜ਼ਬੂਤ ਹੋਵੇ ਕਿ ਉਹ ਆਪਣੇ ਫੈਸਲੇ ਆਪ ਲੈ ਸਕੇ।

# ਪੁਰਾਣਾ ਮਾਖਿਓ

**ਲੰਬੀ ਆਯੂ ਭੋਗ ਕੇ ਪਿਛਲੇ ਦਿਨੀਂ ਸਵਰਗਵਾਸ ਹੋਏ ਪੰਜਾਬੀ ਲੇਖਕ ਸੰਤੋਖ ਸਿੰਘ ਧੀਰ ਪੰਜਾਬੀ ਸਾਹਿਤ ਦੇ ਇਕ ਬਹੁਤ ਹੀ ਜਰਖੇਜ਼ ਯੁੱਗ ਦੇ ਪ੍ਰਤੀਕ ਸਨ। ਉਨ੍ਹਾਂ ਨੇ ਸੁਤੰਤਰਤਾ ਤੋਂ ਤੁਰੰਤ ਬਾਅਦ ਦੇ ਵਰ੍ਹਿਆਂ ਦੌਰਾਨ ਪੰਜਾਬੀ ਸਾਹਿਤ ਜਗਤ ਨੂੰ ਬਹੁਤ ਹੀ ਸਸ਼ਕਤ ਕਹਾਣੀਆਂ ਦਿਤੀਆਂ। 'ਕੋਈ ਇਕ ਸਵਾਰ' ਅਤੇ 'ਸਵੇਰ ਹੋਣ ਤੱਕ' ਤਾਂ ਵਰ੍ਹਿਆਂਬੱਧੀ ਚਰਚਾ ਦਾ ਵਿਸ਼ਾ ਬਣੀਆਂ ਰਹੀਆਂ। ਅਸੀਂ ਇਹ ਕਹਾਣੀ 'ਪੰਜਾਬ ਟਾਈਮਜ਼' ਦੇ ਪਾਠਕਾਂ ਨੂੰ ਉਨ੍ਹਾਂ ਸਮਿਆਂ ਦੇ ਪੰਜਾਬ ਦੀ ਧੜਕਣ ਤੋਂ ਜਾਣੂ ਕਰਵਾਉਣ ਲਈ ਵਿਸ਼ੇਸ਼ ਤੌਰ 'ਤੇ ਨਵੇਂ ਸਿਰਿਓਂ 'ਪੁਰਾਣਾ ਮਾਖਿਓ' ਕਾਲਮ ਤਹਿਤ ਪ੍ਰਕਾਸ਼ਤ ਕਰ ਰਹੇ ਹਾਂ। -ਸੰਪਾਦਕ**

## ਕੋਈ ਇਕ ਸਵਾਰ

ਸੂਰਜ ਦੀ ਟਿੱਕੀ ਨਾਲ ਤਾਂਗਾ ਜੋਤ ਕੇ ਅੱਡੇ ਵਿਚ ਲਾਉਂਦਿਆਂ ਬਾਰੂ ਤਾਂਗੇ ਵਾਲੇ ਨੇ ਹੋਕਾ ਦਿਤਾ, "ਜਾਂਦਾ ਕੋਈ ਇਕ ਸਵਾਰ ਖੰਨੇ ਦਾ ਬਈ ਓ...!"

ਸਿਆਲ ਵਿਚ ਏਨੇ ਸਾਝਰੇ ਸਬੱਬ ਨਾਲ ਭਾਵੇਂ ਕੋਈ ਸਵਾਰ ਆ ਜਾਵੇ, ਨਹੀਂ ਤਾਂ ਰੋਟੀ ਟੁਕ ਖਾ ਕੇ ਧੁੱਪ ਚੜ੍ਹੇ ਹੀ ਘਰੋਂ ਬਾਹਰ ਨਿਕਲਦੇ ਬੰਦਾ। ਪਰ ਬਾਰੂ ਇਸ 'ਸਬੱਬ' ਤੋਂ ਵੀ ਕਿਉਂ ਖੁੰਝੇ? ਪਾਲੇ ਵਿਚ ਠਰਦਿਆਂ ਵੀ ਉਹ ਸਭ ਤੋਂ ਪਹਿਲਾਂ ਆਪਣਾ ਤਾਂਗਾ ਅੱਡੇ ਵਿਚ ਲਾਉਣ ਦੀ ਸੋਚਦਾ।

ਬਾਰੂ ਨੇ ਬਾਜ਼ਾਰ ਵਲ ਮੂੰਹ ਕਰਕੇ ਏਕਣ ਜ਼ੋਰ ਨਾਲ ਹੋਕਾ ਮਾਰਿਆ, ਜਿਵੇਂ ਉਹਨੂੰ ਕੁੱਲ ਇਕੋ ਸਵਾਰ ਚਾਹੀਦਾ ਹੈ। ਪਰ ਬਾਜ਼ਾਰ ਵਲੋਂ ਇਕ ਵੀ ਸਵਾਰ ਨਾ ਆਇਆ। ਫੇਰ ਉਹਨੇ ਪਿੰਡ ਤੋਂ ਆਉਂਦੀਆਂ ਵੱਖੋ ਵੱਖ ਡੰਡੀਆਂ ਵਲ ਅੱਖਾਂ ਚੁੱਕ ਕੇ ਆਸ ਨਾਲ ਤੱਕਦਿਆਂ ਹੋਕੇ ਲਾਏ। ਪਤਾ ਨਹੀਂ ਕਦੇ ਕਦੇ ਸਵਾਰੀਆਂ ਨੂੰ ਕੀ ਸੱਪ ਸੁੰਘ ਜਾਂਦਾ ਹੈ। ਬਾਰੂ ਸੜਕ ਦੇ ਇਕ ਪਾਸੇ ਫੜ੍ਹੀ ਵਾਲੇ ਕੋਲ ਬੈਠ ਕੇ ਬੀੜੀ ਪੀਣ ਲੱਗਾ।

ਬਾਰੂ ਦਾ ਚੁਸਤ ਘੋੜਾ ਨਿਚੱਲਾ ਹੋ ਕੇ ਖਲੋ ਨਹੀਂ ਸੀ ਸਕਦਾ। ਦੋ ਤਿੰਨ ਵਾਰ ਘੋੜੇ ਨੇ ਨਾਸਾਂ ਫੁਲਾ ਕੇ ਫਰਾਟੇ ਮਾਰੇ, ਪੂਛ ਹਿਲਾਈ ਤੇ ਫੇਰ ਆਪੇ ਦੋ ਤਿੰਨ ਕਦਮ ਤੁਰ ਪਿਆ। "ਬਸ ਓ ਬਸ ਪੁੱਤਰਾ! ਕਾਹਲਾ ਕਿਉਂ ਪੈਨੈਂ-ਚਲਦੇ ਆਂ-ਆ ਲੈਣ ਦੇ ਕਿਸੇ ਅੱਖਾਂ ਦੇ ਅੰਨ੍ਹੇ ਤੇ ਗੰਠ ਦੇ ਪੂਰੇ ਨੂੰ!" ਮੌਜ ਨਾਲ ਹਸਦਿਆਂ ਬਾਰੂ ਨੇ ਨੱਠ ਕੇ ਘੋੜੇ ਦੀਆਂ ਵਾਗਾਂ ਫੜੀਆਂ ਤੇ ਉਹਨੂੰ ਕਸ ਕੇ ਤਾਂਗੇ ਦੇ ਬੰਬ ਨਾਲ ਬੰਨ੍ਹ ਦਿੱਤਾ।

ਸਟੇਸ਼ਨ ਉਤੇ ਗੱਡੀ ਨੇ ਕੂਕ ਮਾਰੀ। ਰੇਲ ਦੀ ਕੂਕ ਬਾਰੂ ਦੇ ਦਿਲ ਵਿਚ ਖੁਭ ਗਈ। ਉਹਨੇ ਰੇਲ ਨੂੰ ਮਾਂ ਦੀ ਗਾਲ੍ਹ ਕੱਢੀ, ਤੇ ਨਾਲੇ ਰੇਲ ਬਣਾਉਣ ਵਾਲੇ ਨੂੰ। ਪਹਿਲੋਂ ਜਨਤਾ ਲੰਘੀ ਸੀ, ਹੁਣ ਡੱਬਾ। 'ਸਾਲੀਆਂ ਘੰਟੇ ਘੰਟੇ ਮਗਰੋਂ ਗੱਡੀਆਂ ਚੱਲਣ ਲੱਗ ਪਈਆਂ!' ਤੇ ਫੇਰ ਬਾਰੂ ਨੇ ਜ਼ੋਰ ਨਾਲ ਸੁਆਰੀ ਲਈ ਹੋਕਾ ਮਾਰਿਆ।

ਇਕ ਬੀੜੀ ਉਹਨੇ ਹੋਰ ਸੁਲਘਾਈ ਤੇ ਏਨਾ ਲੰਮਾ ਸੂਟਾ ਖਿਚਿਆ ਕਿ ਅੱਧੀ ਬੀੜੀ ਫੂਕ ਦਿਤੀ। ਬਾਰੂ ਨੇ ਧੂਏਂ ਦੇ ਫਰਾਟੇ ਛਡਦਿਆਂ ਬੀੜੀ ਨੂੰ ਗਾਲ੍ਹ ਕਢ ਕੇ ਸੁਟ ਦਿਤਾ। ਮਿਰਚਾਂ ਵਾਂਗ ਧੂੰਆਂ ਉਹਦੇ ਮੂੰਹ ਵਿਚ ਲੜਨ ਲਗਾ ਸੀ।

ਘੋੜੇ ਤੋਂ ਟਿਕ ਨਹੀਂ ਸੀ ਹੁੰਦਾ। ਉਹਨੇ ਇਕ ਦੋ ਵਾਰ ਪੌੜ ਚੁਕ ਚੁਕ ਧਰਤੀ ਉਤੇ ਮਾਰੇ। ਮੂੰਹ ਵਿਚ ਲੋਹੇ ਦੀ ਲਗਾਮ ਚੱਬ ਚੱਬ ਥੁਥੀ ਘੁਮਾਈ। ਗੱਡੀ ਦੀਆਂ ਚੂਲਾਂ ਜਰਕੀਆਂ, ਸਾਜ਼ ਜਰਕਿਆ, ਖੰਭਾਂ ਦੀ ਰੰਗ ਬਰੰਗੀ ਕਲਗੀ ਹਵਾ ਵਿਚ ਫਰਕੀ ਤੇ ਗਲ ਨਾਲ ਲਟਕਦੇ ਰੇਸ਼ਮੀ ਰੁਮਾਲ ਹਿੱਲਣ ਲਗੇ। ਬਾਰੂ ਨੂੰ ਆਪਣੇ ਘੋੜੇ ਦੀ ਚੁਸਤੀ ਉਤੇ ਮਾਣ ਹੋਇਆ, ਉਹਨੇ ਬੁਲ੍ਹਾਂ ਨਾਲ ਪੁਚਕਾਰ ਕੇ ਆਖਿਆ, "ਬਸ ਓ ਵੈਲੀਆ, ਕਰਦੇ ਆਂ ਹੁਣੇ ਹਵਾ ਨਾਲ ਗੱਲਾਂ...!

"ਘੋੜਾ ਤੇਰਾ ਚਤੰਨ ਬੜੈ ਬਾਰੂ-ਟਪੂੰ ਟਪੂੰ ਕਰਦਾ ਰਹਿੰਦੈ!" ਫੜੀ ਵਾਲੇ ਨੇ ਆਖਿਆ।

"ਕੀ ਅੰਤ ਐ!! ਬਾਰੂ ਮਾਣ ਵਿਚ ਹੁਬ ਕੇ ਬੋਲਿਆ। "ਲਬਾਸ ਤਾਂ ਦੇਖ ਤੂੰ-ਪਿੰਡੇ ਉਤੇ ਮੱਖੀ ਤਿਲਕਦੀ ਐ-ਪੁੱਤਾਂ ਆਂਗਣ ਸੇਵਾ ਕਰੀਦੀ ਐ ਨਥਿਆ!"

"ਪਸੂ ਬਚਦਾ ਵੀ ਤਾਂਹੀਂ ਐ," ਨੱਥੂ ਨੇ ਯਕੀਨ ਨਾਲ ਕਿਹਾ।

ਦਿਨ ਰਤਾ ਚੜ੍ਹ ਆਇਆ, ਪਰ ਖੰਨੇ ਜਾਣ ਵਾਲਾ ਇਕ ਸਵਾਰ ਵੀ ਅਜੇ ਤਕ ਨਾ ਸੀ ਆਇਆ। ਹੋਰ ਵੀ ਤਿੰਨ ਚਾਰ ਤਾਂਗੇ ਅੱਡੇ ਵਿਚ ਆ ਖੜੇ ਸਨ ਤੇ ਕੁੰਦਨ ਵੀ ਸੜਕ ਦੇ ਦੂਜੇ ਪਾਸੇ ਖੰਨੇ ਦੀ ਹੀ ਰੁਖ ਤਾਂਗਾ ਖਲ੍ਹਾਰ ਕੇ ਸਵਾਰੀਆਂ ਲਈ ਹੋਕੇ ਦੇਣ ਲਗ ਪਿਆ ਸੀ।

ਹੱਥ ਵਿਚ ਝੋਲਾ ਫੜੀ ਇਕ ਸ਼ੁਕੀਨ ਜਿਹਾ ਬਾਬੂ ਬਾਜ਼ਾਰ ਵਲੋਂ ਆਉਂਦਾ ਦਿਸਿਆ। ਬਾਰੂ ਉਹਦੀ ਚਾਲ ਪਛਾਨਣ ਲੱਗਾ। ਬਾਬੂ ਅੱਡੇ ਦੇ ਹੋਰ ਨੇੜੇ ਆ ਗਿਆ। ਪਰ ਅਜੇ ਤਕ ਉਹਦੇ ਪੈਰਾਂ ਨੇ ਕਿਸੇ ਪਾਸੇ ਦਾ ਰੁਖ ਨਾ ਸੀ ਕੀਤਾ।

"ਚੱਲ ਇਕ ਸਵਾਰ ਸਰੰਦ ਦਾ..ਕੋਈ ਮਲੋਹ ਜਾਂਦਾ ਬਈ ਓ...!" ਵਾਜਾਂ ਉੱਚੀਆਂ ਹੋਣ ਲਗੀਆਂ, ਪਰ ਸਵਾਰ ਦੀ ਮਰਜ਼ੀ ਦਾ ਪਤਾ ਨਾ ਲਗਿਆ। ਬਾਰੂ ਨੇ ਖੰਨੇ ਦਾ ਹੋਕਾ ਲਾਇਆ। ਸਵਾਰ ਨੇ ਸਿਰ ਨਾ ਚੁਕਿਆ। 'ਕਾਹਨੂੰ ਬੋਲਦੇ ਨੇ ਮੂੰਹੋਂ ਛੇਤੀ ਜੈਂਟਰਮੈਨ ਆਦਮੀ' ਬਾਰੂ ਨੇ ਮਨ ਵਿਚ ਨਿੰਦਿਆ ਤੇ ਬਾਬੂ ਖੰਨੇ ਦੇ ਰੁਖ ਖੜੇ ਤਾਂਗੇ ਕੋਲ ਆ ਖਲੋਇਆ। ਹੋਰ ਹੈ ਬਈ ਕੋਈ ਸਵਾਰੀ? ਉਹਨੇ ਮਸੀਂ ਬੋਲ ਕੇ ਪੁਛਿਆ।

ਬਾਰੂ ਨੇ ਅਦਬ ਨਾਲ ਝੋਲਾ ਫੜਨਾ ਚਾਹੁੰਦਿਆਂ ਆਖਿਆ, "ਤੁਸੀਂ ਬੈਠੋ ਬਾਬੂ ਜੀ ਮੂਹਰੇ-ਹੁਣੇ ਹੱਕ ਦਿੰਨੇ ਆਂ ਬਸ-ਇਕ ਸਵਾਰ ਲੈ ਲਈਏ।"

ਪਰ ਬਾਬੂ ਨੇ ਝੋਲਾ ਨਾ ਫੜਾਇਆ ਤੇ ਹਵਾ ਵਿਚ ਤਕਦਾ ਚੁਪ ਚਾਪ ਖੜ੍ਹਾ ਰਿਹਾ। ਐਵੇਂ ਘੰਟਾ ਭਰ ਤਾਂਗੇ ਵਿਚ ਬੈਠੇ ਰਹਿਣ ਦਾ ਕੀ ਮਤਲਬ?

ਬਾਰੂ ਨੇ ਜ਼ੋਰ ਨਾਲ ਇਕ ਸਵਾਰ ਲਈ ਹੋਕਾ ਦਿੱਤਾ, ਜਿਵੇਂ ਉਹਨੂੰ ਬਸ ਇਕੋ ਸਵਾਰ ਚਾਹੀਦਾ। ਬਾਬੂ ਜ਼ਰਾ ਟਹਿਲ ਕੇ ਤਾਂਗੇ ਦੇ ਅਗਲੇ ਪਾਇਦਾਨ ਦੇ ਜ਼ਰਾ ਕੁ ਨੇੜੇ ਹੋ ਗਿਆ। ਬਾਰੂ ਨੇ ਹੌਂਸਲੇ ਨਾਲ ਇਕ ਹੋਕਾ ਹੋਰ ਦਿਤਾ।

ਬਾਬੂ ਨੇ ਆਪਣਾ ਝੋਲਾ ਤਾਂਗੇ ਦੀ ਅਗਲੀ ਗੱਦੀ ਉਤੇ ਰੱਖ ਦਿਤਾ ਤੇ ਆਪ ਪਤਲੂਨ ਦੀਆਂ ਜੇਬਾਂ ਵਿਚ ਹੱਥ ਪਾ ਕੇ ਟਹਿਲਣ ਲੱਗ ਪਿਆ। ਬਾਰੂ ਨੇ ਘੋੜੇ ਦੀ ਪਿੱਠ ਉਤੇ ਪਿਆਰ ਨਾਲ ਥਾਪੀ ਮਾਰੀ ਤੇ ਫੇਰ ਤਾਂਗੇ ਦੀਆਂ ਪਿਛਲੀਆਂ ਗੱਦੀਆਂ ਨੂੰ ਐਵੇਂ ਜਰਾ ਠੀਕ ਠਾਕ ਕਰਨ ਲਗ ਪਿਆ। ਏਨੇ ਵਿਚ ਇਕ ਸਾਈਕਲ ਆ ਕੇ ਤਾਂਗੇ ਕੋਲ ਰੁਕ ਗਿਆ। ਥੋੜ੍ਹੀ ਜਿਹੀ ਗੱਲ ਚੜ੍ਹੇ ਚੜ੍ਹਵਾਏ ਸਾਈਕਲ ਵਾਲੇ ਨੇ ਬਾਬੂ ਨਾਲ ਕੀਤੀ ਤੇ ਉਹ ਗੱਦੀ ਉਤੋਂ ਆਪਣਾ ਝੋਲਾ ਚੁਕਣ ਲੱਗਾ। ਬਾਰੂ ਨੇ ਘਟਦੇ ਦਿਲ ਨਾਲ ਆਖਿਆ, ਹਵਾ ਸਾਹਮਣੀ ਐ ਬਾਬੂ ਜੀ..? ਪਰ ਸਾਈਕਲ ਬਾਬੂ ਨੂੰ ਲੈ ਕੇ ਤੁਰਦਾ ਹੋਇਆ।

ਗੋਡੇ ਗੋਡੇ ਦਿਨ ਚੜ੍ਹ ਆਇਆ।

ਠਿਠ ਜਿਹਾ ਹੋ ਕੇ ਬਾਰੂ ਫੇਰ ਸੜਕ ਦੇ ਇਕ ਪਾਸੇ ਫੜ੍ਹੀ ਵਾਲੇ ਕੋਲ ਬਹਿ ਗਿਆ। ਉਹਦਾ ਜੀ ਕੈਂਚੀ ਦੀ ਸਿਗਰਟ ਪੀਣ ਨੂੰ ਕੀਤਾ। ਪਰ ਦੋ ਪੈਸੇ ਵਾਲੀ ਸਿਗਰਟ ਅਜੇ ਉਹ ਕਿਹੜੇ ਹੌਂਸਲੇ ਪੀਵੇ? ਫੇਰਾ ਅੱਜ ਇਕੋ ਮਸੀਂ ਲਗਦਾ ਦੀਹਦਾ ਸੀ। ਚਾਰ ਆਨੇ ਸਵਾਰੀ ਐ ਖੰਨੇ ਦੀ-ਛੇ ਸਵਾਰੀਆਂ ਤੋਂ ਵਧ ਹੁਕਮ ਨ੍ਹੀਂ-ਤਿੰਨ ਰੁਪਏ ਤਾਂ ਘੋੜੇ ਦੇ ਈ ਢਿੱਡ 'ਚ ਪੈ ਜਾਂਦੇ ਨੇ...! ਉਹਦੇ ਮਨ ਵਿਚ ਲੂਹਣ ਜੇਹੀ ਲੱਗੀ। ਇਉਂ ਇਥੇ ਉਹ ਕਿਉਂ ਬੈਠੇ? ਉਹ ਉਠ ਕੇ ਤਾਂਗੇ ਵਿਚ ਪਿਛਲੀ ਗੱਦੀ ਉਤੇ ਬਹਿ ਗਿਆ, ਤਾਂ ਜੋ ਪਹਿਲੀ ਨਜ਼ਰੇ ਸੁਆਰ ਨੂੰ ਤਾਂਗਾ ਬਿਲਕੁਲ ਖਾਲੀ ਨਾ ਜਾਪੇ।

ਤਾਂਗੇ ਵਿਚ ਬੈਠਾ ਉਹ "ਲਾਰਾ ਲੱਪਾ, ਲਾਰਾ ਲੱਪਾ...."ਗੁਣਗੁਣਾਉਣ ਲੱਗਾ, ਤੇ ਫੇਰ ਹੀਰ ਦਾ ਟੱਪਾ। ਪਰ ਛੇਤੀ ਹੀ ਉਹਦੇ ਮਨ ਵਿਚ ਅੱਚਵੀ ਜਿਹੀ ਲਗੀ। ਟੱਪੇ ਉਹਦੇ ਬੁਲ੍ਹਾਂ ਨੂੰ ਭੁਲ ਗਏ। ਉਹ ਦੂਰ ਫਸਲਾਂ ਵਲ ਝਾਕਣ ਲੱਗਾ। ਪੈਲੀਆਂ ਵਿਚ ਵਲ ਖਾਂਦੀਆਂ ਡੰਡੀਆਂ ਉਤੇ ਕੁਝ ਰਾਹੀ ਤੁਰੇ ਆਉਂਦੇ ਸਨ। ਧਿਆਨ ਨਾਲ ਬਾਰੂ ਨੇ ਨੇੜੇ ਆਉਂਦੇ ਰਾਹੀਆਂ ਵਲ ਤੱਕਿਆ। ਡੱਬੇ ਤੇ ਚਿੱਟੇ ਖੇਸਾਂ ਦੀਆਂ ਬੁੱਕਲਾਂ ਮਾਰੀ ਚਾਰ ਕੁ ਜੱਟ ਜਿਹੇ ਸਨ। ਬਾਰੂ ਨੇ ਸੋਚਿਆ, ਪੇਸ਼ੀ ਉਤੇ ਜਾਣ ਵਾਲੇ ਹੁੰਦੇ ਨੇ ਇਹੋ ਜਿਹੇ ਚੌਧਰੀ। ਉਹਨੇ ਤਾਂਗੇ ਨੂੰ ਮੋੜ ਕੇ ਉਨ੍ਹਾਂ ਵਲ ਨੂੰ ਜਾਂਦਿਆਂ ਵਾਜ ਦਿਤੀ, "ਖੰਨੇ ਜਾਣੈ ਲੰਬੜਦਾਰੋ? ਆਓ ਬੈਠੋ ਹੱਕੀਏ..."

ਸੁਆਰੀਆਂ ਨੇ ਕੁਝ ਜੱਕੋ ਤੱਕੋ ਜਿਹਾ ਕੀਤਾ, ਤੇ ਫਿਰ ਵਿਚੋਂ ਕਿਸੇ ਆਖਿਆ, "ਜਾਣਾ ਤਾਂ ਹੈ-ਜੇ ਛੇਤ ਦਮੇ ਹੁਣੇ!"

"ਹੁਣੇ ਲਓ, ਬਸ ਬੈਠਣ ਦੀ ਦੇਰ ਐ...!" ਬਾਰੂ ਨੇ ਘੋੜੇ ਦੇ ਮੂੰਹ ਕੋਲੋਂ ਲਗਾਮ ਫੜ ਕੇ ਤਾਂਗੇ ਦਾ ਮੂੰਹ ਅੱਡੇ ਵਲ ਘੁਮਾ ਦਿਤਾ।

"ਤਸੀਲ ਅਪੜਨੈਂ ਅਸੀਂ, ਪੇਸ਼ੀ ਉਤੇ, ਸਮਰਾਲੇ।"

"ਮਖਾਂ ਬੈਠੋ ਤਾਂ ਸਹੀ-ਘੁੱਗੀ ਨ੍ਹੀਂ ਖੰਘਣ ਦਿੰਦਾ?" ਸਵਾਰੀਆਂ ਤਾਂਗੇ ਵਿਚ ਬਹਿ ਗਈਆਂ। ਇਕ ਸਵਾਰ ਦਾ ਹੋਕਾ ਦਿੰਦਿਆਂ ਬਾਰੂ ਨੇ ਤਾਂਗੇ ਨੂੰ ਅੱਡੇ ਵਲ ਤੋਰ ਲਿਆ।

"ਅਜੇ ਹੋਰ ਚਾਹੀਦੀ ਐ ਇਕ ਸਵਾਰੀ?" ਵਿਚੋਂ ਇਕ ਸਵਾਰੀ ਨੇ ਤਾਂਗੇ ਵਾਲੇ ਨੂੰ "ਆਖਰ ਤਾਂਗੇ ਵਾਲਾ ਹੀ ਨਿਕਲਿਆ" ਬੁਝ ਕੇ ਆਖਿਆ।

"ਚਲ ਕਰ ਲੈਣ ਦੇ ਇਹਨੂੰ ਵੀ ਆਪਣਾ ਘਰ ਪੂਰਾ..." ਵਿਚੋਂ ਹੀ ਕਿਸੇ ਨੇ ਉੱਤਰ ਦਿਤਾ, "ਅਸੀਂ ਜਾਣੋਂ ਬਿੰਦ ਮਗਰੋਂ ਅੱਪੜ ਲਾਂਗੇ।

ਅੱਡੇ ਤੋਂ ਬਾਰੂ ਨੇ ਤਾਂਗਾ ਬਾਜ਼ਾਰ ਵਲ ਭਜਾ ਲਿਆ। ਬਾਜ਼ਾਰ ਦੇ ਗੱਭੇ ਬਾਰੂ ਨੇ ਤਾਂਗੇ ਦੇ ਬੰਬ ਉਤੋਂ ਤਣ ਕੇ ਹੋਕਾ ਮਾਰਿਆ, "ਜਾਂਦਾ ਕੋਈ ਕੱਲਾ ਸਵਾਰ ਖੰਨੇ ਬਈ ਓ!"

"ਕੱਲੇ ਸਵਾਰ ਨੂੰ ਲੁੱਟਣੈ ਰਾਹ ਵਿਚ...?" ਬਾਜ਼ਾਰ ਵਿਚੋਂ ਕਿਸੇ ਉੱਚੀ ਟੋਕ ਕੇ ਬਾਰੂ ਨੂੰ ਮਸ਼ਕਰੀ ਕੀਤੀ।

ਬਜ਼ਾਰ ਵਿਚ ਹਾਸਾ ਪੈ ਗਿਆ। ਬਾਰੂ ਦੇ ਚਿੱਟੇ ਦੰਦ ਤੇ ਲਾਲ ਬੁੱਟ ਦਿਸਣ ਲਗੇ। ਉਹਦੀਆਂ ਗੱਲ੍ਹਾਂ ਫੁਲ ਕੇ ਚਮਕੀਆਂ ਤੇ ਹਾਸੇ ਵਿਚ ਹਾਸਾ ਰਲਾ ਕੇ ਸਵਾਰ ਲਈ ਹੋਕਾ ਦਿੰਦਿਆਂ ਉਹਨੇ ਘੋੜਾ ਮੋੜ ਲਿਆ। ਅੱਡੇ ਵਿਚ ਆ ਕੇ ਸੜਕ ਦੇ ਇਕ ਪਾਸੇ ਖੰਨੇ ਦੇ ਰੁਖ ਤਾਂਗਾ ਲਾਇਆ ਤੇ ਆਪ ਫੜ੍ਹੀ ਵਾਲੇ ਕੋਲ ਆ ਬੈਠਾ।

"ਕੀਤੀ ਨਾ ਉਹੀ ਗੱਲ...!" ਤਾਂਗੇ ਵਾਲੇ ਨੂੰ ਟਲਿਆ ਦੇਖਕੇ ਇਕ ਸਵਾਰ ਬੋਲਿਆ।

"ਓ ਬਈ ਤਾਂਗੇ ਆਲਿਆ, ਸਾਨੂੰ ਹੁਣ ਏਵੇਂ ਹਰਾਨ ਕਰਨੈ?" ਇਕ ਹੋਰ ਸਵਾਰ ਨੇ ਆਖਿਆ।



"ਮਖਾਂ ਅਟਕਣਾ ਨ੍ਹੀਂ ਆਪਾਂ ਨੇ ਲੰਬੜਦਾਰਾ, ਬਸ ਇਕ ਸਵਾਰ ਦੀ ਝਾਕ ਐ-ਆ ਗਿਆ ਚੰਗਾ, ਨਹੀਂ ਤੁਰ ਪਾਂਗੇ।" ਬਾਰੂ ਨੇ ਦਿਲ ਧਰਾਇਆ।

ਸਵਾਰੀਆਂ ਨੂੰ ਕਾਹਲੀਆਂ ਪਈਆਂ ਦੇਖ ਕੇ ਕੁੰਦਨ ਨੇ ਆਪਣੇ ਤਾਂਗੇ ਨੂੰ ਇਕ ਕਦਮ ਹੋਰ ਅੱਗੇ ਕਰਦਿਆਂ ਹੋਕਾ ਦਿੱਤਾ, "ਚੱਲ ਚਾਰੇ ਸਵਾਰ ਲੈ ਕੇ ਤੁਰਦਾ ਖੰਨੇ ਨੂੰ...!" ਤੇ ਉਹ ਚਿੜਾਉਣ ਲਈ ਬਾਰੂ ਵਲ ਬਿਟ ਬਿਟ ਝਾਕਣ ਲੱਗਾ।

"ਟਲ ਜਾ ਉਏ, ਟਲ ਜਾ ਨਾਈਆ-ਟਲ ਜਾ ਤੂੰ ਲੱਛਣਾਂ ਤੋਂ!" ਬਾਰੂ ਨੇ ਕੁੰਦਨ ਵਲ ਅੱਖਾਂ ਕੱਢੀਆਂ ਤੇ ਸਵਾਰੀਆਂ ਨੂੰ ਵਰਗਲਾਉਣ ਤੋਂ ਬਚਾਉਣ ਲਈ ਉਹਨੇ ਤੀਵੀਆਂ ਤੇ ਕੁੜੀਆਂ ਕੱਤਰੀਆਂ ਦੀ ਆ ਰਹੀ ਰੰਗ ਬਰੰਗੀ ਟੋਲੀ ਵਲ ਤੱਕਦਿਆਂ ਕਿਹਾ, "ਚਲਦੇ ਆਂ ਸਰਦਾਰੋ ਆਪਾਂ ਹੁਣ ਬਸ, ਔਹ ਆ ਗਈਆਂ ਸਵਾਰੀਆਂ!"

ਸਵਾਰੀਆਂ, ਟੋਲੀ ਵਲ ਦੇਖ ਕੇ ਫਿਰ ਟਿਕ ਰਹੀਆਂ। ਟੋਲੀ ਵਲ ਤੱਕਦਾ ਬਾਰੂ ਸੋਚਣ ਲੱਗਾ, ਵਿਆਹ ਮੁਕਲਾਵੇ ਦੀਆਂ ਸੱਗੀਆਂ ਰੱਤੀਆਂ ਸੁਆਰੀਆਂ ਨੇ ਜਾਣੋਂ-ਦੋ ਤਾਂਗੇ ਭਰ ਜਾਣ ਭਾਵੇਂ-ਨਾਵਾਂ ਵੀ ਚੰਗਾ ਬਣਾ ਜਾਂਦੀਆਂ ਨੇ ਇਹੋ ਜੇਹੀਆਂ ਸੁਆਰੀਆਂ। ਟੋਲੀ ਨੇੜੇ ਆ ਗਈ।

ਕੁਝ ਮਾਈਆਂ ਤੇ ਕੁੜੀਆਂ ਨੇ ਹੱਥਾਂ ਉਤੇ ਕੱਪੜਿਆਂ ਨਾਲ ਢਕੇ ਹੋਏ ਗੋਹਲੇ, ਬੁਝੇਈ ਤੇ ਥਾਲ ਚੁੱਕੇ ਹੋਏ ਸਨ। ਪਿਛੇ ਕੁਝ ਘੁੰਡ ਵਾਲੀਆਂ ਵਹੁਟੀਆਂ ਤੇ ਨਿੱਕੀਆਂ ਨਿੱਕੀਆਂ ਕੁੜੀਆਂ ਸਨ। ਬਾਰੂ ਨੇ ਅੱਗੇ ਵਧ ਕੇ ਧੀਆਂ ਵਰਗਾ ਪੁੱਤ ਬਣਦਿਆਂ, ਇਕ ਮਾਈ ਨੂੰ ਆਖਿਆ, "ਆਓ ਮਾਈ ਜੀ, ਤਿਆਰ ਐ ਤਾਂਗਾ, ਬਸ ਥੋਨੂੰ ਈ ਡੀਕਦਾ ਸੀ-ਬੈਠੋ ਖੰਨੇ ਨੂੰ।"

"ਬੇ ਨਾ ਬੀਰ।" ਮਾਈ ਨੇ ਸਰਸਰੀ ਆਖਿਆ। "ਅਸੀਂ ਤਾਂ ਮੱਥਾ ਟੇਕਣ ਚੱਲੀਆਂ ਮਾਤਾ ਦੇ ਥਾਨਾਂ 'ਤੇ।"

"ਚੰਗਾ ਮਾਈ ਚੰਗਾ", ਬਾਰੂ ਹਸ ਕੇ ਛਿੱਥਾ ਜਿਹਾ ਪੈ ਗਿਆ।

"ਓ ਬਈ ਤੁਰੇਂਗਾ ਕਿ ਨਹੀਂ?" ਸਵਾਰੀਆਂ ਨੂੰ ਕਿਥੇ ਟੇਕ ਹੁੰਦੀ ਐ, ਤੇ ਹਰ ਘੜੀ ਬਾਰੂ ਵੀ ਉਨ੍ਹਾਂ ਨੂੰ ਕਿਹੜੀਆਂ ਜੁਗਤਾਂ ਨਾਲ ਟਾਲੀ ਜਾਂਦਾ। ਹਾਰ ਕੇ ਉਹਨੇ ਸਾਫ ਗੱਲ ਕੀਤੀ, "ਚਲਦੇ ਆਂ ਬਾਬਾ-ਆ ਲੈਣ ਦੇਹ ਇਕ ਸਵਾਰ-ਕੁਝ ਭਾੜਾ ਤਾਂ ਬਣ ਲਵੇ।"

"ਤੂੰ ਆਪਣਾ ਭਾੜਾ ਬਣਾ, ਸਾਡੀ ਤਰੀਕ ਖੁੰਝ ਜੂ।" ਸਵਾਰੀਆਂ ਵੀ ਸੱਚੀਆਂ ਸਨ।

ਕੁੰਦਨ ਨੇ ਫੇਰ ਛੇੜ ਕਰਦਿਆਂ ਸੁਣਾ ਕੇ ਆਖਿਆ, "ਸਧਾਰਨ ਹੁੰਦੇ ਨੇ ਬਾਜੇ ਲੋਕ-ਕਿਥੇ ਫਸ ਗੇ-ਐਬਲਾ ਤੁਰਦਾ ਨ੍ਹੀਂ-ਜੇ ਤੁਰਿਆ ਤਾਂ ਕਿਤੇ ਮੂਧਾ ਪਿਆ ਹੋਊ-ਪੈਰ ਪੈਰ ਤੇ ਨਹੁੰ ਲੈਂਦੈ ਘੋੜਾ-ਜੇ ਉਠ ਖੜ੍ਹਿਆ ਤਾਂ ਗੈਬ 'ਚ ਅੜ ਜੂ-ਸਿਰੇ ਲਗਦਾ ਨ੍ਹੀਂ।"

ਸਵਾਰੀਆਂ ਕੰਨਾਂ ਦੀਆਂ ਕੱਚੀਆਂ ਹੁੰਦੀਆਂ ਹਨ। ਬਾਰੂ ਨੂੰ ਇਕ ਚੜ੍ਹੇ, ਇਕ ਉਤਰੇ। ਪਰ ਉਹ ਛੇੜ ਨੂੰ ਅਜੇ ਵੀ ਜਰਦਿਆਂ ਕੁੰਦਨ ਵਲ ਕੌੜਾ ਝਾਕ ਕੇ ਬੋਲਿਆ, "ਨਾਈਆ, ਨਾਈਆ-ਮੌਤ ਗੱਲਾਂ ਕਰੇਂਦੀ ਐ ਤੇਰੀ। ਗੱਡੀ ਤਾਂ ਸੰਵਰਾ ਲਿਆ ਪਹਿਲਾਂ ਮਾਂ ਕੋਲੋਂ ਜਾ ਕੇ, ਚੀਚਕੂੰ ਚੀਚਕੂੰ ਕਰਦੀ ਐ, ਐਥੇ ਭੌਂਕੀ ਜਾਨੈਂ ਖੜ੍ਹਾ, ਗੁਟਾਰ ਜਾਤ...!"

ਲੋਕ ਹਸਣ ਲੱਗੇ। ਪਰ ਜਿਹੜੀ ਹਾਲਤ ਬਾਰੂ ਦੀ ਸੀ, ਉਹੀ ਕੁੰਦਨ ਤੇ ਹੋਰ ਤਾਂਗੇ ਵਾਲਿਆਂ ਦੀ। ਕਿਸ ਨੂੰ ਨਹੀਂ ਸਵਾਰੀਆਂ ਚਾਹੀਦੀਆਂ? ਕੀਹਨੇ ਘੋੜੇ ਤੇ ਟੱਬਰ ਦਾ ਢਿੱਡ ਨਹੀਂ ਤੋਰਨਾ? ਨਾ ਬਾਰੂ ਵਿਚੋਂ ਤੁਰੇ, ਨਾ ਕਿਸੇ ਹੋਰ ਨੂੰ ਤੁਰਨ ਦੇਵੇ-ਸਬਰ ਵੀ ਕੋਈ ਚੀਜ਼ ਐ-ਆਪੋ ਆਪਣੇ ਭਾਗ ਨੇ-ਮੰਦਾ ਠੰਡਾ ਬਣਿਆ ਹੋਇਐ-ਚਾਰੇ ਲੈ ਕੇ ਤੁਰ ਜਾਵੇ-ਕਿਸੇ ਹੋਰ ਨੂੰ ਵੀ ਰੋਜ਼ੀ ਕਮਾਉਣ ਦੇਵੇ-ਕਿਥੇ ਕੁਲਾਲ ਅੜਿਆ ਖੜ੍ਹੈ ਮਣ੍ਹੇ ਆਂਗੂ ਮੂਹਰੇ! ਕੁੰਦਨ ਨੇ ਆਪਣੀ ਜੜ੍ਹ ਉਤੇ ਆਪੇ ਟੱਕ ਲਾਉਂਦਿਆਂ ਖਿਝ ਕੇ ਹੋਕਾ ਮਾਰਿਆ, "ਚੱਲ ਚਾਰੇ ਲੈ ਕੇ ਤੁਰਦਾ ਖੰਨੇ ਨੂੰ ਬੰਬੂਕਾਟ-ਚਲ ਜਾਂਦਾ ਮਿੰਟਾਂ ਸਕਿੰਟਾਂ ਵਿਚ ਖੰਨੇ-ਚਲ ਭਾੜਾ ਵੀ ਤਿੰਨ-ਤਿੰਨ ਆਨੇ...!" ਤੇ ਤਾਂਗਾ ਉਹਨੇ ਇਕ ਕਦਮ ਹੋਰ ਅਗੇ ਕਰ ਲਿਆ।

ਸਵਾਰੀਆਂ ਬਾਰੂ ਦੀਆਂ ਅਗੇ ਹੀ ਅੱਕੀਆਂ ਹੋਈਆਂ ਸਨ, ਤੇ ਸਵਾਰੀਆਂ ਕਿਸੇ ਦੀਆਂ ਬੰਨ੍ਹੀਆਂ ਹੋਈਆਂ ਵੀ ਨਹੀਂ ਹੁੰਦੀਆਂ। ਬਾਰੂ ਦੀਆਂ ਸਵਾਰੀਆਂ ਵਿਗੜ ਕੇ ਤਾਂਗੇ ਵਿਚੋਂ ਲਹਿਣ ਲਗੀਆਂ।

ਬਾਰੂ ਨੇ ਗੁੱਸੇ ਵਿਚ ਲਲਕਾਰ ਕੇ ਕੁੰਦਨ ਨੂੰ ਮਾਂ ਦੀ ਗਾਲ੍ਹ ਕੱਢੀ ਤੇ ਆਪਣੀ ਧੋਤੀ ਦਾ ਲਾਂਗੜ ਮਾਰ ਕੇ ਆਖਿਆ, "ਉੱਤਰ ਪੁਤ ਹੇਠ ਤਾਂਗੇ ਤੋਂ!"

ਕੁੰਦਨ, ਬਾਰੂ ਨੂੰ ਗੁੱਸੇ ਵਿਚ ਤਣਿਆ ਦੇਖ, ਕੇ ਯਰਕ ਤਾਂ ਗਿਆ, ਪਰ ਉਹ ਤਾਂਗੇ ਉਤੋਂ ਹੇਠਾਂ ਉਤਰ ਆਇਆ ਤੇ ਬੋਲਿਆ, "ਮੂੰਹ ਸੰਭਾਲ ਕੇ ਕੱਢੀਂ ਓਏ ਗਾਲ੍ਹ ਕੁਲਾਲਾ!"

ਬਾਰੂ ਨੇ ਇਕ ਗਾਲ੍ਹ ਹੋਰ ਕਢ ਦਿੱਤੀ ਤੇ ਹੱਥ ਵਿਚ ਫੜੀ ਪਰੈਣੀ ਉਤੇ ਉਂਗਲੀ ਜੋੜ ਕੇ ਆਖਿਆ, "ਪਹੀਏ ਦੇ ਗਜ਼ਾਂ ਵਿਚ ਲੰਘਾ ਦੂੰ ਸਾਲੇ ਨੂੰ ਤੀਹਰਾ ਕਰਕੇ!"

"ਤੂੰ ਹੱਥ ਤਾਂ ਲਾ ਕੇ ਦੇਖ", ਕੁੰਦਨ ਅੰਦਰੋਂ ਡਰਦਾ ਸੀ, ਪਰ ਉਤੋਂ ਭੜਕਦਾ ਸੀ।

"ਓ ਮਖਾਂ ਮਿਟ ਜਾ ਤੂੰ, ਮਿਟ ਜਾ, ਨਾਈਆ! ਲਹੂ ਦਾ ਤੁਬਕਾ ਨ੍ਹੀਂ ਡੁਲ੍ਹਣ ਦਊਂਗਾ ਭੁੰਜੇ-ਸੀਰਮੇ ਪੀ ਜੂੰ!" ਬਾਰੂ ਨੂੰ ਖਿਝ ਸੀ ਕਿ ਕੁੰਦਨ ਉਹਨੂੰ ਕਿਉਂ ਨਹੀਂ ਬਰਾਬਰ ਗਾਲ੍ਹ ਕੱਢ ਬੈਠਦਾ।

ਸਵਾਰੀਆਂ ਆਲੇ ਦੁਆਲੇ ਖੜੀਆਂ ਦੋਹਾਂ ਦੇ ਮੂੰਹਾਂ ਵਲ ਤੱਕਦੀਆਂ ਸਨ।

"ਤੈਨੂੰ ਮੈਂ ਕੀ ਕਿਹੈ? ਤੂੰ ਨਾਸਾਂ ਫੁਲਾਉਨੈ ਵਾਧੂ!" ਕੁੰਦਨ ਨੇ ਜ਼ਰਾ ਕੁ ਡਟ ਕੇ ਆਖਿਆ।

"ਸਵਾਰੀਆਂ ਪੱਟਦੈਂ ਤੂੰ ਮੇਰੀਆਂ!"

"ਮੈਂ ਤਾਂ ਹਾਕਾਂ ਮਾਰਦਾਂ-ਤੂੰ ਬੰਨ੍ਹ ਲੈ ਸਵਾਰੀਆਂ!"

"ਮੈਂ ਸਵੇਰ ਦਾ ਦੇਖਦਾਂ ਤੇਰੇ ਮੂੰਹ ਕੰਨੀ-ਬੋਦੀਆਂ ਪੱਟ ਦੂੰ!"

"ਪੱਟ ਦਏਂਗਾ ਤੂੰ ਬੋਦੀਆਂ..." ਕੁੰਦਨ ਬਰਾਬਰ ਜਿਦਣ ਲੱਗਾ।

"ਸਵਾਰੀਆਂ ਬਠਾਏਂਗਾ ਤੂੰ ਮੇਰੀਆਂ?"

"ਆਹੋ-ਬਠਾਊਂਗਾ!"

"ਬਠਾ ਫੇਰ..." ਬਾਰੂ ਨੇ ਹੂਰਾ ਉੱਗਰ ਲਿਆ।

"ਆ ਬਾਬਾ..." ਕੁੰਦਨ ਨੇ ਇਕ ਸਵਾਰ ਨੂੰ ਮੋਢੇ ਤੋਂ ਫੜਿਆ।

ਬਾਰੂ ਨੇ ਝਟ ਕੁੰਦਨ ਨੂੰ ਝੱਗੇ ਦੇ ਗਲਾਵੇਂ ਤੋਂ ਫੜ ਲਿਆ। ਕੁੰਦਨ ਨੇ ਵੀ ਬਾਰੂ ਨੂੰ ਹੱਥ ਲਾ ਲਏ। ਦੋਵੇਂ ਉਲਝ ਪਏ। ਫੜੋ ਛੁਡਾਓ ਹੋਣ ਲੱਗੀ। ਅਖੀਰ ਹੋਰ ਤਾਂਗੇ ਵਾਲਿਆਂ ਤੇ ਸਵਾਰੀਆਂ ਨੇ ਦੋਹਾਂ ਨੂੰ ਛੁਡਾ ਦਿਤਾ ਤੇ ਅੱਡੇ ਦੇ ਠੇਕੇਦਾਰ ਨੇ ਦੋਹਾਂ ਨੂੰ ਘੂਰ ਘੱਪ ਕਰ ਦਿੱਤੀ। ਸਾਰੇ ਲੋਕਾਂ ਇਹੋ ਆਖਿਆ ਕਿ ਸਵਾਰੀਆਂ ਬਾਰੂ ਦੇ ਹੀ ਤਾਂਗੇ ਵਿਚ ਬੈਠਣ। ਤਿੰਨ ਤੁੰਨ ਆਨੇ ਐਵੇਂ ਵਾਧੂ ਗੱਲ ਐ-ਕਿਸੇ ਲੈਣੇ ਨਾ ਦੇਣੇ-ਕੁੰਦਨ ਨੂੰ ਸਾਰਿਆਂ ਥੋੜੀ ਜਿਹੀ ਫਿਟ ਲਾਹਣਤੀ ਦਿਤੀ ਤੇ ਸਵਾਰੀਆਂ ਮੁੜ ਬਾਰੂ ਦੇ ਤਾਂਗੇ ਵਿਚ ਬਹਿ ਗਈਆਂ।

ਬਾਰੂ ਨੂੰ ਅੱਕਿਆ ਤੇ ਦੁਖੀ ਹੋਇਆ ਦੇਖ ਕੇ ਸਾਰਿਆਂ ਨੂੰ ਹੁਣ ਉਹਦੇ ਨਾਲ ਹਮਦਰਦੀ ਜਿਹੀ ਹੋ ਗਈ ਸੀ। ਸਾਰੇ ਰਲ ਮਿਲ ਉਹਦਾ ਤਾਂਗਾ ਭਰਵਾ ਕੇ ਤੁਰਾਉਣਾ ਚਾਹੁੰਦੇ ਸਨ। ਸਵਾਰੀਆਂ ਨੇ ਵੀ ਕਹਿ ਦਿਤਾ ਕਿ ਚਲੋ ਉਹ ਹੋਰ ਘੜੀ ਪੱਛੜ ਲੈਣਗੇ, ਇਹ ਆਪਣਾ ਘਰ ਪੂਰਾ ਕਰ ਲਵੇ-ਇਹਨੇ ਵੀ ਪਸ਼ੂ ਦਾ ਢਿਡ ਭਰ ਕੇ ਰੋਟੀ ਖਾਣੀ ਐ ਗਰੀਬ ਨੇ।

ਏਨੇ ਨੂੰ ਬਾਜ਼ਾਰ ਵਲੋਂ ਆਉਂਦੇ ਪੁਲਿਸ ਦੇ ਹੌਲਦਾਰ ਨੇ ਨੇੜੇ ਆਉਂਦਿਆਂ ਪੁਛਿਆ, "ਉਏ ਤਾਂਗਾ ਹੈ ਤਿਆਰ ਕੋਈ ਖੰਨੇ ਨੂੰ ਮੁੰਡਿਓ?"

ਪਰ ਭਰ ਲਈ ਬਾਰੂ ਨੇ ਸੋਚਿਆ- ਆ ਗਈ ਮੁਫਤ ਦੀ ਬਗਾਰ-ਨਾ ਪੈਸਾ, ਨਾ ਧੇਲਾ-ਪਰ ਝਟ ਹੀ ਉਹਨੇ ਸੋਚਿਆ ਕਿ ਨਾਂਹ ਤਾਂ ਪੁਲਿਸ ਨੂੰ ਕਰ ਨਹੀਂ ਹੁੰਦੀ, ਸੁਆਰੀਆਂ ਤਾਂ ਦੋ ਵਧ ਬਠਾ ਈ ਲਊਂਗਾ ਇਹਦੇ ਕਰਕੇ-ਨਹੀਂ ਭਾੜਾ ਦਊ, ਨਾ ਸਹੀ-ਤੇ ਬਾਰੂ ਨੇ ਆਖਿਆ, ਆਓ ਹੌਲਦਾਰ ਜੀ, ਤਿਆਰ ਇ ਖੜ੍ਹੈ ਤਾਂਗਾ, ਬੈਠੋ ਮੂਹਰੇ।

ਹੌਲਦਾਰ ਤਾਂਗੇ ਵਿਚ ਬਹਿ ਗਿਆ। ਬਾਰੂ ਨੇ ਇਕ ਸਵਾਰ ਲਈ ਇਕ ਦੋ ਤਕੜੇ ਹੋਕੇ ਲਾਏ।

ਇਕ ਲਾਲਾ ਬਾਜ਼ਾਰ ਵਲੋਂ ਆਇਆ ਤੇ ਬਿਨਾਂ ਪੁਛੇ ਬਾਰੂ ਦੇ ਤਾਂਗੇ ਵਿਚ ਜਾ ਚੜ੍ਹਿਆ। ਦੋ ਕੁ ਬੁੱਢੀਆਂ ਜੇਹੀਆਂ ਅੱਡੇ ਵਲ ਸੜਕੋ ਸੜਕ ਆ ਰਹੀਆਂ ਸਨ। ਬਾਰੂ ਨੇ ਕਾਹਲੀ ਨਾਲ ਵਾਜ ਮਾਰ ਕੇ ਪੁਛਿਆ, "ਮਾਈ ਖੰਨੇ ਜਾਣੈ?" ਬੁੱਢੀਆਂ ਛੇਤੀ ਛੇਤੀ ਪੈਰ ਪੁਟਣ ਲਗੀਆਂ ਤੇ ਇਕ ਨੇ ਹੱਥ ਉਲਾਰ ਕੇ ਆਖਿਆ, "ਬੇ ਖੜ੍ਹੀਂ ਬੀਰ..."

"ਛੇਤੀ ਕਰੋ ਮਾਈ ਛੇਤੀ!" ਬਾਰੂ ਦੇ ਜਿਵੇਂ ਪੈਰ ਮੱਚਦੇ ਸਨ।

ਬੁੱਢੀਆਂ ਛੇਤੀ ਛੇਤੀ ਆ ਕੇ ਤਾਂਗੇ ਵਿਚ ਬੈਠਣ ਲੱਗੀਆਂ, "ਵੇ ਭਾਈ ਕੀ ਲਏਂਗਾ?"

"ਬਹਿ ਜਾਓ ਮਾਈ ਕੇਰਾਂ ਝੱਟ ਦੇ ਕੇ-ਥੋਤੋਂ ਵਧ ਨ੍ਹੀਂ ਮੰਗਦਾ।"

ਅੱਠਾਂ ਸਵਾਰੀਆਂ ਨਾਲ ਤਾਂਗਾ ਭਰ ਗਿਆ। ਦੋ ਰੁਪਏ ਬਣ ਗਏ ਸਨ। ਤੁਰਦੇ ਤੁਰਾਉਂਦਿਆਂ ਕੋਈ ਹੋਰ ਭੇਜ ਦੂ ਮਾਲਕ-ਦੋ ਫੇਰੇ ਲਗ ਜਾਣ ਇਸੇ ਤਰ੍ਹਾਂ...। ਬਾਰੂ ਨੇ ਠੇਕੇਦਾਰ ਨੂੰ ਮਸੂਲ ਦੇ ਦਿਤਾ।

"ਲੈ ਬਈ, ਹੁਣ ਨਾ ਪਧਾ ਪੁਛ...!" ਪਹਿਲੀਆਂ ਸਵਾਰੀਆਂ ਵਿਚੋਂ ਇਕ ਨੇ ਕਿਹਾ।

"ਲਓ ਜੀ, ਬਸ, ਲੈਨੇ ਆਂ ਰੱਬ ਦਾ ਨਾਉਂ..." ਬਾਰੂ ਘੋੜੇ ਦੀ ਪਿੱਠ ਉਤੇ ਥਾਪੀ ਮਾਰ ਕੇ ਬੰਬ ਨਾਲੋਂ ਰਾਸਾਂ ਖੋਲ੍ਹਣ ਲੱਗਾ।

ਫੇਰ ਉਹਨੂੰ ਚੇਤਾ ਆਇਆ, ਇਕ ਸਿਗਰਟ ਵੀ ਲੈ ਲਵੇ। ਇਕ ਪਲ ਲਈ, ਖਿਆਲ ਵਿਚ, ਉਹਨੇ ਆਪਣੇ ਆਪ ਨੂੰ ਟਪਟਪ ਤੁਰਦੇ ਤਾਂਗੇ ਦੇ ਬੰਬ ਉਤੇ ਤਣ ਕੇ ਬੈਠਿਆਂ ਧੂਏਂ ਦੇ ਫਰਾਟੇ ਮਾਰਦਾ ਤੱਕਿਆ ਤੇ ਉਹ ਭਰੇ ਹੋਏ ਤਾਂਗੇ ਨੂੰ ਛਡ ਕੇ ਕੈਂਚੀ ਦੀ ਸਿਗਰਟ ਖਰੀਦਣ ਲਈ ਫੜ੍ਹੀ ਵਾਲੇ ਕੋਲ ਚਲਾ ਗਿਆ।

ਭੁੱਖੀ ਡੈਣ ਵਾਂਗ, ਝੱਟ, ਅੰਬਾਲਿਓਂ ਲੁਧਿਆਣੇ ਜਾਣ ਵਾਲੀ ਬੱਸ ਤਾਂਗੇ ਦੇ ਸਿਰ ਉਤੇ ਆ ਖੜ੍ਹੀ। ਪਲੋ ਪਲੀ ਵਿਚ ਤਾਂਗੇ ਤੋਂ ਸਵਾਰੀਆਂ ਲਹਿ ਕੇ ਬੱਸ ਦੇ ਵੱਡੇ ਢਿਡ ਵਿਚ ਖਪ ਗਈਆਂ। ਅੱਡੇ ਵਿਚ ਹੂੰਝਾ ਫੇਰ ਕੇ ਡੈਣ ਵਾਂਗ ਚੰਘਿਆੜਦੀ ਬੱਸ ਅਗੇ ਤੁਰ ਗਈ। ਧੂਏਂ ਦੀ ਸੜ੍ਹਿਆਣ ਤੇ ਉਡੀ ਹੋਈ ਧੂੜ ਉਹਦੇ ਮੂੰਹ ਉਤੇ ਪੈ ਰਹੀ ਸੀ। ਬਾਰੂ ਨੇ ਅੱਡੇ ਦੇ ਵਿਚਕਾਰ, ਪਰੈਣੀ ਉਚੀ ਕਰਕੇ, ਦਿਲ 'ਤੇ ਸਰੀਰ ਦੇ ਪੂਰੇ ਜ਼ੋਰ ਨਾਲ ਇਕ ਵਾਰ ਫੇਰ ਹੋਕਾ ਮਾਰਿਆ, "ਜਾਂਦਾ ਕੋਈ ਇਕ ਸਵਾਰ ਖੰਨੇ ਦਾ ਬਈ ਓ..!"

# ਜ਼ਮੀਰ ਹਲੂਨਣ ਵਾਲੇ ਗੀਤ ਸੁਣ ਕੇ ਭੜਕ ਕਿਉਂ ਜਾਂਦੇ ਹਾਂ ਅਸੀਂ?

**ਸਵਰਨ ਸਿੰਘ ਟਹਿਣਾ***



ਸਵਰਨ ਸਿੰਘ ਟਹਿਣਾ

ਪਤਾ ਨਹੀਂ ਕਿਉਂ ਪੰਜਾਬ ਦੇ ਗਾਉਣ ਵਾਲੇ ਵਿਵਾਦਾਂ ਦੀ ਚਾਰਦੀਵਾਰੀ 'ਚੋਂ ਬਾਹਰ ਹੀ ਨਹੀਂ ਨਿਕਲ ਰਹੇ। ਭਾਵੇਂ ਗਲੈਮਰ ਨਾਲ ਜੁੜੇ ਲੋਕਾਂ ਦਾ ਵਿਵਾਦਾਂ ਨਾਲ ਚਿਰੋਕਣਾ ਰਿਸ਼ਤਾ ਹੈ, ਪਰ ਪੰਜਾਬੀ ਗਾਇਕਾਂ ਦੇ ਗੀਤਾਂ ਦਾ ਵਿਵਾਦਾਂ ਨਾਲ ਜੁੜਨਾ ਬਹੁਤਾ ਪੁਰਾਣਾ ਨਹੀਂ। ਹੁਣ ਤੱਕ ਗਾਇਕ, ਗੀਤਕਾਰ ਤੇ ਸੰਗੀਤਕਾਰ ਕਿਸੇ ਪਰਾਈ ਨਾਰ ਨਾਲ ਸਬੰਧਾਂ ਕਾਰਨ, ਘਰਵਾਲੀ ਨਾਲ ਲੜਨ ਕਰਕੇ ਜਾਂ ਗੀਤ ਚੋਰੀ ਕਰਨ ਵਾਲੀਆਂ ਗੱਲਾਂ ਕਰਕੇ ਸੁਰਖੀਆਂ 'ਚ ਆਉਂਦੇ ਸਨ। ਪਰ ਖੁਸ਼ੀ ਦੀ ਗੱਲ ਹੈ ਕਿ ਹੁਣ ਗਾਇਕ ਭਖਦੇ ਮੁੱਦਿਆਂ ਦੀ ਗੱਲ ਕਰਨ ਲੱਗੇ ਹਨ ਤੇ ਇਹ ਗੀਤ ਇਨ੍ਹਾਂ ਦੀ ਚਰਚਾ ਛੇੜਨ 'ਚ ਸਫ਼ਲ ਹੋਣ ਲੱਗੇ ਹਨ। ਪਿੱਛੇ ਜਿਹੇ ਪੰਜਾਬ ਦੇ ਦੋ-ਤਿੰਨ ਉਨ੍ਹਾਂ ਕਲਾਕਾਰਾਂ ਬਾਰੇ ਵਿਵਾਦ ਉਭਰਿਆ ਸੀ, ਜਿਨ੍ਹਾਂ ਨੇ 'ਜੱਟਵਾਦ' ਨੂੰ ਬਿਨਾ ਗੱਲੋਂ ਤੂਲ ਦੇਣ ਤੋਂ ਬਾਅਦ 'ਚਮਾਰ' ਸ਼ਬਦ ਦੀ ਖੁੱਲ੍ਹ ਕੇ ਵਰਤੋਂ ਕੀਤੀ ਸੀ। ਉਸ ਤੋਂ ਵੀ ਪਹਿਲਾਂ ਬੱਬੂ ਮਾਨ ਡੇਰਾਵਾਦ ਬਾਰੇ ਗੀਤ ਗਾਉਣ ਕਰਕੇ ਚਰਚਾ 'ਚ ਆਇਆ। ਉਸ ਖਿਲਾਫ਼ ਢੱਡਰੀਆਂ ਵਾਲੇ ਨੇ ਬਿਆਨ ਦੇ ਦਿੱਤਾ ਸੀ ਤੇ ਬੱਬੂ ਚਰਚਾ 'ਚ ਆ ਗਿਆ। ਫਿਰ ਗੁਰਮਿੰਦਰ ਗੁਰੀ ਨਾਂ ਦੇ ਗਾਇਕ ਨੇ ਆਪਣੇ ਇੱਕ ਗੀਤ ਜ਼ਰੀਏ ਆਖਿਆ ਸੀ, 'ਡਰਦਾ ਬਾਬਾ ਲਾਲ ਬੱਤੀ ਗੱਡੀ ਤੋਂ 'ਤਾਰ ਗਿਆ।'

ਪੰਜਾਬ ਦੇ ਜਿਹੜੇ ਗਾਇਕਾਂ ਨੇ ਡੇਰਾਵਾਦ, ਜਾਤੀਵਾਦ ਅਤੇ ਸਵਾਰਥੀ ਰਾਜਨੀਤੀਵਾਨਾਂ ਖਿਲਾਫ਼ ਆਵਾਜ਼ ਬੁਲੰਦ ਕਰਨ ਵਾਲੇ ਗੀਤ ਗਾਏ ਹਨ, ਉਨ੍ਹਾਂ ਨੂੰ ਚਰਚਾ ਵਿਚ ਲਿਆਉਣ ਦਾ ਸਾਧਨ ਸਿਰਫ਼ ਤੇ ਸਿਰਫ਼ 'ਯੂ ਟਿਊਬ' ਹੈ। ਬਹੁਤ ਘੱਟ ਕੰਪਨੀਆਂ ਹਨ, ਜਿਹੜੀਆਂ ਇਹ ਚਾਹੁੰਦੀਆਂ ਨੇ ਕਿ ਉਨ੍ਹਾਂ ਦਾ ਨਾਂ ਕਿਸੇ ਤਰ੍ਹਾਂ ਦੀ 'ਭਸੂੜੀ' 'ਚ ਸ਼ਾਮਲ ਹੋਵੇ, ਪਰ ਇੰਟਰਨੈਟ ਇਹੋ ਜਿਹੇ ਗੀਤਾਂ ਦਾ ਪੂਰਾ ਸਾਥ ਦੇ ਰਿਹਾ ਹੈ ਅਤੇ ਸੁਣਨ ਵਾਲਿਆਂ ਵੱਲੋਂ ਦਿੱਤੇ ਜਾਂਦੇ 'ਹਾਂ ਪੱਖੀ' ਹੁੰਗਾਰਿਆਂ ਕਾਰਨ ਗਾਇਕਾਂ ਦਾ ਇੱਕ ਵਰਗ ਹਰ ਗ਼ਰਮ ਵਿਸ਼ੇ ਨੂੰ ਹੱਥ ਪਾ ਰਿਹਾ ਹੈ।

ਤਾਜ਼ਾ ਮਾਮਲਾ ਬਲਰਾਜ ਦਾ ਸਾਹਮਣੇ ਆਇਆ ਹੈ। ਉਸ ਖਿਲਾਫ਼ ਜਲੰਧਰ ਦੇ ਪ੍ਰੈਸ ਕਲੱਬ ਵਿਚ ਕਾਂਗਰਸ ਦੇ ਆਈ.ਟੀ. ਸੈਲ ਵਲੋਂ ਪਿਛਲੇ ਦਿਨੀਂ ਪ੍ਰੈਸ ਕਾਨਫਰੰਸ ਕੀਤੀ ਗਈ, ਜਿਸ ਵਿਚ ਜ਼ੋਰ ਦੇ ਕੇ ਇਸ ਗੱਲ ਦੀ ਮੰਗ ਕੀਤੀ ਗਈ ਕਿ ਗਾਇਕ ਅਤੇ 'ਯੂ ਟਿਊਬ' ਖਿਲਾਫ਼ ਕੇਸ ਦਰਜ ਕੀਤਾ ਜਾਵੇ। ਗਾਇਕ ਨੂੰ ਰਾਸ਼ਟਰ ਨਿਰਮਾਤਾ ਖਿਲਾਫ਼ ਬੋਲਣ ਦੀ ਸਜ਼ਾ ਦਿੰਦਿਆਂ ਐਸੀ ਨਾਨੀ ਚੇਤੇ ਕਰਾਈ ਜਾਵੇ ਕਿ ਅੱਗੇ ਤੋਂ ਕੋਈ ਵੀ ਗਾਇਕ ਕਿਸੇ ਸਤਿਕਾਰਯੋਗ ਲੀਡਰ ਅਤੇ ਸੰਤ-ਮਹਾਂਪੁਰਸ਼ ਖਿਲਾਫ਼ ਬੋਲਣ ਦੀ ਜੁਰਅਤ ਨਾ ਕਰ ਸਕੇ। ਬਲਰਾਜ ਦੀ ਖਿਲਾਫ਼ਤ ਕਰਦਿਆਂ ਕਾਂਗਰਸੀਆਂ ਨੇ ਇਹ ਵੀ ਆਖਿਆ ਕਿ ਇਸ ਕਲਾਕਾਰ ਦੇ ਪੁਤਲੇ ਸਾੜੇ ਜਾਣਗੇ ਅਤੇ ਡੀ.ਸੀ. ਦਫ਼ਤਰ ਵਿਚ ਸ਼ਿਕਾਇਤ ਕੀਤੀ ਜਾਵੇਗੀ।

ਇਸ ਸਾਰੀ ਖਿਲਾਫ਼ਤ ਦਾ ਕਾਰਨ ਬਲਰਾਜ ਵਲੋਂ ਮੋਹਨ ਦਾਸ ਕਰਮ ਚੰਦ ਗਾਂਧੀ ਖਿਲਾਫ਼ ਗੀਤ ਗਾਉਣਾ ਸੀ। ਉਸ ਨੇ ਆਪਣੀ ਆਉਣ ਵਾਲੀ ਕੈਸਿਟ 'ਬਲਰਾਜ ਲਾਈਵ' ਵਿਚ ਗੀਤ ਗਾਇਆ ਹੈ, 'ਦੇਖੋ ਸਾਰੀ ਦੁਨੀਆਂ 'ਤੇ ਗਾਂਧੀ ਬਾਪੂ ਛਾ ਗਿਆ, ਕੁੱਝ ਵੀ ਨਹੀਂ ਕੀਤਾ ਤਾਂ ਵੀ ਨੋਟਾਂ ਉਤੇ ਆ ਗਿਆ...।' ਹੁਣ ਜਦੋਂ 'ਯੂ ਟਿਊਬ' 'ਤੇ 'ਬਲਰਾਜ ਬਾਪੂ ਗਾਂਧੀ' ਸਰਚ ਕੀਤਾ ਜਾਂਦਾ ਹੈ ਤਾਂ ਜਿਹੜਾ ਗੀਤ ਚੱਲਦਾ ਹੈ, ਉਸ ਵਿਚ ਗਾਂਧੀ ਦੇ ਨੋਟਾਂ 'ਤੇ ਆਉਣ ਨੂੰ ਨਾਜਾਇਜ਼ ਠਹਿਰਾਉਂਦਿਆਂ ਕਿਹਾ ਗਿਆ ਹੈ ਕਿ ਦੇਸ ਦੀ ਆਜ਼ਾਦੀ ਲਈ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ, ਊਧਮ ਸਿੰਘ, ਕਰਤਾਰ ਸਿੰਘ ਸਰਾਭਾ ਤੇ ਅਣਗਿਣਤ ਹੋਰ ਸੂਰਬੀਰਾਂ ਨੇ ਕੁਰਬਾਨੀਆਂ ਦਿੱਤੀਆਂ, ਪਰ ਸਰਕਾਰਾਂ ਤੇ ਆਮ ਲੋਕਾਂ ਵਲੋਂ ਉਨ੍ਹਾਂ ਨੂੰ ਸਿਰਫ਼ ਬਰਸੀ ਵਾਲੇ ਦਿਨ ਚੇਤੇ ਕੀਤਾ ਜਾਂਦਾ ਹੈ। ਨਾਲ ਹੀ ਗੀਤ ਵਿਚ ਕਿਹਾ ਗਿਆ ਹੈ ਕਿ ਅਸੀਂ ਉਨ੍ਹਾਂ ਲੋਕਾਂ ਨੂੰ ਭੁੱਲ ਗਏ ਹਾਂ ਜਿਹੜੇ ਦੇਸ-ਕੌਮ ਲਈ ਚਰਖੜੀਆਂ 'ਤੇ ਚੜ੍ਹੇ, ਪਰ ਅਸੀਂ ਯਾਦ ਸਿਰਫ਼ ਉਸ ਨੂੰ ਰੱਖ ਰਹੇ ਹਾਂ, ਜਿਸ ਨੇ ਚਰਖਾ ਚਲਾਇਆ...।'

ਗੀਤ ਸੁਣਿਆਂ ਪਤਾ ਲੱਗ ਜਾਂਦਾ ਹੈ ਕਿ ਗਾਇਕ ਵੱਲੋਂ ਕਹੀਆਂ ਗਈਆਂ ਅੱਸੀ ਫ਼ੀਸਦੀ ਗੱਲਾਂ ਸਹੀ ਨੇ ਤੇ ਜਿਹੜੇ ਲੋਕ ਗਾਂਧੀ ਖਿਲਾਫ਼ ਗੱਲ ਨਹੀਂ ਸੁਣ ਸਕਦੇ, ਉਨ੍ਹਾਂ ਨੂੰ ਸਾਡਾ ਸਵਾਲ ਹੈ ਕਿ ਉਨ੍ਹਾਂ ਨੇ ਲੋਕਾਈ ਨੂੰ ਸ਼ਹੀਦ ਭਗਤ ਸਿੰਘ ਵੱਲੋਂ ਪਾਏ ਪੂਰਨਿਆਂ 'ਤੇ ਤੋਰਨ ਲਈ ਕਿਹੜੇ ਕਿਹੜੇ ਯਤਨ ਕੀਤੇ ਹਨ। ਅਸੀਂ ਸ਼ਹੀਦਾਂ ਦੇ ਬੁੱਤਾਂ ਤੋਂ ਬਰਸੀ ਅਤੇ ਜਨਮ ਵਾਲੇ ਦਿਨ ਬਿੱਠਾਂ ਅਤੇ ਧੂੜ-ਮਿੱਟੀ ਝਾੜ ਛੱਡਦੇ ਹਾਂ, ਗਲਾਂ 'ਚ ਗੁਲਾਬ ਦੇ ਹਾਰ ਪਾ ਦਿੰਦੇ ਹਾਂ ਅਤੇ ਫੋਟੋਆਂ ਖਿੱਚਵਾ ਕੇ ਅਖ਼ਬਾਰਾਂ 'ਚ ਛਾ ਜਾਂਦੇ ਹਾਂ, ਪਰ ਸਾਡੇ ਅੰਦਰ ਸ਼ਹੀਦਾਂ ਦੀ ਕਦਰ ਕਿੰਨੀ ਕੁ ਹੈ? ਕਿਹੜੀ ਪਾਰਟੀ ਵਿਚ ਅਜਿਹੇ ਨੇਤਾ ਹਨ, ਜਿਹੜੇ ਭਗਤ ਸਿੰਘ ਤੇ ਉਸ ਦੇ ਸਾਥੀਆਂ ਵਾਂਗ ਫਾਂਸੀ ਦੇ ਰੱਸੇ ਗਲ 'ਚ ਪਾ ਸਕਦੇ ਹਨ।

ਇਹ ਉਹੀ ਬਲਰਾਜ ਹੈ, ਜਿਸ ਦੀ ਕਈ ਵਰ੍ਹੇ ਪਹਿਲਾਂ ਚਰਨਜੀਤ ਆਹੂਜਾ ਦੇ ਸੰਗੀਤ ਵਿਚ 'ਵੈਰਨੇ ਕਿਉਂ ਲਾਈਆਂ' ਕੈਸਿਟ ਆਈ ਸੀ ਤੇ ਉਸ ਵਿਚਲਾ ਗੀਤ 'ਮਰਜ਼ੀ ਨਹੀਓਂ ਚੱਲਦੀ ਸਾਡੇ ਪਿੰਡ ਵਿਚ ਧੀਆਂ ਦੀ' ਕਾਫੀ ਮਕਬੂਲ ਹੋਇਆ ਸੀ। ਅਸੀਂ ਗਾਇਕ ਦੇ ਹੱਕ 'ਚ ਭੁਗਤਣ ਦੀ ਗੁਸਤਾਖ਼ੀ ਨਹੀਂ ਕਰ ਰਹੇ, ਪਰ ਸਹੀ ਨੂੰ ਸਹੀ ਤੇ ਗ਼ਲਤ ਨੂੰ ਗ਼ਲਤ ਕਹਿਣਾ ਸਾਡਾ ਸਭ ਦਾ ਫ਼ਰਜ਼ ਹੈ। ਪੰਜਾਬ ਵਿਚ ਕਿੰਨੇ ਕੁ ਅਜਿਹੇ ਗਾਇਕ ਨੇ ਜਿਨ੍ਹਾਂ ਨੂੰ ਸ਼ਹੀਦਾਂ ਦੀਆਂ ਕੁਰਬਾਨੀਆਂ ਚੇਤੇ ਆਉਂਦੀਆਂ ਨੇ, ਕਿੰਨੇ ਕੁ ਅਜਿਹੇ ਨੇ ਜਿਹੜੇ ਡੇਰਾਵਾਦ ਨੂੰ ਤਰਕ ਦੇ ਆਧਾਰ 'ਤੇ ਭੰਡਣ ਦੀ ਜੁਰਅਤ ਰੱਖਦੇ ਨੇ, ਕਿੰਨੇ ਕੁ ਅਜਿਹੇ ਨੇ ਜਿਹੜੇ '84 ਦੇ ਦੰਗਿਆਂ 'ਚ ਸ਼ਹੀਦ ਹੋਣ ਵਾਲਿਆਂ ਦੇ ਪਰਿਵਾਰਾਂ ਨੂੰ ਇਨਸਾਫ਼ ਦਿਵਾਉਣ ਲਈ ਅੱਗੇ ਆਉਣ ਦਾ ਜਜ਼ਬਾ ਰੱਖਦੇ ਨੇ। ਅੱਸੀ ਫ਼ੀਸਦੀ ਗਾਇਕਾਂ ਨੇ ਪੰਜਾਬਣ ਮੁਟਿਆਰ ਨੂੰ ਪੈਰ ਦੀ ਅੱਡੀ ਤੋਂ ਸਿਰ ਦੇ ਵਾਲ਼ਾਂ ਤੱਕ ਇਸ ਕਦਰ ਬਿਆਨ ਕੀਤਾ ਹੈ ਕਿ ਦੁਨੀਆਂ ਦੇ ਨਕਸ਼ੇ 'ਤੇ ਪੰਜਾਬਣਾਂ ਦਾ ਅਕਸ 'ਵੇਸਵਾਵਾਂ' ਵਾਲਾ ਬਣਾ ਧਰਿਆ ਹੈ। ਮੁਟਿਆਰ ਦੇ ਉਭਾਰਾਂ, ਪਿੱਠ ਦੀ ਗੋਲਾਈ ਅਤੇ ਬੰਦੇ ਮਾਰਨ ਵਾਲੀਆਂ ਅੱਖਾਂ ਦੀਆਂ ਗੱਲਾਂ ਖੁੱਲ੍ਹ ਕੇ ਕੀਤੀਆਂ ਜਾ ਸਕਦੀਆਂ ਹਨ, ਪਰ ਕਿਸੇ ਲੀਡਰ 'ਤੇ ਕਿੰਤੂ ਨਹੀਂ ਕੀਤਾ ਜਾ ਸਕਦਾ?

ਪ੍ਰੈਸ ਕਾਨਫ਼ਰੰਸ ਕਰਨ ਵਾਲੇ ਕਾਂਗਰਸ ਆਈ.ਟੀ. ਸੈਲ ਦੇ ਅਹੁਦੇਦਾਰਾਂ ਨੂੰ ਜਦੋਂ ਇਹ ਸਵਾਲ ਕੀਤਾ ਗਿਆ ਕਿ ਇੰਟਰਨੈੱਟ 'ਤੇ ਮਹਾਤਮਾ ਗਾਂਧੀ ਦੇ ਦਰਜਨਾਂ ਕਾਰਟੂਨ ਪਏ ਹਨ, ਜਿਨ੍ਹਾਂ ਨੂੰ ਬੜੇ ਭੱਦੇ ਢੰਗ ਨਾਲ ਪੇਸ਼ ਕੀਤਾ ਗਿਆ ਹੈ, ਤੁਸੀਂ ਉਨ੍ਹਾਂ ਵਿਰੁਧ ਕੀ ਕਾਰਵਾਈ ਕਰ ਰਹੇ ਹੋ? ਤਾਂ ਕਿਸੇ ਕੋਲ ਜਵਾਬ ਨਹੀਂ ਸੀ।

ਜਦੋਂ ਅਸੀਂ ਸਵਾਲ ਕੀਤਾ ਕਿ, 'ਕੀ ਮਹਾਤਮਾ ਗਾਂਧੀ ਦਾ ਕੱਦ ਏਨਾ ਛੋਟਾ ਹੈ ਕਿ ਇੱਕੋ ਗੀਤ ਨਾਲ ਉਨ੍ਹਾਂ ਦਾ ਅਕਸ ਧੁੰਦਲਾ ਹੋ ਜਾਵੇ...?' ਤਾਂ ਜਵਾਬ ਸੀ, 'ਜੇ ਅਸੀਂ ਵਿਰੋਧਤਾ ਨਾ ਕੀਤੀ ਤਾਂ ਕੱਲ੍ਹ ਨੂੰ ਕੋਈ ਹੋਰ ਗਾਉਣ ਵਾਲਾ ਰਾਸ਼ਟਰ ਪਿਤਾ ਖਿਲਾਫ਼ ਗੀਤ ਗਾ ਛੱਡੇਗਾ...।' ਜਦੋਂ ਅਗਲਾ ਸਵਾਲ ਕੀਤਾ, "ਬੱਬੂ ਮਾਨ ਨੇ ਵੀ ਤਾਂ ਕਿਹਾ ਸੀ, 'ਸਾਰੀ ਆਜ਼ਾਦੀ 'ਕੱਲਾ ਗਾਂਧੀ ਤਾਂ ਨਹੀਂ ਲੈ ਗਿਆ, ਗ਼ਦਰੀ ਬਾਬਿਆਂ ਦਾ ਕਿਵੇਂ ਗ਼ਦਰ ਭੁਲਾਵਾਂ ਮੈਂ, ਝੂਠੇ ਇਤਿਹਾਸ ਉੱਤੇ ਮੋਹਰ ਕਿਵੇਂ ਲਾਵਾਂ ਮੈਂ", ਉਦੋਂ ਤੁਹਾਨੂੰ ਕਾਰਵਾਈ ਦਾ ਚੇਤਾ ਕਿਉਂ ਨਾ ਆਇਆ...?"

ਤਾਂ ਜਵਾਬ ਸੀ, 'ਉਦੋਂ ਸਾਡਾ ਆਈ.ਟੀ. ਸੈਲ ਹੋਂਦ ਵਿਚ ਨਹੀਂ ਸੀ ਆਇਆ...ਪਰ ਹੁਣ ਇਹੋ ਜਿਹੇ ਅਨਸਰਾਂ ਨੂੰ ਬਖਸ਼ਿਆ ਨਹੀਂ ਜਾਵੇਗਾ...ਜਿਹੜੇ ਬਾਪੂ ਜੀ ਨੂੰ ਨਿੰਦਦੇ ਨੇ...।'

ਅਸੀਂ ਕਾਂਗਰਸੀਆਂ ਦੀਆਂ ਭਾਵਨਾਵਾਂ ਨੂੰ ਪਹੁੰਚੀ ਠੇਸ ਦੀ ਵੀ ਕਦਰ ਕਰਦੇ ਹਾਂ ਪਰ ਸਾਨੂੰ ਇਸ ਗੱਲ ਦੀ ਸਮਝ ਨਹੀਂ ਆਈ ਕਿ ਸਾਡੇ ਘੜੰਮਚੌਧਰੀ ਲੀਡਰਾਂ ਨੇ ਅੱਜ ਤੱਕ 'ਯੂ ਟਿਊਬ' 'ਤੇ ਚੱਲ ਰਹੇ ਹਨੀ ਸਿੰਘ ਦੇ ਲੁੱਚੇ ਗੀਤ ਖਿਲਾਫ਼ ਆਵਾਜ਼ ਕਿਉਂ ਨਹੀਂ ਬੁਲੰਦ ਕੀਤੀ? ਇਸ ਵੈੱਬਸਾਈਟ ਖਿਲਾਫ਼ ਉਦੋਂ ਕਾਰਵਾਈ ਕਿਉਂ ਨਹੀਂ ਹੁੰਦੀ, ਜਦੋਂ ਇਸ 'ਤੇ ਬੱਗਾ ਸਫ਼ਰੀ ਦੇ ਬਲੂ ਵੀਡੀਓਜ਼ ਚੱਲਦੇ ਨੇ। ਇਹ ਲੀਡਰ ਆਪਣੇ ਬਿਆਨ ਅਖ਼ਬਾਰਾਂ 'ਚ ਛਪਵਾਉਣ ਖਾਤਰ ਨਿੱਕੀ ਜਿੰਨੀ ਗੱਲ ਨੂੰ ਏਨਾ ਵੱਡਾ ਮਸਲਾ ਬਣਾਉਣ ਦੀ ਕੋਸ਼ਿਸ਼ ਕਿਉਂ ਕਰਦੇ ਨੇ?

ਇਹ ਵੀ ਸੱਚ ਹੈ ਕਿ ਢੱਡਰੀਆਂ ਵਾਲੇ ਰਣਜੀਤ ਸਿੰਘ ਵੱਲੋਂ ਬੱਬੂ ਦੀ ਵਿਰੋਧਤਾ ਕਰਨ ਕਰਕੇ ਉਸ ਦੀ ਕੈਸਿਟ ਕਾਮਯਾਬ ਹੋਈ ਸੀ ਤੇ ਉਸੇ ਤਰ੍ਹਾਂ ਜੇ ਬਲਰਾਜ ਦੇ 'ਬਾਪੂ ਗਾਂਧੀ' ਵਾਲੇ ਗੀਤ ਦੀ ਆਲੋਚਨਾ ਹੋਵੇਗੀ ਤਾਂ ਇਸ ਨੂੰ ਮੁਫ਼ਤ ਦਾ ਪ੍ਰਚਾਰ ਹੀ ਮਿਲੇਗਾ। ਹੈਰਾਨੀ ਉਦੋਂ ਹੁੰਦੀ ਹੈ ਜਦੋਂ ਅਸੀਂ ਚੀਚੀ ਨੂੰ ਲਹੂ ਲਾ ਕੇ ਸ਼ਹੀਦਾਂ ਦੀਆਂ ਨਕਲਾਂ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਅਸੀਂ ਪ੍ਰੈਸ ਕਲੱਬਾਂ 'ਚ ਸਿਰਫ਼ ਏਸ ਕਰਕੇ ਪਹੁੰਚਦੇ ਹਾਂ ਕਿ ਠੰਢੇ ਬਸਤੇ 'ਚ ਪਈਆਂ ਕਾਰਵਾਈਆਂ ਨੂੰ ਕਿਸੇ ਨਾ ਕਿਸੇ ਮੁੱਦੇ ਨਾਲ ਜੋੜ ਕੇ ਗਰਮਾ ਲਿਆ ਜਾਵੇ।

'ਯੂ ਟਿਊਬ' 'ਤੇ ਪ੍ਰਸਿੱਧ ਗੀਤਕਾਰ ਰਾਜ ਕਾਕੜਾ ਦਾ ਵੀ ਭਾਰਤੀ ਸਿਆਸਤ 'ਤੇ ਵਿਅੰਗ ਕੱਸਦਾ ਇੱਕ ਗੀਤ ਦਰਜ ਹੈ, ਜਿਸ ਵਿਚ ਦੱਸਿਆ ਗਿਆ ਹੈ ਕਿ ਜਿਹੜੀ ਦਿੱਲੀ ਨੂੰ ਬਚਾਉਣ ਲਈ ਪੰਜਾਬੀਆਂ ਨੇ ਕੁਰਬਾਨੀਆਂ ਦਿੱਤੀਆਂ, ਉਸੇ ਨੇ '84 ਦੇ ਦੰਗਿਆਂ ਮੌਕੇ ਪੰਜਾਬੀਆਂ ਦੇ ਗਲ਼ਾਂ 'ਚ ਬਲਦੇ ਟਾਇਰਾਂ ਦੇ ਸਿਰੋਪੇ ਪਾ ਦਿੱਤੇ। ਰਾਜ ਕਾਕੜਾ ਦੇ ਇਸ ਗੀਤ ਅੱਗੇ ਸਿਰ ਝੁਕਾਉਣ ਨੂੰ ਮਨ ਕਰਦਾ ਹੈ, ਮਨ ਚਾਹੁੰਦਾ ਹੈ ਕਿ ਇਹੋ ਜਿਹੇ ਭਖਵੇ ਮੁੱਦਿਆਂ ਦੀ ਗੱਲ ਕਰਨ ਵਾਲੇ ਕਲਾਕਾਰਾਂ ਦੀ ਗਿਣਤੀ ਵਧੇ, ਪਰ ਜਿਨ੍ਹਾਂ ਨੂੰ ਇਨ੍ਹਾਂ ਗੱਲਾਂ ਕਰਕੇ ਤਕਲੀਫ਼ ਹੁੰਦੀ ਹੈ, ਉਨ੍ਹਾਂ ਨੂੰ ਵੀ ਰੱਬ ਸੁਮੱਤ ਬਖ਼ਸ਼ੇ।

ਸੌ ਸਾਲ ਤੋਂ ਵੱਧ ਸਮਾਂ ਸਾਡੇ 'ਤੇ ਅੰਗਰੇਜ਼ਾਂ ਨੇ ਰਾਜ ਕੀਤਾ, ਕਦੇ ਪੰਜਾਬ ਨੂੰ ਅਬਦਾਲੀ ਵਰਗੇ ਲੁੱਟਦੇ ਸਨ ਤੇ ਅੱਜ ਪੰਜਾਬ ਨੂੰ ਇਸ ਦੇ ਆਪਣੇ ਲੀਡਰ ਲੁੱਟ ਰਹੇ ਨੇ, ਸੋਨੇ ਦੀ ਚਿੜੀ ਪੰਜਾਬ ਨੂੰ ਜੇ ਅੱਜ ਆਟੇ ਦੀ ਚਿੜੀ ਬਣਾਇਆ ਗਿਆ ਹੈ ਤਾਂ ਇਸ ਦਾ ਸਭ ਤੋਂ ਵੱਡਾ ਸਿਹਰਾ ਸਾਡੇ ਲੀਡਰਾਂ ਅਤੇ ਡੇਰਾਵਾਦੀਆਂ ਸਿਰ ਹੀ ਬੱਝਦਾ ਹੈ। ਲਾਈਲੱਗ ਲੋਕਾਂ ਨੂੰ ਆਪਣੇ ਢੰਗ ਨਾਲ ਵਰਤਿਆ ਜਾ ਰਿਹਾ ਹੈ। ਪੰਜਾਬ ਬਲ਼ ਰਿਹਾ ਹੈ, ਲੀਡਰ ਚੰਮ ਦੀਆਂ ਚਲਾ ਰਹੇ ਨੇ, ਡੇਰਾ ਮੁਖੀ ਨਿਰਦੋਸ਼ਾਂ ਨੂੰ ਮਰਵਾ ਰਹੇ ਹਨ ਤੇ ਅਸੀਂ ਕਹਿੰਦੇ ਹਾਂ ਕਿ ਸੱਚੀਆਂ ਗੱਲਾਂ ਕਰਨਾ ਜੁਰਮ ਹੈ।

ਅਸੀਂ ਮਹਾਤਮਾ ਗਾਂਧੀ ਦੀਆਂ ਘਾਲਣਾਵਾਂ ਦੀ ਵੀ ਕਦਰ ਕਰਦੇ ਹਾਂ, ਪਰ ਇੱਕ ਦੀ ਆੜ ਵਿਚ ਅਸੀਂ ਵੀ ਉਨ੍ਹਾਂ ਸ਼ਹੀਦਾਂ ਨੂੰ ਵਿਸਾਰਨ ਦੀ ਖਿਲਾਫ਼ਤ 'ਚ ਹਾਂ, ਜਿਨ੍ਹਾਂ ਨੇ ਲਾੜੀ ਮੌਤ ਨਾਲ ਵਿਆਹ ਰਚਾਇਆ। ਗਾਂਧੀ ਦੀ ਖਿਲਾਫ਼ਤ ਵਾਲਾ ਗੀਤ ਭਾਵੇਂ ਪ੍ਰਚਾਰ ਦਾ ਸਟੰਟ ਹੋਵੇ ਜਾਂ ਸੁੱਚੀ ਸੋਚ 'ਚੋਂ ਜਨਮਿਆ ਹੋਵੇ, ਅਸੀਂ ਇਸ ਦੀ ਇਸ ਕਰਕੇ ਵਕਾਲਤ ਕਰਦੇ ਹਾਂ ਕਿ 'ਯੂ ਟਿਊਬ' 'ਤੇ ਇਸ ਨੂੰ ਦੇਖਣ ਵਾਲਿਆਂ ਦੇ ਕੁਮੈਂਟ ਸ਼ਾਨਦਾਰ ਨੇ। ਜੇ ਗਾਉਣ ਵਾਲਾ ਗ਼ਲਤ ਹੋਵੇ ਤੇ ਕਾਂਗਰਸੀਏ ਸਹੀ ਹੋਣ ਤਾਂ ਦੇਖਣ ਵਾਲੇ ਇਕਪਾਸੜ ਫ਼ੈਸਲਾ ਨਹੀਂ ਸੁਣਾ ਸਕਦੇ।

*ਫੋਨ:98141-78883*

**'ਦੇਖੋ ਸਾਰੀ ਦੁਨੀਆਂ 'ਤੇ ਗਾਂਧੀ ਬਾਪੂ ਛਾ ਗਿਆ ਕੁੱਝ ਵੀ ਨਹੀਂ ਕੀਤਾ ਤਾਂ ਵੀ ਨੋਟਾਂ ਉਤੇ ਆ ਗਿਆ'**



ਬਲਰਾਜ




*ਗਾਇਕ ਬਲਰਾਜ ਖਿਲਾਫ ਪ੍ਰੈਸ ਕਾਨਫਰੰਸ ਕਰਦੇ ਹੋਏ ਕਾਂਗਰਸ ਆਈ ਟੀ ਸੈਲ ਦੇ ਮੈਂਬਰ*

## ਜਾਗੋ

ਜਾਗ ਸਿੰਘਾ ਜਾਗ ਬਈ
ਹੁਣ ਜਾਗੋ ਆਈਆ
ਜਾਗਣ ਤੇਰੇ ਭਾਗ ਬਈ
ਹੁਣ ਜਾਗੋ ਆਈਆ।

ਤੂੰ ਸੁਤਾਂ ਏਂ ਲੰਬੀਆਂ ਤਾਣੀ
ਚੋਰਾਂ ਦੀ ਤੈਨੂੰ ਚੰਬੜੀ ਢਾਣੀ
ਰਾਜ ਧਰਮ ਦਿਆਂ ਠੇਕੇਦਾਰਾਂ
ਪਾ ਲਈ ਏ ਗਲਵਕੜੀ ਜਾਣੀ
ਇਕ ਦੂਜੇ ਦੇ ਪੂਰਕ ਬਣਕੇ
ਲੁਟ ਕਰਨ ਦੀ ਨੀਤੀ ਠਾਣੀ
ਡੇਰੇਦਾਰਾਂ ਸਾਧਾਂ ਸੰਤਾਂ
ਚੰਗੀ ਧੁੰਮ ਮਚਾਈਆ
ਬਈ ਹੁਣ ਜਾਗੋ ਆਈਆ।

ਨਰਕ ਸੁਰਗ ਦੀ ਕਲਪਤ ਬਾਰੀ
ਸਾਧਾਂ ਨੇ ਅਸਮਾਨੀ ਚਾੜ੍ਹੀ
ਸਿਧੇ ਸਾਦੇ ਲੋਕਾਂ ਦੇ ਇਸ
ਡਰ ਲਾਲਚ ਨੇ ਅਕਲ ਹੈ ਮਾਰੀ
ਧਰਮ ਕਰਮ ਸਭ ਬਿਜ਼ਨਸ ਬਣਿਆ
ਕੱਛਾਂ ਮਾਰੇ ਅੱਜ ਪੁਜਾਰੀ
ਸਭ ਦੁਨੀਆਂ ਦੇ ਧਰਮਸਥਾਨੀ
ਸੇਲ ਪਾਠਾਂ ਦੀ ਲਾਈਆ
ਬਈ ਹੁਣ ਜਾਗੋ ਆਈਆ।

ਤੋਤੇ ਵਾਂਗੂ ਸਿਖਿਆ ਰਟਦੇ
ਸਮਝ ਅਮਲ ਤੋਂ ਪਾਸਾ ਵਟਦੇ
ਗਿਣ ਮਿਣ ਕੇ ਇਹ ਰਬ ਧਿਆਉਂਦੇ
ਕਰਮ ਕਾਂਡ ਤੋਂ ਕਦੇ ਨਾ ਹਟਦੇ
ਮਜ਼ਹਬਾਂ ਵਾਲਾ ਰੌਲਾ ਪਾ ਕੇ
ਜਾਂਦੇ ਧਰਮ ਦੀ ਹੀ ਜੜ੍ਹ ਪਟਦੇ
ਵਹਿਮਾਂ ਭਰਮਾਂ ਅੰਧਵਿਸ਼ਵਾਸਾਂ
ਜ਼ਿੰਦਗੀ ਨਰਕ ਬਣਾਈਆ
ਬਈ ਹੁਣ ਜਾਗੋ ਆਈਆ।

ਉੱਠੋ ਸਿੰਘੋ ਲਾ ਜੈਕਾਰੇ
ਸਿੱਖੀ ਸਭ ਨੂੰ ਹਾਕਾਂ ਮਾਰੇ
ਬਾਣੀ ਗੁਰੂ, ਗੁਰੂ ਹੈ ਬਾਣੀ
ਵਿਚ ਬਾਣੀ ਦੇ ਅੰਮ੍ਰਿਤ ਸਾਰੇ
ਗੁਰਬਾਣੀ ਦੀ ਕਸਵਟੀ 'ਤੇ
ਸੁਧਰਨ ਲਈ ਇਤਿਹਾਸ ਪੁਕਾਰੇ
ਗਿਆਨ ਵਿਹੂਣੇ ਸ਼ਰਧਾਵਾਨਾਂ
ਬੜੀ ਮਿਲਾਵਟ ਪਾਈਆ
ਬਈ ਹੁਣ ਜਾਗੋ ਆਈਆ।

ਗੁਰੂ ਗ੍ਰੰਥ ਦੇ ਲਗਜੋ ਚਰਨੀ
ਬਾਣੀ ਸਿੱਖੋ ਆਪੇ ਪੜ੍ਹਨੀ
ਗੁਰੂ ਸਿਖਿਆ ਨੂੰ ਸਮਝ ਕੇ ਆਪਣੇ
ਜੀਵਨ ਦੇ ਵਿਚ ਧਾਰਨ ਕਰਨੀ
ਅਮ੍ਰਿਤ ਰੂਪੀ ਗੁਰਬਾਣੀ ਦੀ
ਹਰ ਸਾਹ ਦੇ ਨਾਲ ਘੁੱਟ ਹੈ ਭਰਨੀ
ਹਰ ਬੰਦੇ ਦੀ ਜ਼ਿੰਦਗੀ ਬਾਣੀ
ਕਰਦੀ ਦੂਣ ਸਵਾਈਆ
ਬਈ ਹੁਣ ਜਾਗੋ ਆਈਆ।

**ਡਾ. ਗੁਰਮੀਤ ਸਿੰਘ ਬਰਸਾਲ**
**ਫੋਨ:408-209-7072**

# ਪ੍ਰਿਯੰਕਾ ਨੂੰ ਵੀ ਚੜ੍ਹਿਆ ਹਿੰਦੀ ਫਿਲਮੀ ਗਾਣੇ ਗੁਣਗੁਣਾਉਣ ਦਾ ਸ਼ੌਕ

ਪ੍ਰਿਯੰਕਾ ਚੌਪੜਾ ਨੂੰ ਹਿੰਦੀ ਫਿਲਮੀ ਗਾਣੇ ਗੁਣਗੁਣਾਉਣ ਦਾ ਬਹੁਤ ਸ਼ੌਕ ਹੈ। ਪਿਛਲੇ ਦਿਨਾਂ ਵਿਚ ਫਿਲਮ 'ਫ਼ੈਸ਼ਨ' ਦੇ ਲਈ ਸ੍ਰੇਸ਼ਠ ਅਭਿਨੇਤਰੀ ਦਾ ਰਾਸ਼ਟਰੀ ਸਨਮਾਨ ਮਿਲਣ ਤੋਂ ਬਾਅਦ ਉਸ ਨੂੰ ਕਈ ਮੌਕਿਆਂ 'ਤੇ ਰਫੀ, ਮੁਕੇਸ਼, ਲਤਾ ਆਦਿ ਦੇ ਗਾਣੇ ਗੁਣਗੁਣਾਉਂਦੇ ਹੋਏ ਦੇਖਿਆ/ਸੁਣਿਆ ਗਿਆ। ਉਹ ਚਾਹੇ ਫਿਲਮਾਂ ਲਈ ਨਾ ਗਾ ਰਹੀ ਹੋਵੇ, ਉਸ ਦੀ ਆਵਾਜ਼ ਦੀ ਖਿੱਚ ਨੂੰ ਲੈ ਕੇ ਸਾਰੇ ਇਕਮਤ ਹਨ। ਬਾਵਜੂਦ ਇਸਦੇ ਪ੍ਰਿਯੰਕਾ ਫਿਲਮਾਂ ਵਿਚ ਆਪਣੇ ਪਲੇਬੈਕ ਨੂੰ ਲੈ ਕੇ ਜਰਾ ਵੀ ਗੰਭੀਰ ਨਹੀਂ ਹੈ। ਉਹ ਆਪਣੇ ਸ਼ੌਕ ਅਤੇ ਕੈਰੀਅਰ ਨੂੰ ਅਲਗ-ਅਲਗ ਰੱਖਣਾ ਚਾਹੁੰਦੀ ਹੈ। ਇਕ ਤਾਜ਼ਾ ਮੁਲਾਕਾਤ ਦੌਰਾਨ ਉਹ ਰਾਸ਼ਟਰੀ ਸਨਮਾਨ ਤੋਂ ਮਿਲੀ ਖੁਸ਼ੀ ਨੂੰ ਸਾਡੇ ਨਾਲ ਵੰਡਦੀ ਹੋਈ ਹੋਰ ਵੀ ਕਈ ਮੁੱਦਿਆਂ 'ਤੇ ਆਪਣੇ ਬੇਬਾਕ ਵਿਚਾਰ ਰਖਦੀ ਹੈ। 'ਅਜੀਬ ਦਾਸਤਾਂ ਹੈ..' ਬਾਰੇ ਉਹ ਕਹਿੰਦੀ ਹੈ ਕਿ ਮੇਰੇ ਜ਼ਿਹਨ ਵਿਚ ਪੁਰਾਣੀਆਂ ਫਿਲਮਾਂ ਦੇ ਗਾਣੇ ਹਮੇਸ਼ਾ ਗੂੰਜਦੇ ਰਹਿੰਦੇ ਹਨ। ਉਹ ਮੇਰੇ ਵਿਚ ਊਰਜਾ ਭਰ ਦੇਂਦੇ ਹਨ। ਮੈਨੂੰ ਲਗਦਾ ਹੈ ਕਿ ਖੁਸ਼ ਰਹਿਣ ਲਈ ਕੁਝ ਗੁਣਗੁਣਾਉਂਦੇ ਰਹਿਣਾ ਚਾਹੀਦਾ ਹੈ। ਕਈ ਵਾਰ ਮੌਕੇ ਦੀ ਨਜਾਕਤ ਦੇਖਦੇ ਹੋਏ ਗੀਤ ਖੁਦ ਵੀ ਜੁਬਾਨ 'ਤੇ ਆ ਜਾਂਦੇ ਹਨ। ਪੁਰਾਣੀਆਂ ਹਿੰਦੀ ਫਿਲਮਾਂ ਦੇ ਗਾਣੇ ਮੈਨੂੰ ਬਹੁਤ ਪ੍ਰੇਰਿਤ ਕਰਦੇ ਹਨ। ਆਪਣੀਆਂ ਫਿਲਮਾਂ ਦੇ ਗੀਤ ਗਾਉਣ ਬਾਰੇ ਉਹ ਕਹਿੰਦੀ ਹੈ ਕਿ ਅੱਜ ਦਾ ਗੀਤ ਸੰਗੀਤ ਘੱਟ ਹੀ ਜ਼ੁਬਾਨ 'ਤੇ ਚੜ੍ਹਦਾ ਹੈ। ਮੈਂ ਕੋਈ ਤੁਲਨਾ ਨਹੀਂ ਕਰ ਰਹੀ ਹਾਂ, ਪਰ ਸਾਰੇ ਮੰਨਦੇ ਹਨ ਕਿ ਪੁਰਾਣੇ ਗੀਤਾਂ ਦਾ ਕੋਈ ਜਵਾਬ ਨਹੀਂ। ਅੱਜ ਦੇ ਕਈ ਗੀਤ ਵੀ ਅਰਥਪੂਰਣ ਹੁੰਦੇ ਹਨ...ਪਰ ਪਤਾ ਨਹੀਂ ਕਿਉਂ ਉਨ੍ਹਾਂ ਵਿਚੋਂ ਜਿਆਦਾਤਰ ਯਾਦਗਾਰੀ ਨਹੀਂ ਬਣ ਸਕਦੇ।

ਪੁਰਾਣੇ ਗੀਤਾਂ ਪ੍ਰਤੀ ਸ਼ੌਕ ਬਾਰੇ ਪ੍ਰਿਯੰਕਾ ਕਹਿੰਦੀ ਹੈ ਕਿ ਅੱਜ ਦੀ ਜਨਰੇਸ਼ਨ ਵੀ ਪੁਰਾਣੇ ਫਿਲਮੀ ਗੀਤਾਂ ਦੀ ਸ਼ੌਕੀਨ ਹੈ। ਫ਼ਰਕ ਸਿਰਫ ਇੰਨਾ ਹੈ ਕਿ ਇਨ੍ਹਾਂ ਵਿਚੋਂ ਬਹੁਤੇ ਸਰੋਤੇ ਇਨ੍ਹਾਂ ਦਾ ਰੀਮੇਕ ਵਰਜਨ ਸੁਣਨਾ ਪਸੰਦ ਕਰਦੇ ਹਨ। ਰੀਮਿਕਸ ਗੀਤਾਂ ਬਾਰੇ ਉਹ ਕਹਿੰਦੀ ਹੈ ਕਿ ਉਚੇ ਮਿਊਜ਼ਿਕ ਦੇ ਨਾਲ ਕੁਝ ਪੁਰਾਣੇ ਰੀਮਿਕਸ ਗਾਣੇ ਮੈਨੂੰ ਪਸੰਦ ਹਨ ਪਰ ਪੁਰਾਣੇ ਓਰੀਜਨਲ ਗਾਣੇ ਜੇਕਰ ਸਹਿਜ ਰੂਪ ਨਾਲ ਉਪਲਬਧ ਹਨ ਤਾਂ ਰੀਮਿਕਸ ਗੀਤ ਸੁਨਣ ਦਾ ਕੋਈ ਮਤਲਬ ਨਹੀਂ ਹੈ। ਫਿਰ ਮੈਨੂੰ ਲਗਦਾ ਹੈ ਕਿ ਰੀਮਿਕਸ ਗੀਤਾਂ ਨੂੰ ਪ੍ਰਮੋਟ ਕਰਕੇ ਮੈਂ ਲੀਜੇਂਡ ਗਾਣਿਆਂ ਨਾਲ ਬੇਇਨਸਾਫੀ ਕਰ ਰਹੀ ਹਾਂ। ਹਾਂ, ਕੋਈ ਗਾਇਕ ਜੇ ਕਿਸੇ ਮਹਾਨ ਗਾਇਕ ਨੂੰ ਸ਼ਰਧਾਂਜਲੀ ਦੇਣ ਲਈ ਕੋਈ ਰੀਮਿਕਸ ਐਲਬਮ ਜਾਰੀ ਕਰਦਾ ਹੈ ਤਾਂ ਉਸਨੂੰ ਸੁਨਣਾ ਚੰਗਾ ਲਗਦਾ ਹੈ। ਆਪਣੇ ਪਿਤਾ ਬਾਰੇ ਪ੍ਰਿਯੰਕਾ ਕਹਿੰਦੀ ਹੈ ਕਿ ਕਈ ਮੌਕਿਆਂ 'ਤੇ ਉਹ ਪੁਰਾਣੇ ਗਾਣੇ ਗਾਉਂਦੇ ਦਿਖਾਈ ਦਿੰਦੇ ਹਨ ਉਹ ਬਹੁਤ ਚੰਗੇ ਗਾਇਕ ਹਨ। ਉਹ ਡਾਕਟਰ ਨਾ ਹੁੰਦੇ, ਤਾਂ ਗਾਇਕ ਹੁੰਦੇ। ਬਚਪਨ ਵਿਚ ਉਨ੍ਹਾਂ ਨੂੰ ਰਫੀ, ਮੁਕੇਸ਼ ਦੇ ਗਾਣੇ ਗਾਉਂਦਿਆਂ ਦੇਖਿਆ ਹੈ। ਸਭ ਤੋਂ ਚੰਗੀ ਗੱਲ ਇਹ ਹੈ ਕਿ ਉਹ ਓਰੀਜ਼ਨਲ ਆਵਾਜ਼ ਵਿਚ ਗਾਉਂਦੇ ਹਨ, ਕਿਸੇ ਦੀ ਨਕਲ ਨਹੀਂ ਕਰਦੇ। ਮੈਂ ਉਨ੍ਹਾਂ ਲਈ ਕੁਝ ਸਟੇਜ਼ ਪ੍ਰੋਗਰਾਮ ਆਯੋਜਤ ਕਰ ਚੁੱਕੀ ਹਾਂ। ਉਨ੍ਹਾਂ ਨੇ ਹਮੇਸ਼ਾ ਆਪਣੀ ਆਵਾਜ਼ ਨਾਲ ਲੋਕਾਂ ਦਾ ਮਨ ਜਿਤਿਆ ਹੈ। ਆਪਣੇ ਸਟੇਜ ਪ੍ਰੋਗਰਾਮਾਂ ਬਾਰੇ ਉਹ ਕਹਿੰਦੀ ਹੈ ਕਿ ਮੇਰੀ ਆਵਾਜ਼ ਪਾਪਾ ਵਾਂਗ ਚੰਗੀ ਨਹੀਂ ਹੈ। ਕੁਝ ਪ੍ਰਾਈਵੇਟ ਪ੍ਰੋਗਰਾਮਾਂ ਵਿਚ ਮੈਂ ਦੋਸਤਾਂ ਦੇ ਕਹਿਣ 'ਤੇ ਕੁਝ ਪੁਰਾਣੇ ਗਾਣੇ ਗਾ ਜ਼ਰੂਰ ਦਿੰਦੀ ਹਾਂ, ਪਰ ਗਾਇਕਾ/ਨਾਇਕਾ ਦੀ ਮੇਰੀ ਕੋਈ ਇੱਛਾ ਨਹੀਂ। ਕੁਝ ਮਿਊਜ਼ਿਕ ਡਾਇਰੈਕਟਰਾਂ ਦਾ ਮੈਨੂੰ ਆਫਰ ਵੀ ਮਿਲਿਆ ਹੈ ਪਰ ਇਹ ਮੈਨੂੰ ਠੀਕ ਨਹੀਂ ਲਗਦਾ। ਜਦ ਵੀ ਪਲੇਬੈਕ ਸਿੰਗਿਗ ਦਾ ਮਨ ਹੋਵੇਗਾ, ਪੂਰੀ ਤਿਆਰੀ ਨਾਲ ਆਵਾਂਗੀ। ਹਾਲੇ ਤਾਂ ਮੇਰਾ ਧਿਆਨ ਆਪਣੀ ਐਕਟਿੰਗ 'ਤੇ ਹੈ। ਮੈਂ ਆਪਣੇ ਕਿਸੇ ਹੋਰ ਸ਼ੌਕ ਨੂੰ ਇਸ ਗੱਲ 'ਤੇ ਹਾਵੀ ਨਹੀਂ ਹੋਣ ਦੇਣਾ ਚਾਹੁੰਦੀ। ਪਾਪਾ ਦੀ ਗੱਲ ਦੂਜੀ ਹੈ। ਉਨ੍ਹਾਂ ਨੇ ਇਸ ਸ਼ੌਕ ਨੂੰ ਬਹੁਤ ਸਮਾਂ ਦਿੱਤਾ ਹੈ। ਮੈਂ ਲਗਭਗ ਦੋ ਮਹੀਨੇ ਤਕ 'ਅਨਜਾਨਾ-ਅਨਜਾਨੀ' ਦੀ ਸੂਟਿੰਗ ਦੇ ਸਿਲਸਿਲੇ ਵਿਚ ਵਿਦੇਸ਼ ਗਈ ਸੀ। ਸੂਟਿੰਗ ਲਗਭਗ ਪੂਰੀ ਹੋ ਚੁੱਕੀ ਹੈ। ਇਹ ਯਾਤਰਾ ਮੇਰੇ ਲਈ ਕਈ ਮਾਇਨਿਆਂ ਵਿਚ ਯਾਦਗਾਰ ਸੀ। ਢੇਰਾਂ ਰੋਚਕ ਤਜਰਬੇ ਹੋਏ। ਇਸ ਦੌਰਾਨ ਮੈਂ ਸਾਨ ਫਰਾਂਸਿਸਕੋ ਸਥਿਤ, ਟਿਵਟਰ ਦੇ ਹੈਡ ਆਫਿਸ ਗਈ। ਇਸ ਸਾਇਟ 'ਤੇ ਮੇਰੇ ਦੋ ਲੱਖ ਤੋਂ ਜਿਆਦਾ ਪ੍ਰਸ਼ੰਸਕ ਹਨ। ਮੁੰਬਈ ਨੂੰ ਮਿਸ ਕਰਨ ਬਾਰੇ ਉਹ ਕਹਿੰਦੀ ਹੈ ਕਿ ਮੈਂ ਮੁੰਬਈ ਨੂੰ ਬਹੁਤ ਜਿਆਦਾ ਮਿਸ ਕੀਤਾ। ਆਪਣਾ ਦੇਸ਼ ਤਾਂ ਆਪਣਾ ਹੀ ਹੁੰਦਾ ਹੈ। ਮੈਂ ਪਰਿਵਾਰ ਅਤੇ ਦੋਸਤਾਂ ਦੇ ਬਿਨਾ ਜਿਆਦਾ ਦਿਨ ਤਕ ਨਹੀਂ ਰਹਿ ਸਕਦੀ। ਫਿਰ ਇਹ ਤਾਂ ਦੇਸ਼ ਦੇ ਬਾਹਰ ਦੀ ਗੱਲ ਸੀ। ਫੋਨ ਜਾਂ ਮੇਲ ਦੇ ਰਾਹੀਂ ਉਨ੍ਹਾਂ ਨਾਲ ਸੰਪਰਕ ਵਿਚ ਰਹਿਣ ਦੇ ਬਾਵਜੂਦ ਮੈਂ ਬਰਾਬਰ ਉਨ੍ਹਾਂ ਨੂੰ ਮਿਸ ਕਰਦੀ ਹਾਂ। ਘਰ ਆਉਂਦੇ ਹੀ ਮੈਨੂੰ ਆਪਣੇ ਪਿਆਰੇ ਕੁੱਤੇ ਬ੍ਰਾਂਡੋ ਦੇ ਨਾਲ ਬਹੁਤ ਦੇਰ ਤਕ ਖੇਡਣਾ ਪਿਆ। ਫਿਰ ਸ਼ੁਰੂ ਹੋਇਆ ਦੋਸਤਾਂ ਨਾਲ ਮਿਲਣ ਦਾ ਦੌਰ। ਕਦੇ-ਕਦੇ ਪਰਿਵਾਰ ਨਾਲ ਇਸ ਤਰ੍ਹਾਂ ਦੀ ਦੂਰੀ ਵੀ ਬਹੁਤ ਜ਼ਰੂਰੀ ਹੁੰਦੀ ਹੈ।



ਨਵੀਆਂ ਫਿਲਮਾਂ ਦੀ ਯੋਜਨਾ ਬਾਰੇ ਉਹ ਕਹਿੰਦੀ ਹੈ ਕਿ ਇਸਦੇ ਲਈ ਮੈਂ 'ਫੈਸ਼ਨ' ਦੇ ਨਾਲ ਨਾਲ ਪਿਛਲੇ ਸਾਲ ਦੀਆਂ ਆਪਣੀਆਂ ਕੁਝ ਫਿਲਮਾਂ ਨੂੰ ਸਰਾਹੁਣਾ ਚਾਹੁੰਦੀ ਹਾਂ। ਇਨ੍ਹਾਂ ਫਿਲਮਾਂ ਨੇ ਬਤੌਰ ਐਕਟ੍ਰੈਸ ਮੇਰੇ ਕਾਨਫੀਡੈਂਸ ਨੂੰ ਮਜਬੂਤ ਕੀਤਾ ਹੈ। ਅੱਜ ਚੈਲੇਜਿੰਗ ਰੋਲ ਲਿਆਉਣ ਵਿਚ ਨਿਰਮਾਤਾ ਕੋਈ ਸੰਕੋਚ ਨਹੀਂ ਕਰਦੇ। ਆਪਣੀ ਸ਼ਾਹਰੁਖ ਦੇ ਨਾਲ 'ਫਰਹਾਨ ਅਖ਼ਤਰ ਦੀ 'ਡਾਨ-2' ਬਾਰੇ ਉਹ ਕਹਿੰਦੀ ਹੈ ਕਿ ਇਹ ਤਾਂ ਫਰਹਾਨ ਹੀ ਦਸ ਸਕਦੇ ਹਨ। ਇਹ ਪ੍ਰਾਜੈਕਟ ਹਾਲੇ ਤਕ ਫਾਈਨਲ ਨਹੀਂ ਹੋਇਆ। ਹਾਲ ਹੀ ਵਿਚ ਪ੍ਰਿਯੰਕਾ ਨੇ ਇਕ ਏਨਿਮੇਟਿਡ ਫਿਲਮ ਵਿਚ ਵੀ ਕੰਮ ਕੀਤਾ ਹੈ। ਇਹ ਇਕ ਮਿਊਜ਼ਿਕ ਵੀਡੀਓ ਹੈ, ਜੋ ਲੋਕਾਂ ਨੂੰ ਕੁਦਰਤੀ ਬਨਸਪਤੀ ਬਾਰੇ ਜਾਗਰੂਕ ਕਰਨ ਦੇ ਲਈ ਬਣਾਈ ਗਈ ਹੈ। ਇਸਤੋਂ ਪਹਿਲਾਂ ਪ੍ਰਿਯੰਕਾ ਨੇ ਇਸ ਤਰ੍ਹਾਂ ਦਾ ਕੰਮ ਨਹੀਂ ਕੀਤਾ। ਉਹ ਪਹਿਲੀ ਬਾਰ ਕ੍ਰੋਮਾ ਸਕ੍ਰੀਨ ਦੇ ਸਾਹਮਣੇ ਹੋਈ। ਇਸਦੇ ਲਈ ਉਸਨੂੰ ਕਾਫੀ ਸੋਚ ਵਿਚਾਰ ਕਰਨੀ ਪਈ।

# ਸਿਨੇਮੇ ਦਾ 'ਬੈਡਮੈਨ' ਗੁਲਸ਼ਨ ਗਰੋਵਰ

ਸਿਨੇਮਾ ਜਗਤ 'ਚ 'ਬੈਡਮੈਨ' ਦੇ ਨਾਂ ਨਾਲ ਮਸ਼ਹੂਰ ਗੁਲਸ਼ਨ ਗਰੋਵਰ ਨੇ ਅਦਾਕਾਰੀ ਦੀ ਦੁਨੀਆਂ 'ਚ ਇਕ ਲੰਬੀ ਪਾਰੀ ਖੇਡੀ ਹੈ। ਉਹ ਫ਼ਿਲਮੀ ਦੁਨੀਆਂ ਦੇ ਉਨ੍ਹਾਂ ਗਿਣੇ-ਚੁਣੇ ਅਦਾਕਾਰਾਂ 'ਚੋਂ ਇਕ ਹਨ, ਜਿਨ੍ਹਾਂ ਦਾ ਅੰਦਾਜ਼ ਉਨ੍ਹਾਂ ਦੀ ਪਛਾਣ ਬਣ ਚੁੱਕਾ ਹੈ।

ਨਵੀਂ ਦਿੱਲੀ 'ਚ 21 ਸਤੰਬਰ, 1955 ਨੂੰ ਪੈਦਾ ਹੋਏ ਗੁਲਸ਼ਨ ਗਰੋਵਰ ਸ਼੍ਰੀਰਾਮ ਕਾਲਜ ਆਫ ਕਾਮਰਸ ਤੋਂ ਗ੍ਰੈਜੂਏਟ ਹਨ। ਅਮੀਰ ਘਰਾਣਿਆਂ ਦੇ ਬੱਚਿਆਂ ਦੀ ਜੀਵਨ ਸ਼ੈਲੀ ਦੇ ਰੰਗ 'ਚ ਰੰਗੇ ਗੁਲਸ਼ਨ ਗਰੋਵਰ ਸ਼ੁਰੂ ਤੋਂ ਹੀ ਕੁਝ ਅਜਿਹਾ ਕਰਨਾ ਚਾਹੁੰਦੇ ਸਨ, ਜਿਸ ਨਾਲ ਉਨ੍ਹਾਂ ਨੂੰ ਲੋਕਾਂ ਦੀ ਲੋਕਪ੍ਰਿਯਤਾ ਤੇ ਪ੍ਰਸਿੱਧੀ ਹਾਸਲ ਹੋਏ। ਉਨ੍ਹਾਂ ਦੀ ਇੱਛਾ ਤਾਂ ਫ਼ਿਲਮਾਂ 'ਚ ਹੀਰੋ ਬਣਨ ਦੀ ਸੀ ਪਰ ਕਿਸਮ 'ਚ ਖਲਨਾਇਕ ਦੇ ਰੂਪ 'ਚ ਹੀ ਪ੍ਰਸਿੱਧੀ ਪ੍ਰਾਪਤ ਕਰਨਾ ਲਿਖਿਆ ਸੀ।



ਹੁਣ ਤਕ ਤਿੰਨ ਸੌ ਤੋਂ ਵਧੇਰੇ ਫ਼ਿਲਮਾਂ 'ਚ ਅਦਾਕਾਰੀ ਕਰ ਚੁੱਕੇ ਗੁਲਸ਼ਨ ਗਰੋਵਰ ਨੇ 1981 'ਚ ਸੰਜੇ ਦੱਤ ਦੀ ਫ਼ਿਲਮ 'ਰੌਕੀ' ਰਾਹੀਂ ਅਦਾਕਾਰੀ ਦੀ ਸ਼ੁਰੂਆਤ ਕੀਤੀ ਸੀ ਅਤੇ ਉਸ ਪਿਛੋਂ ਪਿਛਾਂਹ ਮੁੜ ਕੇ ਨਹੀਂ ਦੇਖਿਆ। ਹਿੰਦੀ ਫ਼ਿਲਮਾਂ ਤੋਂ ਇਲਾਵਾ ਗੁਲਸ਼ਨ ਗਰੋਵਰ ਨੇ ਕੁਝ ਅੰਤਰਰਾਸ਼ਟਰੀ ਫ਼ਿਲਮਾਂ 'ਚ ਵੀ ਅਦਾਕਾਰੀ ਕੀਤੀ ਹੈ। ਉਨ੍ਹਾਂ ਨੇ ਪਹਿਲੀ ਵਾਰ ਸੰਨ 2008 'ਚ ਇਕ ਪੰਜਾਬੀ ਫ਼ਿਲਮ ਗੁਰਦਾਸ ਮਾਨ ਵਲੋਂ ਬਣਾਈ 'ਯਾਰੀਆਂ' 'ਚ ਵੀ ਅਦਾਕਾਰੀ ਕੀਤੀ ਹੈ, ਜਿਸ 'ਚ ਉਹ ਗੁਰਦਾਸ ਮਾਨ ਦੇ ਦੋਸਤ ਬਣੇ ਸਨ। ਗੁਲਸ਼ਨ ਗਰੋਵਰ ਨੇ ਸ਼ਾਹਰੁਖ ਖਾਨ ਦੀ ਅਦਾਕਾਰੀ ਵਾਲੀਆਂ ਕੁਝ ਐਕਸ਼ਨ ਪ੍ਰਧਾਨ ਫ਼ਿਲਮਾਂ 'ਯੈਸ ਬਾਸ' ਅਤੇ 'ਡੁਪਲੀਕੇਟ' ਆਦਿ ਦੀ ਸਫਲਤਾ 'ਚ ਇਕ ਖਲਨਾਇਕ ਵਜੋਂ ਆਪਣੀ ਕਿਰਦਾਰ ਨਾਲ ਅਹਿਮ ਭੂਮਿਕਾ ਨਿਭਾਈ ਹੈ। ਇਨ੍ਹਾਂ ਫ਼ਿਲਮਾਂ ਦੀ ਹੀਰੋਇਨ ਜੂਹੀ ਚਾਵਲਾ ਸੀ।

ਹੁਣੇ ਜਿਹੇ ਗੁਲਸ਼ਨ ਗਰੋਵਰ ਨੂੰ ਚਰਚਿਤ ਫ਼ਿਲਮ 'ਸਲੱਮਡਾਗ ਮਿਲੇਨੀਅਮ' 'ਚ ਪੁਲਸ ਇੰਸਪੈਕਟਰ ਦੇ ਕਿਰਦਾਰ ਦੀ ਪੇਸ਼ਕਸ਼ ਹੋਈ ਸੀ, ਜਿਸ ਨੂੰ ਉਨ੍ਹਾਂ ਨੇ ਠੁਕਰਾ ਦਿੱਤਾ ਕਿਉਂਕਿ ਉਸ ਵੇਲੇ ਉਨ੍ਹਾਂ ਨੂੰ ਇਹ ਕਿਰਦਾਰ ਕੁਝ ਅਸਰਦਾਰ ਨਹੀਂ ਲੱਗਾ। ਭਾਵੇਂ ਕਿ ਹੁਣ ਉਨ੍ਹਾਂ ਨੂੰ ਆਪਣੇ ਫੈਸਲੇ 'ਤੇ ਅਫਸੋਸ ਹੋ ਰਿਹਾ ਹੈ।

ਸੰਨ 1994 'ਚ ਮਹੇਸ਼ ਭੱਟ ਦੀ ਫ਼ਿਲਮ 'ਸਰ' 'ਚ ਖਲਨਾਇਕ ਦੇ ਕਿਰਦਾਰ ਲਈ ਪ੍ਰਸ਼ੰਸਾ ਪੱਤਰ ਪ੍ਰਾਪਤ ਕਰਨ ਵਾਲੇ ਗੁਲਸ਼ਨ ਗਰੋਵਰ ਨੂੰ ਇਸ ਫ਼ਿਲਮ 'ਚ ਬਿਹਤਰੀਨ ਅਦਾਕਾਰੀ ਲਈ ਫ਼ਿਲਮ ਫੇਅਰ ਐਵਾਰਡ ਲਈ ਨਾਮਜ਼ਦ ਕੀਤਾ ਗਿਆ ਸੀ।

ਕਈ ਐਵਾਰਡਾਂ ਨਾਲ ਸਨਮਾਨਤ ਗੁਲਸ਼ਨ ਗਰੋਵਰ ਦੀ ਅਦਾਕਾਰੀ ਦੀਆਂ ਫ਼ਿਲਮਾਂ 'ਚ 'ਰਾਮ ਲਖਨ', 'ਖਤਰੋਂ ਕੇ ਖਿਲਾੜੀ', 'ਮੋਹਰਾ', 'ਕ੍ਰਿਮੀਨਲ', 'ਫੈਮਿਲੀ', 'ਤਥਾਸਤੂ', 'ਗੈਂਗਸਟਰ' ਆਦਿ ਸ਼ਾਮਲ ਹਨ। ਕਮਲ ਹਸਨ ਦੀ ਅਦਾਕਾਰੀ ਵਾਲੀ ਫ਼ਿਲਮ 'ਸਦਮਾ' 'ਚ ਨਿਭਾਏ ਆਪਣੇ ਕਿਰਦਾਰ ਲਈ ਵੀ ਗੁਲਸ਼ਨ ਗਰੋਵਰ ਨੂੰ ਕਾਫੀ ਪ੍ਰਸ਼ੰਸਾ ਪ੍ਰਾਪਤ ਹੋਈ।

ਗੁਲਸ਼ਨ ਗਰੋਵਰ ਨੇ ਕੁਝ ਕਾਮੇਡੀ ਫ਼ਿਲਮਾਂ 'ਚ ਵੀ ਅਦਾਕਾਰੀ ਕੀਤੀ ਹੈ। ਇਕ ਖਲਨਾਇਕ ਵਜੋਂ ਹੀ ਨਹੀਂ ਸਗੋਂ ਇਕ ਪੁਲਸ ਅਫ਼ਸਰ ਵਜੋਂ ਵੀ ਉਨ੍ਹਾਂ ਦੀ ਅਦਾਕਾਰੀ ਦੀ ਕਾਫੀ ਪ੍ਰਸ਼ੰਸਾ ਹੋਈ ਹੈ, ਜਿਸ 'ਚ ਫ਼ਿਲਮ 'ਟਾਰਜ਼ਨ ਦਿ ਵੰਡਰ ਕਾਰ' 'ਚ ਨਿਭਾਇਆ ਗਿਆ ਉਨ੍ਹਾਂ ਦਾ ਪੁਲਸ ਇੰਸਪੈਕਟਰ ਦਾ ਕਿਰਦਾਰ ਵਰਣਨਯੋਗ ਹੈ।

# 25 ਟਾਪ ਏਸ਼ੀਆਈ ਐਕਟਰਸ 'ਚ ਅਮਿਤਾਭ ਤੇ ਗੁਰੂਦੱਤ







ਬਾਲੀਵੁੱਡ ਦੇ ਅਮਿਤਾਭ ਬੱਚਨ, ਗੁਰੂਦੱਤ, ਮੀਨਾ ਕੁਮਾਰੀ, ਨਰਗਿਸ ਦੱਤ ਅਤੇ ਪ੍ਰਾਣ ਨੂੰ ਏਸ਼ੀਆ ਦੇ ਸਰਵਕਾਲਿਕ ਟੱਪ 25 ਅਭਿਨੇਤਾਵਾਂ ਵਿਚ ਸੀਏਨਏਨ ਨੇ ਸ਼ਾਮਿਲ ਕੀਤਾ ਹੈ। ਇਸ ਲਿਸਟ ਵਿਚ ਸਭ ਤੋਂ ਜਿਆਦਾ ਪੰਜ ਨਾਮ ਬਾਲੀਵੁੱਡ ਤੋਂ ਹੀ ਹਨ।

ਆਸਕਰ ਸਮਾਰੋਹ ਤੋਂ ਪਹਿਲਾਂ ਜਾਰੀ ਇਸ ਸੂਚੀ ਵਿਚ ਚੀਨ ਜਾਪਾਨ, ਕੰਬੋਡੀਆ, ਸਿੰਗਾਪੁਰ, ਥਾਈਲੈਂਡ, ਮਲੇਸ਼ੀਆ ਅਤੇ ਕੋਰੀਆ ਦੇ ਅਭਿਨੇਤਾ ਸ਼ੁਮਾਰ ਹਨ। ਸੀਏਨਏਨ ਦੀ ਵੈਬਸਾਈਟ ਦੇ ਅਨੁਸਾਰ ਅਕਾਦਮੀ ਐਵਾਰਡ ਦੇ ਇਤਿਹਾਸ ਵਿਚ ਹੁਣ ਤਕ ਸਿਰਫ ਦੋ ਏਸ਼ਿਆਈ ਹੀ ਸਰਵਸ੍ਰੇਸ਼ਠ ਅਭਿਨੇਤਾ ਜਾਂ ਅਭਿਨੇਤਰੀ ਨੂੰ ਇਨਾਮ ਹਾਸਲ ਕਰਨ ਦਾ ਮੌਕਾ ਮਿਲਿਆ ਹੈ। ਫਿਰ ਵੀ ਇਸ ਖੇਤਰ ਵਿਚ ਇਹੋ ਜਿਹੇ ਕਈ ਪ੍ਰਤਿਭਾਸ਼ਾਲੀ ਕਲਾਕਾਰ ਹੋਏ ਹਨ ਜਿਨਾਂ ਨੇ ਸਿਨੇਮਾ ਤੇ ਜਬਰਦਸਤ ਪ੍ਰਭਾਵ ਪਾਇਆ। ਪਾਕਿਸਤਾਨ ਦੀ ਜੇਬਾ ਬਖਤਿਆਰ ਨੂੰ ਵੀ ਟੱਪ 25 ਵਿਚ ਚੁਣਿਆ ਗਿਆ ਹੈ ਜਿਸਨੇ ਭਾਰਤੀ ਫਿਲਮ 'ਹਿਨਾ' ਵਿਚ ਕੰਮ ਕੀਤਾ ਸੀ। ਇਸ ਲਈ ਬਾਲੀਵੁੱਡ ਦੇ ਇਨਾਂ ਸਿਤਾਰਿਆਂ ਨੂੰ ਚੁਣਿਆ ਗਿਆ

**ਗੁਰੂਦੱਤ-** 'ਪਿਆਸਾ' ਤੇ 'ਕਾਗਜ਼ ਕੇ ਫੂਲ' ਜਿਹੀਆਂ ਫਿਲਮਾਂ ਬਣਾਈਆਂ। ਕਿਰਦਾਰ ਵਿਚ ਡੁੱਬਕੇ ਰੋਲ ਕਰਨਾ ਉਨਾਂ ਦੀ ਖਾਸੀਅਤ ਦੱਸੀ ਜਾਂਦੀ ਹੈ। 'ਪਿਆਸਾ' ਵਿਚ ਸ਼ਾਇਰ ਦੀ ਭੂਮਿਕਾ ਨੂੰ ਉਨਾਂ ਦਾ ਸਭ ਤੋਂ ਵਧੀਆ ਪ੍ਰਦਰਸ਼ਨ ਦੱਸਿਆ ਗਿਆ ਹੈ।

**ਮੀਨਾ ਕੁਮਾਰੀ-** 'ਟ੍ਰੇਜਡੀ ਕਵੀਨ' ਦੇ ਨਾਮ ਨਾਲ ਪਹਿਚਾਣ ਬਨਾਉਣ ਵਾਲੀ ਮੀਨਾ ਕੁਮਾਰੀ ਨੂੰ 'ਸਾਹਿਬ, ਬੀਬੀ ਅਤੇ ਗੁਲਾਮ' ਵਿਚ ਉਨਾਂ ਦੇ ਰੋਲ ਦੇ ਲਈ ਸੀਏਨਏਨ ਦੀ ਸੂਚੀ ਵਿਚ ਲਿਆ ਗਿਆ ਹੈ।

**ਨਰਗਿਸ-**ਆਪਣੇ ਸੁਭਾਵਿਕ ਰੋਲ ਦੇ ਨਾਲ ਹਰ ਤਰਾਂ ਦੀਆਂ ਭੂਮਿਕਾਵਾਂ ਦੇ ਲਈ ਨਰਗਿਸ ਦਾ ਉਲੇਖ ਕੀਤਾ ਗਿਆ ਹੈ। ਆਸਕਰ ਵਿਚ ਨਾਮਾਂਕਿਤ ਫਿਲਮ 'ਮਦਰ ਇੰਡੀਆ' ਵਿਚ ਆਪਣੇ ਅਭਿਨੈ ਲਈ ਉਨ੍ਹਾਂ ਨੇ ਲੋਕਾਂ ਦਾ ਦਿਲ ਜਿੱਤ ਲਿਆ ਸੀ। ਹੋਰ ਫ਼ਿਲਮਾਂ ਵਿਚ ਵੀ ਉਨਾਂ ਦੇ ਅਭਿਨੈ ਦੀ ਹਮੇਸ਼ਾ ਤਾਰੀਫ ਹੁੰਦੀ ਰਹੀ।

**ਪ੍ਰਾਣ-**ਤਿੰਨ ਸੌ ਤੋਂ ਜ਼ਿਆਦਾ ਫਿਲਮਾਂ ਵਿਚ ਕੰਮ ਕਰ ਚੁੱਕੇ ਪ੍ਰਾਣ ਨੂੰ ਹਿੰਦੀ ਫਿਲਮਾਂ ਦਾ ਪ੍ਰਤਿਸ਼ਠਤ ਖਲਨਾਇਕ ਦੱਸਿਆ ਗਿਆ ਹੈ। ਉਨਾਂ ਨੇ ਚਰਿੱਤਰ ਅਭਿਨੇਤਾ ਦੇ ਰੂਪ ਵਿਚ ਵੀ ਆਪਣੀ ਅਲੱਗ ਪਹਿਚਾਣ ਬਣਾਈ।

**ਅਮਿਤਾਭ-** 'ਜੰਜੀਰ' ਵਿਚ ਇੰਸਪੈਕਟਰ ਖੰਨਾ ਦੀ ਭੂਮਿਕਾ ਨੂੰ ਯਾਦ ਕਰਦੇ ਹੋਏ ਕਿਹਾ ਗਿਆ ਹੈ ਕਿ ਐਂਗਰੀਯੰਗ ਮੈਨ ਦੀ ਉਨਾਂ ਦੀ ਛਵੀ ਦੀ ਸ਼ੁਰੂਆਤ ਇਥੋਂ ਹੋਈ।

# ਮਸ਼ੀਨ ਵਾਂਗ ਫ਼ਿਲਮਾਂ ਬਣਾਉਣ 'ਚ ਯਕੀਨ ਨਹੀਂ ਰੱਖਦਾ ਕਰਨ ਜੌਹਰ



ਫ਼ਿਲਮ ਬਣਾਉਣ ਦਾ ਕਰਨ ਜੌਹਰ ਦਾ ਆਪਣਾ ਹੀ ਫੰਡਾ ਹੈ। ਉਹ ਹਰ ਦੂਜੀ ਫ਼ਿਲਮ 'ਚ ਲੰਬਾ ਗੈਪ ਲੈਂਦਾ ਹੈ। ਇਹ ਗੱਲ ਵੱਖਰੀ ਹੈ ਕਿ ਕਰਨ ਦੀਆਂ ਫ਼ਿਲਮਾਂ ਆਪਣੇ ਦਰਸ਼ਕਾਂ ਨੂੰ ਕਾਫੀ ਉਡੀਕ ਕਰਵਾਉਂਦੀਆਂ ਹਨ ਪਰ 'ਦੇਰ ਆਏ ਦਰੁਸਤ ਆਏ' ਦੀ ਕਹਾਵਤ ਨੂੰ ਵੀ ਸੱਚ ਕਰਦੀਆਂ ਹਨ। ਤੁਹਾਨੂੰ ਦੱਸ ਦੇਈਏ ਕਿ ਕਰਨ ਦੇ ਨਿਰਦੇਸ਼ਨ 'ਚ ਬਣੀ ਅਤੇ ਹੁਣੇ ਰਿਲੀਜ਼ ਹੋਈ ਫ਼ਿਲਮ 'ਮਾਈ ਨੇਮ ਇਜ਼ ਖਾਨ' ਵੀ ਲੱਗਭਗ 4 ਸਾਲਾਂ ਬਾਅਦ ਆਈ ਹੈ। ਭੱਟ ਕੈਂਪ ਨੂੰ ਲਗਾਤਾਰ ਫ਼ਿਲਮਾਂ ਬਣਾਉਣ ਲਈ ਜਾਣਿਆ ਜਾਂਦਾ ਹੈ, ਤਾਂ ਇਸ ਦੇ ਉਲਟ ਕਰਨ ਜੌਹਰ ਆਪਣੀਆਂ ਫ਼ਿਲਮਾਂ 'ਚ ਲੰਬਾ ਗੈਪ ਲੈਂਦਾ ਹੈ। ਕਰਨ ਦੀ ਫ਼ਿਲਮ 'ਕੁਝ ਕੁਛ ਹੋਤਾ ਹੈ' ਸਾਲ 1998 'ਚ ਆਈ ਸੀ ਤਾਂ 'ਕਭੀ ਖੁਸ਼ੀ ਕਭੀ ਗਮ' ਸਾਲ 2001, 'ਕਭੀ ਅਲਵਿਦਾ ਨਾ ਕਹਿਨਾ' ਤਾਂ 5 ਸਾਲ ਬਾਅਦ 2006 'ਚ ਆਈ। ਹੁਣ ਇਕ ਵਾਰ ਫਿਰ ਲੱਗਭਗ 4 ਸਾਲਾਂ ਪਿਛੋਂ ਕਰਨ ਦੇ ਨਿਰਦੇਸ਼ਨ 'ਚ ਬਣੀ 'ਮਾਈ ਨੇਮ ਇਜ਼ ਖਾਨ' ਰਿਲੀਜ਼ ਹੋਈ ਹੈ। ਅਜਿਹੇ 'ਚ ਕੁਝ ਸੁਆਲ ਇਹ ਵੀ ਉਠਣ ਲੱਗਾ ਹੈ ਕਿ 'ਮਾਈ ਨੇਮ ਇਜ਼ ਖਾਨ' ਤੋਂ ਬਾਅਦ ਕਰਨ ਦੀ ਅਗਲੀ ਫ਼ਿਲਮ ਵੀ ਕੀ 4 ਸਾਲਾਂ ਬਾਅਦ ਹੀ ਆਏਗੀ। ਉਂਝ ਕਰਨ ਇਕ ਖਾਸ ਥਿਊਰੀ 'ਤੇ ਆਧਾਰਤ ਫ਼ਿਲਮਾਂ ਹੀ ਬਣਾਉਂਦਾ ਹੈ। ਉਹ ਮਸ਼ੀਨ ਵਾਂਗ ਫ਼ਿਲਮਾਂ ਬਣਾਉਣ 'ਚ ਯਕੀਨ ਨਹੀਂ ਰੱਖਦਾ ਪਰ ਇਸ ਵਾਰ ਉਹ ਆਪਣੀ ਥਿਊਰੀ ਨਾਲ ਹੀ ਤਜਰਬਾ ਕਰਨ ਵਾਲਾ ਹੈ। ਕਰਨ ਦਾ ਕਹਿਣੈ ਕਿ ਇਸ ਸਾਲ ਦੇ ਅਖੀਰ 'ਚ ਹੀ ਉਹ ਆਪਣੀ ਨਵੀਂ ਫ਼ਿਲਮ ਸ਼ੁਰੂ ਕਰ ਦੇਵੇਗਾ।

ਉਪੱਰ ਬਾਬਾ ਥੱਲੇ ਕਾਬਾ ਉਹ ਦੇਖੋ ਆ ਗਿਆ ਆਪਣਾ ਪੰਜਾਬੀ ਢਾਬਾ

ANDERSON TRAVEL PLAZA

INDIA GRILL

COWBOY LIQUOR

ਸਸਤਾ ਡੀਜ਼ਲ

TCH COMDATA

CLEAN RESTROOM & SHOWER

CHESTER'S

Silver Spur Restaurant
Fresh Mexican Grill

ਇਥੇ ਖਾਓ ਵੀ ਤੇ ਲੈ ਕੇ ਵੀ ਜਾਓ
ਸੰਪਰਕ ▶ 405-885-0752

Choctaw Rd (Exit 166), I-40 Oklahoma

ਐਂਡਰਸਨ ਟਰੈਵਲ ਪਲਾਜ਼ਾ




ਨਹਾਓ-ਧੋਵੋ, ਅਰਾਮ ਕਰੋ, ਰੋਟੀ ਪਾਣੀ ਛਕੋ ਤੇ ਕੰਮ 'ਤੇ ਜਾਓ







ਟਰੱਕਰ ਭਰਾਵਾਂ ਲਈ ਖੁਸ਼ਖਬਰੀ

ਆਈ-40 'ਤੇ
ਓਕਲਹੋਮਾ 'ਚ
ਖੁਲ੍ਹ ਗਿਆ ਹੈ






ਪੰਜਾਬੀ ਢਾਬਾ

ਪੰਜਾਬੀ ਭਰਾਵਾਂ ਲਈ ਖਾਸ

ਸਹੂਲਤਾਂ

ਪੰਜਾਬੀ ਢਾਬਾ
ਸਸਤਾ ਡੀਜ਼ਲ
ਲਿਕਰ ਸਟੋਰ



Anderson Travel Plaza

Choctaw Rd (Exit 166)
I-40 Oklahoma

Ph:405-885-0752

# ਗੁਰਦੁਆਰਾ ਗੁਰਮਤਿ ਪ੍ਰਕਾਸ਼ ਮਡੇਰਾ

## (ਖਾਲਸਾ ਫੁਲਵਾੜੀ)

**18456 Road, 21 Madera, CA 93637**
**(559) 284-5407, (408) 221-2511**

# ਗੁਰਦੁਆਰਾ ਸਾਹਿਬ ਦਾ ਉਦਘਾਟਨ

## ਮਾਰਚ 20, 2010 ਦਿਨ ਸ਼ਨੀਵਾਰ

ਗੁਰੂ ਪਿਆਰੀ ਸਾਧ ਸੰਗਤ ਜੀਓ,

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਿਹ

ਅਕਾਲ ਪੁਰਖ ਵਾਹਿਗੁਰੂ ਜੀ ਦੀ ਅਪਾਰ ਕ੍ਰਿਪਾ ਸਦਕਾ, ਸੰਤ ਮਹਾਪੁਰਖਾਂ ਦੀਆਂ ਅਸੀਸਾਂ ਅਤੇ ਆਪ ਸਮੂਹ ਸੰਗਤ ਦੀਆਂ ਅਰਦਾਸਾਂ ਅਤੇ ਘਾਲ- ਕਮਾਈ ਨਾਲ ਨਵਾਂ ਗੁਰੂ ਘਰ ਮਡੇਰਾ, ਕੈਲੀਫੋਰਨੀਆ ਵਿਖੇ ਤਿਆਰ ਹੋ ਗਿਆ ਹੈ। ਆਪ ਜੀ ਨੂੰ ਲੱਖ-ਲੱਖ ਵਧਾਈ ਹੋਵੇ। ਅਨੇਕ ਸੰਗਤਾਂ ਨੇ ਤਨ, ਮਨ ਤੇ ਧਨ ਨਾਲ ਸੇਵਾ ਕੀਤੀ, ਸਾਰਿਆਂ ਦਾ ਬਹੁਤ-ਬਹੁਤ ਧੰਨਵਾਦ। ਸੱਚੇ ਪਾਤਿਸ਼ਾਹ ਹੋਰ ਵੀ ਸੇਵਾ ਕਰਨ ਦਾ ਬਲ ਬਖਸ਼ਣ। ਸਮੂਹ ਸਿੱਖ ਸੰਗਤਾਂ ਨੂੰ ਬੇਨਤੀ ਹੈ ਕਿ ਉਪਰ ਲਿਖੇ ਉਦਘਾਟਨ ਦੇ ਜੋੜ ਮੇਲੇ ਵਿਚ ਹੁੰਮ-ਹੁਮਾ ਕੇ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ।



ਗੁਰੂ ਘਰ ਦੀ ਸੁੰਦਰਤਾ ਅਤੇ ਸਹੂਲਤਾਂ ਨੂੰ ਹੋਰ ਵਧਾਉਣ ਵਾਸਤੇ ਹੋਰ ਪ੍ਰੋਜੈਕਟ, ਜਿਸ ਤਰ੍ਹਾਂ ਨਵਾਂ ਨਿਸ਼ਾਨ ਸਾਹਿਬ, ਸਕੂਲ ਦੀ ਬਿਲਡਿੰਗ, ਲੈਂਡਸਕੇਪਿੰਗ ਆਦਿਕ ਕਾਰ ਸੇਵਾ ਗੁਰੂ ਸਾਹਿਬ ਜੀ ਦੀ ਕ੍ਰਿਪਾ ਨਾਲ ਚੱਲੀ ਰਹੇਗੀ। ਗੁਰਦੁਆਰਾ ਗੁਰਮਤਿ ਪ੍ਰਕਾਸ਼ ਦੀ ਉਸਾਰੀ ਸਾਹਿਬ ਸ੍ਰੀ ਗੁਰੂ ਗੋਬਿੰਦ ਜੀ ਦੇ ਮਹਾਨ ਪਰਉਪਕਾਰਾਂ ਦੇ ਸ਼ੁਕਰਾਨੇ ਵਿਚ ਕੀਤੀ ਜਾ ਰਹੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਆਪਣੀ ਖਾਲਸਾ ਫੁਲਵਾੜੀ ਦੀ ਸਦਾ ਵਾਸਤੇ ਚੜ੍ਹਦੀ ਕਲਾ ਕਰਨ।

## ਪ੍ਰੋਗਰਾਮ

ਧੰਨ-ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਗਮਨ ਨਗਰ ਕੀਰਤਨ ਦੇ ਰੂਪ ਵਿਚ ਸਵੇਰੇ 10.00 ਵਜੇ ਹੋਣਗੇ। ਉਪਰੰਤ ਸਹਿਜ ਪਾਠ ਦੇ ਭੋਗ ਪਾਏ ਜਾਣਗੇ ਤੇ 10.30 ਤੋਂ 1.30 ਤੱਕ ਵਿਸ਼ੇਸ਼ ਦੀਵਾਨ ਸਜਣਗੇ। ਜਿਸ ਵਿਚ ਖਾਲਸਾ ਫਲਵਾੜੀ ਦੇ ਬੱਚੇ ਕੀਰਤਨ ਕਰਨਗੇ ਤੇ ਹੋਰ ਪੰਥ ਦੇ ਮਹਾਨ ਕੀਰਤਨੀ ਜਥੇ, ਕਥਾਵਾਚਕ, ਕਵੀਸ਼ਰ ਸੰਗਤਾਂ ਨੂੰ ਗੁਰੂ ਜਸ ਰਾਹੀਂ ਨਿਹਾਲ ਕਰਨਗੇ। ਕੈਲੇਫੋਰਨੀਆ ਗਤਕਾ ਦਲ ਆਪਣੇ ਗਤਕੇ ਦੇ ਜੌਹਰ ਦਿਖਾਉਣਗੇ। ਲੰਗਰ ਅਤੁੱਟ ਵਰਤੇਗਾ।

ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਹੁੰਮ-ਹੁੰਮਾ ਕੇ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ ਤੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ

**Phone : 559-284-5407, 559-287-4488, 408-221-2511**

ਧੰਨਵਾਦ ਸਹਿਤ, ਗੁਰੂ ਪੰਥ ਦੇ ਦਾਸ, ਸਮੂਹ ਪ੍ਰਬੰਧਕ ਸੇਵਾਦਾਰ

**Directions : From South or North bound Take Highway 99 toward Madera-take exit 159 (Road 18 1/2 for 2.1 miles turn left on Road 21, Guru Ghar is on your right**

www.maderagurdwara.com